
**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

*Jassi Gill*
CA DRE# 00966763

**Ad Space Available**
**Call: 847-359-0746**


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੇ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400

Fifteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 41, October 11, 2014
20451 N Plum Grove Rd., Palatine, IL 60074
Ph:847-359-0746, Fax:847-705-9388

# ਮੋਦੀ ਦੇ ਏਜੰਡੇ ਉਤੇ ਹੀ ਨਹੀਂ ਕਾਲੀ ਸੂਚੀ

## ਸੂਚੀ ਖਤਮ ਕਰਨ ਲਈ ਕੋਈ ਹੁੰਗਾਰਾ ਨਾ ਭਰਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਦੇਸ਼ਾਂ ਵਿਚ ਪਨਾਹ ਲੈ ਕੇ ਰਹਿ ਰਹੇ ਸਿੱਖਾਂ ਦੇ ਨਾਂ ਕਾਲੀ ਸੂਚੀ 'ਚ ਖ਼ਤਮ ਕਰਨ ਦੇ ਮਾਮਲੇ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੋਈ ਹੁੰਗਾਰਾ ਨਹੀਂ ਭਰਿਆ ਹੈ। ਅਮਰੀਕੀ ਦੌਰੇ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਹ ਮੁੱਦਾ ਸ੍ਰੀ ਮੋਦੀ ਕੋਲ ਉਠਾਇਆ ਸੀ, ਪਰ ਇਸ ਦਾ ਕੋਈ ਖਾਸ ਅਸਰ ਦਿਖਾਈ ਨਹੀਂ ਦਿੱਤਾ।

ਪ੍ਰਧਾਨ ਮੰਤਰੀ ਨੇ ਭਾਰਤੀ ਮੂਲ ਦੇ ਲੋਕਾਂ ਨੂੰ ਉਮਰ ਭਰ ਲਈ ਵੀਜ਼ਾ ਦੇਣ ਦੀ ਹਾਮੀ ਤਾਂ ਭਰੀ, ਪਰ ਕਾਲੀ ਸੂਚੀ ਵਿਚ ਸ਼ਾਮਲ ਸਿੱਖਾਂ ਨੂੰ ਕੋਈ ਭਰੋਸਾ ਨਹੀਂ ਦਿੱਤਾ ਜਿਸ ਤੋਂ ਉਹ ਬੇਹੱਦ ਨਿਰਾਸ਼ ਹਨ। ਅਸਲ ਵਿਚ ਖਾੜਕੂਵਾਦ ਦੌਰਾਨ ਵਤਨ ਛੱਡ ਕੇ ਪਰਾਏ ਮੁਲਕਾਂ ਵਿਚ ਪਨਾਹ ਲੈਣ ਵਾਲੇ ਸਿੱਖਾਂ ਦੀ ਵਤਨ ਵਾਪਸੀ ਵਿਚ ਭਾਰਤ ਸਰਕਾਰ ਅੜਿੱਕਾ ਬਣੀ ਹੋਈ ਹੈ। ਸਿਤਮ ਦੀ ਗੱਲ ਇਹ ਹੈ ਕਿ ਕਾਲੀ ਸੂਚੀ ਵਿਚ ਨਾਮ ਵਾਲੇ ਸਿੱਖ ਆਪਣੀ ਬੇਗੁਨਾਹੀ ਸਾਬਤ ਕਰਨ ਲਈ ਕਿਤੇ ਅਪੀਲ ਵੀ ਨਹੀਂ ਕਰ ਸਕਦੇ।

ਕਾਲੀ ਸੂਚੀ ਖ਼ਤਮ ਕਰਨ ਬਾਰੇ ਸ੍ਰੀ ਮੋਦੀ ਦੀ ਬੇਰੁਖੀ ਕਾਰਨ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਤਿੱਖੀ ਅਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਂਜ ਇਸ ਤੋਂ ਪਹਿਲਾਂ ਸ. ਬਾਦਲ ਨੇ ਇਸ ਮਾਮਲੇ 'ਤੇ ਕਦੇ ਸਪਸ਼ਟ ਸਟੈਂਡ ਨਹੀਂ ਲਿਆ। ਕੇਂਦਰ ਵਿਚ ਕਾਂਗਰਸ ਦੀ ਸਰਕਾਰ ਹੋਣ 'ਤੇ ਉਹ ਸਾਰਾ ਦੋਸ਼ ਵਿਰੋਧੀ ਧਿਰ 'ਤੇ ਮੜ੍ਹ ਕੇ ਬਚਦੇ ਰਹੇ ਪਰ ਹੁਣ ਕੇਂਦਰ ਵਿਚ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਜਪਾ ਦੀ ਸਰਕਾਰ ਹੈ। ਉਂਝ ਵੀ ਲੋਕ ਸਭਾ ਚੋਣਾਂ ਮਗਰੋਂ ਭਾਜਪਾ ਦਾ ਅਕਾਲੀ ਦਲ ਪ੍ਰਤੀ ਰੁਖ਼ ਬਦਲ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਨੇ ਸ. ਬਾਦਲ ਦੀ ਭੂਮਿਕਾ 'ਤੇ ਸਵਾਲ ਚੁੱਕਦਿਆਂ ਆਖਿਆ ਹੈ


**ਬਾਦਲ ਨੇ ਪਾਏ ਬੇੜੀਆਂ ਵਿਚ ਵੱਟੇ: ਸਰਨਾ**


**ਇਕ ਵਾਰ ਫਿਰ ਕਰਾਂਗਾ ਯਤਨ: ਬਾਦਲ**

*(ਬਾਕੀ ਸਫਾ 6 'ਤੇ)*

# ਐਤਕੀਂ ਹਰਿਆਣਾ 'ਚ ਪੂਰਾ ਰੰਗ ਦਿਖਾਉਣਗੇ ਪੰਜਾਬੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਵਿਚ 15 ਅਕਤੂਬਰ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਪੰਜਾਬੀਆਂ ਦੀ ਅਹਿਮ ਭੂਮਿਕਾ ਹੋਵੇਗੀ। ਹਰਿਆਣਾ ਵਿਚ 30 ਫ਼ੀਸਦੀ ਤੋਂ ਵੱਧ ਪੰਜਾਬੀ ਭਾਈਚਾਰਾ ਰਹਿੰਦਾ ਹੈ ਪਰ ਇਕਜੁੱਟ ਨਾ ਹੋਣ ਕਾਰਨ ਸਿਆਸੀ ਮੰਚ 'ਤੇ ਕੋਈ ਇਸ ਦੀ ਕੋਈ ਅਹਿਮ ਭੂਮਿਕਾ ਨਹੀਂ ਰਹੀ। ਇਹੀ ਕਾਰਨ ਹੈ ਕਿ ਪੰਜਾਬੀਆਂ ਦੇ ਮੁੱਦਿਆਂ ਵੱਲ ਕਦੇ ਵੀ ਕਿਸੇ ਨੇ ਧਿਆਨ ਨਹੀਂ ਦਿੱਤਾ।

ਇਸ ਵਾਰ ਹਰਿਆਣਾ ਦੇ ਚੋਣ ਸਮੀਕਰਨ ਬੜੇ ਦਿਲਚਸਪ ਹਨ। ਕਾਂਗਰਸ ਤੋਂ ਇਲਾਵਾ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ), ਭਾਰਤੀ ਜਨਤਾ ਪਾਰਟੀ (ਭਾਜਪਾ), ਹਰਿਆਣਾ ਜਨਹਿੱਤ ਕਾਂਗਰਸ (ਹਜਕਾਂ), ਹਰਿਆਣਾ ਜਨਚੇਤਨਾ ਪਾਰਟੀ (ਹਜਪਾ) ਤੋਂ ਇਲਾਵਾ ਬਹੁਜਨ ਸਮਾਜ ਪਾਰਟੀ (ਬਸਪਾ) ਚੋਣ ਮੈਦਾਨ ਵਿਚ ਹੈ। ਸਾਰੀਆਂ ਵੱਡੀਆਂ ਧਿਰਾਂ ਇਕੱਲੇ-ਇਕੱਲੇ ਤੌਰ 'ਤੇ ਹੀ ਮੈਦਾਨ ਵਿਚ ਹਨ। ਅਜਿਹੀ ਹਾਲਤ ਵਿਚ 30 ਫੀਸਦੀ ਪੰਜਾਬੀ ਵੋਟ ਦੀ ਅਹਿਮੀਅਤ ਵਧ ਗਈ ਹੈ। ਹੁਣ ਤੱਕ ਪੰਜਾਬੀ ਖਾਸਕਰ ਸਿੱਖ ਵੋਟ ਨੂੰ ਮੁੱਖ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਹੀ ਪ੍ਰਭਾਵਿਤ ਕਰਦਾ ਆਇਆ ਹੈ, ਪਰ ਵੱਖਰੀ ਕਮੇਟੀ ਦੇ ਮਾਮਲੇ ਨੇ ਸਾਰੇ ਸਮੀਕਰਨ ਬਦਲ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਇਨੈਲੋ ਦੇ ਹੱਕ ਵਿਚ ਭੁਗਤਦਾ ਆਇਆ ਹੈ।

ਇਸ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਨਾਲ-ਨਾਲ ਇਨੈਲੋ ਨੇ ਵੱਖਰੀ ਗੁਰਦੁਆਰਾ ਕਮੇਟੀ ਦਾ ਵਿਰੋਧ ਕੀਤਾ ਹੈ। ਇਨੈਲੋ ਨੇ ਤਾਂ ਇਹ ਵੀ ਐਲਾਨ ਕੀਤਾ ਹੈ ਕਿ ਸਰਕਾਰ ਬਣਨ 'ਤੇ ਵੱਖਰੀ ਕਮੇਟੀ ਰੱਦ ਕਰ ਦਿੱਤੀ ਜਾਵੇਗੀ। ਇਸ ਲਈ ਸਿੱਖ ਵੋਟ ਵੰਡੀ ਗਈ ਹੈ। ਉਂਜ ਮੰਨਿਆ ਜਾ ਰਿਹਾ ਹੈ ਕਿ ਇਸ ਦਾ ਲਾਹਾ ਕਾਂਗਰਸ ਨੂੰ ਹੋਏਗਾ ਕਿਉਂਕਿ ਹਰਿਆਣਾ ਦੇ ਵੱਡੀ ਗਿਣਤੀ ਸਿੱਖ ਵੱਖਰੀ ਕਮੇਟੀ ਦੇ ਹੱਕ ਵਿਚ ਹਨ। ਹਰਿਆਣਾ ਵਿਚ ਅੰਬਾਲਾ, ਯਮੁਨਾਨਗਰ, ਕਰਨਾਲ, ਕੁਰੂਕਸ਼ੇਤਰ, ਪਾਣੀਪਤ, ਸਿਰਸਾ, ਹਿਸਾਰ, ਫ਼ਰੀਦਾਬਾਦ ਤੇ ਪੰਜਾਬ ਨਾਲ ਲੱਗਦੇ ਇਲਾਕਿਆਂ ਵਿਚ ਵੱਡੀ ਗਿਣਤੀ ਸਿੱਖ ਰਹਿੰਦੇ ਹਨ। ਸੂਬੇ ਦੀਆਂ 30 ਵਿਧਾਨ ਸਭਾ ਸੀਟਾਂ ਉੱਪਰ ਸਿੱਖ ਵੋਟਰ ਚੋਣ ਸਮੀਕਰਨ ਬਦਲਣ ਦੀ ਸਮਰੱਥਾ ਰੱਖਦੇ ਹਨ।


ਸ਼੍ਰੋਮਣੀ ਅਕਾਲੀ ਦਲ ਦਾ ਪੰਜਾਬ ਵਿਚ ਭਾਜਪਾ ਨਾਲ ਗੱਠਜੋੜ ਹੈ ਪਰ ਹਰਿਆਣਾ ਵਿਚ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨਾਲ ਯਾਰੀ ਨਿਭਾਈ ਜਾ ਰਹੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਚੌਟਾਲਾ ਪਰਿਵਾਰ ਦੀ ਦੋਸਤੀ ਇਥੋਂ ਤੱਕ ਨਿਭਾਅ ਰਹੇ ਹਨ ਕਿ ਉਹ ਭਾਜਪਾ ਦੇ ਕਿਸੇ ਵੀ ਵਿਰੋਧ ਦੀ ਪਰਵਾਹ ਨਹੀਂ ਕਰ ਰਹੇ। ਸ. ਬਾਦਲ ਨੂੰ ਇਨੈਲੋ ਵੱਲੋਂ ਸਟਾਰ ਪ੍ਰਚਾਰਕ ਬਣਾਇਆ ਗਿਆ ਹੈ।


ਸ਼੍ਰੋਮਣੀ ਅਕਾਲੀ ਦਲ ਵੱਲੋਂ ਇਨੈਲੋ ਨਾਲ ਗੱਠਜੋੜ ਵਿਚ ਹਰਿਆਣਾ ਦੀਆਂ 90 ਵਿਧਾਨ ਸਭਾ ਸੀਟਾਂ ਵਿਚੋਂ 2 ਵਿਧਾਨ ਸਭਾ ਹਲਕਿਆਂ 'ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਗਏ ਹਨ ਜਿਨ੍ਹਾਂ ਵਿਚ ਅੰਬਾਲਾ ਸ਼ਹਿਰੀ ਤੋਂ ਬਲਵਿੰਦਰ ਸਿੰਘ ਪੂਨੀਆ ਤੇ ਕਾਲਾਂਵਾਲੀ ਹਲਕੇ ਤੋਂ ਬਲਕੌਰ ਸਿੰਘ ਹਨ। ਲੰਘੀਆਂ ਲੋਕ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਚਰਨਜੀਤ ਸਿੰਘ ਰੋੜੀ ਸਿਰਸਾ ਹਲਕੇ ਤੋਂ ਜਿੱਤ ਚੁੱਕੇ ਹਨ। ਹਰਿਆਣਾ ਵਿਚ 15 ਲੱਖ ਤੋਂ ਵਧੇਰੇ ਸਿੱਖਾਂ ਦੀਆਂ ਵੋਟਾਂ ਹਨ ਤੇ ਚੋਣਾਂ

*(ਬਾਕੀ ਸਫਾ 6 'ਤੇ)*

**REAL ESTATE & HOME LOANS**

✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
209.918.6464
ahundal@c21mm.com
Century 21 M&M and Associates


Raja SWEETS & CATERING
Toll Free 1-866-FOR-RAJA
www.rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faluda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chafing Dishes, China & Silverware, Linen Rental, Waiters & Bartenders
Call Makhan Bains or Ravinder Singh For Your Next Party
1-866-FOR-RAJA
www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
*Attorney At Law*
Criminal Defense (DUI, simple battery, domestic violence, immigration post-conviction relief)
**Berkeley Office**
2161 Shattuck Ave., 304, Berkeley
Ph:510-841-4582 Fax:510-217-6847
**Sacramento Office**
Call For Appointment
Ph:916-924-1617
Email: manpreet@gahralaw.com

STATEN SOLAR
AFFORDABLE ENERGY FOR EVERYONE

# ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ

## Commercial, Agricultural and Residential

## Choose between $0 Down Lease or Lowest Cash Price

ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ





Simran Deol
(Solar Engineer)
661-412-4728

ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ

ਫਰੀ, ਮਾਹਿਰਾਨਾ ਅਤੇ ਸਹੀ ਸਲਾਹ

7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ

20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇਸ਼ੋਰੈਂਸ ਦੀ ਜਿੰਮੇਵਾਰੀ ਵੀ ਕੰਪਨੀ ਦੀ।

- $ 0 down Worry Free Lease
- Fixed Monthly Bill, No Increase
- Guaranteed Lowest Monthly Bill
- Or Buy the System for Lowest Price
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring

Receive $500 By Referring Friends.
www.Statensolar.com

No One Can Beat Our Price Guaranteed!



GILL EXPRESS


# NEW LOCATION MEMPHIS

ਤਜ਼ਰਬੇਕਾਰ ਮਕੈਨਿਕ ਦੀ ਲੋੜ ਹੈ
ਚੰਗੀ ਤਨਖਾਹ ਤੇ ਰਿਹਾਇਸ਼ ਫਰੀ

Hwy I-40 Exit 280, Hwy I-55 Exit 4

Next To Pilot TRAVEL CENTERS LLC


REPAIR



TIRES



WASH



ਪੰਜਾਬੀ ਢਾਬਾ



@ 3657 Southland Dr. W. Memphis, AR-72301 Tel : 661-203-0433

# ਸੰਘ ਮੁਖੀ ਦੇ ਭਾਸ਼ਨ ਨੇ ਛੇੜਿਆ ਵਿਵਾਦ


**ਨਵੀਂ ਦਿੱਲੀ:** ਆਪਣੇ ਫਿਰਕੂ ਬਿਆਨਾਂ ਕਾਰਨ ਹਮੇਸ਼ਾ ਵਿਵਾਦਾਂ ਵਿਚ ਰਹਿੰਦੇ ਸੰਘ ਮੁਖੀ ਮੋਹਨ ਭਾਗਵਤ ਦਾ ਜਥੇਬੰਦੀ ਦੇ ਸਥਾਪਨਾ ਦਿਵਸ ਮੌਕੇ ਸਰਕਾਰੀ ਚੈਨਲ ਦੂਰਦਰਸ਼ਨ ਤੋਂ ਸਿੱਧਾ ਸੰਬੋਧਨ ਆਰ.ਐਸ.ਐਸ. ਦੇ ਕੇਂਦਰੀ ਹਕੂਮਤ 'ਤੇ ਸਪੱਸ਼ਟ ਪ੍ਰਭਾਵ ਵਜੋਂ ਸਾਹਮਣੇ ਆਇਆ ਹੈ। ਹੋਰਨਾਂ ਘੱਟ ਗਿਣਤੀ ਧਰਮਾਂ ਨੂੰ ਹਿੰਦੂਤਵ ਵਿਚ ਜਜ਼ਬ ਕਰ ਲੈਣ ਦੇ ਸ਼ਗੂਫੇ ਛੱਡ ਚੁੱਕੇ ਸੰਘ ਮੁਖੀ ਦੇ ਦੂਰਦਰਸ਼ਨ ਤੋਂ ਸੰਬੋਧਨ ਦੀ ਵਿਰੋਧੀਆਂ ਨੇ ਜਿਥੇ ਨਿਖੇਧੀ ਕੀਤੀ ਉਥੇ ਪ੍ਰਧਾਨ ਮੰਤਰੀ ਤੇ ਸੂਚਨਾ ਪ੍ਰਸਾਰਨ ਮੰਤਰੀ ਵੱਲੋਂ ਦੂਰਦਰਸ਼ਨ ਦੀ ਦੁਰਵਰਤੋਂ ਨੂੰ ਜਾਇਜ਼ ਠਹਿਰਾਉਣ ਨੇ ਨਵਾਂ ਵਿਵਾਦ ਛੇੜ ਦਿੱਤਾ ਹੈ।

ਦੂਰਦਰਸ਼ਨ ਨੇ ਆਰ.ਐਸ.ਐਸ. ਸਮਾਗਮ ਦਾ ਪਹਿਲੀ ਵਾਰ ਇਕ ਘੰਟੇ ਲਈ ਸਿੱਧਾ ਪ੍ਰਸਾਰਨ ਦਿਖਾਇਆ ਜਿਸ ਦੀ ਚੌਤਰਫਾ ਆਲੋਚਨਾ ਹੋਈ। ਪ੍ਰਧਾਨ ਮੰਤਰੀ ਨੇ ਟਵੀਟ ਕਰਕੇ ਸ੍ਰੀ ਮੋਹਨ ਭਾਗਵਤ ਵੱਲੋਂ ਚੁੱਕੇ ਮੁੱਦਿਆਂ ਨੂੰ ਦੇਸ਼ ਦੇ ਮਸਲਿਆਂ ਨਾਲ ਜੋੜਦਿਆਂ ਕਿਹਾ ਕਿ ਇਹ ਮਸਲੇ ਅੱਜ ਦੇ ਦੌਰ ਵਿਚ ਪ੍ਰਭਾਵੀ ਹਨ। ਉਧਰ ਸੂਚਨਾ ਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵੇਡਕਰ ਨੇ ਦੂਰਦਰਸ਼ਨ ਦਾ ਬਚਾਅ ਕਰਦਿਆਂ ਕਿਹਾ ਕਿ ਇਹ ਖ਼ਬਰ ਦਿਖਾਏ ਜਾਣ ਯੋਗ ਸੀ। ਉਨ੍ਹਾਂ ਦਾਅਵਾ ਕੀਤਾ ਕਿ ਦੂਰਦਰਸ਼ਨ ਖੁਦ ਫੈਸਲੇ ਲੈਂਦਾ ਹੈ ਤੇ ਉਸ 'ਤੇ ਕੋਈ ਸਰਕਾਰੀ ਦਬਾਅ ਨਹੀਂ ਹੈ।

ਕਾਂਗਰਸ ਆਗੂਆਂ ਸੰਜੈ ਝਾਅ ਤੇ ਸੰਦੀਪ ਦੀਕਸ਼ਤ ਨੇ ਕਿਹਾ ਕਿ ਹੁਣ ਸਾਬਤ ਹੋ ਗਿਆ ਹੈ ਕਿ ਆਰ.ਐਸ.ਐਸ. ਤੇ ਭਾਜਪਾ ਵਿਚਕਾਰ ਗੂੜ੍ਹੇ ਰਿਸ਼ਤੇ ਹਨ। ਸ੍ਰੀ ਝਾਅ ਨੇ ਕਿਹਾ ਕਿ "ਦੂਰਦਰਸ਼ਨ ਲੋਕਾਂ ਦੇ ਪੈਸੇ ਨਾਲ ਚੱਲਦਾ ਹੈ। ਆਰ.ਐਸ.ਐਸ. ਨਿਰਪੱਖ ਜਥੇਬੰਦੀ ਨਹੀਂ ਹੈ ਤੇ ਇਹ ਵਿਵਾਦਾਂ ਨਾਲ ਜੁੜੀ ਰਹੀ ਹੈ। ਅਭਿਸ਼ੇਕ ਮਨੂਸਿੰਘਵੀ ਨੇ ਖਦਸ਼ਾ ਜਾਹਰ ਕੀਤਾ ਕਿ ਦੇਸ਼ ਹੁਣ ਸਰਕਾਰੀ ਮੀਡੀਆ ਦੀ ਵਰਤੋਂ ਨਾਲ ਨਾਗਪੁਰ ਲਈ, ਨਾਗਪੁਰ ਵੱਲੋਂ ਤੇ ਨਾਗਪੁਰ ਵਾਸਤੇ ਚਲਾਇਆ ਜਾਵੇਗਾ।

ਸੀ.ਪੀ.ਐਮ. ਆਗੂ ਸੀਤਾ ਰਾਮ ਯੇਚੁਰੀ ਨੇ ਪ੍ਰਸਾਰਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਆਰ.ਐਸ.ਐਸ. ਨੇ ਹਿੰਦੂਤਵ ਵਿਚਾਰਧਾਰਾ ਦੇ ਪ੍ਰਚਾਰ ਲਈ ਮੌਕੇ ਦਾ ਫਾਇਦਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਲੋਕ ਪ੍ਰਸਾਰਨ ਸੇਵਾ ਨੂੰ ਆਰ.ਐਸ.ਐਸ. ਵਰਗੀ ਜਥੇਬੰਦੀ ਦੇ ਮੁਖੀ ਦੇ ਭਾਸ਼ਨ ਦਾ ਸਿੱਧਾ ਪ੍ਰਸਾਰਨ ਨਹੀਂ ਦਿਖਾਉਣਾ ਚਾਹੀਦਾ ਸੀ। ਸੀ.ਪੀ.ਆਈ. ਦੇ ਡੀ. ਰਾਜਾ ਨੇ ਆਰ.ਐਸ.ਐਸ. ਦਾ ਧੁਤੂ ਬਣਨ ਲਈ ਦੂਰਦਰਸ਼ਨ ਨੂੰ ਫਿਟਕਾਰ ਲਾਉਂਦਿਆਂ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਤੋਂ ਜਵਾਬ ਮੰਗਿਆ ਹੈ।

ਸਮਾਜਵਾਦੀ ਪਾਰਟੀ ਦੇ ਆਗੂ ਨਰੇਸ਼ ਅਗਰਵਾਲ ਤੇ ਜਨਤਾ ਦਲ (ਯੂ) ਤਰਜਮਾਨ ਕੇ.ਸੀ. ਤਿਆਗੀ ਨੇ ਵੀ ਭਾਗਵਤ ਦੇ ਭਾਸ਼ਨ ਨੂੰ ਦਿਖਾਉਣ ਲਈ ਦੂਰਦਰਸ਼ਨ ਤੇ ਮੰਤਰਾਲੇ ਨੂੰ ਘੇਰਿਆ ਹੈ। ਇਤਿਹਾਸਕਾਰ ਤੇ ਟਿੱਪਣੀਕਾਰ ਰਾਮ ਚੰਦਰ ਗੁਹਾ ਨੇ ਭਾਸ਼ਨ ਨੂੰ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਾਰ ਦਿੰਦਿਆਂ ਕਿਹਾ ਕਿ ਹੁਣ ਮਸਜਿਦਾਂ ਦੇ ਇਮਾਮ ਤੇ ਚਰਚਾਂ ਦੇ ਪਾਦਰੀ ਵੀ ਉਨ੍ਹਾਂ ਦੇ ਭਾਸ਼ਨਾਂ ਨੂੰ ਸਿੱਧੇ ਦਿਖਾਉਣ ਲਈ ਦੂਰਦਰਸ਼ਨ 'ਤੇ ਦਬਾਅ ਪਾਉਣਗੇ।



### ਭਾਗਵਤ ਦਾ ਮੋਦੀ ਨੂੰ ਥਾਪੜਾ

**ਨਾਗਪੁਰ:** ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਹਿੰਦੂਤਵ ਨੂੰ ਦੇਸ਼ ਦੀ ਕੌਮੀ ਪਛਾਣ ਕਰਾਰ ਦਿੱਤਾ ਹੈ। ਜਥੇਬੰਦੀ ਦੇ 89ਵੇਂ ਸਥਾਪਨਾ ਦਿਵਸ ਮੌਕੇ ਉਨ੍ਹਾਂ ਕੌਮੀ ਸੁਰੱਖਿਆ, ਆਰਥਿਕਤਾ ਤੇ ਕੌਮਾਂਤਰੀ ਸਬੰਧਾਂ ਲਈ ਨਰੇਂਦਰ ਮੋਦੀ ਸਰਕਾਰ ਦੀ ਸ਼ਲਾਘਾ ਵੀ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਕੋਲ ਜਾਦੂ ਦੀ ਛੜੀ ਨਹੀਂ ਹੈ ਤੇ ਲੋਕਾਂ ਨੂੰ ਨਤੀਜਿਆਂ ਲਈ ਇੰਤਜ਼ਾਰ ਕਰਨਾ ਚਾਹੀਦਾ ਹੈ। ਸੰਘ ਦਹਾਕਿਆਂ ਤੋਂ ਅਨੇਕਤਾ ਵਿਚ ਏਕਤਾ ਦਾ ਪ੍ਰਚਾਰ ਕਰਦਾ ਆਇਆ ਹੈ ਤੇ ਹਿੰਦੂਤਵ ਕਰ ਕੇ ਹੀ ਏਕਤਾ ਦੀ ਤੰਦ ਜੁੜੀ ਹੋਈ ਹੈ। ਉਨ੍ਹਾਂ ਗਊ ਬਲੀ 'ਤੇ ਪਾਬੰਦੀ ਲਾਉਣ ਦੀ ਵਕਾਲਤ ਕਰਦਿਆਂ ਮਾਸ ਦੀ ਬਰਾਮਦ 'ਤੇ ਰੋਕ ਲਾਉਣ ਲਈ ਵੀ ਕਿਹਾ।

### ਸੰਘ ਦੇ ਬਚਾਅ ਵਿਚ ਆਈ ਕੇਂਦਰ ਸਰਕਾਰ

**ਮੁੰਬਈ:** ਸਰਕਾਰ ਨੇ ਕਿਹਾ ਕਿ ਮੋਹਨ ਭਾਗਵਤ ਦੇ ਭਾਸ਼ਣ ਦਾ ਦੂਰਦਰਸ਼ਨ 'ਤੇ ਪ੍ਰਸਾਰਣ ਕਰਨਾ ਗ਼ਲਤ ਨਹੀਂ ਹੈ। ਸੂਚਨਾ ਤੇ ਪ੍ਰਸਾਰਣ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਪ੍ਰਸਾਰ ਭਾਰਤੀ ਦੂਰਦਰਸ਼ਨ ਦੇ ਅੰਦਰ ਆਉਂਦਾ ਹੈ ਤੇ ਡੀ.ਡੀ. ਨਿਊਜ਼ ਕਾਂਗਰਸ ਤੇ ਹੋਰ ਪਾਰਟੀਆਂ ਦੇ ਨੇਤਾਵਾਂ ਦੇ ਭਾਸ਼ਣਾਂ ਦੀ ਕਵਰੇਜ ਕਰਦਾ ਹੈ। ਉਨ੍ਹਾਂ ਕਿਹਾ ਕਿ ਨਿੱਜੀ ਟੀ.ਵੀ. ਚੈਨਲਾਂ ਨੇ ਵੀ ਇਸ ਨੂੰ ਵਿਖਾਇਆ ਹੈ ਭਾਵੇਂਕਿ ਮੁੱਖ ਚੈਨਲਾਂ ਨੇ ਪੂਰੇ ਭਾਸ਼ਣ ਨੂੰ ਨਹੀਂ ਵਿਖਾਇਆ ਹੈ। ਪ੍ਰਸਾਰ ਭਾਰਤੀ ਦੇ ਸੀ.ਈ.ਓ. ਜਵਾਹਰ ਸਿਰਕਾਰ ਨੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕੀਤਾ। ਦੂਰਦਰਸ਼ਨ ਡੀ.ਜੀ. (ਖ਼ਬਰਾਂ) ਅਰਚਨਾ ਦੱਤਾ ਨੇ ਕਿਹਾ ਕਿ ਇਹ ਇਕ ਖ਼ਬਰ ਦੀ ਤਰ੍ਹਾਂ ਸੀ ਇਸ ਲਈ ਇਸ ਨੂੰ ਪ੍ਰਸਾਰਤ ਕੀਤਾ ਗਿਆ ਸੀ।

# ਆਰ.ਐਸ.ਐਸ. ਕਾਰਕੁਨਾਂ ਵੱਲੋਂ ਪੰਜਾਬ 'ਚ ਤਾਕਤ ਦਾ ਮੁਜ਼ਾਹਰਾ



ਬਰਨਾਲਾ ਵਿਚ ਮਾਰਚ ਕਰ ਰਹੇ ਆਰ.ਐਸ.ਐਸ. ਕਾਰਕੁਨ।

**ਜੈਤੋ:** ਆਰ.ਐਸ.ਐਸ. ਦੇ ਕਾਰਕੁਨਾਂ ਵੱਲੋਂ ਜ਼ਿਲ੍ਹਾ ਪੱਧਰ 'ਤੇ ਰਾਸ਼ਟਰੀ ਸੋਇਮਸੇਵਕ ਸੰਘ (ਆਰ.ਐਸ.ਐਸ.) ਦਾ ਸਥਾਪਨਾ ਦਿਵਸ ਮਨਾਇਆ ਗਿਆ। ਸੰਘ ਦੇ ਵਰਕਰਾਂ ਨੇ ਹੱਥਾਂ ਵਿਚ ਹਥਿਆਰ ਲੈ ਕੇ ਸ਼ਹਿਰ ਵਿਚ ਮਾਰਚ ਕੱਢਿਆ। ਇਸ ਤੋਂ ਪਹਿਲਾਂ ਜ਼ਿਲ੍ਹੇ ਦੇ ਵਰਕਰਾਂ ਨੇ ਸਰਵ ਹਿੱਤਕਾਰੀ ਸਕੂਲ ਵਿਚ ਸ਼ਸਤਰ ਪੂਜਾ ਕੀਤੀ। ਇਸ ਤੋਂ ਪਹਿਲਾਂ ਇਹ ਰਸਮ ਵਿਜੈ ਦਸ਼ਮੀ (ਦਸਹਿਰੇ) ਮੌਕੇ ਹੀ ਕੀਤੀ ਜਾਂਦੀ ਰਹੀ ਹੈ। ਸਮਾਗਮ ਦੇ ਮੁੱਖ ਬੁਲਾਰੇ ਪ੍ਰੋ. ਅਸ਼ੋਕ ਗੁਪਤਾ ਨੇ ਕਿਹਾ ਕਿ ਸੰਘ ਦੀ ਸਥਾਪਨਾ 1925 ਵਿਚ ਡਾ. ਕੇਸ਼ਵ ਰਾਮ ਬਲੀ ਰਾਮ ਹੈਡਗਵਾਰ ਨੇ ਕੀਤੀ ਸੀ।

ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਟਰੱਸਟ ਜੈਤੋ ਦੇ ਸੰਚਾਲਕ ਸੰਤ ਰਿਸ਼ੀ ਰਾਮ ਨੇ ਕਿਹਾ ਕਿ ਜਦੋਂ ਵੀ ਧਰਤੀ 'ਤੇ ਪਾਪਾਂ ਦਾ ਭਾਰ ਵਧਿਆ, ਉਦੋਂ ਹੀ ਚੰਗੇ ਪੁਰਸ਼ਾਂ ਨੇ ਧਰਤ 'ਤੇ ਆ ਕੇ ਲੋਕਾਂ ਦੀ ਅਗਵਾਈ ਕੀਤੀ। ਵਿਭਾਗ ਸੰਘ ਚਾਲਕ ਡਾ. ਦੀਪਕ ਗੋਇਲ ਵੱਲੋਂ ਪੁੱਜੇ ਮਹਿਮਾਨਾਂ ਤੇ ਵਰਕਰਾਂ ਦਾ ਧੰਨਵਾਦ ਕੀਤਾ ਗਿਆ। ਸ਼ਸਤਰ ਪੂਜਾ ਮਗਰੋਂ ਆਰ.ਐਸ.ਐਸ. ਵਰਕਰਾਂ ਵੱਲੋਂ ਆਧੁਨਿਕ ਤੇ ਰਵਾਇਤੀ ਹਥਿਆਰ ਹੱਥਾਂ ਵਿਚ ਫੜ ਕੇ ਸ਼ਹਿਰ ਵਿਚ ਪੈਦਲ ਮਾਰਚ ਕੀਤਾ ਗਿਆ। ਮਾਰਚ ਦੀ ਅਗਵਾਈ ਬੈਂਡ ਪਾਰਟੀ ਕਰ ਰਹੀ ਸੀ। ਮਾਰਚ ਵਿਚ ਕਰੀਬ 250 ਵਰਕਰਾਂ ਸ਼ਾਮਿਲ ਸਨ। ਰਸਤੇ ਵਿਚ ਚੰਦ ਕੁ ਥਾਵਾਂ 'ਤੇ ਮਾਰਚ ਉਪਰ ਫੁੱਲਾਂ ਦੀ ਵਰਖਾ ਵੀ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਸੰਘ ਚਾਲਕ ਮਾਸਟਰ ਤੀਰਥ ਵਰਮਾ, ਭਾਜਪਾ ਜ਼ਿਲ੍ਹਾ ਪ੍ਰਧਾਨ ਜੈ ਪਾਲ ਗਰਗ, ਭਾਜਪਾ ਮੰਡਲ ਜੈਤੋ ਦੇ ਪ੍ਰਧਾਨ ਰਾਮ ਰਤਨ ਜਿੰਦਲ, ਮਾਰਕਿਟ ਕਮੇਟੀ ਜੈਤੋ ਦੇ ਸਾਬਕਾ ਵਾਈਸ ਚੇਅਰਮੈਨ ਸ਼ਾਮ ਲਾਲ ਗੋਇਲ, ਚੰਦਰ ਸ਼ੇਖਰ ਸੂਰੀ ਆਦਿ ਹਾਜ਼ਰ ਸਨ। ਆਰ.ਐਸ.ਐਸ. ਦੇ ਕਾਰਕੁਨਾਂ ਵੱਲੋਂ ਪਿਸਤੌਲ ਫੜ ਕੇ ਮਾਰਚ ਕਰਨ ਬਾਰੇ ਪੁੱਛਣ 'ਤੇ ਡੀ.ਐਸ.ਪੀ. ਸੁਖਦੇਵ ਸਿੰਘ ਬਰਾੜ ਨੇ ਕਿਹਾ ਕਿ ਸੰਘ ਵਰਕਰ ਹਥਿਆਰਾਂ ਦੀ ਨੁਮਾਇਸ਼ ਕਿਸੇ ਮਾੜੀ ਮਨਸ਼ਾ ਨਾਲ ਨਹੀਂ ਕਰ ਰਹੇ ਸਨ, ਇਸ ਲਈ ਕਾਨੂੰਨੀ ਪਾਬੰਦੀ ਦੀ ਲੋੜ ਨਹੀਂ ਸਮਝੀ ਗਈ। ਉਂਜ ਉਨ੍ਹਾਂ ਇਹ ਵੀ ਕਿਹਾ ਕਿ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੁਲੀਸ ਵੱਲੋਂ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਹੋਏ ਸਨ। ਆਰ.ਐਸ.ਐਸ. ਕਾਰਕੁਨਾਂ ਨੇ ਪੰਜਾਬ ਵਿਚ ਹੋਰ ਵੀ ਕਈ ਥਾਂਈਂ ਮਾਰਚ ਕੀਤੇ ਹਨ।

# ਸਰਹੱਦ 'ਤੇ ਹਿੰਦ-ਪਾਕਿ ਦੀਆਂ ਫੌਜਾਂ ਨੇ ਤੋਪਾਂ ਦੇ ਮੂੰਹ ਖੋਲ੍ਹੇ

**ਜੰਮੂ:** ਸਰਹੱਦ ਉਤੇ ਭਾਰਤੀ ਅਤੇ ਪਾਕਿਸਤਾਨੀ ਵੱਲੋਂ ਭਾਰੀ ਗੋਲੀਬਾਰੀ ਕੀਤੀ ਜਾ ਰਹੀ ਹੈ। ਇਸ ਗੋਲੀਬਾਰੀ ਨਾਲ ਦੋਹੀਂ ਪਾਸੀਂ 25 ਤੋਂ ਵੱਧ ਜਾਨਾਂ ਚਲੀਆਂ ਗਈਆਂ ਹਨ। ਪਾਕਿਸਤਾਨੀ ਰੇਂਜਰਾਂ ਨੇ ਜੰਮੂ-ਕਸ਼ਮੀਰ ਦੇ ਜੰਮੂ ਤੇ ਸਾਂਬਾ ਜ਼ਿਲ੍ਹਿਆਂ ਵਿਚ ਕੌਮਾਂਤਰੀ ਸੀਮਾ ਦੇ ਨਾਲ 40 ਭਾਰਤੀ ਸਰਹੱਦੀ ਚੌਕੀਆਂ ਅਤੇ 25 ਸਰਹੱਦੀ ਪਿੰਡਾਂ ਨੂੰ ਨਿਸ਼ਾਨਾ ਬਣਾਇਆ ਤੇ ਮੋਰਟਾਰਾਂ ਦੇ ਗੋਲੇ ਦਾਗੇ। ਇਸ ਗੋਲਾਬਾਰੀ ਦਾ ਭਾਰਤ ਵੱਲੋਂ ਵੀ ਕਰਾਰਾ ਜਵਾਬ ਦਿੱਤਾ ਜਾ ਰਿਹਾ ਹੈ। ਇਸ ਮਹੀਨੇ ਪਾਕਿਸਤਾਨ ਵਾਲੇ ਪਾਸਿਓਂ ਗੋਲੀਬੰਦੀ ਦੀ ਇਹ 17ਵੀਂ ਵਾਰ ਉਲੰਘਣਾ ਹੈ। ਸਰਹੱਦੀ ਖੇਤਰਾਂ ਦੇ 20,000 ਤੋਂ ਵੱਧ ਲੋਕ ਆਪਣੇ ਘਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਪੁੱਜ ਗਏ ਹਨ।

ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਵੱਲੋਂ ਪਾਕਿਸਤਾਨ ਦੀ ਇਸ ਕਾਰਵਾਈ ਦਾ ਢੁਕਵਾਂ ਜੁਆਬ ਦਿੱਤਾ ਜਾ ਰਿਹਾ ਹੈ। ਕੌਮਾਂਤਰੀ ਸੀਮਾ 'ਤੇ ਆਰਨੀਆ, ਆਰ.ਐਸ. ਪੁਰਾ, ਕਾਨਾਚੱਕ, ਪਾਰਗਵਲ, ਖੇਤਰਾਂ ਨੂੰ ਨਿਸ਼ਾਨਾ ਬਣਾਇਆ ਗਿਆ।

**ਭਾਰਤ ਸੰਜਮ ਤੋਂ ਕੰਮ ਲਵੇ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੇ ਕੌਮੀ ਸੁਰੱਖਿਆ ਤੇ ਵਿਦੇਸ਼ ਮਾਮਲਿਆਂ ਬਾਰੇ ਸਲਾਹਕਾਰ ਸਰਤਾਜ ਅਜ਼ੀਜ਼ ਨੇ ਗੋਲੀਬਾਰੀ ਦਾ ਦੋਸ਼ ਭਾਰਤ 'ਤੇ ਲਾਇਆ ਹੈ ਅਤੇ ਕਿਹਾ ਹੈ ਕਿ ਪਹਿਲ ਭਾਰਤ ਨੇ ਕੀਤੀ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਫੌਰੀ ਗੋਲੀਬਾਰੀ ਕਰਨ ਅਤੇ ਗੋਲੀਬਾਰੀ ਬੰਦ ਕਰਨ ਤੇ ਸਰਹੱਦ 'ਤੇ ਅਮਨ ਕਾਇਮ ਕਰਨ ਲਈ ਕਿਹਾ ਹੈ। ਦੋਹਾਂ ਮੁਲਕਾਂ ਦੇ ਸੀਨੀਅਰ ਫੌਜੀ ਅਧਿਕਾਰੀਆਂ ਨੇ ਕੰਟਰੋਲ ਰੇਖਾ ਅਤੇ ਕੌਮਾਂਤਰੀ ਸਰਹੱਦ 'ਤੇ ਗੋਲੀਬੰਦੀ ਦੀ ਹੋ ਰਹੀ ਉਲੰਘਣਾ ਬਾਰੇ ਗੱਲਬਾਤ ਕੀਤੀ ਪਰ ਉਹ ਮਾਮਲਾ ਹੱਲ ਕਰਨ 'ਚ ਸਫਲ ਨਾ ਹੋ ਸਕੇ।

# ਮੁੱਕ ਨਹੀਂ ਰਹੀ ਬਠਿੰਡਾ ਹਵਾਈ ਅੱਡੇ ਦੀ ਉਡੀਕ

**ਬਠਿੰਡਾ:** ਚਾਲੀ ਏਕੜ ਰਕਬੇ ਵਿਚ ਪਿੰਡ ਵਿਰਕ ਕਲਾਂ ਦੀ ਧਰਤੀ ਉਤੇ 25 ਕਰੋੜ ਰੁਪਏ ਨਾਲ 2 ਸਾਲ ਪਹਿਲਾਂ ਆਪਣੇ ਤੈਅਸ਼ੁਦਾ ਸਮੇਂ ਅੰਦਰ ਤਿਆਰ ਹੋਏ ਬਠਿੰਡਾ ਹਵਾਈ ਅੱਡਾ ਦਾ ਅਜੇ ਤੱਕ ਉਦਘਾਟਨ ਨਾ ਹੋ ਸਕਿਆ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਇਹ ਸੁਪਨਮਈ ਪ੍ਰੋਜੈਕਟ ਕੇਂਦਰੀ ਹਵਾਬਾਜ਼ੀ ਮੰਤਰਾਲੇ ਦੀ ਹਰੀ ਝੰਡੀ ਅਤੇ ਏਅਰਲਾਈਨਾਂ ਦੀ ਰੁਚੀ 'ਤੇ ਆ ਟਿਕਿਆ ਹੈ।

ਵਿਦੇਸ਼ੀ ਤਰਜ਼ ਅਤੇ ਅਤਿ ਆਧੁਨਿਕ ਟੈਕਨੋਲਜੀ ਨਾਲ ਬਣਾਏ ਇਸ ਹਵਾਈ ਅੱਡੇ ਸਬੰਧੀ ਹਰ ਪ੍ਰਕਾਰ ਦੀਆਂ ਰਸਮੀ ਕਾਰਵਾਈਆਂ ਪਹਿਲਾਂ ਹੀ ਪੂਰੀਆਂ ਕੀਤੀਆਂ ਚੁੱਕੀਆਂ ਹਨ। ਇਸ ਤੋਂ ਇਲਾਵਾ ਕਈ ਵਾਰੀ ਸਪਾਇਸ ਜੈੱਟ ਤੋਂ ਲੈ ਕੇ ਰੈਲੀਗੇਅਰ, ਏਅਰ ਇੰਡੀਆ ਵਰਗੀਆਂ ਏਅਰਲਾਈਨਾਂ ਦੇ ਪ੍ਰਬੰਧਕਾਂ ਦੇ ਦੌਰਿਆਂ ਅਤੇ ਸਮਝੌਤਿਆਂ ਦੇ ਦੌਰ ਚੱਲਣ ਦੇ ਬਾਵਜੂਦ ਅਜੇ ਤੱਕ ਗੱਲ ਕਿਸੇ ਤਣ-ਪੱਤਣ ਨਹੀਂ ਲੱਗ ਰਹੀ। ਦੂਜੇ ਪਾਸੇ ਪਹਿਲੇ-ਪਹਿਲ ਬਠਿੰਡਾ ਏਅਰਪੋਰਟ ਤੋਂ ਆਪਣੀਆਂ ਕੰਪਨੀਆਂ ਦੀਆਂ ਹਵਾਈ ਸੇਵਾਵਾਂ ਸ਼ੁਰੂ ਕਰਨ ਲਈ ਉਤਸ਼ਾਹ ਵਿਖਾਉਣ ਵਾਲੀਆਂ ਕੰਪਨੀਆਂ ਵੀ ਹੁਣ ਨਿਰਾਸ਼ ਬੈਠੀਆਂ ਹਨ।

ਕੇਂਦਰ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਸਰਕਾਰ ਹੋਣ ਅਤੇ ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਕੇਂਦਰੀ ਹਵਾਬਾਜ਼ੀ ਮੰਤਰੀ ਗਜਪਤੀਰਾਜੂ ਨਾਲ ਇਸ ਸਬੰਧੀ ਮੁਲਾਕਾਤ ਦੇ ਬਾਵਜੂਦ ਹਵਾਈ ਅੱਡੇ ਨੂੰ ਸ਼ੁਰੂ ਨਹੀ ਕਰਵਾਇਆ ਜਾ ਸਕਿਆ। ਦੱਸਣਯੋਗ ਹੈ ਕਿ ਜੇ ਏਅਰਲਾਈਨਜ਼ ਨਾਲ ਸਮਝੌਤਿਆਂ ਦਾ ਅਮਲ ਮੁਕੰਮਲ ਹੋ ਜਾਂਦਾ ਹੈ ਤਾਂ ਬਠਿੰਡਾ ਤੋਂ ਦਿੱਲੀ ਦਾ ਸਫ਼ਰ ਸਿਰਫ 30 ਮਿੰਟ ਵਿਚ ਹੋ ਸਕਦਾ ਹੈ।

# ਪੰਜਾਬ ਸਰਕਾਰ ਨੇ ਮੁਲਾਜ਼ਮਾਂ ਨੂੰ ਅੰਗੂਠਾ ਦਿਖਾਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਦੀਵਾਲੀ ਮੌਕੇ ਵੀ ਮੁਲਾਜ਼ਮਾਂ ਨੂੰ ਅੰਗੂਠਾ ਦਿਖਾਉਣ ਦੇ ਵਿਰੋਧ ਵਿਚ ਕਈ ਜਥੇਬੰਦੀਆਂ ਨੇ ਸਾਂਝਾ ਸੰਘਰਸ਼ ਵਿੱਢਣ ਦਾ ਐਲਾਨ ਕਰ ਦਿੱਤਾ ਹੈ। ਵੱਖ-ਵੱਖ ਵਿਭਾਗਾਂ ਅਤੇ ਵਰਗਾਂ ਦੀਆਂ ਮੁਲਾਜ਼ਮ ਜਥੇਬੰਦੀਆਂ ਦੇ ਪ੍ਰਤੀਨਿਧਾਂ ਦੀ ਹੋਈ ਮੀਟਿੰਗ ਦੌਰਾਨ ਦੀਵਾਲੀ ਦੇ ਤਿਉਹਾਰ ਮੌਕੇ ਸਰਕਾਰ ਵਿਰੁੱਧ ਰੈਲੀਆਂ ਦਾ ਸਿਲਸਿਲਾ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਦੀਵਾਲੀ ਮੌਕੇ ਮੁਲਾਜ਼ਮਾਂ ਨੂੰ ਕੋਈ ਤੋਹਫਾ ਦੇਣਾ ਤਾਂ ਦੂਰ ਦੀ ਗੱਲ, 17 ਫੀਸਦ ਡੀ.ਏ. ਦੀਆਂ ਦੋ ਕਿਸ਼ਤਾਂ ਦੇਣ ਤੋਂ ਵੀ ਚੁੱਪ ਵੱਟ ਲਈ ਹੈ। ਕੇਂਦਰ ਸਰਕਾਰ ਆਪਣੇ ਲੱਖਾਂ ਮੁਲਾਜ਼ਮਾਂ ਨੂੰ 1 ਜਨਵਰੀ 2014 ਤੋਂ 10 ਫੀਸਦ ਅਤੇ 1 ਜੁਲਾਈ 2014 ਤੋਂ 7 ਫੀਸਦ ਡੀ.ਏ. ਦੀਆਂ ਦੋ ਕਿਸ਼ਤਾਂ ਪਿਛਲੇ ਲੰਮੇ ਸਮੇਂ ਤੋਂ ਦੇ ਚੁੱਕੀ ਹੈ।

ਪੰਜਾਬ ਸਰਕਾਰ ਨੇ ਜਿੱਥੇ 1 ਜੁਲਾਈ ਵਾਲੀ 7 ਫੀਸਦ ਡੀ.ਏ. ਦੀ ਕਿਸ਼ਤ ਦੇਣ ਬਾਰੇ ਹਾਲੇ ਤੱਕ ਫੈਸਲਾ ਹੀ ਨਹੀਂ ਲਿਆ, ਉਥੇ 1 ਜਨਵਰੀ 10 ਫੀਸਦ ਡੀ.ਏ. ਦੀ ਕਿਸ਼ਤ ਦਸੰਬਰ 2014 ਤੋਂ ਦੇਣ ਦਾ ਫੈਸਲਾ ਕੀਤਾ ਹੈ। ਪਿਛਲੇ ਸਮੇਂ ਦੌਰਾਨ ਭਾਵੇਂ ਕੁਝ ਮੁਲਾਜ਼ਮ ਜਥੇਬੰਦੀਆਂ ਨੇ ਸਰਕਾਰ ਨਾਲ ਮੀਟਿੰਗਾਂ ਕਰਨ ਤੋਂ ਬਾਅਦ ਦਾਅਵੇ ਕੀਤੇ ਸਨ ਕਿ ਸਰਕਾਰ 10 ਫੀਸਦ ਡੀ.ਏ. ਦੀ ਕਿਸ਼ਤ ਅਕਤੂਬਰ ਮਹੀਨੇ ਦੀ ਤਨਖਾਹ ਨਾਲ ਦੇਣ ਲਈ ਸਹਿਮਤ ਹੋ ਗਈ ਹੈ ਪਰ ਹਾਲੇ ਤੱਕ ਸਰਕਾਰ ਨੇ ਅਜਿਹਾ ਕੋਈ ਆਦੇਸ਼ ਜਾਰੀ ਨਹੀਂ ਕੀਤਾ। ਇਸੇ ਤਰ੍ਹਾਂ ਮੁਲਾਜ਼ਮਾਂ ਵੱਲੋਂ ਪਿਛਲੀ ਕੈਬਨਿਟ ਮੀਟਿੰਗ ਵਿਚ ਕੈਸ਼ਲੈੱਸ ਮੈਡੀਕਲ ਸਹੂਲਤ ਨੂੰ ਪ੍ਰਵਾਨਗੀ ਦੇਣ ਸਮੇਤ ਕਈ ਹੋਰ ਮੰਗਾਂ ਮੰਨਣ ਦੀ ਲਾਈ ਆਸ ਵੀ ਟੁੱਟ ਚੁੱਕੀ ਹੈ। ਦੂਸਰੇ ਪਾਸੇ ਰਾਜ ਦੇ ਢਾਈ ਲੱਖ ਦੇ ਕਰੀਬ ਪੈਨਸ਼ਨਰ ਵੀ ਸਰਕਾਰ ਵੱਲੋਂ ਡੀ.ਏ. ਦੀਆਂ ਕਿਸ਼ਤਾਂ ਰੋਕਣ ਅਤੇ ਡੀ.ਏ. ਦੇ ਬਕਾਇਆਂ ਬਾਰੇ ਮਹੀਨਿਆਂਬੱਧੀ ਕੋਈ ਫੈਸਲਾ ਨਾ ਲੈਣ ਕਾਰਨ ਗੁੱਸੇ ਵਿਚ ਹਨ।

## ਅਲ-ਕਾਇਦਾ ਦਾ ਭਾਰਤੀ ਯੂਨਿਟ ਦਾ ਮੁਖੀ ਉਤਰ ਪ੍ਰਦੇਸ਼ ਤੋਂ

**ਨਵੀਂ ਦਿੱਲੀ:** ਭਾਰਤੀ ਖੁਫ਼ੀਆ ਏਜੰਸੀਆਂ ਉਸ ਰਿਪੋਰਟ ਦੀ ਜਾਂਚ ਵਿਚ ਜੁੱਟ ਗਈਆਂ ਹਨ ਜਿਸ ਵਿਚ ਕਿਹਾ ਗਿਆ ਹੈ ਕਿ ਅਲ-ਕਾਇਦਾ ਦੇ ਭਾਰਤੀ ਉਪ ਮਹਾਂਦੀਪ ਯੂਨਿਟ ਦਾ ਮੁਖੀ ਮੌਲਾਨਾ ਆਸਿਮ ਉਮਰ ਉੱਤਰ ਪ੍ਰਦੇਸ਼ ਦਾ ਵਾਸੀ ਰਹਿ ਚੁੱਕਾ ਹੈ। ਪਹਿਲਾਂ ਕਿਹਾ ਜਾ ਰਿਹਾ ਸੀ ਕਿ ਉਮਰ ਪਾਕਿਸਤਾਨੀ ਹੈ ਪਰ ਮਿਲੀਆਂ ਸੂਚਨਾਵਾਂ 'ਤੇ ਜਾਂਚ ਕਰ ਰਹੀਆਂ ਏਜੰਸੀਆਂ ਨੂੰ ਲੱਗ ਰਿਹਾ ਹੈ ਕਿ 90 ਦੇ ਦਹਾਕੇ ਦੇ ਅੰਤ ਵਿਚ ਭਾਰਤ ਛੱਡਣ ਤੋਂ ਪਹਿਲਾਂ ਉਹ ਦੇਵਬੰਦ ਦੇ ਦਾਰੁਲ-ਉਲ-ਉਲੂਮ ਮਦਰੱਸੇ ਵਿਚ ਪੜ੍ਹਾਈ ਕਰ ਚੁੱਕਾ ਹੈ।

## ਵਰਲਡ ਕਬੱਡੀ ਮੈਚ ਰੱਦ

**ਸਟਾਕਟਨ (ਬਿਊਰੋ):** ਸਟਾਕਟਨ ਅਰੀਨਾ ਵਿਚ 17 ਅਤੇ 18 ਅਕਤੂਬਰ ਨੂੰ ਹੋਣ ਵਾਲੇ ਵਰਲਡ ਕਬੱਡੀ ਲੀਗ ਦੇ ਮੈਚ ਅਨਮਿੱਥੇ ਸਮੇਂ ਲਈ ਰੱਦ ਕਰ ਦਿੱਤੇ ਗਏ ਹਨ।

ਪ੍ਰਬੰਧਕਾਂ ਵੱਲੋਂ ਜਾਰੀ ਬਿਆਨ ਅਨੁਸਾਰ ਪਾਕਿਸਤਾਨ ਦੀ ਕਬੱਡੀ ਟੀਮ ਨੂੰ ਵੇਲੇ ਸਿਰ ਵੀਜ਼ਾ ਨਾ ਮਿਲਣ ਕਾਰਨ ਇਹ ਮੈਚ ਰੱਦ ਕਰਨੇ ਪਏ ਹਨ। ਚੇਤੇ ਰਹੇ, ਪਹਿਲਾਂ ਵੀ ਪਾਕਿਸਤਾਨ ਦੀ ਕਬੱਡੀ ਟੀਮ ਨੂੰ ਵੀਜ਼ਾ ਨਾ ਮਿਲਣ ਕਰਕੇ ਮੈਚ 17 ਤੇ 18 ਅਕਤੂਬਰ ਨੂੰ ਰੱਖੇ ਗਏ ਸਨ।

# ਅਰੁਣ ਜੇਤਲੀ ਸਭ ਤੋਂ ਅਮੀਰ ਮੰਤਰੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਕਹੇ ਅਨੁਸਾਰ ਕਿ ਸਰਕਾਰ ਪੂਰੀ ਤਰ੍ਹਾਂ ਪਾਰਦਰਸ਼ੀ ਹੋਣੀ ਚਾਹੀਦੀ ਹੈ, ਸਰਕਾਰ ਨੇ ਆਪਣੇ ਮੰਤਰੀਆਂ ਦੀ ਜਾਇਦਾਦ ਬਾਰੇ ਜਾਣਕਾਰੀ ਜਨਤਕ ਕੀਤੀ। ਪ੍ਰਧਾਨ ਮੰਤਰੀ ਦਫਤਰ (ਪੀ.ਐਮ.ਓ.) ਦੀ ਵੈਬਸਾਈਟ 'ਤੇ ਸਰਕਾਰ ਦੇ ਸਾਰੇ ਮੰਤਰੀਆਂ ਦੀ ਚੱਲ-ਅਚੱਲ ਜਾਇਦਾਦ ਦੀ ਜਾਣਕਾਰੀ ਪਾਈ ਗਈ ਹੈ। ਇਸ ਅਨੁਸਾਰ ਸ੍ਰੀ ਮੋਦੀ ਕੋਲ 1.26 ਕਰੋੜ ਦੀ ਜਾਇਦਾਦ ਹੈ ਜਦਕਿ ਵਿੱਤ ਅਤੇ ਰੱਖਿਆ ਮੰਤਰੀ ਕੋਲ ਕੁੱਲ 72.10 ਕਰੋੜ ਦੀ ਜਾਇਦਾਦ ਹੈ ਅਤੇ ਉਹ ਸਭ ਤੋਂ ਅਮੀਰ ਮੰਤਰੀ ਹਨ।



ਅਰੁਣ ਜੇਤਲੀ

ਕੈਬਨਿਟ ਮੰਤਰੀਆਂ 'ਚ ਸ਼ਹਿਰੀ ਵਿਕਾਸ ਮੰਤਰੀ ਵੈਂਕੱਈਆ ਨਾਇਡੂ ਕੋਲ ਸਭ ਤੋਂ ਘੱਟ 20.45 ਲੱਖ ਦੀ ਜਾਇਦਾਦ ਹੈ। ਮਹਿਲਾ ਅਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਤੋਂ 37.68 ਕਰੋੜ, ਕੋਲਾ ਅਤੇ ਬਿਜਲੀ ਮੰਤਰੀ ਪਿਊਸ਼ ਗੋਇਲ ਕੋਲ 31.67 ਕਰੋੜ, ਘੱਟ ਗਿਣਤੀਆਂ ਮਾਮਲਿਆਂ ਬਾਰੇ ਮੰਤਰੀ ਨਜਮਾ ਹਪਤੁੱਲਾ ਕੋਲ 29.70 ਕਰੋੜ, ਗ੍ਰਹਿ ਮੰਤਰੀ ਰਾਜਨਾਥ ਸਿੰਘ ਕੋਲ 2.56 ਕਰੋੜ, ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਕੋਲ 2.73 ਕਰੋੜ ਅਤੇ ਹਰਿਆਣਾ ਦੇ ਪਲਵਲ 'ਚ ਜ਼ਮੀਨ, ਕਾਨੂੰਨ ਤੇ ਦੂਰਸੰਚਾਰ ਮੰਤਰੀ ਰਵੀ ਸ਼ੰਕਰ ਪ੍ਰਸ਼ਾਦ ਕੋਲ 14.91 ਕਰੋੜ , ਆਵਾਜਾਈ ਮੰਤਰੀ ਨਿਤਿਨ ਗਡਕਰੀ ਕੋਲ 3.34 ਕਰੋੜ, ਰੇਲ ਮੰਤਰੀ ਡੀ.ਵੀ. ਸਦਾਨੰਦ ਗੌੜਾ ਕੋਲ 4.34 ਕਰੋੜ, ਜਲ ਸੰਸਾਧਨ ਮੰਤਰੀ ਉਮਾ ਭਾਰਤੀ ਕੋਲ 1.62 ਕਰੋੜ, ਸੂਚਨਾ ਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵਡੇਕਰ ਕੋਲ 1.05 ਕਰੋੜ, ਮਨੁੱਖੀ ਵਸੀਲਿਆਂ ਬਾਰੇ ਵਿਕਾਸ ਮੰਤਰੀ ਸਮਰਿਤੀ ਇਰਾਨੀ ਕੋਲ 4.15 ਕਰੋੜ, ਖੇਤੀਬਾੜੀ ਮੰਤਰੀ ਰਾਧਾ ਮੋਹਨ ਸਿੰਘ ਕੋਲ 2.47 ਕਰੋੜ ਦੀ ਜਾਇਦਾਦ ਹੈ। 22 ਕੈਬਨਿਟ ਮੰਤਰੀਆਂ 'ਚੋਂ 17 ਕਰੋੜਪਤੀ ਹਨ।

# ਬਾਦਲਾਂ ਦੀ ਹਰਿਆਣੇ ਵਿਚ ਸਰਗਰਮੀ ਭਾਜਪਾ ਨੂੰ ਰੜਕੀ

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਦੇ ਚੋਣ ਨਤੀਜੇ ਅਕਾਲੀ-ਭਾਜਪਾ ਗੱਠਜੋੜ ਲਈ ਵੀ ਫੈਸਲਾਕੁਨ ਸਾਬਤ ਹੋ ਸਕਦੇ ਹਨ। ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਸਬੰਧਾਂ ਦਰਮਿਆਨ ਹਰਿਆਣਾ ਦੀ ਚੋਣ ਵੱਡੇ ਪਾੜੇ ਦਾ ਆਧਾਰ ਬਣਦੀ ਜਾ ਰਹੀ ਹੈ। ਪੰਜਾਬ ਵਿਚ ਤੀਜੀ ਵਾਰੀ ਸੱਤਾ ਚਲਾ ਰਹੇ ਗੱਠਜੋੜ ਦਰਮਿਆਨ 17 ਸਾਲਾਂ ਦੇ ਰਾਜਸੀ ਸਫ਼ਰ ਦੌਰਾਨ ਇਸ ਵਾਰੀ ਔਖਾ ਦੌਰ ਚੱਲ ਰਿਹਾ ਹੈ। ਭਾਜਪਾ ਦੇ ਆਗੂਆਂ ਦਾ ਦੱਸਣਾ ਹੈ ਕਿ ਹਾਈਕਮਾਨ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਨਿਭਾਈ ਜਾ ਰਹੀ ਭੂਮਿਕਾ ਦਾ ਨੋਟਿਸ ਲੈਣਾ ਸ਼ੁਰੂ ਕਰ ਦਿੱਤਾ ਹੈ।

ਭਾਜਪਾ ਦਾ ਮੰਨਣਾ ਹੈ ਕਿ ਗੁਆਂਢੀ ਸੂਬੇ ਦੀਆਂ ਚੋਣਾਂ ਦੌਰਾਨ ਅਕਾਲੀ ਦਲ ਮਹਿਜ਼ ਆਪਣੇ ਹਿੱਸੇ ਦੇ ਦੋ ਵਿਧਾਨ ਸਭਾ ਹਲਕਿਆਂ ਤੱਕ ਹੀ ਸੀਮਤ ਨਹੀਂ ਬਲਕਿ ਤਕਰੀਬਨ 40 ਸੀਟਾਂ ਉਤੇ ਇੰਡੀਅਨ ਨੈਸ਼ਨਲ ਲੋਕ ਦਲ ਦੀ ਹਰ ਤਰ੍ਹਾਂ ਨਾਲ ਕੀਤੀ ਜਾ ਰਹੀ ਮਦਦ ਭਾਜਪਾ ਨੂੰ ਇਸ ਵਾਰੀ ਕੁਝ ਜ਼ਿਆਦਾ ਹੀ ਰੜਕਣ ਲੱਗੀ ਹੈ। ਸੂਤਰਾਂ ਮੁਤਾਬਕ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਦੇ ਪੁਲਿਸ ਤੇ ਸਿਵਲ ਅਫ਼ਸਰਾਂ ਵੱਲੋਂ ਹਰਿਆਣਾ ਚੋਣਾਂ ਵਿਚ ਨਿਭਾਈ ਜਾ ਰਹੀ ਭੂਮਿਕਾ ਦੇ ਮਾਮਲੇ 'ਤੇ ਸੂਬਾਈ ਆਗੂਆਂ ਨੂੰ ਚੌਕਸ ਕੀਤਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਕੇਂਦਰੀ ਖ਼ੁਫ਼ੀਆ ਏਜੰਸੀਆਂ ਨੇ ਸੂਬੇ ਦੇ ਕੁਝ ਪੁਲਿਸ ਤੇ ਸਿਵਲ ਅਧਿਕਾਰੀਆਂ 'ਤੇ ਹਰਿਆਣਾ ਵਿਚ ਇੰਡੀਅਨ ਨੈਸ਼ਨਲ ਲੋਕ ਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦੀ ਮਦਦ ਲਈ ਜ਼ਿਆਦਾ ਸਰਗਰਮ ਹੋਣ ਦੇ ਤੱਥ ਕੇਂਦਰ ਸਰਕਾਰ ਨੂੰ ਦਿੱਤੇ ਹਨ।

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸ਼ਾਂਤਾ ਕੁਮਾਰ ਜੋ ਭਾਜਪਾ ਦੀ ਪੰਜਾਬ ਮਾਮਲਿਆਂ ਬਾਰੇ ਕਮੇਟੀ ਦੇ ਮੁਖੀ ਹਨ, ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਇੰਡੀਅਨ ਨੈਸ਼ਨਲ ਲੋਕ ਦਲ ਦੀ ਹਮਾਇਤ ਇਸ ਤੋਂ ਪਹਿਲਾਂ ਵਿਧਾਨ ਸਭਾ ਤੇ ਲੋਕ ਸਭਾ ਦੀਆਂ ਚੋਣਾਂ ਦਰਮਿਆਨ ਵੀ ਕੀਤੀ ਸੀ ਪਰ ਲੋਕ ਸਭਾ ਚੋਣਾਂ ਤੋਂ ਬਾਅਦ ਹਰਿਆਣਾ ਦਾ ਰਾਜਸੀ ਦ੍ਰਿਸ਼ ਬਦਲ ਚੁੱਕਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਭਾਜਪਾ ਪਹਿਲਾਂ ਨਾਲੋਂ ਪੈਰਾਂ ਸਿਰ ਹੈ। ਪੰਜਾਬ ਵਿਚ ਗੱਠਜੋੜ ਦੇ ਸਬੰਧਾਂ 'ਤੇ ਪੈਣ ਵਾਲੇ ਅਸਰ ਦੀ ਗੱਲ ਕਰਦਿਆਂ ਭਾਜਪਾ ਦੇ ਇਸ ਸੀਨੀਅਰ ਆਗੂ ਨੇ ਕਿਹਾ ਕਿ ਪਾਰਟੀ ਵੱਲੋਂ ਸਾਰੇ ਹਾਲਾਤ ਉੱਤੇ ਨਜ਼ਰ ਰੱਖੀ ਜਾ ਰਹੀ ਹੈ

ਪਾਰਟੀ ਦੇ ਇਕ ਹੋਰ ਆਗੂ ਦਾ ਕਹਿਣਾ ਹੈ ਕਿ ਪੰਜਾਬ ਦੇ ਕੁਝ ਅਫ਼ਸਰਾਂ ਖ਼ਾਸ ਕਰ ਪੁਲਿਸ ਅਫ਼ਸਰਾਂ ਵੱਲੋਂ ਹਰਿਆਣਾ ਵਿਚ ਸਰਗਰਮੀ ਦਿਖਾਈ ਜਾ ਰਹੀ ਹੈ। ਇਸ ਦਾ ਭਾਜਪਾ ਹਾਈਕਮਾਨ ਨੇ ਸਖ਼ਤ ਨੋਟਿਸ ਲਿਆ ਹੈ। ਪੰਜਾਬ ਨਾਲ ਲੱਗਦੀ ਹਰਿਆਣਾ ਦੀ ਸਰਹੱਦ 'ਤੇ ਪੈਂਦੇ ਵਿਧਾਨ ਸਭਾ ਹਲਕਿਆਂ ਵਿਚ ਪੰਜਾਬ ਦੇ ਅਫ਼ਸਰ ਸਰਗਰਮ ਦੱਸੇ ਗਏ ਹਨ। ਭਾਜਪਾ ਸੂਤਰਾਂ ਮੁਤਾਬਕ ਪਾਰਟੀ ਦੀ ਪੰਜਾਬ ਇਕਾਈ ਦੇ ਇਕ ਸੀਨੀਅਰ ਆਗੂ ਨੂੰ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਦਿੱਲੀ ਬੁਲਾ ਕੇ ਅਫ਼ਸਰਾਂ ਦੀਆਂ ਗਤੀਵਿਧੀਆਂ ਬਾਰੇ ਸੁਚੇਤ ਕਰਦਿਆਂ ਅਕਾਲੀ ਦਲ ਨਾਲ ਗੱਲ ਕਰਨ ਲਈ ਵੀ ਕਿਹਾ ਹੈ।

ਇਹ ਜ਼ਿਕਰਯੋਗ ਹੈ ਕਿ ਪੰਜਾਬ ਵਿਚ ਅਗਲੇ ਮਹੀਨੇ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਵੀ ਹੋਣੀਆਂ ਹਨ। ਇਨ੍ਹਾਂ ਚੋਣਾਂ ਦੌਰਾਨ ਵੀ ਗੱਠਜੋੜ ਪਾਰਟੀਆਂ ਵਿਚ ਕੁੜੱਤਣ ਵਧ ਸਕਦੀ ਹੈ। ਕੇਂਦਰ ਵਿਚ ਭਾਜਪਾ ਦੇ ਮਜ਼ਬੂਤ ਹੋਣ ਨਾਲ ਸਬੰਧਾਂ ਵਿਚ ਲਗਾਤਾਰ ਕੁੜੱਤਣ ਵਧ ਰਹੀ ਹੈ। ਭਾਜਪਾ ਦੇ ਇਕ ਮੰਤਰੀ ਵੱਲੋਂ ਸਰਕਾਰ ਨੂੰ ਲਗਾਤਾਰ ਅੱਖਾਂ ਦਿਖਾਈਆਂ ਜਾ ਰਹੀਆਂ ਹਨ। ਇਸ ਮੰਤਰੀ ਵੱਲੋਂ ਆਪਣੇ ਤੌਰ 'ਤੇ ਫੈਸਲੇ ਲਏ ਜਾ ਰਹੇ ਹਨ। ਇਹ ਵੀ ਪਤਾ ਲੱਗਾ ਹੈ ਕਿ ਅਕਾਲੀ ਦਲ ਨੇ ਭਾਜਪਾ ਦੀ ਅੰਦਰੂਨੀ ਖਾਨਾਜੰਗੀ ਨੂੰ ਵੀ ਹਵਾ ਦੇਣੀ ਸ਼ੁਰੂ ਕਰ ਦਿੱਤੀ ਹੈ।

## ਚੌਟਾਲਿਆਂ ਨਾਲ ਯਾਰੀ ਤੋਂ ਹਾਈਕਮਾਨ ਵੀ ਖਫਾ



### ਸਾਡੀ ਭਾਈਵਾਲੀ ਉਤੇ ਅਸਰ ਨਹੀਂ ਪਵੇਗਾ: ਬਾਦਲ

**ਮੁਹਾਲੀ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਗੁਆਂਢੀ ਸੂਬੇ ਵਿਚ ਅਕਾਲੀ ਦਲ ਦੇ ਇਨੈਲੋ ਨਾਲ ਗੱਠਜੋੜ ਦਾ ਪੰਜਾਬ ਵਿਚ ਭਾਜਪਾ ਦੇ ਸਾਲਾਂ ਬੱਧੀ ਰਿਸ਼ਤੇ 'ਤੇ ਕੋਈ ਅਸਰ ਨਹੀਂ ਪਵੇਗਾ ਸਗੋਂ ਆਉਣ ਵਾਲੇ ਸਮੇਂ ਵਿਚ ਇਹ ਰਿਸ਼ਤਾ ਹੋਰ ਵੀ ਮਜ਼ਬੂਤ ਹੋਵੇਗਾ। ਹਰਿਆਣਾ ਵਿਚ ਇਨੈਲੋ ਨਾਲ ਮਿਲ ਕੇ ਸਾਂਝੇ ਤੌਰ 'ਤੇ ਚੋਣਾਂ ਲੜੀਆਂ ਜਾਣਗੀਆਂ। ਅਕਾਲੀ ਦਲ ਦਾ ਇਕੋ ਇਕ ਨਿਸ਼ਾਨਾ ਹੈ ਕਿ ਹਰਿਆਣਾ ਵਿਚੋਂ ਕਾਂਗਰਸ ਨੂੰ ਸੱਤਾ ਤੋਂ ਲਾਂਭੇ ਕੀਤਾ ਜਾਵੇ। ਸ. ਬਾਦਲ ਨੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਮਿਲਣ ਜਾਣ ਦੇ ਮੁੱਦੇ 'ਤੇ ਅਕਾਲੀ ਦਲ ਦਾ ਉਨ੍ਹਾਂ ਦੀ ਭਾਈਵਾਲ ਪਾਰਟੀ ਭਾਜਪਾ ਦੀ ਲੀਡਰਸ਼ਿਪ ਨਾਲ ਕੋਈ ਮਤਭੇਦ ਨਹੀਂ ਹੈ। ਉਂਜ ਉਨ੍ਹਾਂ ਆਖਿਆ ਕਿ ਪੰਜਾਬ ਦੇ ਵਿਕਾਸ ਤੇ ਖੁਸ਼ਹਾਲੀ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਮਿਲਣ ਜਾਣ ਵਾਸਤੇ ਉਨ੍ਹਾਂ ਨੂੰ ਕਿਸੇ ਭਾਜਪਾ ਆਗੂ ਨੂੰ ਆਪਣੇ ਨਾਲ ਲਿਜਾਣ ਦੀ ਲੋੜ ਨਹੀਂ ਹੈ ਕਿਉਂਕਿ ਉਹ ਦੋਵਾਂ ਪਾਰਟੀਆਂ ਦੇ ਚੁਣੇ ਹੋਏ ਸਰਬਪ੍ਰਵਾਨਿਤ ਆਗੂ ਹਨ ਤੇ ਮੁੱਖ ਮੰਤਰੀ ਹੁੰਦਿਆਂ ਉਹ ਦੋਵੇਂ ਪਾਰਟੀਆਂ ਦੀ ਨੁਮਾਇੰਦਗੀ ਕਰਦੇ ਹਨ।

### ਦੋਗਲੀ ਨੀਤੀ 'ਤੇ ਚੱਲ ਰਹੇ ਨੇ ਬਾਦਲ: ਅਮਰਿੰਦਰ

**ਚੰਡੀਗੜ੍ਹ:** ਲੋਕ ਸਭਾ ਵਿਚ ਕਾਂਗਰਸ ਧਿਰ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਿਹਾ ਹੈ ਕਿ ਸਪੱਸ਼ਟ ਕੀਤਾ ਜਾਵੇ ਕਿ ਉਹ ਸਿਆਸਤ ਲੋਕਾਂ ਦੇ ਹਿੱਤ ਪੂਰੇ ਕਰਨ ਲਈ ਕਰਦੇ ਹਨ ਜਾਂ ਆਪਣੇ ਪਰਿਵਾਰ ਦੇ ਹਿੱਤਾਂ ਦੀ ਪੂਰਤੀ ਲਈ ਹੀ ਰਾਜ ਕਰਦੇ ਹਨ। ਕੈਪਟਨ ਨੇ ਕਿਹਾ ਕਿ ਸ. ਬਾਦਲ ਹੈਰਾਨੀ ਭਰੇ ਢੰਗ ਨਾਲ ਦਾਅਵੇ ਕਰ ਰਹੇ ਹਨ ਕਿ ਉਨ੍ਹਾਂ ਦੇ ਚੌਟਾਲਿਆਂ ਨਾਲ ਹਰਿਆਣਾ ਵਿਚ ਪਰਿਵਾਰਕ ਸਬੰਧ ਹੋਣ ਕਾਰਨ ਉਨ੍ਹਾਂ ਨੂੰ ਭਾਜਪਾ ਦਾ ਵਿਰੋਧ ਕਰਨਾ ਪੈ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸ. ਬਾਦਲ ਅਜਿਹਾ ਕਰਕੇ ਇਕੋ ਵੇਲੇ ਦੋ ਬੇੜੀਆਂ 'ਤੇ ਸਵਾਰ ਹੋ ਰਹੇ ਹਨ। ਉਨ੍ਹਾਂ ਸ. ਬਾਦਲ ਨੂੰ ਕਿਹਾ ਕਿ ਜੇਕਰ ਉਨ੍ਹਾਂ ਦੇ ਚੌਟਾਲਿਆਂ ਨਾਲ ਵਿਅਕਤੀਗਤ ਤੇ ਪਰਿਵਾਰਕ ਸਬੰਧ ਹਨ ਤਾਂ ਉਹ ਪੰਜਾਬ ਦੇ ਮੁੱਖ ਮੰਤਰੀ ਦੀ ਗੱਦੀ ਤਿਆਗ ਕੇ ਉਨ੍ਹਾਂ ਲਈ ਪ੍ਰਚਾਰ ਕਰਨ ਦੀ ਹਿੰਮਤ ਦਿਖਾਉਣ। ਬਾਦਲ ਤੇ ਸ੍ਰੀ ਚੌਟਾਲਾ ਪੰਜਾਬ ਤੇ ਹਰਿਆਣਾ ਵਿਚਾਲੇ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਗੰਭੀਰ ਮੁੱਦਿਆਂ 'ਤੇ ਆਪਸ ਵਿਚ ਵਿਰੋਧ ਰੱਖਦੇ ਹਨ। ਕੈਪਟਨ ਨੇ ਕਿਹਾ ਕਿ ਜੀਂਦ ਦੀ ਰੈਲੀ ਵਿਚ ਸ. ਬਾਦਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਖ਼ਿਲਾਫ਼ ਜ਼ਹਿਰ ਉਗਲ ਰਹੇ ਨਿਤੀਸ਼ ਕੁਮਾਰ ਤੇ ਸ਼ਰਦ ਯਾਦਵ ਵਰਗੇ ਆਗੂਆਂ ਨਾਲ ਮੰਚ ਸਾਂਝਾ ਕੀਤਾ ਹੈ।

# ਹਰਿਆਣਾ ਗੁਰਦੁਆਰਾ ਕਮੇਟੀ ਵਿਚ ਤ੍ਰੇੜਾਂ ਉਭਰੀਆਂ

## ਕਾਂਗਰਸ ਨੂੰ ਸਮਰਥਨ ਦੇਣ 'ਤੇ ਪੈਦਾ ਹੋਏ ਮਤਭੇਦ

**ਕਰਨਾਲ:** ਹਰਿਆਣਾ ਦੀ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਨੂੰਨੀ ਤੌਰ 'ਤੇ ਗਠਨ ਹੋਣ ਤੋਂ ਪਹਿਲਾਂ ਹੀ ਵੱਖਰੀ ਕਮੇਟੀ ਦੀ ਮੰਗ ਕਰ ਰਹੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਵਿਚ ਤ੍ਰੇੜ ਪੈ ਗਈ ਹੈ। ਹਰਿਆਣਾ ਸਰਕਾਰ ਵੱਲੋਂ ਬਣਾਈ ਗਈ ਪ੍ਰਬੰਧਕ ਕਮੇਟੀ (ਐਡਹਾਕ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਤੇ ਐਡਹਾਕ ਕਮੇਟੀ ਦੀ ਯੂਥ ਇਕਾਈ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਅਰੋੜਾ 15 ਅਕਤੂਬਰ ਨੂੰ ਹੋ ਰਹੀਆਂ ਹਰਿਆਣਾ ਵਿਧਾਨ ਸਭਾ ਦੀ ਚੋਣਾਂ ਦੌਰਾਨ ਸਮਰਥਨ ਦੇਣ ਦੇ ਮੁੱਦੇ 'ਤੇ ਇਕ ਦੂਜੇ ਖਿਲਾਫ਼ ਸਾਹਮਣੇ ਆ ਗਏ ਹਨ। ਝੀਂਡਾ ਨੇ ਜਿਥੇ ਇਨ੍ਹਾਂ ਚੋਣਾ ਦੌਰਾਨ ਕਾਂਗਰਸ ਪਾਰਟੀ ਦਾ ਸਮਰਥਨ ਕਰਨ ਦਾ ਐਲਾਨ ਕੀਤਾ ਹੈ ਉਥੇ ਅਰੋੜਾ ਨੇ ਭਾਜਪਾ ਨੂੰ ਸਮਰਥਨ ਦੇਣ ਦਾ ਐਲਾਨ ਕਰਕੇ ਇਸ ਤਰ੍ਹਾਂ ਨਾਲ ਝੀਂਡਾ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਅਰੋੜਾ ਨੇ ਝੀਂਡਾ 'ਤੇ ਕਾਂਗਰਸ ਪਾਰਟੀ ਦਾ ਏਜੰਟ ਹੋਣ ਦਾ ਦੋਸ਼ ਲਾਇਆ ਹੈ ਜਦਕਿ ਝੀਂਡਾ ਨੇ ਅਰੋੜਾ ਤੇ ਭਾਜਪਾ ਅੱਗੇ ਵਿਕਣ ਦਾ ਦੋਸ਼ ਲਗਾ ਦਿੱਤਾ ਹੈ।



ਜ਼ਿਕਰਯੋਗ ਹੈ ਕਿ ਹਰਿਆਣਾ ਦੀ ਹੁੱਡਾ ਸਰਕਾਰ ਨੇ ਆਪਣਾ ਦੂਜਾ ਕਾਰਜਕਾਲ ਖਤਮ ਹੋਣ ਤੋਂ ਪਹਿਲਾਂ ਹਰਿਆਣਾ ਵਿਧਾਨ ਸਭਾ ਵਿਚ ਵੱਖਰੀ ਕਮੇਟੀ ਦਾ ਬਿੱਲ ਪਾਸ ਕਰਵਾ ਦਿੱਤਾ ਸੀ ਜਿਸ ਤੋਂ ਬਾਅਦ ਵੱਖਰੀ ਕਮੇਟੀ ਸਮਰਥਕਾਂ ਨੇ ਹਰਿਆਣਾ ਦੇ ਇਤਿਹਾਸਕ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਲਈ ਸੰਘਰਸ਼ ਸ਼ੁਰੂ ਕਰ ਦਿੱਤਾ ਪਰ ਇਸ ਦੌਰਾਨ ਕੁਰੂਕਸ਼ੇਤਰ ਵਿਖੇ ਗੁਰਦੁਆਰਿਆਂ ਦਾ ਪ੍ਰਬੰਧ ਲੈਣ ਲਈ ਧਰਨਾ ਦੇ ਰਹੇ ਵੱਖਰੀ ਕਮੇਟੀ ਸਮਰਥਕਾਂ 'ਤੇ ਪੁਲਿਸ ਵੱਲੋਂ ਲਾਠੀਚਾਰਜ ਕੀਤਾ ਗਿਆ। ਜਿਸ ਤੋਂ ਬਾਅਦ ਇਹ ਮਾਮਲਾ ਅਦਾਲਤ ਵਿਚ ਚਲਾ ਗਿਆ ਜੋ ਅਜੇ ਤੱਕ ਵਿਚਾਰ ਅਧੀਨ ਹੀ ਹੈ।

ਵੱਖਰੀ ਕਮੇਟੀ ਦੇ ਪ੍ਰਧਾਨ ਝੀਂਡਾ ਤੇ ਮੀਤ ਪ੍ਰਧਾਨ ਦੀਦਾਰ ਸਿੰਘ ਨਲਵੀ ਨੇ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ ਪਰ ਇਸ ਮਾਮਲੇ ਨੇ ਉਸ ਸਮੇਂ ਨਵਾਂ ਮੋੜ ਲੈ ਲਿਆ ਜਦੋਂ ਸਮਰਥਨ ਦੇ ਮੁੱਦੇ 'ਤੇ ਯੂਥ ਇਕਾਈ ਦੇ ਪ੍ਰਧਾਨ ਅਮਰਿੰਦਰ ਸਿੰਘ ਅਰੋੜਾ ਨੇ ਬੀਤੇ ਦਿਨੀਂ ਜਲਮਾਨਾ ਵਿਚ ਸਮਰਥਨ ਦੇ ਮੁੱਦੇ 'ਤੇ ਆਪਣੇ ਸਮਰਥਕਾਂ ਨਾਲ ਬੈਠਕ ਕੀਤੀ ਜਿਸ ਤੋਂ ਬਾਅਦ ਇਹ ਮਾਮਲਾ ਤੂਲ ਹੀ ਫੜਦਾ ਗਿਆ। ਅਰੋੜਾ ਨੇ ਇਹ ਵਿਚਾਰ ਪ੍ਰਗਟਾਏ ਕਿ ਹੁੱਡਾ ਸਰਕਾਰ ਨੇ ਗੁਰਦੁਆਰਿਆਂ ਦਾ ਪ੍ਰਬੰਧ ਦਿਵਾਉਣ ਦੀ ਬਜਾਏ ਸਿੱਖਾਂ 'ਤੇ ਡਾਂਗਾਂ ਚਲਾਈਆਂ ਪਰ ਝੀਂਡਾ ਤੇ ਨਲਵੀ ਨੇ ਸਰਕਾਰ ਖਿਲਾਫ਼ ਇਕ ਵੀ ਸ਼ਬਦ ਨਹੀਂ ਕਿਹਾ। ਉਨ੍ਹਾਂ ਕਿਹਾ ਕਿ ਝੀਂਡਾ ਆਪਣੇ ਨਿੱਜੀ ਹਿਤਾਂ ਕਾਰਨ ਹੀ ਸਿੱਖ ਭਾਈਚਾਰੇ ਨੂੰ ਗੁੰਮਰਾਹ ਕਰ ਰਿਹਾ ਹੈ। ਝੀਂਡਾ ਦਾ ਮਕਸਦ ਸਿਰਫ਼ ਆਪਣੀ ਕਾਰ 'ਤੇ ਬੱਤੀ ਲਗਵਾਉਣਾ ਤੇ ਸੁਰੱਖਿਆ ਲੈਣਾ ਹੀ ਹੈ।ਉਨ੍ਹਾਂ ਨੇ ਕਿਹਾ ਕਿ ਨਲਵੀ ਹਰਿਆਣਾ ਵਿਚੋਂ ਆਪਣਾ ਘਰ ਵੇਚ ਕੇ ਪੰਜਾਬ ਚਲੇ ਗਏ ਹਨ ਇਸ ਲਈ ਉਨ੍ਹਾਂ ਦਾ ਹਰਿਆਣਾ ਦੇ ਸਿੱਖਾਂ ਦੇ ਮਾਮਲਿਆ ਨਾਲ ਭਵਿੱਖ ਵਿਚ ਕੋਈ ਦਖਲ ਨਹੀ ਹੈ। ਉਧਰ ਜਦ ਅਰੋੜਾ ਵੱਲੋਂ ਲਾਏ ਦੋਸ਼ਾਂ ਬਾਰੇ ਝੀਂਡਾ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਅਰੋੜਾ ਭਾਜਪਾ ਅੱਗੇ ਵਿਕ ਗਏ ਹਨ। ਭਾਜਪਾ ਨੇ ਕਦੇ ਵੀ ਹਰਿਆਣਾ ਦੀ ਵੱਖਰੀ ਕਮੇਟੀ ਦੀ ਹਮਾਇਤ ਨਹੀਂ ਕੀਤੀ ਜਿਸ ਕਰਕੇ ਭਾਜਪਾ ਨੂੰ ਸਮਰਥਨ ਦਿੱਤੇ ਜਾਣ ਦਾ ਕੋਈ ਮਤਲਬ ਹੀ ਨਹੀਂ ਬਣਦਾ।

### ਆੜ੍ਹਤੀਆਂ ਤੋਂ ਪ੍ਰੇਸ਼ਾਨ ਕਿਸਾਨ ਵੱਲੋਂ ਖ਼ੁਦਕੁਸ਼ੀ

**ਫਰੀਦਕੋਟ:** ਪਿੰਡ ਦੀਪ ਸਿੰਘ ਵਾਲਾ ਦੇ ਇਕ ਕਿਸਾਨ ਨੇ ਆੜ੍ਹਤੀਆਂ ਤੋਂ ਪ੍ਰੇਸ਼ਾਨ ਹੋ ਕੇ ਪਿੰਡ ਨਾਲ ਲੱਗਦੀ ਨਹਿਰ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਕਿਸਾਨ ਪਾਲਾ ਸਿੰਘ (60) ਦੇ ਲੜਕੇ ਕਾਲਾ ਮੁਹੰਮਦ ਅਲੀ ਨੇ ਦੱਸਿਆ ਕਿ ਪਿੰਡ ਦੇ ਆੜ੍ਹਤੀਆਂ ਨੇ ਉਸ ਦੇ ਪਿਤਾ ਦੀ ਇਕ ਏਕੜ ਜ਼ਮੀਨ ਧੋਖੇ ਨਾਲ ਆਪਣੇ ਨਾਂ ਕਰਵਾ ਲਈ ਸੀ ਤੇ ਹੁਣ ਆੜ੍ਹਤੀ ਜ਼ਮੀਨ ਵਿਚੋਂ ਜ਼ਬਰਦਸਤੀ ਝੋਨਾ ਵੱਢਣ ਲਈ ਸਰਗਰਮ ਸਨ। ਘਟਨਾ ਤੋਂ ਇਕ ਦਿਨ ਪਹਿਲਾਂ ਹੀ ਆੜ੍ਹਤੀਆਂ ਨੇ ਕਿਸਾਨ ਦੇ ਘਰ ਜਾ ਕੇ ਉਸ ਨੂੰ ਧਮਕੀ ਦਿੱਤੀ ਸੀ ਕਿ ਉਹ ਉਸ ਦੀ ਜ਼ਮੀਨ ਵਿਚੋਂ ਝੋਨਾ ਵੱਢਣਗੇ। ਇਸ ਤੋਂ ਪ੍ਰੇਸ਼ਾਨ ਹੋ ਕੇ ਕਿਸਾਨ ਨੇ ਖ਼ੁਦਕੁਸ਼ੀ ਕਰ ਲਈ। ਪੀੜਤ ਪਰਿਵਾਰ ਨੇ ਕਸੂਰਵਾਰ ਆੜ੍ਹਤੀਆਂ ਖ਼ਿਲਾਫ਼ ਪੁਲਿਸ ਕੋਲ ਸ਼ਿਕਾਇਤ ਵੀ ਦਰਜ ਕਰਵਾ ਦਿੱਤੀ ਹੈ। ਸ਼ਿਕਾਇਤ ਮਿਲਣ ਤੋਂ ਬਾਅਦ ਪੁਲਿਸ ਮਾਮਲੇ ਦੀ ਪੜਤਾਲ ਵਿਚ ਲੱਗੀ ਹੋਈ ਹੈ।

# ਨਵੀਂ ਆਟਾ-ਦਾਲ ਸਕੀਮ ਵਿਚ ਲੋੜਵੰਦਾਂ ਨਾਲੋਂ ਲਿਹਾਜ਼ੀ ਵਧੇਰੇ

**ਚੰਡੀਗੜ੍ਹ:** ਪੰਜਾਬ ਦੀ ਨਵੀਂ ਆਟਾ-ਦਾਲ ਸਕੀਮ ਵਿਚ ਵੱਡੇ ਪੱਧਰ 'ਤੇ ਬੇਨਿਯਮੀਆਂ ਸਾਹਮਣੇ ਆਉਣ ਲੱਗੀਆਂ ਹਨ। ਬੀਤੀਆਂ ਆਮ ਚੋਣਾਂ ਤੋਂ ਪਹਿਲਾਂ 'ਰੁਪਈਆ ਕਿੱਲੋ ਕਣਕ' ਨਾਲ ਚਰਚਾ ਵਿਚ ਆਈ ਇਸ ਯੋਜਨਾ ਵਿਚ ਲੜਵੰਦਾਂ ਦੀ ਥਾਂ ਲਿਹਾਜ਼ਦਾਰ ਲਾਭਪਾਤਰੀਆਂ ਦੀ ਗਿਣਤੀ ਵੱਧ ਹੈ। ਪ੍ਰਾਪਤ ਹੋਏ ਦਸਤਾਵੇਜ਼ਾਂ ਵਿਚ ਖੁਲਾਸਾ ਹੋਇਆ ਹੈ ਕਿ ਕਈ ਥਾਈਂ ਇਕ ਹੀ ਘਰ ਵਿਚ ਰਹਿਣ ਵਾਲੇ 4-4 ਜੀਆਂ ਦੇ ਨੀਲੇ ਕਾਰਡ ਜਾਰੀ ਕਰ ਦਿੱਤੇ ਗਏ ਤੇ ਕਈ ਥਾਈਂ ਸਵਰਗ ਸਿਧਾਰ ਚੁੱਕੇ ਲੋਕਾਂ ਦੇ ਨਾਂ 'ਤੇ ਰੁਪਈਏ ਕਿੱਲੋ ਕਣਕ ਰਾਸ਼ਨ ਡਿਪੂਆਂ ਤੋਂ ਲਈ ਜਾ ਰਹੀ ਹੈ।

ਦਸਤਾਵੇਜ਼ਾਂ ਨੂੰ ਵਾਚਦਿਆਂ ਜੇਕਰ ਇਕ ਉਦਾਹਰਨ ਲੈ ਲਈ ਜਾਵੇ ਤਾਂ ਇਕ ਘਰ ਵਿਚ ਇਕ ਬਜ਼ੁਰਗ ਵਿਅਕਤੀ ਤੇ ਉਸ ਦੀ ਪਤਨੀ ਨੂੰ ਵੱਖਰਾ-ਵੱਖਰਾ ਨੀਲਾ ਕਾਰਡ ਜਾਰੀ ਹੋਇਆ ਹੈ, ਹੈਰਾਨੀਜਨਕ ਗੱਲ ਇਹ ਹੈ ਕਿ ਇਕ ਵਿਅਕਤੀ ਦੀ ਪਤਨੀ ਦੀ ਮੌਤ 5 ਸਾਲ ਪਹਿਲਾਂ ਹੋ ਚੁੱਕੀ ਹੈ, ਉਸੇ ਘਰ ਵਿਚ ਰਹਿੰਦੇ ਉਸ ਬਜ਼ੁਰਗ ਵਿਅਕਤੀ ਦੇ ਪੁੱਤਰ (ਜਿਸ ਦੀ ਪਤਨੀ ਤੇ 2 ਬੱਚੇ ਹਨ) ਨੂੰ ਵੀ ਇਕ ਨੀਲਾ ਕਾਰਡ ਜਾਰੀ ਹੋਇਆ ਹੈ, ਇਥੇ ਹੀ ਬੱਸ ਨਹੀਂ, ਉਸੇ ਘਰ ਵਿਚ ਰਹਿੰਦੇ ਉਸ ਬਜ਼ੁਰਗ ਵਿਅਕਤੀ ਦੇ ਪੁੱਤਰ ਦੇ ਪੁੱਤਰ (ਜਿਸਦੀ ਪਤਨੀ ਤੇ ਦੋ ਬੱਚੇ ਹਨ) ਨੂੰ ਵੀ ਨੀਲਾ ਕਾਰਡ ਜਾਰੀ ਹੋਇਆ ਹੈ, ਇਸ ਹਿਸਾਬ ਨਾਲ ਘਰ ਦੇ 10 ਮੈਂਬਰਾਂ ਨੂੰ 4 ਨੀਲੇ ਕਾਰਡ ਜਾਰੀ ਹਨ।

ਸੂਤਰਾਂ ਅਨੁਸਾਰ ਵਿਅਕਤੀ ਦੀ ਸਵਰਗ ਸਿਧਾਰ ਚੁੱਕੀ ਪਤਨੀ ਦੇ ਨੀਲੇ ਕਾਰਡ ਦੀ ਕਣਕ ਕੋਈ ਹੋਰ ਪਰਿਵਾਰ ਕਿਸੇ ਹੋਰ ਡਿਪੂ ਤੋਂ ਪ੍ਰਾਪਤ ਕਰਦਾ ਹੈ। ਇਸ ਹਿਸਾਬ ਨਾਲ ਇਹ ਇਕ ਪਰਿਵਾਰ ਮਹੀਨੇ ਦੀ ਅੱਧਾ ਕੁਇੰਟਲ ਕਣਕ 50 ਰੁਪਏ ਵਿਚ ਪ੍ਰਾਪਤ ਕਰ ਰਿਹਾ ਹੈ। ਚੇਤੇ ਰਹੇ ਕਿ ਪੰਜਾਬ ਵਿਚ ਨਵੀਂ ਯੋਜਨਾ ਤਹਿਤ ਇਕ ਨੀਲੇ ਕਾਰਡ ਵਾਲੇ ਪਰਿਵਾਰ ਦੇ ਹਰ ਜੀਅ ਲਈ 5-5 ਕਿੱਲੋ ਪ੍ਰਤੀ ਮਹੀਨੇ ਕਣਕ ਮਿਲਦੀ ਹੈ।

ਇਕ ਡਿਪੂ ਹੋਲਡਰ ਨੇ ਦੱਸਿਆ ਕਿ ਇਕੱਲੇ ਉਸ ਦੇ ਡਿਪੂ ਵਿਚ ਹੀ ਅਜਿਹੇ 20 ਤੋਂ ਵਧੇਰੇ ਘਰਾਂ ਦੇ ਕਾਰਡ ਲੱਗੇ ਹੋਏ ਹਨ, ਜੋ ਆਰਥਿਕ ਪੱਖੋਂ ਪੂਰੇ ਖ਼ੁਸ਼ਹਾਲ ਹਨ ਤੇ ਉਨ੍ਹਾਂ ਵਿਚੋਂ ਦੋ ਪਰਿਵਾਰਾਂ ਕੋਲ ਤਾਂ ਆਪਣੀਆਂ ਚਾਰ ਪਹੀਆ



ਗੱਡੀਆਂ ਵੀ ਹਨ ਤੇ ਦੋ ਪਰਿਵਾਰ ਅਜਿਹੇ ਹਨ, ਜਿਨ੍ਹਾਂ ਨੇ ਲੰਘੇ ਹਾੜ ਮਹੀਨੇ ਏਅਰ ਕੰਡੀਸ਼ਨਰ (ਏ.ਸੀ.) ਵੀ ਲਵਾਏ ਹਨ ਪਰ ਸਰਕਾਰੀ ਰਿਕਾਰਡ ਵਿਚ ਇਨ੍ਹਾਂ ਪਰਿਵਾਰਾਂ ਕੋਲ ਦੋ-ਪਹੀਆ ਵਾਹਨ ਸਾਈਕਲ ਹੀ ਹੈ ਤੇ ਕਾਗਜ਼ਾਂ ਵਿਚ ਇਨ੍ਹਾਂ ਪਰਿਵਾਰਾਂ ਕੋਲ ਕੂਲਰ ਜਾਂ ਟੈਲੀਵਿਜ਼ਨ ਵੀ ਨਹੀਂ ਜਦਕਿ ਇਹ ਵਿਅਕਤੀ ਜਿਸ ਪਿੰਡ ਨਾਲ ਸਬੰਧਤ ਹਨ, ਉਸ ਪਿੰਡ ਵਿਚ ਤਿੰਨ ਘਰ ਅਜਿਹੇ ਹਨ, ਜਿਥੇ ਨਾ ਤਾਂ ਦੋ ਪਹੀਆ ਮੋਟਰ ਵਾਹਨ ਹੈ ਤੇ ਨਾ ਹੀ ਫਰਿੱਜ ਜਾਂ ਟੈਲੀਵਿਜ਼ਨ ਪਰ ਉਨ੍ਹਾਂ ਘਰਾਂ ਦੇ ਨੀਲੇ ਕਾਰਡ ਨਹੀਂ ਬਣੇ।

ਸੂਤਰਾਂ ਦਾ ਕਹਿਣਾ ਹੈ ਕਿ ਇਹ ਬੇਨਿਯਮੀਆਂ ਸਥਾਨਕ ਸਿਆਸੀ ਆਗੂਆਂ ਦੇ ਦਬਾਅ ਕਾਰਨ ਪ੍ਰਵਾਨ ਚੜ੍ਹੀਆਂ, ਜਦਕਿ ਵੱਡੇ ਪੱਧਰ 'ਤੇ ਲਾਭਪਾਤਰੀਆਂ ਨੂੰ ਰੁਪਈਆ ਕਿੱਲੋ ਕਣਕ ਜਾਰੀ ਕਰਨ ਤੋਂ ਪਹਿਲਾਂ ਸਰਕਾਰ ਨੂੰ ਲਾਭਪਾਤਰੀਆਂ ਦੇ ਵੇਰਵਿਆਂ ਦੀ ਜਾਂਚ ਕਰਵਾਈ ਜਾਣੀ ਚਾਹੀਦੀ ਸੀ। ਚੇਤੇ ਰਹੇ ਕਿ ਲਾਭਪਾਤਰੀਆਂ ਦਾ ਇਹ ਫਰਜ਼ੀਵਾੜਾ ਪੁਰਾਣੀ ਆਟਾ ਦਾਲ ਸਕੀਮ ਵਿਚ ਵੀ ਸਾਹਮਣੇ ਆਇਆ ਸੀ ਪਰ ਇਸ ਦੇ ਬਾਵਜੂਦ ਸਰਕਾਰ ਨੇ ਇਸ ਤੋਂ ਕੋਈ ਸਬਕ ਨਹੀਂ ਲਿਆ। ਇਸ ਬਾਰੇ ਕਮਿਸ਼ਨਰ ਖ਼ੁਰਾਕ ਤੇ ਸਪਲਾਈ ਸਤਵੰਤ ਸਿੰਘ ਜੌਹਲ ਨੇ ਕਿਹਾ ਕਿ ਲਾਭਪਾਤਰੀਆਂ ਦੇ ਵੇਰਵਿਆਂ ਦੀ ਜਾਂਚ ਕਰਵਾਈ ਗਈ ਸੀ ਪਰ ਐਨੇ ਵੱਡੇ ਅਮਲ ਵਿਚ ਕੁਝ ਕਮੀਆਂ ਪੇਸ਼ੀਆਂ ਦਾ ਰਹਿ ਜਾਣਾ ਸੁਭਾਵਿਕ ਹੁੰਦਾ ਹੈ। ਇਸ ਬਾਰੇ ਜੇਕਰ ਵਿਭਾਗ ਨੂੰ ਕੋਈ ਸ਼ਿਕਾਇਤ ਮਿਲੇਗੀ ਤਾਂ ਉਸ 'ਤੇ ਕਾਰਵਾਈ ਕੀਤੀ ਜਾਵੇਗੀ।

# ਗਾਬਾ ਦੀ ਡਾਇਰੀ ਨੇ ਪੰਜਾਬ ਦੀ ਸਿਆਸਤ ਵਿਚ ਹਲਚਲ ਮਚਾਈ

**ਚੰਡੀਗੜ੍ਹ:** ਗੋਰਾਇਆ ਵੱਸਦੇ ਕਾਰੋਬਾਰੀ ਚੁੰਨੀ ਲਾਲ ਗਾਬਾ ਦੇ ਪਰਿਵਾਰ ਨੇ ਪੰਜਾਬ ਦੀਆਂ ਸਿਆਸੀ ਸਫ਼ਾਂ ਵਿਚ ਹਲਚਲ ਮਚ ਦਿੱਤੀ ਹੈ। ਖੁਲਾਸਾ ਹੋਇਆ ਹੈ ਕਿ ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਦੇ ਆਗੂ ਗਾਬਾ ਪਰਿਵਾਰ ਤੋਂ ਵੱਡੀ ਪੱਧਰ ਉਤੇ ਪੈਸੇ ਲੈਂਦੇ ਰਹੇ ਹਨ।

ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਜੋ ਡਰੱਗ ਰੈਕਟ ਦੀ ਜਾਂਚ ਕਰ ਰਹੀ ਹੈ, ਦੇ ਕਬਜ਼ੇ ਵਿਚ ਦੱਸੀ ਜਾਂਦੀ ਡਾਇਰੀ ਬਾਰੇ ਚੱਲ ਰਹੀ ਜਾਂਚ ਮੁਤਾਬਕ ਪੰਜਾਬ ਦੇ ਮੁੱਖ ਪਾਰਲੀਮਾਨੀ ਸਕੱਤਰ (ਸਿੱਖਿਆ) ਤੇ ਫਿਲੌਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਅਵਿਨਾਸ਼ ਚੰਦਰ, ਕਾਂਗਰਸ ਦੇ ਸੀਨੀਅਰ ਆਗੂ ਤੇ ਜਲੰਧਰ ਤੋਂ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ ਉਨ੍ਹਾਂ ਨੌਕਰਸ਼ਾਹਾਂ, ਸਿਆਸਤਦਾਨਾਂ ਤੇ ਪੁਲਿਸ ਅਧਿਕਾਰੀਆਂ ਵਿਚ ਸ਼ਾਮਲ ਹਨ ਜਿਨ੍ਹਾਂ ਨੇ ਗਾਬਾ ਪਰਿਵਾਰ ਤੋਂ ਧਨ ਲਿਆ ਸੀ।


ਚੁੰਨੀ ਲਾਲ ਗਾਬਾ

ਹੁਣ ਇਨ੍ਹਾਂ ਤਿੰਨਾਂ ਨੇ ਗਾਬਾ ਪਰਿਵਾਰ ਨਾਲ ਕੋਈ ਕਾਰੋਬਾਰੀ ਸਬੰਧ ਹੋਣ ਤੋਂ ਇਨਕਾਰ ਕੀਤਾ ਹੈ। ਯਾਦ ਰਹੇ ਕਿ ਗਾਬਾ ਪਰਿਵਾਰ 6000 ਕਰੋੜ ਰੁਪਏ ਦੇ ਡਰੱਗ ਰੈਕੇਟ ਨਾਲ ਸਬੰਧਤ ਹੋਣ ਦੇ ਖੁਲਾਸੇ ਮਗਰੋਂ ਵਿਵਾਦਾਂ 'ਚ ਆ ਗਿਆ ਸੀ। ਈ.ਡੀ. ਨੇ ਅਵਿਨਾਸ਼ ਚੰਦਰ, ਸਰਵਣ ਸਿੰਘ ਫਿਲੌਰ ਤੇ ਚੌਧਰੀ ਸੰਤੋਖ ਸਿੰਘ ਨੂੰ 'ਕਾਲੇ ਧਨ ਨੂੰ ਸਫੈਦ ਕਰਨ ਤੋਂ ਰੋਕਣ ਵਾਲੇ ਐਕਟ' (ਪੀ.ਐਮ.ਐਲ.ਏ.) ਅਧੀਨ ਸੰਮਨ ਕੀਤਾ ਹੈ। ਅਵਿਨਾਸ਼ ਚੰਦਰ ਤੇ ਸਰਵਣ ਸਿੰਘ ਫਿਲੌਰ ਨੂੰ 17 ਅਕਤੂਬਰ ਅਤੇ ਚੌਧਰੀ ਸੰਤੋਖ ਸਿੰਘ ਨੂੰ 13 ਅਕਤੂਬਰ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ। ਈ.ਡੀ. ਨੇ ਤਿੰਨਾਂ ਨੂੰ ਸੰਮਨ ਜਾਰੀ ਕਰਨ ਦੀ ਪੁਸ਼ਟੀ ਵੀ ਕਰ ਦਿੱਤੀ ਹੈ।

ਯਾਦ ਰਹੇ ਕਿ ਇਹ ਡਾਇਰੀ ਆਮਦਨ ਕਰ ਵਿਭਾਗ ਅਤੇ ਈ.ਡੀ. ਵਿਚ ਕਈ ਮਹੀਨੇ ਝਗੜੇ ਦੀ ਜੜ੍ਹ ਬਣੀ ਰਹੀ। ਆਮਦਨ ਕਰ ਵਿਭਾਗ ਨੇ ਇਹ ਡਾਇਰੀ ਬਹੁਤ ਦੇਰ ਕਰ ਕੇ ਮਈ 'ਚ ਈ.ਡੀ. ਨੂੰ ਡਾਇਰੀ ਦਿੱਤੀ, ਉਹ ਵੀ ਪਟਿਆਲਾ ਦੀ ਪੀ.ਐਮ.ਐਲ.ਏ. ਅਦਾਲਤ ਦੇ ਨਿਰਦੇਸ਼ਾਂ ਮਗਰੋਂ ਹੀ ਇਹ ਸੰਭਵ ਹੋ ਸਕਿਆ। ਆਮਦਨ ਕਰ ਵਿਭਾਗ ਵੱਲੋਂ ਗਾਬਾ ਪਰਿਵਾਰ ਦੇ ਗੋਰਾਇਆ ਸਥਿਤ ਟਿਕਾਣਿਆਂ 'ਤੇ 16 ਫਰਵਰੀ ਨੂੰ ਮਾਰੇ ਛਾਪਿਆਂ ਦੌਰਾਨ ਇਹ ਡਾਇਰੀ ਮਿਲੀ ਸੀ। ਇਸ ਤੋਂ ਮਗਰੋਂ ਹੀ ਇਸ ਪਰਿਵਾਰ ਨੇ 16 ਕਰੋੜ ਰੁਪਏ ਆਮਦਨ ਕਰ ਵਿਭਾਗ ਨੂੰ ਸੌਂਪੇ ਸਨ। ਕਿਹਾ ਜਾ ਰਿਹਾ ਹੈ ਕਿ ਡਾਇਰੀ ਵਿਚ 300 ਤੋਂ ਵੱਧ ਨਾਮ ਉਹ ਹਨ ਜਿਨ੍ਹਾਂ ਦੀ ਸ਼ਨਾਖਤ ਨਹੀਂ ਹੋ ਸਕਦੀ ਅਤੇ 30-40 ਨਾਮ ਬਾ-ਸ਼ਨਾਖਤ ਹਨ। ਜਦੋਂ ਡਾਇਰੀ ਈ.ਡੀ. ਨੂੰ ਇਹ ਡਾਇਰੀ ਮਿਲੀ ਸੀ ਤਾਂ ਇਸ ਦੇ ਸਫਾ 6 ਅਤੇ 7 ਤੋਂ ਕੁਝ ਨਾਮ ਕੱਟੇ ਹੋਏ ਸਨ।

## ਓਬਾਮਾ ਨੇ ਯੋਗ ਵਿਚ ਵਿਖਾਈ ਦਿਲਚਸਪੀ

**ਵਾਸ਼ਿੰਗਟਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਹਾਲੀਆ ਅਮਰੀਕਾ ਦੌਰੇ ਦੌਰਾਨ ਉਨ੍ਹਾਂ ਦੇ ਵਰਤ ਦੇ ਬਾਵਜੂਦ ਦਿਖਾਈ ਊਰਜਾ ਤੇ ਤਾਕਤ ਤੋਂ ਪ੍ਰਭਾਵਿਤ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਯੋਗ ਵਿਚ ਆਪਣੀ ਦਿਲਚਸਪੀ ਪ੍ਰਗਟ ਕੀਤੀ ਹੈ। ਦੱਖਣੀ ਤੇ ਕੇਂਦਰੀ ਏਸ਼ੀਆ ਲਈ ਰਾਜ ਦੇ ਸਹਾਇਕ ਸਕੱਤਰ ਨਿਸ਼ਾ ਦੇਸਾਈ ਬਿਸਵਾਲ ਨੇ ਕਿਹਾ ਕਿ ਓਬਾਮਾ ਨੇ ਗੱਲਬਾਤ ਦੌਰਾਨ ਯੋਗ ਵਿਚ ਆਪਣੀ ਦਿਲਚਸਪੀ ਨੂੰ ਵਿਖਾਈ ਹੈ। ਓਬਾਮਾ ਨੇ ਸੰਯੁਕਤ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਅੰਤਰਰਾਸ਼ਟਰੀ ਪੱਧਰ 'ਤੇ ਯੋਗ ਦਿਵਸ ਮਨਾਇਆ ਜਾਣਾ ਚਾਹੀਦਾ ਹੈ।

## ਦੋਸਤ ਮੁਟਿਆਰ ਦੇ ਕਾਤਲ ਦੀ ਉਮਰ ਕੈਦ ਵਿਰੁਧ ਅਪੀਲ ਰੱਦ

**ਵੈਨਕੂਵਰ:** ਬੀ.ਸੀ. ਅਪੀਲ ਕੋਰਟ ਨੇ ਪੰਜਾਬੀ ਨੌਜਵਾਨ ਨਿੰਦਰਜੀਤ ਸਿੰਘ ਦੀ ਪੁਨਰ ਵਿਚਾਰ ਅਰਜ਼ੀ ਇਹ ਕਹਿ ਕੇ ਖਾਰਜ ਕਰ ਦਿੱਤੀ ਕਿ ਬੀ.ਸੀ. ਸੁਪਰੀਮ ਕੋਰਟ ਨੇ ਉਸ ਦੇ ਜੁਰਮ ਬਾਰੇ ਸਾਰੇ ਪੱਖਾਂ ਉੱਤੇ ਵਿਚਾਰ ਕਰਕੇ ਹੀ ਯੋਗ ਸਜ਼ਾ ਦਿੱਤੀ ਹੈ ਤੇ ਇਸ ਵਿਚ ਕਿਸੇ ਵੀ ਪੱਖ ਤੋਂ ਮੁੜ ਸੁਣਵਾਈ ਦੀ ਗੁੰਜਾਇਸ਼ ਨਹੀਂ ਛੱਡੀ ਗਈ।

ਅਪੀਲ ਅਦਾਲਤ ਦੇ ਤਿੰਨ ਜੱਜਾਂ ਵੱਲੋਂ ਸੁਣਵਾਈ ਕਰਦਿਆਂ ਇਕਮਤ ਹੋ ਕੇ ਫੈਸਲਾ ਦਿੱਤਾ ਕਿ ਸੁਪਰੀਮ ਕੋਰਟ ਦੇ ਜੱਜ ਵੱਲੋਂ ਕੇਸ ਦੀਆਂ ਹਾਲਾਤੀ ਗਵਾਹੀਆਂ, ਦੋਸ਼ੀ ਦਾ ਇਕਬਾਲੀਆ ਬਿਆਨ, ਮੌਕੇ ਦੇ ਗਵਾਹ ਤੇ ਹੋਰ ਹਾਲਾਤ ਉੱਤੇ ਧਿਆਨ ਦੇਣ ਤੋਂ ਬਾਅਦ ਸਜ਼ਾ ਤੈਅ ਕਰਨ ਵਿਚ ਕੋਈ ਕਮੀ ਨਹੀਂ ਰਹਿਣ ਦਿੱਤੀ ਗਈ। ਦੋਸ਼ੀ ਨੂੰ ਉਮਰ ਭਰ ਲਈ ਕੈਦ ਤੇ 16 ਸਾਲਾਂ ਤਕ ਪੈਰੋਲ ਉੱਤੇ ਨਾ ਜਾਣ ਦੀ ਸਜ਼ਾ ਦਿੱਤੀ ਗਈ ਸੀ।

## ਯੂਨੀਅਨ ਸਿਟੀ 'ਚ ਨੌਜਵਾਨ ਸੁਰਾਂ ਦੀ ਪੇਸ਼ਕਾਰੀ 12 ਨੂੰ

**ਯੂਨੀਅਨ ਸਿਟੀ (ਅਸ਼ੋਕ ਭੌਰਾ):** ਜੈ ਮਸਤਾਂ ਦੀ ਐਂਟਰਟੇਨਮੈਂਟ ਵਲੋਂ 12 ਅਕਤੂਬਰ, ਐਤਵਾਰ ਨੂੰ ਸਥਾਨਕ ਲੋਗਨ ਹਾਈ ਸਕੂਲ ਦੀ ਗਰਾਊਂਡ ਵਿਚ 'ਰੰਗ ਦੇ ਬਸੰਤੀ ਚੋਲਾ' ਟਾਈਟਲ ਹੇਠ ਖੁੱਲ੍ਹਾ ਮੇਲਾ ਕੀਤਾ ਜਾ ਰਿਹਾ ਹੈ ਜਿਸ ਵਿਚ ਗਾਇਕ ਕਲਾਕਾਰ ਤੇ ਫਿਲਮ ਅਦਾਕਾਰ ਰੋਸ਼ਨ ਪ੍ਰਿੰਸ, 'ਪੀਜ਼ਾ ਹੱਟ' ਫੇਮ ਕੌਰ ਬੀ, ਜੱਸੀ ਸਿੰਘ, ਪ੍ਰਭ ਗਿੱਲ ਅਤੇ ਬੱਬਲ ਰਾਏ ਆਪਣੀ ਗਾਇਕੀ ਦੇ ਰੰਗ ਬਿਖੇਰਨਗੇ।

ਮੁੱਖ ਪ੍ਰਬੰਧਕ ਅਵਤਾਰ ਲਾਖਾ ਅਤੇ ਪਾਲੀ ਧਨੌਲਾ ਨੇ ਦੱਸਿਆ ਕਿ ਨੌਜਵਾਨਾਂ ਵਿਚ ਇਸ ਮੇਲੇ ਲਈ ਭਾਰੀ ਉਤਸ਼ਾਹ ਹੈ ਕਿਉਂਕਿ ਸਾਰੇ ਹੀ ਗਾਇਕ ਨੌਜਵਾਨ ਹਨ। ਮੇਲਾ ਸਵੇਰੇ 11 ਵਜੇ ਤੋਂ ਦੇਰ ਸ਼ਾਮ ਤੱਕ ਚੱਲੇਗਾ। ਹੋਰ ਜਾਣਕਾਰੀ ਅਵਤਾਰ ਲਾਖਾ ਫੋਨ 209-200-0818 ਜਾਂ ਪਾਲੀ ਧਨੌਲਾ ਫੋਨ 408-661-5879 ਪਾਸੋਂ ਲਈ ਜਾ ਸਕਦੀ ਹੈ।

## ਐਤਕੀਂ ਗਰਮੀ ਨੇ ਪਿੱਛਾ ਨਾ ਛੱਡਿਆ

**ਨਵੀਂ ਦਿੱਲੀ:** ਮੌਨਸੂਨ ਦੌਰਾਨ ਇਕ ਤਾਂ ਮੀਂਹ ਘੱਟ ਪਏ ਅਤੇ ਹੁਣ ਭਾਰਤ ਦੇ ਉੱਤਰ-ਪੱਛਮੀ ਖਿੱਤੇ ਦੇ ਲੋਕ ਮੌਸਮ ਦੇ ਅੰਦਾਜ਼ ਵਿਚ ਆਈ ਇਕ ਹੋਰ ਤਬਦੀਲੀ 'ਆਮ ਨਾਲੋਂ ਵੱਧ ਤਾਪਮਾਨ' ਦੀ ਮਾਰ ਝੱਲ ਰਹੇ ਹਨ। ਹੁਣ ਤਕ ਅਕਤੂਬਰ ਦਾ ਮਹੀਨਾ ਬੜੇ ਖੁਸ਼ਨੁਮਾ ਮੌਸਮ ਵਾਲਾ ਰਹਿੰਦਾ ਰਿਹਾ ਹੈ, ਪਰ ਐਤਕੀਂ ਇਸ ਦੌਰਾਨ ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਤਾਪਮਾਨ ਆਮ ਨਾਲੋਂ ਤਿੰਨ-ਚਾਰ ਡਿਗਰੀ ਵੱਧ ਚਲ ਰਹੇ ਹਨ।

ਦੱਖਣ-ਪੱਛਮੀ ਮੌਨਸੂਨ ਦੀ ਵਿਦਾਈ ਦੇ ਨਾਲ ਹੀ ਦਿੱਲੀ, ਹਰਿਆਣਾ, ਰਾਜਸਥਾਨ ਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਦਿਨ ਤੇ ਰਾਤ ਦਾ ਤਾਪਮਾਨ ਆਮ ਨਾਲੋਂ ਵੱਧ ਚੱਲ ਰਿਹਾ ਹੈ। ਭਾਰਤੀ ਮੌਸਮ ਵਿਭਾਗ ਅਨੁਸਾਰ ਪਹਾੜੀ ਸੂਬਿਆਂ ਵਿਚ ਵੀ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ 2-5 ਡਿਗਰੀ ਵੱਧ ਸੀ। ਦਿੱਲੀ ਤੇ ਆਸ-ਪਾਸ ਦੇ ਮੈਦਾਨੀ ਖੇਤਰਾਂ ਵਿਚ ਸਾਲ ਦੇ ਇਨ੍ਹੀਂ ਦਿਨੀਂ ਵੱਧ ਤੋਂ ਵੱਧ ਤਾਪਮਾਨ 33-34 ਡਿਗਰੀ ਸੈਲਸੀਅਸ ਤੇ ਘੱਟੋ-ਘੱਟ ਤਾਪਮਾਨ 22-23 ਡਿਗਰੀ ਹੁੰਦਾ ਹੈ।

ਪੰਜਾਬ ਅਤੇ ਚੰਡੀਗੜ੍ਹ ਵਿਚ ਵੱਧ ਤੋਂ ਵੱਧ ਤਾਪਮਾਨ ਆਮ ਦੇ ਨੇੜੇ-ਤੇੜੇ ਹੈ, ਕਿਉਂਕਿ ਇਹ ਖੇਤਰ ਪਹਾੜਾਂ ਦੇ ਨੇੜੇ ਹਨ, ਪਰ ਘੱਟ ਤੋਂ ਘੱਟ ਤਾਪਮਾਨ 2-5 ਡਿਗਰੀ ਵੱਧ ਰਿਕਾਰਡ ਹੋ ਰਿਹਾ ਹੈ।

## ਬੇ-ਏਰੀਆ ਸਿੱਖ ਅਲਾਇੰਸ ਨੇ ਅਕਾਊਂਟ ਆਡਿਟ ਨਾ ਕਰਾਏ ਜਾਣ ਬਾਰੇ ਪਰਚੇ ਵੰਡੇ

**ਫਰੀਮਾਂਟ (ਬਿਊਰੋ):** ਬੇ-ਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਨੇ ਲੰਘੇ ਐਤਵਾਰ ਸੰਗਤਾਂ ਨੂੰ ਪਰਚੇ ਵੰਡ ਕੇ ਜਾਣੂ ਕਰਵਾਇਆ ਕਿ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕ ਚੋਣਾਂ ਵਿਚ ਕੀਤੇ ਵਾਅਦੇ ਅਤੇ ਸੰਵਿਧਾਨ ਦੀ ਧਾਰਾ ਤੋਂ ਬਾਹਰ ਚਲੇ ਗਏ ਹਨ ਅਤੇ ਗੁਰੂ ਘਰ ਦਾ ਅਕਾਊਂਟ ਆਡਿਟ ਕਰਵਾਉਣ ਤੋਂ ਮੁੱਕਰ ਗਏ ਹਨ।

ਅਲਾਇੰਸ ਨੇ ਦਾਅਵਾ ਕੀਤਾ ਕਿ ਅਕਾਊਂਟ ਆਡਿਟ ਨਾ ਕਰਵਾਉਣ ਬਾਰੇ ਸੁਣ ਕੇ ਸੰਗਤਾਂ ਵਿਚ ਰੋਸ ਹੈ ਅਤੇ ਉਨ੍ਹਾਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਦਾਲ ਵਿਚ ਜ਼ਰੂਰ ਕੁਝ ਕਾਲਾ ਹੈ। ਅਲਾਇੰਸ ਨੇ ਸਵਾਲ ਕੀਤਾ ਕਿ ਗੁਰਦੁਆਰਾ ਪ੍ਰਬੰਧਕ ਸੋਲਰ ਸਿਸਟਮ ਦਾ ਕੰਟਰੈਕਟਰ ਸੰਗਤ ਨਾ ਦਿਖਾ ਕੇ ਪਤਾ ਨਹੀਂ ਕੀ ਲਕੋਅ ਰੱਖ ਰਹੇ ਹਨ? ਅਲਾਇੰਸ ਨੇ ਇਹ ਵੀ ਇਤਰਾਜ਼ ਪ੍ਰਗਟਾਇਆ ਕਿ ਗੁਰਦੁਆਰਾ ਪ੍ਰਬੰਧਕ ਕਸ਼ਮੀਰ ਸ਼ਾਹੀ ਦੇ ਹੱਕ ਵਿਚ ਵੋਟਾਂ ਪਾਉਣ ਲਈ ਸੰਗਤ ਨੂੰ ਵੋਟਾਂ ਬਣਾਉਣ ਲਈ ਮਜਬੂਰ ਕਰ ਰਹੇ ਹਨ ਅਤੇ ਗੁਰਦੁਆਰਾ ਚੋਣਾਂ ਲਈ ਵੋਟਾਂ ਸੰਗਤ ਦੇ ਘਰ ਘਰ ਜਾ ਕੇ ਬਣਾਉਂਦੇ ਹਨ। ਅਲਾਇੰਸ ਨੇ ਸਵਾਲ ਕੀਤਾ ਕਿ ਜਿਸ ਤਰ੍ਹਾਂ ਕਸ਼ਮੀਰ ਸ਼ਾਹੀ ਲਈ ਵੋਟਾਂ ਬਣਾਈਆਂ ਜਾ ਰਹੀਆਂ ਹਨ, ਕੀ ਗੁਰਦੁਆਰਾ ਚੋਣਾਂ ਲਈ ਵੋਟਾਂ ਉਸੇ ਨਿਯਮ ਅਧੀਨ ਨਹੀਂ ਬਣ ਸਕਦੀਆਂ?

ਅਲਾਇੰਸ ਵਲੋਂ ਜਾਰੀ ਬਿਆਨ ਅਨੁਸਾਰ ਅਲਾਇੰਸ ਦੀ ਤਰਫੋਂ ਗੁਰਦੁਆਰਾ ਫਰੀਮਾਂਟ ਵਿਚ 10 ਅਕਤੂਬਰ ਨੂੰ ਅਖੰਡ ਪਾਠ ਅਰੰਭ ਕਰਵਾਇਆ ਜਾਵੇਗਾ ਅਤੇ ਭੋਗ 12 ਅਕਤੂਬਰ ਨੂੰ ਪਵੇਗਾ। ਅਲਾਇੰਸ ਨੇ ਸੰਗਤ ਨੂੰ ਹੁਮ-ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਹੈ।

## Matrimonial

### ਕੰਨਿਆ ਦੀ ਲੋੜ

ਖੱਤਰੀ ਸਿੱਖ, ਉਮਰ 28 ਸਾਲ, ਕੱਦ 5'-5", ਨਿਊ ਮੈਕਸੀਕੋ ਵਿਚ ਫਾਰਮਾਸਿਸਟ, ਯੂ ਐਸ ਸਿਟੀਜ਼ਨ ਲੜਕੀ ਲਈ 28 ਤੋਂ 30 ਸਾਲ ਤੇ ਕੱਦ 5'-7" ਤੋਂ 6'-2" ਦਰਮਿਆਨ, ਚੰਗੇ ਪੜ੍ਹੇ-ਲਿਖੇ, ਅਮਰੀਕਾ ਵਿਚ ਸੈਟਲਡ ਗੁਰਸਿੱਖ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 505-216-1644, ਈ-ਮੇਲ: hvij@aol.com 41-44

ਇੰਡੀਆ ਰਹਿੰਦੇ ਰਾਮਗੜੀਏ ਸਿੱਖ, 31 ਸਾਲ, 5'-9", ਮਕੈਨੀਕਲ ਇੰਜੀਨੀਅਰ ਅਤੇ ਆਈ ਟੀ ਆਈ ਡਿਪਲੋਮਾ ਹੋਲਡਰ, ਵੈਸ਼ਨੋ ਲੜਕੇ ਲਈ ਅਮੈਰਿਕਾ/ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਕਾਰੋਬਾਰੀ ਮਾਪਿਆਂ ਦਾ ਇਕਲੌਤਾ ਪੁੱਤ। ਪਰਿਵਾਰ ਤੇ ਰਿਸ਼ਤੇਦਾਰ ਵਿਦੇਸ਼ਾਂ ਵਿਚ ਸੈਟਲਡ। ਸੰਪਰਕ ਕਰੋ: husanvick@yahoo.com, ਫੋਨ: 513-807-3707, ਇੰਡੀਆ 91-98551-79679 38-41

### ਸਾਥੀ ਦੀ ਭਾਲ

ਕੰਬੋਜ ਬਿੰਦ, ਉਮਰ 48 ਸਾਲ, ਕੱਦ 6'-2", ਵਧੀਆ ਰੈਸਟੋਰੈਂਟ ਵਿਚ ਸ਼ੈਫ ਦਾ ਕੰਮ ਕਰਦੇ ਮਰਦ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਔਰਤ ਦੀ ਲੋੜ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁਕੀ ਹੈ। ਸੰਪਰਕ ਕਰੋ, ਫੋਨ: 510-613-5071 ਜਾਂ 408-613-6243 38-41


LAW OFFICE OF NIRWAN & ASSOCIATES


Jagdip S. Nirwan

SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ਪੰਜਾਬੀ ਰੇਡੀਓ ਯੂ.ਐਸ.ਏ.
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਰਦਾਂ ਦੇ ਦੇਸ਼ ਵਿਚ ਕੁੜੀਆਂ ਦਾ ਪਿੰਡ...



**ਚੰਡੀਗੜ੍ਹ (ਦਲਜੀਤ ਅਮੀ):** ਅੱਸੀ ਵਰ੍ਹਿਆਂ ਦੀ ਜਗਤ ਕੌਰ ਆਪਣੇ ਪੇਕੀਂ ਤਕਰੀਬਨ 40 ਸਾਲ ਬਾਅਦ ਆਈ ਹੈ। ਉਹਦੇ ਪੇਕੇ ਪਰਿਵਾਰ ਦੇ ਸਾਰੇ ਜੀਅ ਸ਼ਹਿਰਾਂ ਵਿਚ ਜਾ ਵਸੇ ਹਨ। ਇਕ ਹੀ ਪਿੰਡ ਵਿਚ ਜੰਮਣ, ਪਲਣ ਅਤੇ ਇਕੱਠੇ ਪੜ੍ਹਨ ਦੇ ਬਾਵਜੂਦ ਜਸਵਿੰਦਰ ਕੌਰ ਅਤੇ ਜਸਵੀਰ ਕੌਰ 22 ਸਾਲਾਂ ਬਾਅਦ ਮਿਲੀਆਂ ਹਨ। ਬਚਿੰਤ ਕੌਰ 70 ਸਾਲ ਦੀ ਹੈ ਅਤੇ 20 ਸਾਲਾਂ ਬਾਅਦ ਆਪਣੇ ਪੇਕੇ ਪਿੰਡ ਆਈ ਹੈ। ਗੁਰਦੇਵ ਕੌਰ ਦੱਸ ਰਹੀ ਹੈ ਕਿ ਉਹਦਾ ਵਿਆਹ ਦੇਸ਼ ਦੀ ਵੰਡ ਤੋਂ ਦੋ ਸਾਲ ਬਾਅਦ ਹੋਇਆ ਸੀ। ਉਹ ਆਪਣੇ ਪੇਕੀਂ ਖੁਸ਼ੀ-ਗਮੀ ਦੇ ਮੌਕਿਆਂ ਉਤੇ ਤਾਂ ਆਉਂਦੀ ਰਹੀ ਹੈ, ਪਰ ਵਿਆਹ ਤੋਂ ਬਾਅਦ ਆਪਣੀਆਂ ਬਚਪਨ ਦੀਆਂ ਸਹੇਲੀਆਂ ਨੂੰ ਹੁਣ ਪਹਿਲੀ ਵਾਰ ਮਿਲੀ ਹੈ। ਇਸ ਤਰ੍ਹਾਂ ਦੀਆਂ 80-90 ਵਰ੍ਹਿਆਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਹਨ ਜੋ 100 ਵਰਗ ਗਜ਼ ਦੇ ਮੈਦਾਨ ਵਿਚ ਇਕੱਠੀਆਂ ਘੁੰਮ-ਫਿਰ ਰਹੀਆਂ ਸਨ।


ਪੰਜਾਬ ਦੇ ਪਟਿਆਲਾ ਜ਼ਿਲ੍ਹੇ ਦੀ ਨਾਭਾ ਤਹਿਸੀਲ ਦਾ ਪਿੰਡ ਥੂਹੀ ਇਨ੍ਹਾਂ ਸਾਰੀਆਂ ਕੁੜੀਆਂ ਦਾ ਪਿੰਡ ਹੈ ਜਿਥੇ ਇਹ 'ਧੀਆਂ ਦੀ ਮਿਲਣੀ' ਮੇਲੇ ਵਿਚ ਸ਼ਾਮਲ ਹੋਣ ਆਈਆਂ ਹਨ। ਪਿੰਡ ਵਿਚ ਰਹਿ ਰਹੀਆਂ ਕੁੜੀਆਂ ਨੇ ਵਿਆਹ ਕਰਵਾ ਕੇ ਦੂਜੇ ਪਿੰਡਾਂ ਵਿਚ ਜਾ ਵਸੀਆਂ ਕੁੜੀਆਂ ਨੂੰ ਇਸ ਮੇਲੇ ਵਿਚ ਬੁਲਾਇਆ। ਥੂਹੀ ਪਿੰਡ ਦੀਆਂ ਕੁੜੀਆਂ ਨੂੰ ਇਹ ਮੇਲਾ ਲਾਉਣ ਦਾ ਵਿਚਾਰ ਲੁਬਾਣਾ ਪਿੰਡ ਦੀਆਂ ਕੁੜੀਆਂ ਤੋਂ ਆਇਆ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਪਿੰਡ ਦੀਆਂ ਤਕਰੀਬਨ ਇਕ ਹਜ਼ਾਰ ਕੁੜੀਆਂ ਨੂੰ ਆਪਣੇ ਪਿੰਡ ਬੁਲਾ ਕੇ ਅਜਿਹਾ ਮੇਲਾ ਲਾਇਆ ਸੀ।

ਇਸ ਮੇਲੇ ਦੀ ਖਾਸੀਅਤ ਇਹ ਹੈ ਕਿ ਕੁੜੀਆਂ ਨੇ ਹੀ ਇਸ ਮੇਲੇ ਦਾ ਪ੍ਰਬੰਧ ਕੀਤਾ, ਕੁੜੀਆਂ ਹੀ ਇਸ ਮੇਲੇ ਦੀਆਂ ਮਹਿਮਾਨ ਸਨ ਅਤੇ ਕੁੜੀਆਂ ਹੀ ਮੰਚ ਉਤੇ ਗੀਤ-ਸੰਗੀਤ, ਨਾਟਕ ਅਤੇ ਭਾਸ਼ਨ ਪੇਸ਼ ਕਰ ਰਹੀਆਂ ਹਨ। ਜੇ ਪੰਜਵੀਂ ਜਮਾਤ ਵਿਚ ਪੜ੍ਹਦੀ ਸ਼ਬਨਮ ਨੇ ਨਾਚ ਪੇਸ਼ ਕੀਤਾ, ਤਾਂ 20 ਵਰ੍ਹਿਆਂ ਦੀ ਨਾਜ਼ੀਆ ਪ੍ਰਬੰਧ ਕਰਨ ਵਿਚ ਲੱਗੀਆਂ ਕੁੜੀਆਂ ਦੀ ਪ੍ਰਧਾਨ ਹੈ। ਇਕ ਪਾਸੇ 18 ਸਾਲਾ ਸ਼ਮੀਮ ਅਖ਼ਤਰ ਨੇ ਗੀਤ ਗਾਉਣਾ ਹੈ ਤਾਂ ਦੂਜੇ ਪਾਸੇ 22 ਵਰ੍ਹਿਆਂ ਦੀ ਬਲਵਿੰਦਰ ਕੌਰ 17 ਵਰ੍ਹਿਆਂ ਦੀ ਰੁਪਿੰਦਰ ਕੌਰ ਨਾਲ ਮੰਚ ਸੰਚਾਲਨ ਕਰ ਰਹੀ ਹੈ। ਇਸ ਮੇਲੇ ਨੂੰ ਪੰਜਾਬ ਯੂਨੀਵਰਸਿਟੀ ਦੀਆਂ ਦੋ ਖੋਜਾਰਥੀ- ਹਰਪ੍ਰੀਤ ਕੌਰ ਅਤੇ ਹਰਸੁਮਿਤ ਕੌਰ, ਦੇਖਣ ਆਈਆਂ ਹਨ। ਹਰਪ੍ਰੀਤ ਦਾ ਕਹਿਣਾ ਹੈ, "ਯੂਨੀਵਰਸਿਟੀ ਜੋ ਪੜ੍ਹਾਉਣ ਦਾ ਦਾਅਵਾ ਕਰਦੀ ਹੈ, ਬੱਸ ਇਸ ਮੇਲੇ ਵਿਚ ਅਸਲ ਵਿਚ ਕਰ ਦਿਖਾ ਦਿੱਤਾ ਗਿਆ ਹੈ। ਇੰਨੀ ਵੱਡੀ ਪੱਧਰ ਉਤੇ ਕੁੜੀਆਂ ਨੂੰ ਪ੍ਰਬੰਧ ਕਰਨ ਦਾ ਮੌਕਾ ਮਿਲਿਆ ਹੈ ਅਤੇ ਉਨ੍ਹਾਂ ਨੇ ਆਪਣੀ ਸਮਰੱਥਾ ਜ਼ਾਹਿਰ ਕਰ ਦਿੱਤੀ ਹੈ।" ਹਰਸੁਮਿਤ ਕੌਰ ਦਾ ਕਹਿਣਾ ਹੈ, "ਇਸ ਮੇਲੇ ਨੇ ਔਰਤਾਂ ਦੇ ਬੁਨਿਆਦੀ ਤੋਂ ਹੀ ਪਹਿਲਾਂ ਦੇ ਮੁੱਦੇ ਛੋਹੇ ਹਨ। ਬਚਪਨ ਦੀਆਂ ਸਹੇਲੀਆਂ ਦੀ ਮਿਲਣੀ ਮਾਨਵੀ ਅਹਿਸਾਸ ਹੈ ਜਿਸ ਨੂੰ ਇਸ ਮੇਲੇ ਨੇ ਇਸ ਪਿੰਡ ਦੀਆਂ ਕੁੜੀਆਂ ਲਈ ਜ਼ਿੰਦਾ ਕਰ ਦਿੱਤਾ ਹੈ।"

ਲੜਕੀਆਂ ਦੇ ਇਸ ਮੇਲੇ ਦੀ ਅਹਿਮੀਅਤ ਨੂੰ ਪਿੰਡ ਦੇ ਵਸਨੀਕ ਗੁਰਮੀਤ ਸਿੰਘ ਥੂਹੀ ਪੰਜਾਬ ਦੇ ਪ੍ਰਸੰਗ ਵਿਚ ਦੇਖਦੇ ਹਨ। ਉਨ੍ਹਾਂ ਦਾ ਕਹਿਣਾ ਹੈ, "ਇਹ ਮੇਲਾ ਕੁੜੀਆਂ ਦੀ ਪਿੰਡ ਉਤੇ ਦਾਅਵੇਦਾਰੀ ਨੂੰ ਮਜ਼ਬੂਤ ਕਰਦਾ ਹੈ ਅਤੇ ਉਨ੍ਹਾਂ ਦੇ ਸਮਾਜਕ ਰੁਤਵੇ ਨੂੰ ਬਰਾਬਰੀ ਉਤੇ ਲਿਆਉਣ ਵੱਲ ਵੱਡਾ ਕਦਮ ਹੈ।"

ਸ਼ਾਇਦ ਇਸੇ ਕਰ ਕੇ ਬਚਿੰਤ ਕੌਰ ਪੂਰੇ ਪਿੰਡ ਦੀ ਸਲਾਮਤੀ ਮੰਗਣ ਵਾਲਾ ਗੀਤ ਗਾਉਂਦੀ ਹੈ ਅਤੇ ਕਹਿੰਦੀ ਹੈ ਕਿ 20 ਸਾਲ ਬਾਅਦ ਉਸ ਦਾ ਪੇਕਾ ਜ਼ਿੰਦਾ ਹੋ ਗਿਆ ਹੈ।

# ਨਿਊਯਾਰਕ ਟਾਈਮਜ਼ ਨੇ ਕਾਰਟੂਨ ਬਾਰੇ ਮੰਗੀ ਮੁਆਫੀ




**ਨਿਊਯਾਰਕ:** ਭਾਰਤ ਦੇ ਮੰਗਲ ਮਿਸ਼ਨ ਦਾ ਮੌਜੂ ਉਡਾਉਂਦਾ ਕਾਰਟੂਨ ਛਾਪਣ ਤੋਂ ਕੁਝ ਦਿਨਾਂ ਮਗਰੋਂ ਨਿਊਯਾਰਕ ਟਾਈਮਜ਼ ਨੇ ਇਹ ਕਹਿੰਦਿਆਂ ਮੁਆਫੀ ਮੰਗ ਲਈ ਕਿ ਉਨ੍ਹਾਂ ਦਾ ਮਤਲਬ ਇਸ ਦੀ ਖਿੱਲੀ ਉਡਾਉਣਾ ਬਿਲਕੁਲ ਨਹੀਂ ਸੀ, ਬਲਕਿ ਇਸ ਨੇ ਤਾਂ ਇਹ ਦਿਖਾਉਣ ਦਾ ਯਤਨ ਕੀਤਾ ਸੀ ਕਿ ਪੁਲਾੜ ਪ੍ਰੋਗਰਾਮ ਹੁਣ ਕੇਵਲ ਅਮੀਰ ਤੇ ਪੱਛਮੀ ਮੁਲਕਾਂ ਦਾ ਅਧਿਕਾਰ ਨਹੀਂ ਹਨ।

ਅਖ਼ਬਾਰਾਂ ਵਿਚ ਇਸ ਤਰ੍ਹਾਂ ਦੀਆਂ ਮਜ਼ਾਹੀਆ ਟਿੱਪਣੀਆਂ ਅਕਸਰ ਛਪਦੀਆਂ ਰਹਿੰਦੀਆਂ ਹਨ। ਯਾਦ ਰਹੇ ਕਿ ਅਮਰੀਕਾ ਵਿਚ ਰਹਿੰਦੇ ਭਾਰਤੀ ਮੂਲ ਦੇ ਬਸ਼ਿੰਦਿਆਂ ਨੇ ਇਸ ਕਾਰਟੂਨ ਬਾਰੇ ਇਤਰਾਜ਼ ਕੀਤਾ ਸੀ।

# ਬਾਲ ਮੌਤ ਦਰ 'ਚ ਨਹੀਂ ਹੋ ਰਹੀ ਕਮੀ

**ਵਾਸ਼ਿੰਗਟਨ:** ਭਾਰਤ ਸਮੇਤ ਜ਼ਿਆਦਾਤਰ ਮੁਲਕ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਘਟਾਉਣ ਦੇ ਸੰਯੁਕਤ ਰਾਸ਼ਟਰ ਵੱਲੋਂ ਰੱਖੇ ਗਏ ਟੀਚੇ ਤੋਂ ਪਛੜਦੇ ਨਜ਼ਰ ਆ ਰਹੇ ਹਨ। ਲੈਂਸੇਟ ਜਨਰਲ ਵੱਲੋਂ ਪ੍ਰਕਾਸ਼ਤ ਤਾਜ਼ਾ ਅਨੁਮਾਨਾਂ ਮੁਤਾਬਕ ਪਿਛਲੇ ਸਾਲ ਪੰਜ ਸਾਲ ਤੋਂ ਘੱਟ ਉਮਰ ਦੇ ਤਕਰੀਬਨ 20 ਲੱਖ ਬੱਚਿਆਂ ਦੀ ਮੌਤ ਜਣੇਪੇ ਤੋਂ ਪਹਿਲਾਂ ਹੁੰਦੀਆਂ ਮੁਸ਼ਕਲਾਂ ਤੇ ਨਿਮੋਨੀਆ ਕਰਕੇ ਹੋਈ। ਜੌਹਨਸ ਹੋਪਕਿਨਸ ਬਲੂਮ ਵਰਗ ਪਬਲਿਕ ਹੈਲਥ ਸਕੂਲ, ਅਮਰੀਕਾ ਦੇ ਪ੍ਰੋਫੈਸਰ ਰਾਬਰਟ ਬਲੈਕ ਦੀ ਅਗਵਾਈ ਹੇਠ ਖੋਜੀਆਂ ਨੇ 2013 ਵਿਚ 63 ਲੱਖ ਛੋਟੇ ਬੱਚਿਆਂ ਦੀ ਮੌਤ ਦੇ ਕਾਰਨਾਂ ਦੀ ਪੜਤਾਲ ਕੀਤੀ। ਉਨ੍ਹਾਂ ਦੀ ਪੜਤਾਲ ਵਿਚ ਸਾਹਮਣੇ ਆਇਆ ਕਿ ਜਨਮ ਤੋਂ ਪਹਿਲਾਂ ਹੁੰਦੀਆਂ ਮੁਸ਼ਕਲਾਂ ਕਾਰਨ 9 ਲੱਖ 65 ਹਜ਼ਾਰ ਬੱਚਿਆਂ ਦੀ ਮੌਤ ਹੋਈ ਜਦ ਕਿ ਨਿਮੋਨੀਏ ਕਰਕੇ ਪੰਜ ਸਾਲ ਤੱਕ ਦੇ 9 ਲੱਖ 35 ਹਜ਼ਾਰ ਮੌਤ ਦੇ ਮੂੰਹ ਜਾ ਪਏ। ਭਾਰਤ, ਨਾਈਜੀਰੀਆ, ਪਾਕਿਸਤਾਨ, ਕਾਂਗੋ ਤੇ ਚੀਨ ਵਿਚ ਬਾਲ ਮੌਤ ਦਰ ਸਭ ਤੋਂ ਵੱਧ ਹੈ। 2013 ਵਿਚ 50 ਫੀਸਦੀ ਬੱਚੇ ਇਨ੍ਹਾਂ ਮੁਲਕਾਂ ਵਿਚ ਹੀ ਸਦਾ ਦੀ ਨੀਂਦ ਸੌਂ ਗਏ।

ਖੋਜੀਆਂ ਮੁਤਾਬਕ 51.8 ਫੀਸਦੀ ਬੱਚਿਆਂ ਦੀ ਮੌਤ ਨਿਮੋਨੀਆਂ, ਉਲਟੀ -ਦਸਤ ਤੇ ਮਲੇਰੀਆ ਕਾਰਨ ਹੋਈ। ਖੋਜੀਆਂ ਨੇ 2000 ਤੋਂ 2013 ਤੱਕ ਬਾਲ ਮੌਤ ਦਰ ਘੱਟਣ ਦਾ ਦਾਅਵਾ ਕੀਤਾ ਹੈ ਪਰ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੌਜੂਦਾ ਰੁਝਾਨ ਜਾਰੀ ਰਿਹਾ ਤਾਂ 2030 ਤੱਕ 44 ਲੱਖ ਬੱਚੇ ਮੌਤ ਦੇ ਮੂੰਹ ਪੈ ਸਕਦੇ ਹਨ ਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਮੌਤਾਂ ਅਫਰੀਕੀ ਮੁਲਕਾਂ ਵਿਚ ਹੋਣਗੀਆਂ।

# *ਮੋਦੀ ਦੇ ਏਜੰਡੇ ਉਤੇ ਹੀ ਨਹੀਂ ਕਾਲੀ ਸੂਚੀ*

*(ਸਫਾ ਇਕ ਦੀ ਬਾਕੀ)*

ਕਿ ਜਿਸ ਸ਼ਖ਼ਸ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਰੱਖਣ ਤੋਂ ਨਾਂਹ ਕਰ ਦਿੱਤੀ ਹੋਵੇ, ਉਸ ਤੋਂ ਕਾਲੀ ਸੂਚੀ ਖ਼ਤਮ ਕਰਵਾਉਣ ਲਈ ਆਸ ਰੱਖਣਾ ਬੇਅਰਥ ਹੈ। ਸ. ਸਰਨਾ ਨੇ ਦਾਅਵਾ ਕੀਤਾ ਕਿ ਕਾਲੀ ਸੂਚੀ ਖ਼ਤਮ ਕਰਵਾਉਣ ਲਈ ਉਪਰਾਲਾ ਪਰਮਜੀਤ ਸਿੰਘ ਸਰਨਾ ਨੇ ਸ਼ੁਰੂ ਕੀਤਾ ਸੀ।

ਦਿੱਲੀ ਕਮੇਟੀ ਦੇ ਰਿਕਾਰਡ ਵਿਚ ਅੱਜ ਵੀ ਉਹ ਚਿੱਠੀ ਮੌਜੂਦ ਹੈ ਜਿਸ ਵਿਚ ਕੇਂਦਰ ਸਰਕਾਰ ਨੇ 2010-11 ਵਿਚ ਦਿੱਲੀ ਕਮੇਟੀ ਨੂੰ ਪੱਤਰ ਲਿਖ ਕੇ ਜਾਣਕਾਰੀ ਦਿੱਤੀ ਸੀ ਕਿ ਸਿੱਖ ਨੌਜਵਾਨਾਂ ਦੀ ਕਾਲੀ ਸੂਚੀ ਵਿਚ ਸ਼ਾਮਲ ਨਾਮ ਹਟਾ ਦਿੱਤੇ ਗਏ ਹਨ। ਉਨ੍ਹਾਂ ਖੁਲਾਸਾ ਕੀਤਾ ਕਿ ਬਾਦਲ ਸਰਕਾਰ ਨੇ ਬਹੁਤ ਸਾਰੇ ਸਿੱਖ ਨੌਜਵਾਨਾਂ ਦੇ ਨਾਂ ਮੁੜ ਕਾਲੀ ਸੂਚੀ ਵਿਚ ਸ਼ਾਮਲ ਕਰਨ ਲਈ ਕੇਂਦਰ ਸਰਕਾਰ ਨੂੰ ਪੱਤਰ ਭੇਜਿਆ ਸੀ। ਇਹ ਚਿੱਠੀ ਵੀ ਦਿੱਲੀ ਕਮੇਟੀ ਦੇ ਰਿਕਾਰਡ ਵਿਚ ਮੌਜੂਦ ਹੈ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਕਾਲੀ ਸੂਚੀ ਵਿਚ ਸ਼ਾਮਲ ਵਿਅਕਤੀਆਂ ਦੇ ਨਾਂ ਜਨਤਕ ਕਰਨ ਦੇ ਨਾਲ-ਨਾਲ ਉਸ ਪੱਤਰ ਨੂੰ ਵੀ ਜਨਤਕ ਕਰੇ ਜਿਹੜਾ ਬਾਦਲ ਸਰਕਾਰ ਨੇ ਕੇਂਦਰ ਨੂੰ ਲਿਖ ਕੇ ਖ਼ਤਮ ਕੀਤੀ ਗਈ ਕਾਲੀ ਸੂਚੀ ਨੂੰ ਮੁੜ ਸੁਰਜੀਤ ਕਰਨ ਲਈ ਲਿਖੀ ਸੀ।

ਉਧਰ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਜਿਨ੍ਹਾਂ ਵਿਅਕਤੀਆਂ ਖਿਲਾਫ਼ ਕੋਈ ਕੇਸ ਦਰਜ ਨਹੀਂ ਤੇ ਨਾ ਹੀ ਕੋਈ ਕਾਨੂੰਨੀ ਕਾਰਵਾਈ ਅਧੂਰੀ ਹੈ, ਉਨ੍ਹਾਂ ਦੇ ਨਾਂ ਕਾਲੀ ਸੂਚੀ ਵਿਚੋਂ ਖ਼ਤਮ ਕਰਾਉਣ ਲਈ ਪੰਜਾਬ ਸਰਕਾਰ ਵੱਲੋਂ ਜਲਦੀ ਹੀ ਕੇਂਦਰ ਸਰਕਾਰ ਕੋਲ ਪਹੁੰਚ ਕੀਤੀ ਜਾਵੇਗੀ। ਉਹ ਪਹਿਲਾਂ ਹੀ ਇਹ ਮਾਮਲਾ ਕੇਂਦਰ ਸਰਕਾਰ ਕੋਲ ਉਠਾ ਚੁੱਕੇ ਹਨ। ਹੁਣ ਇਕ ਵਾਰ ਫਿਰ ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਨੂੰ ਅਪੀਲ ਕੀਤੀ ਸੀ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਦਿਸ਼ਾ ਨਿਰਦੇਸ਼ ਦੇਣ ਤਾਂ ਕਿ ਸਮੇਂ ਸਮੇਂ 'ਤੇ ਕਾਲੀ ਸੂਚੀ ਵਿਚ ਸ਼ਾਮਲ ਵਿਅਕਤੀਆਂ ਦੇ ਨਾਵਾਂ ਉੱਤੇ ਵਿਚਾਰ ਹੁੰਦਾ ਰਹੇ।

ਉਨ੍ਹਾਂ ਵਲੋਂ ਭਾਰਤ ਸਰਕਾਰ ਨੂੰ ਇਸ ਬਾਰੇ ਅਪੀਲ ਕੀਤੀ ਗਈ ਸੀ ਕਿ ਜਿਨ੍ਹਾਂ ਵਿਅਕਤੀਆਂ ਖਿਲਾਫ ਕੋਈ ਕੇਸ ਨਹੀਂ ਹੈ ਤੇ ਨਾ ਹੀ ਕਿਸੇ ਤਰ੍ਹਾਂ ਦੀ ਕੋਈ ਕਾਨੂੰਨੀ ਕਾਰਵਾਈ ਬਾਕੀ ਹੈ, ਅਜਿਹੇ ਵਿਅਕਤੀਆਂ ਦੇ ਨਾਂ ਕਾਲੀ ਸੂਚੀ ਵਿਚੋਂ ਖ਼ਤਮ ਕੀਤੇ ਜਾਣ। ਉਨ੍ਹਾਂ ਆਖਿਆ ਕਿ ਜੇ ਜ਼ਰੂਰਤ ਹੋਈ ਤਾਂ ਉਹ ਮੁੜ ਇਸ ਮਾਮਲੇ ਵਿਚ ਪ੍ਰਧਾਨ ਮੰਤਰੀ ਨੂੰ ਮਿਲ ਕੇ ਇਹ ਮਾਮਲਾ ਉਭਾਰਨਗੇ। ਉਹ ਸੂਬਿਆਂ ਦੀਆਂ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਦਾ ਮਾਮਲਾ ਵੀ ਉਭਾਰ ਚੁੱਕੇ ਹਨ। ਇਸ ਮਾਮਲੇ ਵਿਚ ਇਕ ਵਾਰ ਮੁੜ ਕੇਂਦਰ ਸਰਕਾਰ ਤੋਂ ਦਖਲ ਦੇਣ ਦੀ ਮੰਗ ਕਰਨਗੇ।

# ਐਤਕੀਂ ਹਰਿਆਣਾ ਵਿਚ ਰੰਗ ਦਿਖਾਉਣਗੇ ਪੰਜਾਬੀ

*(ਸਫਾ ਇਕ ਦੀ ਬਾਕੀ)*

ਤੋਂ ਪਹਿਲਾਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਕੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੱਲੋਂ ਖੇਡੇ ਗਏ ਸਿਆਸੀ ਪੱਤੇ ਨੂੰ ਵੀ ਅਕਾਲੀ ਦਲ ਵੱਲੋਂ ਫ਼ੇਲ੍ਹ ਕਰਨ ਲਈ ਦਿਨ ਰਾਤ ਇਕ ਕੀਤਾ ਜਾ ਰਿਹਾ ਹੈ।

ਹਰਿਆਣਾ ਵਿਚ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਰੱਫੜ ਸਾਬਕਾ ਲੋਕ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਰਾਹੀਂ ਵੀ ਜ਼ਾਹਿਰ ਹੋ ਰਿਹਾ ਹੈ। ਉਹ ਭਾਜਪਾ ਉਮੀਦਵਾਰਾਂ ਦੇ ਹੱਕ ਵਿਚ ਧੂੰਆਂਧਾਰ ਪ੍ਰਚਾਰ ਕਰ ਰਿਹਾ ਹੈ। ਸਮਝਿਆ ਜਾ ਰਿਹਾ ਹੈ ਕਿ ਉਹ ਹੁਣ ਹਰਿਆਣਾ ਰਾਹੀਂ ਪੰਜਾਬ ਵਿਚ ਦੁਬਾਰਾ ਸਰਗਰਮੀ ਫੜੇਗਾ। ਚੇਤੇ ਰਹੇ ਕਿ ਉਪ ਮੁੱਖ ਮੰਤਰੀ ਨਾਲ ਉਸ ਦਾ ਸਿੱਧਾ ਪੇਚਾ ਪੈ ਗਿਆ ਸੀ ਅਤੇ ਉਸ ਨੇ ਪੰਜਾਬ ਵਿਚ ਸਰਗਰਮੀ ਤੋਂ ਮੂੰਹ ਮੋੜ ਲਿਆ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪੀੜਤ ਇਲਾਕਿਆਂ ਦਾ ਸਰਵੇਖਣ

**ਸ੍ਰੀਨਗਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟੀਮ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਸਰਵੇਖਣ ਕੀਤਾ ਜਾ ਰਿਹਾ ਹੈ। ਟੀਮ ਵੱਲੋਂ ਗੋਗਜੀ ਬਾਗ, ਬਿਮਨਾ, ਬਟਮਾਲੂ, ਐਚ.ਐਮ.ਟੀ., ਮਹਿਜੂਰ ਨਗਰ ਖੇਤਰਾਂ ਵਿਚ ਹੋਏ ਨੁਕਸਾਨ ਦਾ ਮੁਆਇਨਾ ਕੀਤਾ ਗਿਆ। ਜਿਹੜੇ ਮਕਾਨ ਪੂਰੀ ਤਰ੍ਹਾਂ ਡਿੱਗ ਗਏ ਜਾਂ ਜਿਨ੍ਹਾਂ ਦੀਆਂ ਛੱਤਾਂ ਡਿੱਗ ਗਈਆਂ ਜਾਂ ਵੱਡੀਆਂ ਤਰੇੜਾਂ ਆਈਆਂ, ਦੇ ਵੇਰਵੇ ਇਕੱਤਰ ਕੀਤੇ ਗਏ।

ਦੌਰਾ ਕਰ ਰਹੀ ਟੀਮ ਵਿਚ ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ, ਕਰਨੈਲ ਸਿੰਘ ਪੰਜੋਲੀ ਤੇ ਨਿਰਮੈਲ ਸਿੰਘ ਜੌਲਾਂ, ਸਕੱਤਰ ਅਵਤਾਰ ਸਿੰਘ, ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ, ਜੇ.ਈ. ਸੁਖਜਿੰਦਰ ਸਿੰਘ ਤੇ ਗੁਰਜਿੰਦਰ ਸਿੰਘ, ਐਸ.ਡੀ.ਓ. (ਸ੍ਰੀਨਗਰ) ਸੁਰਿੰਦਰ ਸਿੰਘ ਸੋਢੀ ਤੇ ਐਸ.ਡੀ.ਓ. ਐਚ.ਐਸ ਲਵਲੀ ਸ਼ਾਮਲ ਸਨ। ਸ੍ਰੀ ਬੇਦੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀ ਟੀਮ ਨੇ ਜਵਾਹਰ ਨਗਰ ਵਿਚ 48 ਘਰਾਂ ਦੀ ਨਿਸ਼ਾਨਦੇਹੀ ਕੀਤੀ ਜਿਨ੍ਹਾਂ ਦਾ ਭਾਰੀ ਨੁਕਸਾਨ ਹੋਇਆ ਹੈ। ਤੁਲਸੀ ਬਾਗ ਦੇ ਚਾਰ, ਸੁਥਰਾਸ਼ਾਹੀ ਦੇ 14, ਬਾਲ ਗਾਰਡਨ ਦੇ ਦਸ, ਅਲੂਚਾ ਬਾਗ ਦੇ 15, ਬਿਨਾ ਦਾ ਇੱਕ, ਗੁਗਜੀ ਬਾਗ ਦੇ ਛੇ, ਮਗਰਮਲ ਬਾਗ ਦੇ ਤਿੰਨ, ਮਹਿਜੂਰ ਨਗਰ ਦੇ ਨੌਂ ਤੋਂ ਇਲਾਵਾ ਨੌਂ ਗੁਰਦੁਆਰਿਆਂ ਦੀਆਂ ਇਮਾਰਤਾਂ ਦਾ ਵੀ ਨੁਕਸਾਨ ਹੋਇਆ ਹੈ। ਹੋਰ ਇਲਾਕਿਆਂ ਦਾ ਸਰਵੇਖਣ ਵੀ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਲੋਕਾਂ ਵਿਚ ਭਾਰੀ ਰੋਸ ਹੈ ਕਿ ਸਰਕਾਰੀ ਪੱਧਰ 'ਤੇ ਕੋਈ ਸਾਰ ਲੈਣ ਵੀ ਨਹੀਂ ਪੁੱਜਿਆ। ਖਸਤਾ ਹਾਲਤ ਮਕਾਨਾਂ ਵਿਚ ਰਹਿ ਰਹੇ ਲੋਕਾਂ ਵਿਚ ਸਹਿਮ ਹੈ ਕਿ ਕਿਧਰੇ ਇਮਾਰਤਾਂ ਡਿੱਗ ਨਾ ਪੈਣ। ਅੱਗੇ ਸਰਦੀ ਵੀ ਆ ਰਹੀ ਹੈ ਅਤੇ ਰਹਿਣ ਲਈ ਕੋਈ ਪ੍ਰਬੰਧ ਨਹੀਂ ਹੈ। ਜਵਾਹਰ ਨਗਰ ਦੇ ਇੱਕ ਵਿਅਕਤੀ ਨੇ ਕਿਹਾ ਕਿ ਇਸ ਅਬਾਦੀ ਵਿਚ 80 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਸਮੁੱਚੇ ਸਿੱਖ ਪੰਥ ਨੂੰ ਇਨ੍ਹਾਂ ਦੇ ਪੁਨਰਵਾਸ ਲਈ ਅੱਗੇ ਆਉਣਾ ਚਾਹੀਦਾ ਹੈ। ਟੀਮ ਦੇ ਮੈਂਬਰਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੀ ਇੱਛਾ ਹੈ ਕਿ ਸਰਦੀ ਸ਼ੁਰੂ ਹੋਣ ਤੋਂ ਪਹਿਲਾਂ-ਪਹਿਲਾਂ ਕਸ਼ਮੀਰ ਦੇ ਸਿੱਖਾਂ ਨੂੰ ਗਰਮ ਬਿਸਤਰੇ ਤੇ ਉਨ੍ਹਾਂ ਦੇ ਮਕਾਨਾਂ ਦੀ ਮੁਰੰਮਤ ਲਈ ਯਥਾ-ਸ਼ਕਤ ਸਹਾਇਤਾ ਕੀਤੀ ਜਾਵੇ।

# ਮਨੀਸ਼ ਤਿਵਾੜੀ ਦੀ ਟੀਮ ਦਾ ਬਿਸਤਰਾ ਗੋਲ

**ਲੁਧਿਆਣਾ:** ਪਿਛਲੇ ਲੰਬੇ ਸਮੇਂ ਤੋਂ ਕਾਂਗਰਸ ਵਿਚ ਚੱਲ ਰਹੀ ਖਿੱਚੋਤਾਣ ਮਗਰੋਂ ਆਖ਼ਰਕਾਰ ਲੁਧਿਆਣਾ ਦੇ ਸਾਬਕਾ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਦੀ ਟੀਮ ਆਊਟ ਹੋ ਗਈ ਅਤੇ ਮੌਜੂਦਾ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਸ਼ਹਿਰ ਵਿਚ ਆਪਣਾ ਦਬਦਬਾ ਬਣਾਉਣ ਵਿਚ ਕਾਮਯਾਬ ਹੋ ਗਏ। ਕਾਂਗਰਸ ਹਾਈਕਮਾਨ ਨੇ ਮਨੀਸ਼ ਤਿਵਾੜੀ ਦੇ ਖਾਸ ਮੰਨੇ ਜਾਂਦੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਪਵਨ ਦੀਵਾਨ ਨੂੰ ਪ੍ਰਧਾਨਗੀ ਤੋਂ ਲਾਹ ਕੇ ਵਿਧਾਇਕ ਭਾਰਤ ਭੂਸ਼ਣ ਆਸ਼ੂ ਦੇ ਕਰੀਬੀ ਕੌਂਸਲਰ ਗੁਰਪ੍ਰੀਤ ਗੋਗੀ ਦੇ ਹੱਥ ਜ਼ਿਲ੍ਹੇ ਦੀ ਕਮਾਨ ਸੌਂਪ ਦਿੱਤੀ ਹੈ।

ਕਾਂਗਰਸ ਵਿਚ ਜ਼ਿਲ੍ਹਾ ਪੱਧਰ 'ਤੇ ਹੋਏ ਇਸ ਫੇਰਬਦਲ ਨਾਲ ਹਾਈਕਮਾਨ ਨੇ ਸੰਕੇਤ ਦਿੱਤਾ ਹੈ ਕਿ ਲੁਧਿਆਣਾ ਵਿਚ ਹੁਣ ਲੋਕ ਸਭਾ ਮੈਂਬਰ ਬਿੱਟੂ ਦਾ ਦਬਦਬਾ ਕਾਇਮ ਰਹੇਗਾ। ਗੋਗੀ ਨੂੰ ਪ੍ਰਧਾਨਗੀ ਦੇਣ ਅਤੇ ਦੀਵਾਨ ਨੂੰ ਕੁਰਸੀ ਤੋਂ ਹਟਾਉਣ ਦਾ ਮੁੱਦਾ ਲੋਕ ਸਭਾ ਚੋਣਾਂ ਤੋਂ ਬਾਅਦ ਦਾ ਚੱਲ ਰਿਹਾ ਸੀ। ਚੋਣਾਂ ਤੋਂ ਬਾਅਦ ਮਨੀਸ਼ ਤਿਵਾੜੀ ਦੀਆਂ ਲੁਧਿਆਣਾ ਫੇਰੀਆਂ ਕਾਫ਼ੀ ਵਧ ਗਈਆਂ ਸਨ ਅਤੇ ਤਿਵਾੜੀ ਟੀਮ ਦੇ ਵਰਕਰ ਹਰ ਸ਼ਨਿੱਚਰਵਾਰ ਅਤੇ ਐਤਵਾਰ ਸ਼ਹਿਰ ਵਿਚ ਉਨ੍ਹਾਂ ਦਾ ਪ੍ਰੋਗਰਾਮ ਰਖਵਾ ਦਿੰਦੇ ਸਨ ਜਿਸ ਕਾਰਨ ਐਮ.ਪੀ. ਬਿੱਟੂ ਨਾਰਾਜ਼ ਚੱਲ ਰਹੇ ਸਨ। ਉਨ੍ਹਾਂ ਨੇ ਇਸ ਸਬੰਧ ਵਿਚ ਕਈ ਵਾਰ ਹਾਈਕਮਾਨ ਨੂੰ ਜਾਣੂ ਵੀ ਕਰਵਾਇਆ ਸੀ।

## ਰਾਤ ਨੂੰ ਵਧੇਰੇ ਫੈਲਦਾ ਹੈ ਕੈਂਸਰ

**ਲੰਡਨ:** ਕੈਂਸਰ ਸਰੀਰ ਵਿਚ ਰਾਤ ਨੂੰ ਵਧੇਰੇ ਫੈਲਦਾ ਹੈ। ਅਧਿਐਨ ਤੋਂ ਇਹ ਤੱਥ ਸਾਹਮਣੇ ਆਇਆ ਹੈ ਤੇ ਜਿਸ ਤੋਂ ਇਹ ਵੀ ਜਾਪਦਾ ਹੈ ਕਿ ਰਾਤ ਸਮੇਂ ਕੈਂਸਰ ਰੋਕੂ ਦਵਾਈਆਂ ਦਿੱਤੇ ਜਾਣਾ ਵਧੇਰੇ ਕਾਰਗਰ ਸਾਬਤ ਹੋਏਗਾ।

ਅਧਿਐਨ ਅਨੁਸਾਰ ਇਕ ਹਾਰਮੋਨ ਜਿਸ ਨੂੰ ਆਮ ਤੌਰ 'ਤੇ ਤਣਾਅ ਦੇਣ ਵਾਲਾ ਹਾਰਮੋਨ ਕਿਹਾ ਜਾਂਦਾ ਹੈ, ਵੀ ਕੈਂਸਰ ਦੇ ਫੈਲਾਅ ਨੂੰ ਥੋੜ੍ਹਾ ਮੱਠਾ ਕਰਦਾ ਹੈ। ਵੀਜ਼ਮੈਨ ਇੰਸਟੀਚਿਊਟ ਆਫ ਸਾਇੰਸ (ਇਸਰਾਈਲ) ਦੇ ਖੋਜੀ ਯੂਸਫ ਯਮਰਨ ਅਨੁਸਾਰ ਅਕਸਰ ਕੈਂਸਰ ਦਾ ਇਲਾਜ ਦਿਨੇ ਕੀਤਾ ਜਾਂਦਾ ਹੈ ਜਦੋਂਕਿ ਮਰੀਜ਼ ਦਾ ਸਰੀਰ ਖੁਦ ਇਸ ਦਾ ਟਾਕਰਾ ਕਰ ਰਿਹਾ ਹੁੰਦਾ ਹੈ।


Hotel Staff Wanted

Hotel in N. Dakota looking for Maintenance Person And Desk Clerk with Fluent English.

*Free accommodation will be provided. Good Pay.*

Call, Gill: 701-240-3220

ਹੋਟਲ ਸਟਾਫ ਦੀ ਲੋੜ

ਨਾਰਥ ਡਕੋਟਾ 'ਚ ਸਥਿਤ ਹੋਟਲ ਦੀ ਰਿਪੇਅਰ ਕਰਨ ਵਾਲੇ ਅਤੇ ਕਲਰਕ ਦੀ ਲੋੜ ਹੈ

*ਸਬੰਧਤ ਵਿਅਕਤੀ ਅੰਗਰੇਜ਼ੀ ਚੰਗੀ ਤਰ੍ਹਾਂ ਜਾਣਦਾ ਹੋਵੇ*

*ਮੁਫਤ ਰਿਹਾਇਸ਼ ਅਤੇ ਚੰਗੀ ਤਨਖਾਹ*

ਕਾਲ ਕਰੋ, ਗਿੱਲ: 701-240-3220

41-42

Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਈਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

Golden State Realty

Sacramento Office: 9912 Kapalua Ln., Elk Grove, CA 95624

Tel: 916-612-5773

*Courtesy of Sales Manager Traci Lill, Meadows at Galt*

The Poppy ~ Plan 1 — 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

The Poppy ~ Plan 2 — 4 Bedrooms, 3 Baths, Three-Car Tandem Garage


| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

The Poppy ~ Plan 3 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

The Poppy ~ Plan 4 — 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*

@916-612-5773

Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

# ਕੈਪਟਨ-ਬਾਜਵਾ ਵਿਵਾਦ ਹੁਣ ਪੁੱਜਾ ਹਾਈਕਮਾਨ ਦੇ ਦਰਬਾਰ

**ਚੰਡੀਗੜ੍ਹ:** ਕਾਂਗਰਸ ਦੀ ਪੰਜਾਬ ਇਕਾਈ ਵਿਚ ਚਲ ਰਹੇ ਰੇੜਕੇ ਦਾ ਮਾਮਲਾ ਮੁੜ ਤੋਂ ਹਾਈਕਮਾਨ ਕੋਲ ਪਹੁੰਚ ਗਿਆ ਹੈ। ਹਾਲਾਂਕਿ ਚਰਚਾ ਇਹ ਸੀ ਕਿ ਗੁਆਂਢੀ ਸੂਬੇ ਹਰਿਆਣਾ ਵਿਚ 15 ਅਕਤੂਬਰ ਨੂੰ ਵਿਧਾਨ ਸਭਾ ਚੋਣਾਂ ਤੋਂ ਬਾਅਦ ਇਹ ਮਾਮਲਾ ਕਾਂਗਰਸ ਹਾਈਕਮਾਨ ਕੋਲ ਉਠਾਇਆ ਜਾਵੇਗਾ ਪਰ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਖਿਲਾਫ ਛਿੜੀ ਮੁਹਿੰਮ ਵਿਚ ਕੁਝ ਸੀਨੀਅਰ ਆਗੂਆਂ ਦੇ ਸ਼ਾਮਲ ਹੋਣ ਕਾਰਨ ਇਸ ਵਿਵਾਦ ਕਾਫੀ ਗਰਮਾ ਗਿਆ ਹੈ।

ਜ਼ਿਕਰਯੋਗ ਹੈ ਕਿ ਕਈ ਕਾਂਗਰਸੀ ਵਿਧਾਇਕਾਂ ਨੇ ਵੀ ਗਿਲਾ ਕੀਤਾ ਸੀ ਕਿ ਸ. ਬਾਜਵਾ ਉਨ੍ਹਾਂ ਨੂੰ ਕਈ ਮਾਮਲਿਆਂ ਵਿਚ ਭਰੋਸੇ ਵਿਚ ਨਹੀਂ ਲੈਂਦੇ ਤੇ ਆਪਣੀ ਮਰਜ਼ੀ ਨਾਲ ਹੀ ਕਈ ਲੋਕਾਂ ਨੂੰ ਸਕੱਤਰ ਨਿਯੁਕਤ ਕਰੀ ਜਾਂਦੇ ਹਨ।

ਜਾਣਕਾਰ ਹਲਕਿਆਂ ਮੁਤਾਬਕ ਪਿੱਛੇ ਜਿਹੇ ਕਾਂਗਰਸ ਵਿਧਾਇਕ ਦਲ ਦੀ ਜੋ ਮੀਟਿੰਗ ਰਾਜ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਦੀ ਪ੍ਰਧਾਨਗੀ ਹੇਠ ਹੋਈ, ਉਸ ਵਿਚ ਕਾਫ਼ੀ ਗਿਣਤੀ ਵਿਚ ਮੌਜੂਦ ਵਿਧਾਇਕਾਂ ਨੇ ਵਿਚਾਰ ਪ੍ਰਗਟ ਕੀਤਾ ਕਿ ਸ. ਬਾਜਵਾ ਦੀ ਤਾਨਾਸ਼ਾਹੀ ਵਿਰੁੱਧ ਕਾਂਗਰਸ ਹਾਈਕਮਾਨ ਨੂੰ ਮਿਲ ਕੇ ਸਾਰਾ ਮਾਮਲਾ ਉਸ ਦੇ ਧਿਆਨ ਵਿਚ ਲਿਆਂਦਾ ਜਾਵੇ ਪਰ ਸ੍ਰੀ ਜਾਖੜ ਨੇ ਉਨ੍ਹਾਂ ਨੂੰ ਇਹ ਕਹਿ ਕੇ ਚੁੱਪ ਕਰਵਾ ਦਿੱਤਾ ਕਿ ਹੁਣ ਜਦੋਂਕਿ ਕਈ ਸੂਬਿਆਂ ਵਿਸ਼ੇਸ਼ ਤੌਰ 'ਤੇ ਗੁਆਂਢੀ ਰਾਜ ਹਰਿਆਣਾ ਵਿਚ ਵਿਧਾਨ ਸਭਾ ਦੀਆਂ ਚੋਣਾਂ ਸਿਰ 'ਤੇ ਹਨ, ਇਸ ਲਈ ਇਸ ਮੌਕੇ ਸ. ਬਾਜਵਾ ਵਿਰੁੱਧ ਸ਼ਿਕਾਇਤ ਕਰਨਾ ਉਚਿਤ ਨਹੀਂ ਹੋਵੇਗਾ।

ਸ. ਬਾਜਵਾ ਦਾ ਕਹਿਣਾ ਹੈ ਕਿ ਸਮੁੱਚੇ ਮਾਮਲੇ ਦੀ ਜਾਣਕਾਰੀ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਕੋਲ ਪੁੱਜ ਚੁੱਕੀ ਹੈ। ਪਾਰਟੀ ਦੇ ਅਨੁਸ਼ਾਸਨ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਹਾਈਕਮਾਂਡ ਕੋਲ ਹੈ ਤੇ ਕੌਮੀ ਲੀਡਰਸ਼ਿਪ ਹੀ ਇਸ ਬਾਰੇ ਕੁਝ ਕਹਿ ਸਕਦੀ ਹੈ।

ਜ਼ਿਕਰਯੋਗ ਹੈ ਕਿ ਕੈਪਟਨ ਨੇ ਬੀਤੇ ਦਿਨੀਂ ਕਿਹਾ ਸੀ ਕਿ ਸ. ਬਾਜਵਾ ਨਾ ਤਾਂ ਉਨ੍ਹਾਂ ਦੇ ਦੋਸਤ ਹਨ ਤੇ ਨਾ ਹੀ ਸਮਰਥਕ ਤੇ ਉਹ ਪਹਿਲਾਂ ਹੀ ਹਾਈਕਮਾਨ ਨੂੰ ਪ੍ਰਧਾਨ ਬਦਲਣ ਬਾਰੇ ਆਖ ਚੁੱਕੇ ਹਨ। ਸ. ਬਾਜਵਾ ਨੇ ਕੈਪਟਨ ਵੱਲੋਂ ਵਿਧਾਇਕਾਂ ਦਾ ਇਕੱਠ ਕਰਕੇ ਸ਼ਕਤੀ ਪ੍ਰਦਰਸ਼ਨ ਦੀ ਗੱਲ ਨੂੰ ਨਕਾਰਦਿਆਂ ਕਿਹਾ ਕਿ ਉਸੇ ਦਿਨ ਹੀ ਕਾਂਗਰਸ ਭਵਨ ਵਿਖੇ ਉਨ੍ਹਾਂ ਨੇ ਵੀ ਪਾਰਟੀ ਅਹੁਦੇਦਾਰਾਂ ਦੀ ਵਿਸ਼ਾਲ ਮੀਟਿੰਗ ਕੀਤੀ ਸੀ। ਕਾਂਗਰਸ ਆਗੂ ਨੇ ਥੋੜਾ ਨਰਮ ਰੁਖ ਅਪਣਾਉਂਦਿਆਂ ਕਿਹਾ ਕਿ ਉਹ ਕੈਪਟਨ ਦੀ ਸਰਕਾਰ ਵਿਚ ਪੰਜ ਸਾਲ ਮੰਤਰੀ ਰਹੇ ਹਨ। ਉਹ ਕੈਪਟਨ ਨਾਲ ਮੀਤ ਪ੍ਰਧਾਨ ਤੇ ਜਨਰਲ ਸਕੱਤਰ ਵਜੋਂ ਵੀ ਕੰਮ ਕਰ ਚੁੱਕੇ ਹਨ। ਉਹ ਮੇਰੇ ਵੱਡੇ ਭਰਾ ਹਨ ਤੇ ਉਨ੍ਹਾਂ ਨੂੰ ਕੋਈ ਵੀ ਗੱਲ ਕਹਿਣ ਦਾ ਹੱਕ ਹੈ।

ਉਨ੍ਹਾਂ ਕਿਹਾ ਕਿ ਦੇਸ਼ ਦੀ ਸਭ ਤੋਂ ਪੁਰਾਣੀ ਕਾਂਗਰਸ ਪਾਰਟੀ ਧੜਿਆਂ ਨਾਲ ਨਹੀਂ ਮੁੱਦਿਆਂ ਦੇ ਆਧਾਰ 'ਤੇ ਚੱਲਦੀ ਹੈ। ਉਨ੍ਹਾਂ ਨੂੰ ਸੋਨੀਆ ਗਾਂਧੀ ਨੇ ਇਹ ਜ਼ਿੰਮੇਵਾਰੀ ਸੌਂਪੀ ਹੈ ਤੇ ਇਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।



## ਹਾਈਕਮਾਨ ਲੀਡਰਸ਼ਿਪ ਵਿਵਾਦ ਬਾਰੇ ਗੰਭੀਰ: ਚੌਧਰੀ

**ਲੁਧਿਆਣਾ:** ਆਲ ਇੰਡੀਆ ਕਾਂਗਰਸ ਕਮੇਟੀ ਦੇ ਸੀਨੀਅਰ ਆਗੂ ਤੇ ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਹਰੀਸ਼ ਚੌਧਰੀ ਨੇ ਕਿਹਾ ਹੈ ਕਿ ਕਾਂਗਰਸ ਹਾਈਕਮਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵਿਚਾਲੇ ਚੱਲ ਰਹੀ ਬਿਆਨਬਾਜ਼ੀ ਪ੍ਰਤੀ ਗੰਭੀਰ ਹੈ ਤੇ ਸਾਰੀ ਸਥਿਤੀ ਨੂੰ ਬਰੀਕੀ ਨਾਲ ਵਿਚਾਰ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਮਜਬੂਤ ਹੈ ਤੇ ਪੰਜਾਬ ਵਿਚ ਅਕਾਲੀ-ਭਾਜਪਾ ਗਠਜੋੜ ਦੀਆਂ ਵਧੀਕੀਆਂ ਖਿਲਾਫ ਡਟ ਕੇ ਅਵਾਜ਼ ਬੁਲੰਦ ਕਰ ਰਹੀ ਹੈ। ਸ੍ਰੀ ਚੌਧਰੀ ਨੇ ਦੱਸਿਆ ਕਿ ਪੰਜਾਬ ਵਿਚ ਅਮਨ ਕਾਨੂੰਨ ਦੀ ਸਥਿਤੀ ਕਾਫੀ ਨਾਜ਼ੁਕ ਬਣ ਗਈ ਹੈ ਕਿਉਂਕਿ ਸੱਤਾਧਾਰੀ ਪੱਖ ਵੱਲੋਂ ਅਫਸਰਸ਼ਾਹੀ ਦਾ ਸਿਆਸੀਕਰਨ ਕਰ ਦਿੱਤਾ ਗਿਆ ਹੈ, ਜਿਸ ਨਾਲ ਅਫਸਰਸ਼ਾਹੀ ਮਨਮਾਨੀਆਂ ਕਰਕੇ ਆਮ ਲੋਕਾਂ ਉਪਰ ਜਬਰ ਤੇ ਜੁਲਮ ਕਰ ਰਹੀ ਹੈ।

## ਬਾਜਵਾ ਨੂੰ ਲਾਂਭੇ ਕਰਨ ਲਈ ਤਾਲਮੇਲ

**ਚੰਡੀਗੜ੍ਹ:** ਕਿਸੇ ਵੇਲੇ ਕੱਟੜ ਵਿਰੋਧੀ ਰਹੇ ਕੈਪਟਨ ਅਮਰਿੰਦਰ ਸਿੰਘ ਤੇ ਰਾਜਿੰਦਰ ਕੌਰ ਭੱਠਲ ਸੂਬੇ ਦੇ ਪਾਰਟੀ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਘੇਰਨ ਲਈ ਇਕੱਠੇ ਹੋ ਗਏ ਜਾਪਦੇ ਹਨ। ਇਨ੍ਹਾਂ ਦੋਵਾਂ ਨੇ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨਾਲ ਰਲ ਕੇ ਨਵੀਂ ਮਿੱਤਰ ਮੰਡਲੀ ਕਾਇਮ ਕਰ ਲਈ ਹੈ।

ਇਹ ਗੱਲ ਉਦੋਂ ਜ਼ਾਹਰ ਹੋਈ ਜਦੋਂ ਲੋਕ ਸਭਾ ਵਿਚ ਕਾਂਗਰਸ ਦੇ ਉਪ ਆਗੂ ਕੈਪਟਨ ਅਮਰਿੰਦਰ ਸਿੰਘ ਫੁੱਲ ਤੇ ਕੇਕ ਲੈ ਕੇ ਭੱਠਲ ਦੇ 70ਵੇਂ ਜਨਮ ਦਿਨ ਦੀ ਵਧਾਈ ਦੇਣ ਪੁੱਜੇ। ਸੁਨੀਲ ਜਾਖੜ ਤੇ ਸਾਬਕਾ ਮੀਡੀਆ ਸਲਾਹਕਾਰ ਭਰਤਇੰਦਰ ਸਿੰਘ ਚਾਹਲ ਵੀ ਕੈਪਟਨ ਦੇ ਨਾਲ ਸਨ। ਸਮਝਿਆ ਜਾ ਰਿਹਾ ਹੈ ਕਿ ਬੀਬੀ ਭੱਠਲ ਨੇ ਅਮਰਿੰਦਰ ਤੇ ਜਾਖੜ ਨੂੰ ਸੱਦਿਆ ਸੀ ਪਰ ਬਾਜਵਾ ਨੂੰ ਨਹੀਂ।

ਸ੍ਰੀਮਤੀ ਭੱਠਲ ਵਿਧਾਇਕ ਪਰਨੀਤ ਕੌਰ ਦੇ ਸੁਹੰ ਚੁੱਕ ਸਮਾਗਮ ਵਿਚ ਵੀ ਸ਼ਾਮਲ ਹੋਈ ਸੀ। ਕਾਂਗਰਸੀ ਸੂਤਰਾਂ ਦਾ ਕਹਿਣਾ ਹੈ ਕਿ ਬਾਜਵਾ ਵਿਰੁੱਧ ਲੜਾਈ ਵਿਚ ਅਮਰਿੰਦਰ ਸਿੰਘ, ਭੱਠਲ ਨੂੰ ਆਪਣੇ ਨਾਲ ਜੋੜਨਾ ਚਾਹੁੰਦੇ ਹਨ ਤੇ ਉਹ ਬਦਲੇ ਵਿਚ ਆਪਣੇ ਪੁੱਤਰ ਰਾਹੁਲ ਸਿੱਧੂ ਨੂੰ ਪੰਜਾਬ ਯੂਥ ਕਾਂਗਰਸ ਦਾ ਪ੍ਰਧਾਨ ਬਣਾਉਣਾ ਚਾਹੁੰਦੀ ਹੈ।

# ਵਲਾਇਤ 'ਚ ਖੁੱਲ੍ਹੇਗਾ ਇਕ ਹੋਰ ਸਿੱਖ ਸਕੂਲ

**ਲੰਡਨ:** ਬਰਤਾਨਵੀ ਮੈਟਰੋਪੋਲੀਟਨ ਕਾਊਂਟੀ ਵੈਸਟ ਮਿਡਲੈਂਡਜ਼ ਵਿਚ ਇਕ ਨਵਾਂ ਸਿੱਖ ਸਕੂਲ ਖੁੱਲ੍ਹ ਰਿਹਾ ਹੈ। ਸਰਕਾਰ ਦੀ ਮੁਫ਼ਤ ਸਕੂਲ ਪ੍ਰਣਾਲੀ ਤਹਿਤ ਅਗਲੇ ਸਾਲ ਸਤੰਬਰ ਤੱਕ ਵੁਲਵਰਹੈਂਪਟਨ ਕਸਬੇ ਵਿਚ ਬ੍ਰਿਟਿਸ਼ ਸਿੱਖ ਸਕੂਲ ਖੋਲ੍ਹ ਦਿੱਤਾ ਜਾਵੇਗਾ। ਇਸ ਪ੍ਰਣਾਲੀ ਤਹਿਤ ਸਰਕਾਰ ਵੱਲੋਂ ਸਕੂਲ ਚਲਾਉਣ ਲਈ ਫੰਡ ਦਿੱਤੇ ਜਾਂਦੇ ਹਨ ਪਰ ਸਕੂਲ ਦਾ ਪ੍ਰਬੰਧ ਚਲਾਉਣ ਲਈ ਖੁੱਲ੍ਹ ਦਿੱਤੀ ਜਾਂਦੀ ਹੈ।

ਬਰਤਾਨੀਆ ਦੇ ਸਿੱਖਿਆ ਮੰਤਰੀ ਨਿੱਕੀ ਮੌਰਗਨ ਵੱਲੋਂ ਦੇਸ਼ ਭਰ ਵਿਚ 35 ਨਵੇਂ ਮੁਫਤ ਸਕੂਲ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਗਈ ਹੈ ਜਿਨ੍ਹਾਂ ਵਿਚ 11 ਤੋਂ 19 ਸਾਲਾਂ ਦੀ ਉਮਰ ਦੇ 840 ਵਿਦਿਆਰਥੀਆਂ ਨੂੰ ਸਿੱਖਿਆ ਮਿਲੇਗੀ। ਸਿੱਖਿਆ ਮਹਿਕਮੇ ਦੀ ਤਰਜਮਾਨ ਨੇ ਦੱਸਿਆ ਕਿ ਵੁਲਵਰਹੈਂਪਟਨ ਵਿਚ ਖੁੱਲ੍ਹਣ ਵਾਲਾ ਸਕੂਲ ਸਿੱਖ ਸਿਧਾਂਤਾਂ 'ਤੇ ਆਧਾਰਤ ਹੋਵੇਗਾ ਪਰ ਇਸ ਵਿਚ ਸਾਰੇ ਧਰਮਾਂ ਨਾਲ ਸਬੰਧਤ ਬੱਚਿਆਂ ਦਾ ਸਵਾਗਤ ਕੀਤਾ ਜਾਵੇਗਾ।

### ਸਿੱਖਿਆ ਮੰਤਰੀ ਵੱਲੋਂ 35 ਨਵੇਂ ਸਕੂਲਾਂ ਨੂੰ ਪ੍ਰਵਾਨਗੀ

ਉਨ੍ਹਾਂ ਦੱਸਿਆ ਕਿ ਇਸ ਸਕੂਲ ਵਿਚ ਅੰਗਰੇਜ਼ੀ, ਗਣਿਤ, ਸਾਇੰਸ ਤੇ ਤਕਨਾਲੋਜੀ ਸਮੇਤ ਭਰਪੂਰ ਤੇ ਵੱਖ-ਵੱਖ ਪਾਠਕ੍ਰਮ ਦੀ ਪੜ੍ਹਾਈ ਕਰਵਾਈ ਜਾਵੇਗੀ ਤੇ ਇਸ ਦੇ ਨਾਲ ਹੀ ਇੰਜੀਨੀਅਰਿੰਗ ਤੇ ਮੀਡੀਆ ਅਧਿਐਨ ਤੋਂ ਲੈ ਕੇ ਸਿਹਤ ਤੇ ਸਮਾਜਕ ਸਾਂਭ-ਸੰਭਾਲ ਜਿਹੇ ਵਿਸ਼ਿਆਂ ਬਾਰੇ ਵੋਕੇਸ਼ਨਲ ਕੋਰਸਾਂ ਦੀ ਸਿਖਲਾਈ ਵੀ ਦਿੱਤੀ ਜਾਵੇਗੀ।

ਹਾਲ ਹੀ ਵਿਚ ਕੋਵੈਂਟਰੀ ਵਿਖੇ ਸਿੱਖ ਅਸੂਲਾਂ 'ਤੇ ਆਧਾਰਤ ਸੇਵਾ ਸਕੂਲ ਖੋਲ੍ਹਿਆ ਗਿਆ ਹੈ ਜੋ ਕਿ ਵੈਸਟ ਮਿਡਲੈਂਡਜ਼ ਵਿਚ ਹੀ ਪੈਂਦਾ ਹੈ। ਇਸ ਵਿਚ ਚਾਰ ਤੋਂ ਸੱਤ ਸਾਲ ਦੀ ਉਮਰ ਦੇ 130 ਬੱਚੇ ਦਾਖਲ ਕੀਤੇ ਗਏ ਹਨ ਤੇ ਅਗਲੇ ਪੰਜ ਸਾਲਾਂ ਦੌਰਾਨ 4-16 ਸਾਲ ਉਮਰ ਵਰਗ ਦੇ 1450 ਬੱਚੇ ਦਾਖ਼ਲ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਇਸ ਇਲਾਕੇ ਵਿਚ ਸਿੱਖਾਂ ਦੀ ਚੋਖੀ ਆਬਾਦੀ ਹੈ ਤੇ ਇਥੇ ਭਾਈਚਾਰੇ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਸਕੂਲ ਖੋਲ੍ਹਣ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਸੀ।

# ਜਗਮੀਤ ਬਰਾੜ ਨੂੰ ਕਾਂਗਰਸ ਹਾਈ ਕਮਾਨ ਤੋਂ ਰਾਹਤ ਦੀ ਆਸ

**ਚੰਡੀਗੜ੍ਹ:** ਕਾਂਗਰਸ ਆਗੂ ਜਗਮੀਤ ਸਿੰਘ ਬਰਾੜ ਨੇ ਗਿਲਾ ਕੀਤਾ ਹੈ ਕਿ ਪਾਰਟੀ ਵਿਚੋਂ ਉਨ੍ਹਾਂ ਦੀ ਮੁਅੱਤਲੀ ਨੂੰ ਲੈ ਕੇ ਹਾਈ ਕਮਾਨ ਵੱਲੋਂ ਅਜੇ ਤੱਕ ਕਿਸੇ ਤਰ੍ਹਾਂ ਦਾ ਕੋਈ ਹੁੰਗਾਰਾ ਨਹੀਂ ਮਿਲਿਆ। ਸ. ਬਰਾੜ ਨੇ ਕਿਹਾ ਕਿ ਉਨ੍ਹਾਂ ਨੂੰ ਦੁੱਖ ਹੈ ਕਿ ਕਾਂਗਰਸ ਹਾਈ ਕਮਾਨ ਨੇ ਲਿਖੀ ਗਈ ਚਿੱਠੀ ਦਾ ਅਜੇ ਤੱਕ ਕੋਈ ਉੱਤਰ ਨਹੀਂ ਦਿੱਤਾ। ਉਨ੍ਹਾਂ ਨੇ ਇਹ ਚਿੱਠੀ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੂੰ ਲਿਖੀ ਸੀ ਤੇ ਇਸ ਦੀ ਕਾਪੀ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਡਾ. ਸ਼ਕੀਲ ਅਹਿਮਦ ਨੂੰ ਵੀ ਭੇਜੀ ਸੀ। ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਸਾਰੇ ਹਾਲਾਤ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਬਾਅਦ ਫੈਸਲਾ ਕੀਤਾ ਹੈ ਕਿ ਪਹਿਲੀ ਜਨਵਰੀ 2015 ਤੱਕ ਉਡੀਕ ਕਰਨੀ ਚਾਹੀਦੀ ਹੈ। ਉਦੋਂ ਤੱਕ ਹਾਈਕਮਾਨ ਨੇ ਮੁਅੱਤਲੀ ਨੂੰ ਵਾਪਸ ਨਾ ਲਿਆ ਤਾਂ ਉਹ ਨਵੇਂ ਸਾਲ ਦੇ ਪਹਿਲੇ ਦਿਨ ਆਪਣੇ ਰਾਜਨੀਤਿਕ ਭਵਿੱਖ ਬਾਰੇ ਅਹਿਮ ਐਲਾਨ ਕਰਨਗੇ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਇਸ ਸੰਭਾਵੀ ਐਲਾਨ ਦਾ ਪੁਰਾਣੇ ਕਾਂਗਰਸੀ ਤੇ ਅਕਾਲੀ ਦੋਵੇਂ ਧਿਰਾਂ ਸਮਰਥਨ ਕਰਨਗੇ। ਆਪਣੇ ਸੰਭਾਵੀ ਸਿਆਸੀ ਫ਼ੈਸਲੇ ਬਾਰੇ ਕੁਝ ਵੀ ਦੱਸਣ ਤੋਂ ਇਨਕਾਰ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਆਪਣੇ ਸਾਥੀਆਂ ਨਾਲ ਵਿਚਾਰ ਵਟਾਂਦਰਾ ਕਰ ਰਹੇ ਹਨ।

# ਨਸ਼ਿਆਂ ਦੇ ਹੜ੍ਹ ਵਿਚ ਰੁੜ੍ਹ ਚੱਲਿਆ ਹੈ ਆਪਣਾ ਪੰਜ-ਆਬ

**ਪਟਿਆਲਾ:** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਨੇ ਸੂਬੇ ਵਿਚ ਨਸ਼ਿਆਂ ਦੇ ਪਸਾਰ ਦੀ ਬੜੀ ਭਿਆਨਕ ਤਸਵੀਰ ਸਾਹਮਣੇ ਲਿਆਂਦੀ ਹੈ। ਖਾਸਕਰ ਸੂਬੇ ਦੇ ਮਾਲਵਾ ਖੇਤਰ ਵਿਚ ਨਸ਼ੇੜਿਆਂ ਨੇ ਸਰਕਾਰ ਦੀ ਸਖਤੀ ਕਾਰਨ ਭੁੱਕੀ ਦੀ ਥਾਂ ਸਿੰਥੈਟਿਕ ਨਸ਼ਿਆਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ। ਮਾਲਵਾ ਖੇਤਰ ਦੇ ਨਾਲ ਲੱਗਦੇ ਸੂਬੇ ਹਰਿਆਣਾ ਤੇ ਰਾਜਸਥਾਨ ਵਿਚੋਂ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਵਿਚ ਭੁੱਕੀ, ਪੋਸਤ ਸਪਲਾਈ ਹੋ ਰਿਹਾ ਸੀ। ਨਸ਼ੇੜੀਆਂ ਦੀ ਵੱਡੀ ਤਦਾਦ ਦੀ ਅਸਲੀਅਤ ਉਸ ਸਮੇਂ ਸਾਹਮਣੇ ਆਈ ਜਦੋਂ ਭੁੱਕੀ ਮਿਲਣੀ ਬੰਦ ਹੋ ਗਈ ਤੇ ਪੰਜਾਬ ਸਰਕਾਰ ਨੇ ਨਸ਼ੇੜੀਆਂ ਨੂੰ ਨਸ਼ਿਆਂ ਤੋਂ ਨਿਜਾਤ ਦਿਵਾਉਣ ਲਈ ਨਸ਼ਾ ਮੁਕਤੀ ਕੇਂਦਰਾਂ ਵਿਚ ਸੱਦ ਲਿਆ ਸੀ।

ਪੰਜਾਬ ਅੰਦਰਲੇ ਸਮੁੱਚੇ ਨਸ਼ਾ ਛਡਾਓ ਕੇਂਦਰਾਂ ਵਿਚ ਸੈਂਕੜਿਆਂ, ਹਜ਼ਾਰਾਂ ਦੀ ਗਿਣਤੀ ਵਿਚ ਨਸ਼ੇੜੀ ਨਸ਼ਾ ਛੱਡਣ ਲਈ ਪੁੱਜੇ। ਜਦੋਂ ਪੰਜਾਬ ਸਰਕਾਰ ਨੇ ਹਰਿਆਣਾ ਤੇ ਰਾਜਸਥਾਨ ਤੋਂ ਤਸਕਰੀ ਰਾਹੀਂ ਆਉਂਦੀ ਭੁੱਕੀ ਨੂੰ ਸਖਤੀ ਨਾਲ ਰੋਕ ਲਿਆ ਸੀ ਤਾਂ ਨਸ਼ੇੜੀਆਂ ਨੇ ਕਈ ਮੁਜ਼ਾਹਰੇ ਤੇ ਰੋਸ ਰੈਲੀਆਂ ਕੀਤੀਆਂ ਸਨ। ਇਕ ਦੋ ਵਾਰੀ ਪੁਲਿਸ ਦਾ ਲਾਠੀਚਾਰਜ ਵੀ ਝੱਲਣਾ ਪਿਆ ਤੇ ਕੁਝ ਨਸ਼ੇੜੀ ਨਸ਼ਾ ਨਾ ਮਿਲਣ ਕਾਰਨ ਮਰ ਗਏ ਤੇ ਕਈਆਂ ਨੇ ਖੁਦਕੁਸ਼ੀਆਂ ਕਰ ਲਈਆਂ ਸਨ। ਸਰਕਾਰ ਇਸ ਮਾਮਲੇ ਨੂੰ ਲੈ ਕੇ ਬੁਰੀ ਤਰ੍ਹਾਂ ਫਸ ਗਈ ਸੀ ਕਿਉਂਕਿ ਜੇਕਰ ਭੁੱਕੀ ਲਿਆਉਣ ਦੀ ਖੁੱਲ੍ਹ ਦਿੱਤੀ ਜਾਂਦੀ ਤਾਂ ਵਿਰੋਧੀ ਪਾਰਟੀਆਂ ਦੇ ਹੱਥ ਨਸ਼ਿਆਂ ਦੇ ਪਸਾਰ ਦਾ ਵੱਡਾ ਮੁੱਦਾ ਆ ਜਾਣਾ ਸੀ। ਜਦੋਂ ਨਸ਼ੇੜੀਆਂ ਨੂੰ ਨਸ਼ਾ ਛਡਾਓ ਕੇਂਦਰਾਂ ਸੱਦਿਆ ਗਿਆ ਸੀ ਤਾਂ ਉਸ ਸਮੇਂ ਪੰਜਾਬ ਸਰਕਾਰ ਨੇ ਕੇਂਦਰਾਂ ਵਿਚ ਦਵਾਈ ਮੁਫਤ ਦੇਣ ਦੀ ਗੱਲ ਵੀ ਕਹੀ ਸੀ ਪਰ ਜਦੋਂ ਸਮੂਹ ਨਸ਼ੇੜੀ ਇਨ੍ਹਾਂ ਨਸ਼ਾ ਮੁਕਤੀ ਕੇਂਦਰਾਂ ਵਿਚ ਪਹੁੰਚਣੇ ਸ਼ੁਰੂ ਹੋ ਗਏ ਤਾਂ ਸਰਕਾਰ ਆਪਣੇ ਫੈਸਲੇ ਤੋਂ ਪਿੱਛੇ ਹਟ ਗਈ। ਇਸ ਦਵਾਈ ਵਿਚ ਇਕ ਗੋਲੀ 'ਬਿਪਰੋਵਿਨ' ਹੈ। ਕੇਂਦਰ ਸਰਕਾਰ ਦੇ ਮੈਡੀਕਲ ਵਿਭਾਗ ਵੱਲੋਂ ਇਸ ਦੀ ਆਮ ਵਿਕਰੀ 'ਤੇ ਪਾਬੰਦੀ ਲਾਈ ਹੋਈ ਹੈ। ਜੇਕਰ ਕਿਸੇ ਮਰੀਜ਼ ਲਈ ਜ਼ਰੂਰੀ ਦੇਣੀ ਪੈ ਜਾਵੇ ਤਾਂ ਰਾਜ ਸਰਕਾਰ ਦੇ ਉੱਚ ਮੈਡੀਕਲ ਵਿਭਾਗ ਵੱਲੋਂ ਦਿੱਤੀ ਮਨਜ਼ੂਰੀ ਉਪਰੰਤ ਹੀ ਇਹ ਦਵਾਈ ਦਿੱਤੀ ਜਾ ਸਕਦੀ ਹੈ। ਇਸ ਦਵਾਈ ਦਾ ਪੱਤਾ ਜੋ ਕਿ 150 ਰੁਪਏ ਤੋਂ ਲੈ ਕੇ 350 ਰੁਪਏ ਤੱਕ ਵਿਕਦਾ ਸੀ, ਨੂੰ ਹਜ਼ਾਰਾਂ ਨਸ਼ੇੜੀ ਰੋਜ਼ਾਨਾ ਖਰੀਦਦੇ ਸਨ ਜੋ ਕਿ ਉਨ੍ਹਾਂ ਨੂੰ ਕਾਫੀ ਮਹਿੰਗੀ ਪੈਂਦੀ ਸੀ। ਇਹ ਦਵਾਈ ਵੱਡੇ ਪੱਧਰ 'ਤੇ ਬਿਨਾਂ ਕਿਸੇ ਮਨਜ਼ੂਰੀ ਦੇ ਨਸ਼ਾ ਛਡਾਓ ਕੇਂਦਰਾਂ ਵਿਚ ਮੁੱਲ ਵੇਚੀ ਜਾ ਰਹੀ ਹੈ। ਬੇਸ਼ੱਕ ਡਾਕਟਰ ਇਸ ਬਾਰੇ ਪੂਰਾ ਹਿਸਾਬ ਕਿਤਾਬ ਹੋਣ ਦਾ ਦਾਅਵਾ ਕਰਦੇ ਹਨ। ਇਨ੍ਹਾਂ ਨਸ਼ਾ ਛੁਡਾਓ ਕੇਂਦਰਾਂ ਵਿਚ ਰੋਜ਼ਾਨਾ ਤਿੰਨ ਤੋਂ ਪੰਜ ਲੱਖ ਰੁਪਏ ਤੱਕ ਦਵਾਈ ਵੇਚੀ ਜਾਂਦੀ ਸੀ। ਸੂਤਰ ਦੱਸਦੇ ਹਨ ਕਿ ਇਸ ਦਵਾਈ ਨੂੰ ਪੰਜਾਬ ਦੀ ਹੀ ਕੋਈ ਦਵਾਈ ਬਣਾਉਣ ਵਾਲੀ ਫੈਕਟਰੀ ਵਿਚ ਤਿਆਰ ਕੀਤਾ ਜਾਂਦਾ ਸੀ। ਮਾਹਿਰ ਡਾਕਟਰਾਂ ਅਨੁਸਾਰ ਇਸ ਬਿਪਰੋਵਿਨ ਦਵਾਈ ਵਿਚ ਕਾਫੀ ਮਾਤਰਾ ਵਿਚ ਅਜਿਹੇ ਸਾਲਟ ਹੁੰਦੇ ਹਨ ਜਿਹੜੇ ਕਿ ਲਗਾਤਾਰ ਵਰਤਣ ਨਾਲ ਸਰੀਰ 'ਤੇ ਮਾਰੂ ਪ੍ਰਭਾਵ ਪਾਉਂਦੇ ਹਨ।

## ਸਰਕਾਰ ਦੀ ਸਖਤੀ ਕਾਰਨ ਹੁਣ ਸਿੰਥੈਟਿਕ ਨਸ਼ਿਆਂ ਦੀ ਖੁੱਲ੍ਹ ਕੇ ਵਰਤੋਂ




## ਤੰਬਾਕੂਨੋਸ਼ੀ ਦਾ ਰੁਝਾਨ ਵਧਿਆ

**ਚੰਡੀਗੜ੍ਹ:** ਸਿਹਤ ਮਹਿਕਮੇ ਦੇ ਅੰਕੜੇ ਇਹ ਵੀ ਨਸ਼ਰ ਕਰ ਰਹੇ ਹਨ ਕਿ ਸੂਬੇ ਦੇ ਅੰਮ੍ਰਿਤਸਰ, ਗੁਰਦਾਸਪੁਰ, ਲੁਧਿਆਣਾ, ਮੁਹਾਲੀ, ਬਰਨਾਲਾ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਖੁੱਲੇਆਮ ਤੰਬਾਕੂ ਪੀਣ ਦਾ ਰੁਝਾਨ ਬਾਕੀ ਜ਼ਿਲ੍ਹਿਆਂ ਨਾਲੋਂ ਕਿਤੇ ਵੱਧ ਹੈ। ਪਿਛਲੇ ਦੋ ਮਹੀਨਿਆਂ ਦੌਰਾਨ ਸਿਹਤ ਮਹਿਕਮੇ ਦੀਆਂ ਟੀਮਾਂ ਨੇ ਵੱਖ-ਵੱਖ ਜ਼ਿਲ੍ਹਿਆਂ ਵਿਚ ਖੁੱਲੇਆਮ ਬੀੜੀਆਂ-ਸਿਗਰਟਾਂ ਪੀਣ ਵਾਲੇ ਸਾਢੇ ਤਿੰਨ ਹਜ਼ਾਰ ਤੋਂ ਵਧੇਰੇ ਵਿਅਕਤੀਆਂ ਦੇ ਚਾਲਾਨ ਕੱਟੇ ਹਨ। ਇਹ ਜ਼ਿਆਦਾਤਰ ਚਾਲਾਨ ਉਪਰੋਕਤ ਜ਼ਿਲ੍ਹਿਆਂ ਵਿਚ ਵੀ ਕੱਟੇ ਗਏ। ਮਿਲੀ ਜਾਣਕਾਰੀ ਅਨੁਸਾਰ ਮਹਿਕਮੇ ਨੇ ਲੰਘੇ ਜੁਲਾਈ ਤੇ ਅਗਸਤ ਮਹੀਨੇ ਦੌਰਾਨ ਜਨਤਕ ਥਾਂਵਾਂ 'ਤੇ ਬੀੜੀਆਂ-ਸਿਗਰਟਾਂ ਪੀਣ ਵਾਲੇ 3,735 ਵਿਅਕਤੀਆਂ ਦੇ ਚਾਲਾਨ ਕੱਟੇ। ਹਰ ਵਿਅਕਤੀ ਤੋਂ ਚਾਲਾਨ ਵਜੋਂ 200 ਰੁਪਏ ਜ਼ੁਰਮਾਨਾ ਰਾਸ਼ੀ ਵਸੂਲੀ ਗਈ। ਅਗਸਤ ਮਹੀਨੇ ਗੁਰਦਾਸਪੁਰ ਜ਼ਿਲ੍ਹੇ ਵਿਚ 168, ਅੰਮ੍ਰਿਤਸਰ ਵਿਚ 110, ਹੁਸ਼ਿਆਰਪੁਰ ਵਿਚ 281, ਅਜੀਤਗੜ੍ਹ ਵਿਚ 143 ਤੇ ਪਟਿਆਲਾ ਵਿਚ 137 ਚਾਲਾਨ ਕੱਟੇ ਗਏ। ਮਹਿਕਮੇ ਨੇ ਇਸ ਸਾਲ ਜਨਵਰੀ ਮਹੀਨੇ ਤੋਂ ਚਾਲਾਨ ਕੱਟਣ ਦਾ ਅਮਲ ਆਰੰਭਿਆ ਸੀ, ਜਿਸ ਤਹਿਤ ਜਨਵਰੀ ਤੋਂ ਅਗਸਤ ਮਹੀਨੇ ਤੱਕ ਜਨਤਕ ਥਾਂਵਾਂ 'ਤੇ ਬੀੜੀਆਂ ਸਿਗਰਟਾਂ ਪੀਣ ਵਾਲੇ ਕੁੱਲ 15 ਹਜ਼ਾਰ 549 ਵਿਅਕਤੀਆਂ ਦੇ ਚਾਲਾਨ ਕੱਟੇ ਗਏ। ਇਨ੍ਹਾਂ ਵਿਚੋਂ ਅੰਮ੍ਰਿਤਸਰ ਜ਼ਿਲ੍ਹੇ ਵਿਚ ਖੁੱਲੇਆਮ ਬੀੜੀ-ਸਿਗਰਟ ਪੀਣ ਵਾਲੇ 1159, ਬਰਨਾਲਾ ਵਿਚ 1564, ਗੁਰਦਾਸਪੁਰ ਵਿਚ 1313, ਹੁਸ਼ਿਆਰਪੁਰ ਵਿਚ 1282, ਰੂਪਨਗਰ ਵਿਚ 1325 ਤੇ ਮੁਹਾਲੀ ਵਿਚ 1211 ਵਿਅਕਤੀਆਂ ਦੇ ਚਾਲਾਨ ਕੱਟੇ ਗਏ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ 552 ਚਾਲਾਨ ਤੇ ਪਟਿਆਲਾ ਵਿਚ 757 ਚਾਲਾਨ ਕੱਟੇ ਗਏ, ਜਦਕਿ ਬਾਕੀ ਜ਼ਿਲ੍ਹਿਆਂ ਵਿਚ ਕੱਟੇ ਗਏ ਚਾਲਾਨਾਂ ਦੀ ਗਿਣਤੀ 500 (ਪ੍ਰਤੀ ਜ਼ਿਲ੍ਹਾ) ਤੋਂ ਘੱਟ ਹੈ।

# ਡੇਰਾ ਸਿਰਸਾ ਮੁਖੀ ਦੀ ਪੰਜਾਬ ਫੇਰੀ ਲਈ ਪ੍ਰਬੰਧਕ ਕਾਹਲੇ

**ਬਠਿੰਡਾ:** ਡੇਰਾ ਸਿਰਸਾ ਦੇ ਪ੍ਰਬੰਧਕ ਕਾਨੂੰਨੀ ਲੜਾਈ ਜਿੱਤਣ ਮਗਰੋਂ ਹੁਣ ਪੰਜਾਬ ਵਿਚ ਡੇਰਾ ਮੁਖੀ ਦੇ ਪੈਰ ਪਵਾਉਣ ਲਈ ਕਾਹਲੇ ਹਨ। ਡੇਰਾ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਡੇਰਾ ਮੁਖੀ ਦੇ ਆਉਣ 'ਤੇ ਕੋਈ ਕਾਨੂੰਨੀ ਪਾਬੰਦੀ ਨਹੀਂ ਹੈ। ਦੱਸਣਯੋਗ ਹੈ ਕਿ ਡੇਰਾ ਸਿਰਸਾ ਦੇ ਮੁਖੀ ਦਾ ਪੰਜਾਬ ਵਿਚ ਆਖਰੀ ਸਤਿਸੰਗ 13 ਮਈ 2007 ਨੂੰ ਹੋਇਆ ਸੀ ਜਿਸ ਤੋਂ ਬਖੇੜਾ ਖੜ੍ਹਾ ਹੋ ਗਿਆ ਸੀ।



ਤਕਰੀਬਨ ਸਵਾ ਸੱਤ ਵਰ੍ਹਿਆਂ ਤੋਂ ਡੇਰਾ ਮੁਖੀ ਦਾ ਪੰਜਾਬ ਵਿਚ ਦਾਖਲਾ ਨਹੀਂ ਹੋਇਆ। ਸ੍ਰੀ ਅਕਾਲ ਤਖ਼ਤ ਤੋਂ 19 ਮਈ 2007 ਨੂੰ ਡੇਰਾ ਸਿਰਸਾ ਖ਼ਿਲਾਫ਼ ਹੁਕਮਨਾਮਾ ਜਾਰੀ ਹੋ ਗਿਆ ਸੀ। ਇੰਜ ਹੀ, ਬਠਿੰਡਾ ਦੇ ਥਾਣਾ ਕੋਤਵਾਲੀ ਦੀ ਪੁਲਿਸ ਨੇ 20 ਮਈ 2007 ਨੂੰ ਡੇਰਾ ਮੁਖੀ ਖ਼ਿਲਾਫ਼ ਧਾਰਾ 295 ਏ ਤਹਿਤ ਕੇਸ ਦਰਜ ਕਰ ਲਿਆ ਸੀ। ਲੰਬੀ ਕਾਨੂੰਨੀ ਲੜਾਈ ਮਗਰੋਂ ਜ਼ਿਲ੍ਹਾ ਅਦਾਲਤ ਬਠਿੰਡਾ ਨੇ ਸੱਤ ਅਗਸਤ 2014 ਨੂੰ ਡੇਰਾ ਮੁਖੀ ਖ਼ਿਲਾਫ਼ ਕੇਸ ਨੂੰ ਖਾਰਜ ਕਰ ਦਿੱਤਾ ਸੀ। ਡੇਰਾ ਸੱਚਾ ਸੌਦਾ ਸਿਰਸਾ ਨੇ ਹੁਣ ਡੇਰਾ ਮੁਖੀ ਦਾ ਪੰਜਾਬ ਵਿਚ ਸਤਿਸੰਗ ਕਰਾਉਣ ਲਈ ਮੁਹਿੰਮ ਵਿੱਢ ਦਿੱਤੀ ਹੈ।

ਇਸ ਬਾਰੇ ਪਿੰਡਾਂ ਦੇ ਸਰਪੰਚਾਂ ਤੋਂ ਲਿਖਤੀ ਸਹਿਮਤੀ ਲਈ ਜਾ ਰਹੀ ਹੈ। ਕਈ ਸਰਪੰਚਾਂ ਦੇ ਸਹਿਮਤੀ ਪੱਤਰ ਡੇਰਾ ਸਿਰਸਾ ਪੁੱਜ ਗਏ ਹਨ। ਮਿਲੀ ਜਾਣਕਾਰੀ ਅਨੁਸਾਰ ਡੇਰਾ ਸਿਰਸਾ ਵੱਲੋਂ ਇਕ ਪੱਤਰ ਤਿਆਰ ਕੀਤਾ ਗਿਆ ਹੈ ਜੋ ਕਿ ਪੰਜਾਬ ਦੇ ਸਰਪੰਚਾਂ ਨੂੰ ਸੰਬੋਧਤ ਹੈ। ਇਸ ਪੱਤਰ ਵਿਚ ਆਖਿਆ ਗਿਆ ਹੈ ਕਿ ਉਹ ਨਸ਼ਿਆਂ, ਭਰੂਣ ਹੱਤਿਆ ਆਦਿ ਸਮਾਜਿਕ ਕੁਰੀਤੀਆਂ ਖ਼ਿਲਾਫ਼ ਇਕ ਸਤਿਸੰਗ ਕਰਨਾ ਚਾਹੁੰਦੇ ਹਨ ਜਿਸ ਵਾਸਤੇ ਸਰਪੰਚਾਂ ਤੋਂ ਸਹਿਯੋਗ ਦੀ ਮੰਗ ਕੀਤੀ ਗਈ ਹੈ। ਡੇਰਾ ਪ੍ਰਬੰਧਕਾਂ ਨੇ ਬਲਾਕ ਪੱਧਰ ਦੇ ਆਗੂਆਂ ਨੂੰ ਇਹ ਪੱਤਰ ਵੰਡੇ ਹਨ, ਜਿਨ੍ਹਾਂ ਨੇ ਪਿੰਡ-ਪਿੰਡ ਜਾ ਕੇ ਸਹਿਮਤੀ ਪੱਤਰਾਂ 'ਤੇ ਸਰਪੰਚਾਂ ਦੇ ਦਸਤਖ਼ਤ ਕਰਾਏ ਹਨ। ਹਲਕਾ ਰਾਮਪੁਰਾ ਦੇ ਬਲਾਕ ਆਗੂ ਦਰਸ਼ਨ ਸਿੰਘ ਪ੍ਰੇਮੀ ਦਾ ਕਹਿਣਾ ਸੀ ਕਿ ਡੇਰਾ ਸਿਰਸਾ ਵੱਲੋਂ ਇਹ ਨਸ਼ਿਆਂ ਖ਼ਿਲਾਫ਼ ਸਤਿਸੰਗ ਹੋਣਾ ਹੈ, ਜਿਸ ਵਾਸਤੇ ਉਸ ਦੇ ਅਧਿਕਾਰ ਖੇਤਰ ਵਾਲੇ ਅੱਠ ਪਿੰਡਾਂ ਦੇ ਸਰਪੰਚਾਂ ਨੇ ਲਿਖਤੀ ਸਹਿਮਤੀ ਦੇ ਦਿੱਤੀ ਹੈ। ਪਿੰਡ ਦੂਲੇਵਾਲਾ ਦੀ ਸਰਪੰਚ ਪਰਮਜੀਤ ਕੌਰ ਦਾ ਕਹਿਣਾ ਸੀ ਕਿ ਪੱਤਰ ਵਿਚ ਸਰਪੰਚਾਂ ਤੋਂ ਨਸ਼ਿਆਂ ਖ਼ਿਲਾਫ਼ ਸਹਿਯੋਗ ਮੰਗਿਆ ਸੀ ਤੇ ਉਨ੍ਹਾਂ ਨੇ ਨਸ਼ਿਆਂ ਖ਼ਿਲਾਫ਼ ਸਹਿਮਤੀ ਦਿੱਤੀ ਹੈ। ਪਿੰਡ ਬੁਰਜ ਰਾਜਗੜ੍ਹ ਦੀ ਸਰਪੰਚ ਕਿਰਨਜੀਤ ਕੌਰ ਦਾ ਕਹਿਣਾ ਸੀ ਕਿ ਨਸ਼ਿਆਂ ਦੀ ਬੁਰਾਈ ਖਾਤਰ ਉਨ੍ਹਾਂ ਨੇ ਲਿਖਤੀ ਹਾਮੀ ਭਰੀ ਹੈ। ਉਹ ਨਸ਼ਿਆਂ ਦੇ ਖ਼ਿਲਾਫ਼ ਹਨ।

ਪਿੰਡ ਆਦਮਪੁਰਾ ਦੇ ਸਰਪੰਚ ਗੁਰਦੀਪ ਸਿੰਘ ਦਾ ਕਹਿਣਾ ਸੀ ਕਿ ਡੇਰਾ ਸਿਰਸਾ ਦਾ ਨਸ਼ਿਆਂ ਖ਼ਿਲਾਫ਼ ਵੱਡਾ ਸਮਾਗਮ ਕਰਨਾ ਚੰਗਾ ਉਪਰਾਲਾ ਹੈ। ਸਰਪੰਚਾਂ ਦੇ ਪੱਤਰਾਂ ਨੂੰ ਅਧਿਕਾਰੀਆਂ ਅੱਗੇ ਲੋਕ ਸਹਿਮਤੀ ਦੇ ਰੂਪ ਵਿਚ ਪੇਸ਼ ਕੀਤਾ ਜਾਣਾ ਹੈ। ਯਾਦ ਰਹੇ ਕਿ ਪਿਛਲੇ ਸਮੇਂ ਦੌਰਾਨ ਡੇਰਾ ਪ੍ਰੇਮੀਆਂ ਅਤੇ ਸਿੱਖਾਂ ਦੀਆਂ ਕੁਝ ਜਥੇਬੰਦੀਆਂ ਵਿਚਕਾਰ ਬੜਾ ਤਣਾਅ ਰਿਹਾ ਹੈ। ਕੁਝ ਕੁ ਥਾਂਈਂ ਤਾਂ ਦੋਹਾਂ ਧੜਿਆਂ ਵਿਚਕਾਰ ਝੜਪਾਂ ਵੀ ਹੋ ਚੁੱਕੀਆਂ ਹਨ।

## ਕਸ਼ਮੀਰ ਹੜ੍ਹਾਂ ਦੌਰਾਨ 281 ਮੌਤਾਂ ਦੀ ਪੁਸ਼ਟੀ, 29 ਲਾਪਤਾ

**ਸ੍ਰੀਨਗਰ:** ਕਸ਼ਮੀਰ ਘਾਟੀ ਵਿਚ ਹਾਲ ਹੀ ਵਿਚ ਆਏ ਹੜ੍ਹਾਂ ਦੌਰਾਨ ਮਰਨ ਵਾਲਿਆਂ ਦੀ ਗਿਣਤੀ ਦੀ ਪੁਸ਼ਟੀ ਕਰਦਿਆਂ ਅਧਿਕਾਰੀਆਂ ਨੇ ਦੱਸਿਆ ਕਿ ਇਸ ਭਿਆਨਕ ਕੁਦਰਤੀ ਆਫਤਾ ਦੌਰਾਨ 281 ਵਿਅਕਤੀਆਂ ਦੀ ਮੌਤ ਹੋ ਗਈ। ਇਨ੍ਹਾਂ ਤੋਂ ਇਲਾਵਾ 29 ਵਿਅਕਤੀ ਹਾਲੇ ਲਾਪਤਾ ਹਨ। ਪਿਛਲੇ ਸੌ



ਸਾਲਾਂ ਦੌਰਾਨ ਕਸ਼ਮੀਰ ਵਿਚ ਆਏ ਸਭ ਤੋਂ ਭਿਆਨਕ ਹੜ੍ਹਾਂ ਵਿਚ 2 ਲੱਖ ਇਮਾਰਤਾਂ ਤਬਾਹ ਹੋ ਗਈਆਂ ਜਿਨ੍ਹਾਂ ਵਿਚ ਪੂਰੀ ਤਰ੍ਹਾਂ ਤਬਾਹ ਹੋਣ ਵਾਲੇ 40 ਹਜ਼ਾਰ ਘਰ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਸੜਕਾਂ, ਪੁਲਾਂ, ਬਿਜਲੀ ਤੇ ਸੰਚਾਰ ਨੈੱਟਵਰਕ ਵੀ ਪੂਰੀ ਤਰ੍ਹਾਂ ਤਬਾਹ ਹੋ ਗਏ। ਸੈਰ-ਸਪਾਟਾ ਨਿਰਦੇਸ਼ਕ ਤਲਤ ਪ੍ਰਵੇਜ਼ ਨੇ ਦੱਸਿਆ ਕਿ ਕਸ਼ਮੀਰ ਘਾਟੀ ਵਿਚ ਫੈਲਿਆ ਸੈਲਾਨੀ ਢਾਂਚਾ ਪੂਰੀ ਤਰ੍ਹਾਂ ਸਹੀ-ਸਲਾਮਤ ਹੈ ਤੇ ਇਸ ਨੂੰ ਕੋਈ ਵੱਡਾ ਨੁਕਸਾਨ ਨਹੀਂ ਹੋਇਆ।

ਤਲਤ ਨੇ ਪਹਿਲਗਾਮ ਦੇ ਵਿਸ਼ਵ ਪ੍ਰਸਿੱਧ ਹੈਲਥ ਰਿਜ਼ੋਰਟ ਦਾ ਦੌਰਾ ਕਰਦਿਆਂ ਕਿਹਾ ਕਿ ਪਹਿਲਗਾਮ ਵਿਚ ਸਾਰੀਆਂ ਝੌਂਪੜੀਆਂ, ਹੋਟਲ, ਗੈਸਟ ਹਾਊਸ ਤੇ ਹੋਰ ਸੈਲਾਨੀ ਢਾਂਚਾ ਸਹੀ-ਸਲਾਮਤ ਹੈ। ਉਨ੍ਹਾਂ ਕਿਹਾ ਕਿ ਉਹ ਦੇਸ਼-ਵਿਦੇਸ਼ ਦੇ ਸਾਰੇ ਸੈਲਾਨੀਆਂ ਨੂੰ ਦੱਸਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਕਿ ਇਥੇ ਹਾਲਾਤ ਬਿਲਕੁਲ ਆਮ ਹਨ।

# ਹਮਲਿਆਂ ਕਾਰਨ ਸਹਿਮ 'ਚ ਪਾਕਿਸਤਾਨੀ ਸਿੱਖ

**ਪਿਸ਼ਾਵਰ:** ਪਾਕਿਸਤਾਨ ਦੇ ਗੜਬੜ ਵਾਲੇ ਇਸ ਸ਼ਹਿਰ ਦੇ ਸਿੱਖਾਂ ਵਿਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਪਿਛਲੇ ਸਮੇਂ ਦੌਰਾਨ ਸਿੱਖਾਂ 'ਤੇ ਹੋਏ ਹਮਲਿਆਂ ਨੇ ਉਨ੍ਹਾਂ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਆਪਣੀਆਂ ਰੰਗਦਾਰ ਪਗੜੀਆਂ ਕਰਕੇ ਦੂਰੋਂ ਹੀ ਪਛਾਣੇ ਜਾਂਦੇ ਸਿੱਖਾਂ 'ਤੇ ਹਮਲਿਆਂ ਨੇ ਉਨ੍ਹਾਂ ਨੂੰ ਦੁਚਿੱਤੀ ਵਿਚ ਪਾ ਦਿੱਤਾ ਹੈ। ਦਵਾਈਆਂ ਦੀ ਦੁਕਾਨ ਚਲਾ ਰਿਹਾ ਅਮਰਜੀਤ ਸਿੰਘ ਉਸ ਸਮੇਂ ਹੋਰ ਡਰ ਜਾਂਦਾ ਹੈ ਜਦੋਂ ਕੋਈ ਵਿਅਕਤੀ ਉਨ੍ਹਾਂ ਦੀ ਦੁਕਾਨ ਅੰਦਰ ਆਉਂਦਾ ਹੈ। ਉਸ ਦਾ ਕਹਿਣਾ, "ਹਮੇਸ਼ਾ ਡਰ ਬਣਿਆ ਰਹਿੰਦਾ ਹੈ ਕਿ ਆਉਣ ਵਾਲਾ ਬੰਦਾ ਗਾਹਕ ਹੈ ਜਾਂ ਹਮਲਾਵਰ।"

ਅਮਰਜੀਤ ਸਿੰਘ (40) ਦਾ ਕਹਿਣਾ ਹੈ ਕਿ ਡਰ ਕਾਰਨ ਸਿੱਖਾਂ ਨੇ ਗੁਰਦੁਆਰੇ ਜਾਣਾ ਵੀ ਛੱਡ ਦਿੱਤਾ ਹੈ। ਸਿੱਖਾਂ ਨੇ ਬੱਚਿਆਂ ਨੂੰ ਸਕੂਲ ਭੇਜਣਾ ਬੰਦ ਕਰ ਦਿੱਤਾ ਹੈ ਤੇ 60 ਫੀਸਦੀ ਤੋਂ ਵੱਧ ਸਿੱਖਾਂ ਨੇ ਦੁਕਾਨਾਂ ਵੀ ਬੰਦ ਕਰ ਦਿੱਤੀਆਂ ਹਨ। ਪਿਛਲੇ ਡੇਢ ਸਾਲਾਂ ਦੌਰਾਨ ਅੱਠ ਸਿੱਖਾਂ ਦਾ ਕਤਲ ਕੀਤਾ ਜਾ ਚੁੱਕਿਆ ਹੈ। ਉਸ ਦਾ ਕਹਿਣਾ ਸੀ ਕਿ ਭਾਈਚਾਰੇ ਦੇ ਲੋਕਾਂ 'ਤੇ ਪਾਕਿਸਤਾਨ ਵਿਚ ਹਮਲੇ ਲਗਾਤਾਰ ਵਧ ਰਹੇ ਹਨ ਜਿਥੇ ਇਸਲਾਮਿਕ ਅੱਤਵਾਦੀ ਉਨ੍ਹਾਂ ਨੂੰ ਕਾਫਰਾਂ ਵਜੋਂ ਦੇਖਦੇ ਹਨ। ਬਹੁਤੇ ਸਿੱਖ ਪਾਕਿਸਤਾਨ ਨੂੰ ਉਸ ਥਾਂ ਵਜੋਂ ਸਮਝਦੇ ਹਨ ਜਿਥੋਂ ਸਿੱਖ ਧਰਮ ਦੀ ਸ਼ੁਰੂਆਤ ਹੋਈ। ਸਿੱਖ ਮਤ ਦਾ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਵਿਚ ਲਾਹੌਰ ਨੇੜੇ ਛੋਟੇ ਜਿਹੇ ਪਿੰਡ ਵਿਚ ਹੋਇਆ ਸੀ।

ਗੁਲਾਬੀ ਪੱਗ ਬੰਨ ਕੇ ਤੇ ਚੌਂਕੜੀ ਮਾਰ ਕੇ ਆਪਣੀ ਦੁਕਾਨ ਵਿਚ ਬੈਠੇ 40 ਸਾਲਾ ਅਮਰਜੀਤ ਸਿੰਘ ਨੇ ਦੱਸਿਆ ਕਿ ਸਿੱਖ ਭਾਈਚਾਰੇ ਦੇ ਲੋਕ ਤਾਂ ਇੰਨੇ ਡਰੇ ਹੋਏ ਹਨ ਕਿ ਕਈਆਂ ਨੇ ਤਾਂ ਗੁਰਦੁਆਰੇ ਜਾਣਾ ਛੱਡ ਦਿੱਤਾ ਹੈ। ਉਸ ਦਾ ਕਹਿਣਾ ਕਿ ਪਿਛਲੇ 22 ਸਾਲ ਤੋਂ ਉਹ ਇਹ ਕਾਰੋਬਾਰ ਕਰ ਰਿਹਾ ਹੈ। ਆਪਣੀ ਜ਼ਿੰਦਗੀ ਵਿਚ ਕਦੇ ਵੀ ਇਸ ਤਰ੍ਹਾਂ ਦਾ ਅਸੁਰੱਖਿਆ ਵਾਲਾ ਮਾਹੌਲ ਨਹੀਂ ਦੇਖਿਆ। ਸੁਰੱਖਿਆ ਚਿੰਤਾਵਾਂ ਕਾਰਨ ਸਾਡੀਆਂ 60 ਫ਼ੀਸਦੀ ਦੁਕਾਨਾਂ ਬੰਦ ਹੋ ਗਈਆਂ ਹਨ। ਮਾਪੇ ਬੱਚਿਆਂ ਨੂੰ ਸਕੂਲ ਨਹੀਂ ਭੇਜ ਰਹੇ। ਪਿਛਲੇ ਮਹੀਨੇ ਇਕ ਹੋਰ ਸਿੱਖ ਹਰਜੀਤ ਸਿੰਘ ਨੂੰ ਪਿਸ਼ਾਵਰ ਵਿਚ ਉਸ ਦੀ ਦੇਸੀ ਜੜ੍ਹੀਆਂ ਬੂਟੀਆਂ ਦੀ ਦੁਕਾਨ 'ਤੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ।

ਇਕ ਬਜ਼ੁਰਗ ਸਿੱਖ ਸਰਦਾਰ ਚਰਨਜੀਤ ਸਿੰਘ ਦਾ ਕਹਿਣਾ ਕਿ ਪਾਕਿਸਤਾਨ ਸਾਡੇ ਲਈ ਪਵਿੱਤਰ ਥਾਂ ਹੈ, ਇਹ ਸਿੱਖ ਮਤ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਦਾ ਜਨਮ ਸਥਾਨ ਹੈ। ਸਾਡੀ ਇਹ ਮਾਤ ਭੂਮੀ ਹੈ, ਅਸੀਂ ਇਸ ਭੂਮੀ ਨੂੰ ਪਿਆਰ ਕਰਦੇ ਹਾਂ। ਉਨ੍ਹਾਂ ਕਿਹਾ ਕਿ ਲੋਕ ਬਹੁਤ ਡਰੇ ਹੋਏ ਹਨ, ਸਾਡੇ ਲਈ ਇਹ ਬੜਾ ਦੁਖਦਾਈ ਸਮਾਂ ਹੈ। ਸੀਨੀਅਰ ਪੁਲਿਸ ਅਧਿਕਾਰੀ ਨਜੀਬ-ਉਰ-ਰਹਿਮਾਨ ਨੇ ਕਿਹਾ ਕਿ ਸਿੱਖਾਂ ਦੇ ਇਲਾਕਿਆਂ ਤੇ ਗੁਰਦੁਆਰਿਆਂ ਦੇ ਬਾਹਰ ਪੁਲਿਸ ਲਗਾਤਾਰ ਗਸ਼ਤ ਕਰਦੀ ਰਹਿੰਦੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਘੱਟ-ਗਿਣਤੀਆਂ ਦੀ ਸੁਰੱਖਿਆ ਲਈ ਹਰ ਸੰਭਵ ਯਤਨ ਕੀਤੇ ਜਾਂਦੇ ਰਹਿਣਗੇ।

## ਪੰਜਾਬ ਕਾਂਗਰਸ ਨੇ ਮੋਦੀ ਅੱਗੇ ਰੱਖਿਆ ਸਿੱਖਾਂ ਦੀ ਸੁਰੱਖਿਆ ਦਾ ਮੁੱਦਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਨਰੇਂਦਰ ਮੋਦੀ ਸਰਕਾਰ ਨੂੰ ਪਾਕਿਸਤਾਨ ਵਿਚ ਘੱਟ ਗਿਣਤੀਆਂ ਤੇ ਖ਼ਾਸ ਕਰਕੇ ਸਿੱਖਾਂ ਦੀ ਅਸੁਰੱਖਿਆ ਦਾ ਮੁੱਦਾ ਮਜ਼ਬੂਤੀ ਨਾਲ ਪਾਕਿਸਤਾਨ ਸਰਕਾਰ ਕੋਲ ਚੁੱਕਣ ਲਈ ਕਿਹਾ ਹੈ। ਇਸ ਬਾਰੇ ਸੰਕਲਪ ਇਥੇ ਕੀਤੀ ਗਈ ਸਾਰੀਆਂ ਜ਼ਿਲ੍ਹਾ ਕਾਂਗਰਸ ਕਮੇਟੀਆਂ ਦੀ ਮੀਟਿੰਗ ਦੌਰਾਨ ਲਿਆ ਗਿਆ।

ਸੰਕਲਪ ਦੌਰਾਨ ਪਾਕਿਸਤਾਨ ਵਿਚ ਸਿੱਖਾਂ ਦੀ ਮਾੜੀ ਹਾਲਤ ਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਂਦਿਆਂ ਡੇਢ ਸਾਲਾਂ ਦੌਰਾਨ ਅੱਠ ਸਿੱਖਾਂ ਨੂੰ ਕਤਲ ਕੀਤੇ ਜਾਣ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਗਈ। ਸੰਕਲਪ ਦੌਰਾਨ ਹੁਣੇ ਜਿਹੇ ਪਾਕਿਸਤਾਨ ਤੋਂ ਭਾਰਤ ਆਏ ਹਿੰਦੂਆਂ ਬਾਰੇ ਵੀ ਜ਼ਿਕਰ ਕੀਤਾ ਗਿਆ, ਜਿਨ੍ਹਾਂ ਨੂੰ ਹੁਣ ਤੱਕ ਵਸਾਇਆ ਜਾਣਾ ਬਾਕੀ ਹੈ।

## ਸੁਰੱਖਿਆ ਮੰਗਣ ਵਾਲੇ ਪ੍ਰੇਮੀ ਜੋੜਿਆਂ ਦੀ ਗਿਣਤੀ ਵਧੀ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਸ਼ਰਨ ਵਿਚ ਪੁੱਜਣ ਵਾਲੇ ਪ੍ਰੇਮੀ ਜੋੜਿਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋਇਆ ਹੈ। ਇਨ੍ਹਾਂ ਵਿਚ ਘਰ ਤੋਂ ਭੱਜ ਕੇ ਵਿਆਹ ਕਰਵਾਉਣ ਅਤੇ ਬਾਅਦ ਵਿਚ ਪੁਲਿਸ ਤੋਂ ਬਚਣ ਲਈ ਕਮਿਸ਼ਨ ਦਾ ਦਰਵਾਜ਼ਾ ਖੜਕਾਉਣ ਵਾਲੇ ਜੋੜੇ ਸ਼ਾਮਲ ਹਨ। ਪਿਛਲੇ ਤਿੰਨ ਸਾਲਾਂ ਵਿਚ ਮਾਪਿਆਂ ਦੀ ਇੱਛਾ ਦੇ ਉਲਟ ਵਿਆਹ ਕਰਵਾਉਣ ਵਾਲੇ 1640 ਜੋੜਿਆਂ ਨੇ ਕਮਿਸ਼ਨ ਕੋਲ ਸ਼ਰਨ ਲਈ ਹੈ।

ਅੰਕੜਿਆਂ ਅਨੁਸਾਰ ਪ੍ਰੇਮੀ ਜੋੜਿਆਂ ਵੱਲੋਂ ਸ਼ਰਨ ਲੈਣ ਦਾ ਪਲੇਠਾ ਕੇਸ 2011 ਵਿਚ ਆਇਆ ਸੀ ਅਤੇ ਪਹਿਲੇ ਸਾਲ ਹੀ ਇਹ ਗਿਣਤੀ ਕਈ ਸੈਂਕੜਿਆਂ ਨੂੰ ਪਾਰ ਕਰ ਗਈ ਸੀ। ਕਮਿਸ਼ਨ ਦੇ 1997 ਵਿਚ ਹੋਂਦ ਵਿਚ ਆਉਣ ਤੋਂ ਲੈ ਕੇ 2010 ਤੱਕ ਇੱਕ ਵੀ ਅਜਿਹੀ ਅਰਜ਼ੀ ਨਹੀਂ ਮਿਲੀ ਸੀ। ਕਮਿਸ਼ਨ ਦੇ ਇੱਕ ਅਧਿਕਾਰੀ ਦਾ ਦੱਸਣਾ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਮਾਪਿਆਂ ਦੀ ਇੱਛਾ ਦੇ ਉਲਟ ਵਿਆਹ ਕਰਵਾਉਣ ਵਾਲੇ ਲੜਕੀ ਲੜਕਿਆਂ ਲਈ ਜ਼ਿਲ੍ਹਾ ਪੱਧਰ 'ਤੇ ਸ਼ੈਲਟਰ ਹੋਮ ਖੋਲ੍ਹਣ ਦੇ ਹੁਕਮ ਦੇਣ ਤੋਂ ਬਾਅਦ ਕਮਿਸ਼ਨ ਕੋਲ ਅਰਜ਼ੀਆਂ ਦਾ ਵਹਾਅ ਸ਼ੁਰੂ ਹੋਇਆ। ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਰਾਜ ਭਰ ਵਿਚ ਜ਼ਿਲ੍ਹਾ ਪੱਧਰ 'ਤੇ ਸ਼ੈਲਟਰ ਹੋਮ ਖੋਲ੍ਹੇ ਗਏ ਹਨ ਜਿੱਥੇ ਮਰਜ਼ੀ ਨਾਲ ਵਿਆਹ ਕਰਾਉਣ ਤੋਂ ਬਾਅਦ ਇਨ੍ਹਾਂ ਨੂੰ ਰਹਿਣ ਲਈ ਥਾਂ ਹੀ ਨਹੀਂ, ਸਗੋਂ ਪੁਲਿਸ ਸੁਰੱਖਿਆ ਵੀ ਦਿੱਤੀ ਜਾਂਦੀ ਹੈ।

ਕਮਿਸ਼ਨ ਕੋਲ ਸਾਲ 2011 ਵਿਚ ਸ਼ਰਨ ਲੈਣ ਲਈ ਅਰਜ਼ੀ ਦੇਣ ਵਾਲੇ ਜੋੜਿਆਂ ਦੀ ਗਿਣਤੀ 297 ਸੀ ਜੋ 2012 ਵਿਚ ਵਧ ਕੇ 427 ਅਤੇ 2013 ਵਿਚ 519 ਹੋ ਗਈ। ਸਤੰਬਰ 2014 ਤੱਕ 397 ਜੋੜੇ ਸ਼ਰਨ ਲੈਣ ਲਈ ਅਰਜ਼ੀ ਦੇ ਚੁੱਕੇ ਹਨ। ਕਮਿਸ਼ਨ ਵੱਲੋਂ ਜੋੜਿਆਂ ਨੂੰ ਸ਼ਰਨ ਦੇਣ ਦੀ ਸਿਫਾਰਸ਼ ਕਰਨ ਤੋਂ ਪਹਿਲਾਂ ਉਨ੍ਹਾਂ ਬਾਰੇ ਪੂਰੀ ਤਰ੍ਹਾਂ ਤਫ਼ਤੀਸ਼ ਕੀਤੀ ਜਾਂਦੀ ਹੈ ਤੇ ਆਪਸੀ ਰਜ਼ਾਮੰਦੀ ਦਾ ਸਬੂਤ ਲਿਆ ਜਾਂਦਾ ਹੈ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)




# ਵਿਧਾਇਕਾਂ ਵੱਲੋਂ ਵਿਧਾਨ ਸਭਾ ਵਿਚ ਬੋਲਣ ਤੋਂ ਵੀ ਸਰਫਾ

## ਬਜਟ ਸੈਸ਼ਨ ਦੌਰਾਨ ਕਈਆਂ ਨੇ ਸੁਆਲਾਂ ਦਾ ਖਾਤਾ ਵੀ ਨਾ ਖੋਲ੍ਹਿਆ



**ਚੰਡੀਗੜ੍ਹ:** ਪੰਜਾਬ ਦੇ ਵਿਧਾਇਕਾਂ ਨੇ ਐਤਕੀਂ ਬਜਟ ਸੈਸ਼ਨ ਦੌਰਾਨ ਬੋਲਣ ਵਿਚ ਵੀ ਰੱਜ ਕੇ ਸਰਫਾ ਵਰਤਿਆ। ਕਈ ਵਿਧਾਇਕਾਂ ਨੇ ਤਾਂ ਸੁਆਲਾਂ ਵਾਲਾ ਖਾਤਾ ਹੀ ਨਹੀਂ ਖੋਲ੍ਹਿਆ। ਉਨ੍ਹਾਂ ਇਸ ਸੈਸ਼ਨ ਵਿਚ ਲੋਕਾਂ ਦੇ ਮੁੱਦੇ ਲਿਖਤੀ ਰੂਪ ਵਿਚ ਉਠਾਉਣ ਦੀ ਖੇਚਲ ਹੀ ਨਹੀਂ ਕੀਤੀ। ਸੈਸ਼ਨ ਇਸ ਵਾਰ 15 ਜੁਲਾਈ ਤੋਂ 22 ਜੁਲਾਈ ਤੱਕ ਚੱਲਿਆ ਸੀ। ਸੈਸ਼ਨ ਦੌਰਾਨ ਸਿਰਫ਼ 49 ਵਿਧਾਇਕਾਂ ਨੇ ਹੀ ਲਿਖਤੀ ਸੁਆਲ ਪੁੱਛੇ ਸਨ ਜਦੋਂ ਕਿ ਤਕਰੀਬਨ 33 ਵਿਧਾਇਕਾਂ ਨੇ ਕੋਈ ਸਟਾਰਡ ਜਾਂ ਅਣਸਟਾਰਡ ਸੁਆਲ ਪੁੱਛਿਆ ਹੀ ਨਹੀਂ। ਖਾਤਾ ਨਾ ਖੋਲ੍ਹਣ ਵਾਲੇ ਵਿਧਾਇਕਾਂ ਵਿਚ ਸਭਨਾਂ ਸਿਆਸੀ ਧਿਰਾਂ ਦੇ ਪ੍ਰਤੀਨਿਧ ਸ਼ਾਮਲ ਹਨ।

ਵਿਧਾਨ ਸਭਾ ਸਕੱਤਰੇਤ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਸੂਚਨਾ ਮੁਤਾਬਕ ਬਜਟ ਸੈਸ਼ਨ ਦੌਰਾਨ ਕਾਂਗਰਸੀ ਵਿਧਾਇਕ ਅਰਵਿੰਦ ਖੰਨਾ ਤੇ ਹਰਦਿਆਲ ਸਿੰਘ ਕੰਬੋਜ ਨੇ ਤਾਂ ਅਸੈਂਬਲੀ ਵਿਚ ਪੈਰ ਹੀ ਨਹੀਂ ਪਾਇਆ। ਉਹ ਪੂਰਾ ਸਮਾਂ ਗੈਰਹਾਜ਼ਰ ਰਹੇ। ਵਿਧਾਇਕਾਂ ਵੱਲੋਂ ਇਸ ਸੈਸ਼ਨ ਵਿਚ ਕੁਲ 319 ਸੁਆਲ ਪੁੱਛੇ ਗਏ ਸਨ ਜਿਨ੍ਹਾਂ ਵਿਚੋਂ 102 ਸਟਾਰਡ ਸੁਆਲ ਸਨ ਜਿਨ੍ਹਾਂ ਦਾ ਜੁਆਬ ਸੈਸ਼ਨ ਵਿਚ ਹੀ ਜ਼ੁਬਾਨੀ ਦਿੱਤਾ ਗਿਆ ਜਦੋਂ ਕਿ 71 ਸੁਆਲ ਅਣਸਟਾਰਡ ਸਨ ਜਿਨ੍ਹਾਂ ਦਾ ਜੁਆਬ ਲਿਖਤੀ ਰੂਪ ਵਿਚ ਦਿੱਤਾ ਗਿਆ। ਇਸੇ ਤਰ੍ਹਾਂ 146 ਸੀ.ਯੂ. (ਕਨਵਰਟਡ ਅਣਸਟਾਰਡ) ਸੁਆਲ ਸਨ ਜਿਨ੍ਹਾਂ ਦਾ ਜੁਆਬ ਸੈਸ਼ਨ ਖਤਮ ਹੋਣ ਮਗਰੋਂ ਲਿਖਤੀ ਰੂਪ ਵਿਚ ਵਿਧਾਇਕਾਂ ਨੂੰ ਭੇਜਿਆ ਗਿਆ।

ਜਿਨ੍ਹਾਂ ਵਿਧਾਇਕਾਂ ਨੇ ਇਸ ਸੈਸ਼ਨ ਦੌਰਾਨ ਖਾਤਾ ਨਹੀਂ ਖੋਲ੍ਹਿਆ, ਉਨ੍ਹਾਂ ਵਿਚ ਮਾਨਸਾ ਤੋਂ ਪ੍ਰੇਮ ਮਿੱਤਲ, ਬਰਨਾਲਾ ਤੋਂ ਸਿਰਫ ਢਿੱਲੋਂ, ਮਹਿਲਾ ਕਲਾਂ ਤੋਂ ਹਰਚੰਦ ਕੌਰ, ਮੋਗਾ ਤੋਂ ਜੋਗਿੰਦਰ ਜੈਨ, ਨਿਹਾਲ ਸਿੰਘ ਵਾਲਾ ਤੋਂ ਰਾਜਵਿੰਦਰ ਕੌਰ, ਬਾਘਾ ਪੁਰਾਣਾ ਤੋਂ ਮਹੇਸ਼ਇੰਦਰ ਸਿੰਘ, ਧੂਰੀ ਤੋਂ ਅਰਵਿੰਦ ਖੰਨਾ, ਜ਼ੀਰਾ ਤੋਂ ਹਰੀ ਸਿੰਘ ਜੀਰਾ, ਲੁਧਿਆਣਾ ਜ਼ਿਲ੍ਹੇ ਤੋਂ ਮਨਪ੍ਰੀਤ ਸਿੰਘ ਇਯਾਲੀ, ਅਮਰੀਕ ਸਿੰਘ ਸਮਰਾਲਾ, ਗਿੱਦੜਬਾਹਾ ਤੋਂ ਅਮਰਿੰਦਰ ਸਿੰਘ ਰਾਜਾ ਵੜਿੰਗ, ਹੁਸ਼ਿਆਰਪੁਰ ਤੋਂ ਸੁਰਜੀਤ ਕੌਰ ਸ਼ਾਹੀ, ਬਟਾਲਾ ਤੋਂ ਅਸ਼ਵਨੀ ਸੇਖੜੀ, ਖਡੂਰ ਸਾਹਿਬ ਤੋਂ ਰਮਨਜੀਤ ਸਿੰਘ ਆਦਿ ਸ਼ਾਮਲ ਹਨ।

ਇਵੇਂ ਹੀ ਪਠਾਨਕੋਟ ਦੇ ਭੋਆ ਹਲਕੇ ਤੋਂ ਸੀਮਾ ਕੁਮਾਰੀ, ਪਠਾਨਕੋਟ ਤੋਂ ਅਸ਼ਵਨੀ ਕੁਮਾਰ ਸ਼ਰਮਾ, ਸੁਜਾਨਪੁਰ ਤੋਂ ਦਿਨੇਸ਼ ਸਿੰਘ ਬੱਬੂ, ਜਲੰਧਰ ਛਾਉਣੀ ਤੋਂ ਪਰਗਟ ਸਿੰਘ, ਨਕੋਦਰ ਤੋਂ ਗੁਰਪ੍ਰਤਾਪ ਸਿੰਘ ਵਡਾਲਾ, ਫਗਵਾੜਾ ਤੋਂ ਸੋਮ ਪ੍ਰਕਾਸ਼, ਅੰਮ੍ਰਿਤਸਰ ਕੇਂਦਰੀ ਤੋਂ ਓ.ਪੀ. ਸੋਨੀ, ਜੰਡਿਆਲਾ ਤੋਂ ਬਲਜੀਤ ਸਿੰਘ, ਰਾਜਾਸਾਸੀਂ ਤੋਂ ਸੁਖਬਿੰਦਰ ਸਿੰਘ ਸਰਕਾਰੀਆ ਤੇ ਡਾ. ਰਾਜ ਕੁਮਾਰ ਆਦਿ ਵੀ ਲਿਖਤੀ ਸੁਆਲ ਨਾ ਪੁੱਛਣ ਵਾਲਿਆਂ ਵਿਚ ਸ਼ਾਮਲ ਰਹੇ। ਮਾਨਸਾ ਤੋਂ ਅਕਾਲੀ ਵਿਧਾਇਕ ਪ੍ਰੇਮ ਮਿੱਤਲ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਸੈਸ਼ਨ ਵਿਚ ਮਾਨਸਾ ਦੀ ਸਨਅਤ ਦਾ ਮਸਲਾ ਤਾਂ ਉਠਾਇਆ ਸੀ ਪਰ ਸੁਆਲ ਐਤਕੀ ਕੋਈ ਨਹੀਂ ਲਗਾਇਆ।

ਗਿੱਦੜਬਾਹਾ ਤੋਂ ਕਾਂਗਰਸੀ ਵਿਧਾਇਕ ਅਮਰਿੰਦਰ ਰਾਜਾ ਵੜਿੰਗ ਦਾ ਕਹਿਣਾ ਸੀ ਕਿ ਉਹ ਬਜਟ ਸੈਸ਼ਨ ਤੋਂ ਪਹਿਲਾ ਵਿਦੇਸ਼ ਗਿਆ ਹੋਇਆ ਸੀ ਜਿਸ ਕਰਕੇ ਉਹ ਐਤਕੀਂ ਸੁਆਲ ਨਹੀਂ ਲਗਾ ਸਕਿਆ। ਉਨ੍ਹਾਂ ਆਖਿਆ ਕਿ ਇਸ ਤੋਂ ਪਹਿਲਾਂ ਹਰ ਸੈਸ਼ਨ ਵਿਚ ਉਨ੍ਹਾਂ ਦੇ ਲਗਾਤਾਰ ਸੁਆਲ ਲੱਗਦੇ ਰਹੇ ਹਨ। ਇਵੇਂ ਹੀ ਲੁਧਿਆਣਾ ਤੋਂ ਵਿਧਾਇਕ ਸਿਮਰਜੀਤ ਸਿੰਘ ਬੈਂਸ ਦਾ ਕਹਿਣਾ ਸੀ ਕਿ ਉਨ੍ਹਾਂ ਦੋਵਾਂ ਵਿਧਾਇਕ ਭਰਾਵਾਂ ਨੇ ਐਤਕੀਂ ਸੈਸ਼ਨ ਲਈ ਅੱਠ ਸੁਆਲ ਭੇਜੇ ਸਨ ਪਰ ਸੈਸ਼ਨ ਵਿਚ ਲੱਗੇ ਨਹੀਂ ਹਨ। ਉਨ੍ਹਾਂ ਨੇ ਆਪਣੀ ਤਰਫੋਂ ਡਿਊਟੀ ਨਿਭਾ ਦਿੱਤੀ ਸੀ। ਮਿਲੇ ਵੇਰਵਿਆਂ ਅਨੁਸਾਰ ਵਿਧਾਇਕ ਪਰਮਿੰਦਰ ਸਿੰਘ ਪਿੰਕੀ, ਕੁਲਜੀਤ ਸਿੰਘ ਨਾਗਰਾ, ਦਰਸ਼ਨ ਸਿੰਘ ਕੋਟਫੱਤਾ, ਤ੍ਰਿਪਤ ਰਜਿੰਦਰ ਸਿੰਘ ਬਾਜਵਾ ਤੇ ਮਨਜੀਤ ਸਿੰਘ ਮੀਆਂਵਿੰਡ ਨੇ ਸੈਸ਼ਨ ਵਿਚ ਦੋ-ਦੋ ਹੀ ਲਿਖਤੀ ਸੁਆਲ ਪੁੱਛੇ।

## ਸੁਆਲ ਪੁੱਛਣ ਪੱਖੋਂ ਵਿਧਾਇਕ ਬਲਬੀਰ ਸਿੰਘ ਸਿੱਧੂ ਮੋਹਰੀ

ਸ਼ੈਸਨ ਵਿਚ ਸਭ ਤੋਂ ਜ਼ਿਆਦਾ ਸੁਆਲ ਪੁੱਛਣ ਪੱਖੋਂ ਮੁਹਾਲੀ ਤੋਂ ਵਿਧਾਇਕ ਬਲਬੀਰ ਸਿੰਘ ਸਿੱਧੂ ਮੋਹਰੀ ਰਹੇ। ਇਨ੍ਹਾਂ ਨੇ 17 ਸੁਆਲ ਪੁੱਛੇ। ਦੂਜੇ ਨੰਬਰ 'ਤੇ ਮੁਕੇਰੀਆਂ ਦੇ ਵਿਧਾਇਕ ਰਜਨੀਸ਼ ਕੁਮਾਰ ਰਹੇ ਹਨ ਜਿਨ੍ਹਾਂ 16 ਸੁਆਲ ਪੁੱਛੇ। ਹਰਦਿਆਲ ਸਿੰਘ ਕੰਬੋਜ ਪੂਰਾ ਸਮਾਂ ਸੈਸ਼ਨ ਵਿਚੋਂ ਗੈਰਹਾਜ਼ਰ ਰਹੇ ਪਰ ਉਨ੍ਹਾਂ ਲਿਖਤੀ ਰੂਪ ਵਿਚ 12 ਸੁਆਲ ਪੁੱਛੇ। ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਤੇ ਭਾਜਪਾ ਦੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਨੇ ਕੋਈ ਸੁਆਲ ਨਹੀਂ ਪੁੱਛਿਆ ਹੈ। ਲੁਧਿਆਣਾ ਸ਼ਹਿਰ ਵਿਚੋਂ ਅਜ਼ਾਦ ਚੋਣ ਜਿੱਤਣ ਵਾਲੇ ਬੈਂਸ ਭਰਾਵਾਂ ਨੇ ਵੀ ਇਸ ਸੈਸ਼ਨ ਵਿਚ ਕੋਈ ਲਿਖਤੀ ਸੁਆਲ ਨਹੀਂ ਪੁੱਛਿਆ ਹੈ। ਮਹਿਲਾ ਵਿਧਾਇਕਾਂ ਚੋਂ ਸਭ ਤੋਂ ਜ਼ਿਆਦਾ ਇਸ ਸੈਸ਼ਨ ਵਿਚ ਸੁਆਲ ਸ਼ੁਤਰਾਣਾ ਹਲਕੇ ਤੋਂ ਵਿਧਾਇਕਾ ਵਨਿੰਦਰ ਕੌਰ ਲੂੰਬਾ ਨੇ ਪੁੱਛੇ ਹਨ ਉਨ੍ਹਾਂ ਨੇ ਸੱਤ ਸੁਆਲ ਪੁੱਛੇ। ਪੰਜਾਬ ਵਿਧਾਨ ਸਭਾ ਵੱਲੋਂ ਪਿਛਲੇ ਸਮੇਂ ਵਿਚ ਸਰਵੋਤਮ ਵਿਧਾਨਕਾਰ ਐਲਾਨੇ ਹਰਦੇਵ ਅਰਸ਼ੀ (ਕਮਿਊਨਿਸਟ ਆਗੂ) ਦਾ ਪ੍ਰਤੀਕਰਮ ਸੀ ਕਿ ਅਸਲ ਵਿਚ ਹੁਣ ਚੁਣੇ ਜਾਂਦੇ ਵਿਧਾਇਕਾਂ ਦੀ ਲੋਕ ਮੁੱਦਿਆਂ ਦੀ ਸਿਆਸਤ ਨਹੀਂ ਹੈ ਬਲਕਿ ਉਨ੍ਹਾਂ ਲਈ ਸਿਆਸਤ ਇਕ ਵਪਾਰ ਹੈ ਜਿਸ ਕਰਕੇ ਉਨ੍ਹਾਂ ਦੀ ਵਿਧਾਨ ਸਭਾ ਵਿਚ ਕੋਈ ਸੁਆਲ ਪੁੱਛਣ ਦੀ ਰੁਚੀ ਹੀ ਨਹੀਂ ਹੁੰਦੀ ਹੈ।

# ਬੁੱਟਰ ਕਲਾਂ ਵਿਚ ਮਾਂ-ਪੁੱਤ ਦੀ ਹੱਤਿਆ

**ਬੱਧਨੀ ਕਲਾਂ:** ਪਿੰਡ ਬੁੱਟਰ ਕਲਾਂ ਵਿਚ ਮਾਂ-ਪੁੱਤ ਦੀ ਭੇਤਭਰੀ ਹਾਲਤ ਵਿਚ ਹੱਤਿਆ ਹੋ ਗਈ। ਇਸ ਘਟਨਾ ਦਾ ਪਤਾ ਪਿੰਡ ਵਾਸੀਆਂ ਨੂੰ 24 ਘੰਟੇ ਬਾਅਦ ਲੱਗਾ।

ਪੁਲਿਸ ਨੇ ਪਿੰਡ ਦੇ ਸਰਪੰਚ ਦਰਸ਼ਨ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰ ਲਿਆ ਹੈ। ਪੁਲਿਸ ਮੁਤਾਬਕ ਮ੍ਰਿਤਕ ਔਰਤ ਜਸਮੇਲ ਕੌਰ ਪਤਨੀ ਮਰਹੂਮ ਜਰਨੈਲ ਸਿੰਘ ਪਿੰਡ ਬੁੱਟਰ ਕਲਾਂ ਵਿਚ ਆਪਣੇ ਨੌਵੀਂ ਜਮਾਤ ਵਿਚ ਪੜ੍ਹਦੇ ਪੁੱਤਰ ਰਣਜੀਤ ਸਿੰਘ ਉਰਫ਼ ਰਿੰਕੂ ਨਾਲ ਰਹਿੰਦੀ ਸੀ। ਮੁੱਢਲੀ ਜਾਂਚ ਦੌਰਾਨ ਪਤਾ ਲੱਗਾ ਕਿ ਜਸਮੇਲ ਕੌਰ ਦੇ ਸਿਰ ਵਿਚ ਸੱਟਾਂ ਦੇ ਨਿਸ਼ਾਨ ਹਨ ਤੇ ਉਸ ਦੇ ਲੜਕੇ ਰਿੰਕੂ ਦਾ ਗਲ ਘੁੱਟ ਕੇ ਕਤਲ ਕੀਤਾ ਗਿਆ ਹੈ।

ਘਟਨਾ ਸਮੇਂ ਉਸ ਨੇ ਸਕੂਲ ਦੀ ਵਰਦੀ ਪਹਿਨੀ ਹੋਈ ਸੀ। ਉਸ ਦੇ ਮੂੰਹ ਵਿਚ ਕੱਪੜਾ ਤੁੰਨਿਆ ਹੋਇਆ ਸੀ। ਜਸਮੇਲ ਕੌਰ ਦੀ ਲਾਸ਼ ਬੈੱਡ ਕੋਲ ਤੇ ਲੜਕੇ ਰਣਜੀਤ ਸਿੰਘ ਉਰਫ਼ ਰਿੰਕੂ ਦੀ ਲਾਸ਼ ਬਾਥਰੂਮ ਮੂਹਰੇ ਪਈ ਸੀ ਤੇ ਟੀ.ਵੀ. ਉੱਚੀ ਆਵਾਜ਼ ਵਿਚ ਚੱਲ ਰਿਹਾ ਸੀ।

ਪਿੰਡ ਬੁੱਟਰ ਕਲਾਂ ਦੇ ਸਰਪੰਚ ਦਰਸ਼ਨ ਸਿੰਘ ਨੇ ਦੱਸਿਆ ਕਿ ਜਸਮੇਲ ਕੌਰ ਦੇ ਪਤੀ ਜਰਨੈਲ ਸਿੰਘ ਦੀ ਤਕਰੀਬਨ 10 ਸਾਲ ਪਹਿਲਾਂ ਮੌਤ ਹੋ ਗਈ ਸੀ। ਉਸ ਦੀ ਪਹਿਲੀ ਘਰ ਵਾਲੀ ਦੀ ਮੌਤ ਹੋਣ ਮਗਰੋਂ ਉਸ ਨੇ ਜਸਮੇਲ ਕੌਰ ਨਾਲ ਦੂਜਾ ਵਿਆਹ ਕਰਵਾਇਆ ਸੀ। ਜਰਨੈਲ ਸਿੰਘ ਦੀ ਪਹਿਲੀ ਪਤਨੀ ਦੇ ਦੋ ਲੜਕੇ ਤੇ ਜਸਮੇਲ ਕੌਰ ਆਪਣੇ ਪੁੱਤ ਸਮੇਤ ਪਾਤੜਾਂ ਰੋਡ, ਸੰਗਰੂਰ ਵਿਚ ਰਹਿੰਦੀ ਸੀ।

ਤਕਰੀਬਨ ਚਾਰ ਸਾਲ ਪਹਿਲਾਂ ਜਸਮੇਲ ਕੌਰ ਆਪਣੇ ਪੁੱਤਰ ਰਣਜੀਤ ਸਿੰਘ ਉਰਫ਼ ਰਿੰਕੂ ਨਾਲ ਪਿੰਡ ਬੁੱਟਰ ਕਲਾਂ ਵਿਚ ਆ ਕੇ ਰਹਿਣ ਲੱਗ ਪਈ ਸੀ। ਉਸ ਕੋਲ ਤਕਰੀਬਨ ਚਾਰ ਏਕੜ ਜ਼ਮੀਨ ਤੋਂ ਇਲਾਵਾ ਸੰਗਰੂਰ ਵਿਚ ਇਕ ਕੋਠੀ ਵੀ ਦੱਸੀ ਜਾਂਦੀ ਹੈ।

# ਦਲ ਖਾਲਸਾ ਵੱਲੋਂ ਇਨਸਾਫ ਮਾਰਚ ਦਾ ਐਲਾਨ

**ਹੁਸ਼ਿਆਰਪੁਰ:** ਨਵੰਬਰ 1984 ਦੇ ਸਿੱਖ ਕਤਲੇਆਮ ਦੀ 30ਵੀਂ ਬਰਸੀ ਮੌਕੇ ਦਲ ਖਾਲਸਾ ਵੱਲੋਂ ਅਕਾਲ ਤਖ਼ਤ ਤੋਂ ਦਿੱਲੀ ਸਥਿਤ ਸੰਯੁਕਤ ਰਾਸ਼ਟਰ ਦੇ ਦੂਤਘਰ ਤੱਕ ਦੋ ਰੋਜ਼ਾ 'ਹੱਕ ਤੇ ਇਨਸਾਫ਼ ਮਾਰਚ' ਕੀਤਾ ਜਾਵੇਗਾ। ਇਹ ਐਲਾਨ ਜਥੇਬੰਦੀ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕੀਤਾ। ਉਨ੍ਹਾਂ 'ਦਿੱਲੀ ਚਲੋ' ਦਾ ਨਾਅਰਾ ਦਿੰਦਿਆਂ ਕਿਹਾ ਕਿ ਦਿੱਲੀ ਵਿਚ ਸਿੱਖ ਕਤਲੇਆਮ ਹੋਏ ਨੂੰ 30 ਸਾਲ ਹੋ ਗਏ ਪਰ ਪੀੜਤਾਂ ਨੂੰ ਇਨਸਾਫ਼ ਅੱਜ ਤੱਕ ਨਹੀਂ ਮਿਲਿਆ। ਇਸ ਕਰਕੇ ਇਸ ਵਰ੍ਹੇ ਦਿੱਲੀ ਸਥਿਤ ਸੰਯੁਕਤ ਰਾਸ਼ਟਰ ਦੇ ਦਫ਼ਤਰ ਤੱਕ ਇਨਸਾਫ਼ ਮਾਰਚ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।



ਉਨ੍ਹਾਂ ਕਿਹਾ ਕਿ ਜਿਸ ਦੇਸ਼ ਦੇ ਸਿਆਸੀ ਸਿਸਟਮ ਨੇ ਅਜਿਹੇ ਕਾਂਡ ਦੀ ਪੁਸ਼ਤਪਨਾਹੀ ਕੀਤੀ ਹੋਵੇ, ਉਸ ਤੋਂ ਇਨਸਾਫ਼ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਉਨ੍ਹਾਂ ਦੱਸਿਆ ਕਿ ਇਨਸਾਫ਼ ਮਾਰਚ ਦੋ ਨਵੰਬਰ ਨੂੰ ਅਕਾਲ ਤਖ਼ਤ ਸਾਹਿਬ ਤੋਂ ਕਤਲ ਹੋਇਆਂ ਨਮਿਤ ਅਰਦਾਸ ਕਰਨ ਮਗਰੋਂ ਰਵਾਨਾ ਹੋਵੇਗਾ ਤੇ ਲੁਧਿਆਣਾ ਤੇ ਫ਼ਤਿਹਗੜ੍ਹ ਸਾਹਿਬ ਤੋਂ ਹੁੰਦਾ ਹੋਇਆ ਗੁਰਦੁਆਰਾ ਬੰਗਲਾ ਸਾਹਿਬ ਪੁੱਜੇਗਾ।

ਇਸ ਮਗਰੋਂ ਯੂ.ਐਨ.ਓ. ਦੇ ਦੂਤਘਰ ਲਈ ਰਵਾਨਾ ਹੋਵੇਗਾ, ਜਿਥੇ ਸੰਯੁਕਤ ਰਾਸ਼ਟਰ ਦੇ ਉੱਚ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਇਸੇ ਦਿਨ ਜੰਤਰ ਮੰਤਰ ਵਿਚ ਰੈਲੀ ਵੀ ਕੀਤੀ ਜਾਵੇਗੀ। ਦਲ ਖਾਲਸਾ ਦੇ ਪ੍ਰਧਾਨ ਨੇ ਕਿਹਾ ਕਿ ਇਸ ਮਾਰਚ ਵਿਚ ਸ਼ਾਮਲ ਹੋਣ ਲਈ ਕਸ਼ਮੀਰੀ, ਨਾਗਾ, ਇਸਾਈ ਤੇ ਮਨੁੱਖੀ ਅਧਿਕਾਰਾਂ ਦੇ ਸਰਗਰਮ ਆਗੂਆਂ ਨੂੰ ਸੱਦਾ ਦਿੱਤਾ ਗਿਆ ਹੈ। ਹਮ ਖਿਆਲੀ ਪੰਥਕ ਸੰਸਥਾਵਾਂ ਜਿਵੇਂ ਅਕਾਲੀ ਦਲ (ਪੰਚ ਪ੍ਰਧਾਨੀ), ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ, ਯੂਨਾਈਟਿਡ ਸਿੱਖ ਮੂਵਮੈਂਟ ਤੇ ਸ਼੍ਰੋਮਣੀ ਖਾਲਸਾ ਪੰਚਾਇਤ ਦੇ ਆਗੂਆਂ ਤੇ ਵਰਕਰਾਂ ਨੂੰ ਨਾਲ ਲਿਆ ਜਾਵੇਗਾ।

# ਪੰਜਾਬ ਦੇ ਲੋਕਾਂ ਉਤੇ ਪਾਇਆ 110 ਕਰੋੜ ਦਾ ਨਵਾਂ ਬੋਝ

**ਚੰਡੀਗੜ੍ਹ:** ਅਕਾਲੀ ਭਾਜਪਾ ਸਰਕਾਰ ਵੱਲੋਂ ਡੀਜ਼ਲ ਤੇਲ ਉੱਤੇ ਇਕ ਫੀਸਦੀ ਵੈਟ ਚੁੱਪ ਚੁਪੀਤੇ ਹੀ ਵਧਾ ਦਿੱਤਾ ਗਿਆ ਹੈ। ਇਸ ਨਾਲ ਲੋਕਾਂ ਉੱਤੇ 110 ਕਰੋੜ ਰੁਪਏ ਦਾ ਸਾਲਾਨਾ ਬੋਝ ਪੈਣ ਦਾ ਅਨੁਮਾਨ ਹੈ। ਸਭ ਤੋਂ ਜ਼ਿਆਦਾ ਭਾਰ ਖੇਤੀ ਖੇਤਰ 'ਤੇ ਪਵੇਗਾ। ਸੂਬੇ ਵਿਚ ਡੀਜ਼ਲ ਦੀ ਕੁੱਲ ਖ਼ਪਤ ਦਾ 50 ਫੀਸਦੀ ਹਿੱਸਾ ਖੇਤੀ ਖੇਤਰ ਵਿਚ ਹੀ ਵਰਤਿਆ ਜਾਂਦਾ ਹੈ। ਇਕ ਅੰਦਾਜ਼ੇ ਮੁਤਾਬਕ ਸੂਬੇ ਵਿਚ 90 ਲੱਖ ਲੀਟਰ ਡੀਜ਼ਲ ਦੀ ਰੋਜ਼ਾਨਾ ਵਿੱਕਰੀ ਹੁੰਦੀ ਹੈ।

ਪੰਜਾਬ ਵਿਚ ਹੁਣ ਸਾਰੇ ਉੱਤਰੀ ਭਾਰਤ ਨਾਲੋਂ ਡੀਜ਼ਲ ਮਹਿੰਗਾ ਹੋ ਗਿਆ ਹੈ। ਉੱਤਰੀ ਭਾਰਤ ਦੇ ਪੰਜ ਸੂਬਿਆਂ ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ ਤੇ ਜੰਮੂ ਕਸ਼ਮੀਰ ਨੂੰ ਡੀਜ਼ਲ ਮਹਿੰਗਾ ਕਰਨ ਦੇ ਮਾਮਲੇ ਵਿਚ ਪੰਜਾਬ ਨੇ ਪਛਾੜ ਦਿੱਤਾ ਹੈ। ਹੁਣ ਖ਼ਪਤਕਾਰਾਂ ਨੂੰ ਡੀਜ਼ਲ ਪਹਿਲਾਂ ਨਾਲੋਂ 59 ਪੈਸੇ ਪ੍ਰਤੀ ਲੀਟਰ ਮਹਿੰਗਾ ਮਿਲੇਗਾ। ਟਰਾਂਸਪੋਰਟ ਦੇ ਧੰਦੇ 'ਤੇ ਵੀ ਇਸ ਦਾ ਅਸਰ ਪਵੇਗਾ। ਮਹੱਤਵਪੂਰਨ ਤੱਥ ਇਹ ਹੈ ਕਿ ਗੁਆਂਢੀ ਸੂਬਿਆਂ ਵਿਚ ਡੀਜ਼ਲ ਦੇ ਭਾਅ ਘੱਟ ਹਨ ਜਦੋਂ ਕਿ ਖੇਤੀ ਪ੍ਰਧਾਨ ਸੂਬੇ ਵਿਚ ਡੀਜ਼ਲ ਦੀਆਂ ਕੀਮਤਾਂ ਵਧਾ ਦਿੱਤੀਆਂ ਗਈਆਂ ਹਨ। ਹਰਿਆਣਾ ਵਿਚ ਹੁਣ ਪੰਜਾਬ ਨਾਲੋਂ 70 ਪੈਸੇ ਪ੍ਰਤੀ ਲੀਟਰ ਡੀਜ਼ਲ ਸਸਤਾ ਹੋ ਗਿਆ ਹੈ। ਸੂਬਾ ਸਰਕਾਰ ਵੱਲੋਂ ਇਹ ਫੈਸਲਾ ਮਾਲੀ ਘਾਟਾ ਦੂਰ ਕਰਨ ਲਈ ਲਿਆ ਗਿਆ ਹੈ। ਲੋਕ ਸਭਾ ਚੋਣਾਂ ਤੋਂ ਬਾਅਦ ਕਿਸਾਨਾਂ ਤੇ ਟਰਾਂਸਪੋਰਟਰਾਂ ਲਈ ਇਹ ਵੱਡਾ ਝਟਕਾ ਹੈ।

ਪੰਜਾਬ ਵਿਚ ਡੀਜ਼ਲ 'ਤੇ ਵੈਟ 9.75 ਫੀਸਦੀ ਕਰ ਦਿੱਤਾ ਗਿਆ ਹੈ ਤੇ ਸਰਕਾਰ ਨੇ 10 ਫੀਸਦੀ ਸਰਚਾਰਜ ਲਾਇਆ ਹੋਇਆ ਹੈ। ਇਸੇ ਤਰ੍ਹਾਂ ਇਨਫਰਾਸਟਰਕਚਰ ਫੰਡ ਵੀ ਉਗਰਾਹਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਇਸ ਸੂਬੇ ਵਿਚ ਡੀਜ਼ਲ ਦੀ ਕੀਮਤ ਜ਼ਿਆਦਾ ਹੈ। ਸਰਕਾਰ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਡੀਜ਼ਲ ਤੇਲ 'ਤੇ ਟੈਕਸ ਵਧਾਉਣ ਦਾ ਮੁੱਦਾ ਵਿਚਾਰਿਆ ਜਾ ਰਿਹਾ ਸੀ ਪਰ ਰਾਜਸੀ ਕਾਰਨਾ ਤੇ ਲੋਕ ਸਭਾ ਚੋਣਾਂ ਕਾਰਟ ਵੈਟ ਵਧਾਉਣ ਦਾ ਮੁੱਦਾ ਲਗਾਤਾਰ ਟਾਲਿਆ ਜਾ ਰਿਹਾ ਸੀ। ਕਰ ਤੇ ਆਬਕਾਰੀ ਵਿਭਾਗ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਅਧੀਨ ਹੈ। ਮੰਤਰੀ ਮੰਡਲ ਨੇ ਉਪ ਮੁੱਖ ਮੰਤਰੀ ਨੂੰ ਟੈਕਸ ਤਰਕਸੰਗਤ ਕਰਨ ਦਾ ਅਧਿਕਾਰ ਦੇ ਦਿੱਤਾ ਸੀ। ਇਸ ਤਰ੍ਹਾਂ ਨਾਲ ਸਰਕਾਰ ਨੇ ਚੁੱਪ ਚਪੀਤੇ ਹੀ ਕਿਸਾਨਾਂ ਉੱਤੇ ਕਰੋੜਾਂ ਰੁਪਏ ਦਾ ਬੋਝ ਲੱਦ ਦਿੱਤਾ ਹੈ।

ਪੈਟਰੋਲ ਪੰਪ ਐਸੋਸੀਏਸ਼ਨ ਦੇ ਪ੍ਰਧਾਨ ਜੇ.ਪੀ. ਖੰਨਾ ਨੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਦੱਸਿਆ ਕਿ ਹਰਿਆਣਾ ਵਿਚ ਡੀਜ਼ਲ ਉਤੇ ਪੰਜ ਤੇ ਪੰਜਾਬ ਵਿਚ 10 ਫ਼ੀਸਦੀ ਸਰਚਾਰਜ ਸੀ। ਹੁਣ ਇਕ ਫ਼ੀਸਦੀ ਵੈਟ ਵਧਣ ਨਾਲ ਪੰਜਾਬ ਨਾਲੋਂ ਹਰਿਆਣਾ ਦੇ ਡੀਜ਼ਲ ਦੇ ਮੁੱਲ ਵਿਚ 12 ਪੈਸੇ ਦਾ ਫ਼ਰਕ ਆ ਗਿਆ ਹੈ।

## ਸਰਕਾਰ ਨੇ ਚੁੱਪ-ਚਪੀਤੇ ਇਕ ਫੀਸਦੀ ਵੈਟ ਵਧਾਇਆ




ਇਸ ਤੋਂ ਪਹਿਲਾਂ ਹੀ ਪੈਟਰੋਲ ਦਾ ਪੰਜਾਬ ਦੇ ਮੁਕਾਬਲੇ ਹਰਿਆਣਾ ਵਿਚ ਅੱਠ ਰੁਪਏ ਫ਼ਰਕ ਹੈ ਤੇ ਪੰਜਾਬ ਦੀ ਸਰਹੱਦ 'ਤੇ ਸਥਿਤ ਲੋਕ ਹਰਿਆਣਾ ਵਿਚ ਜਾ ਕੇ ਤੇਲ ਪੁਆਉਂਦੇ ਸਨ ਪਰ ਹੁਣ ਡੀਜ਼ਲ ਦਾ 12 ਪੈਸੇ ਦਾ ਫ਼ਰਕ ਹੋਣ ਕਰਕੇ ਲੋਕ ਹਰਿਆਣਾ ਵਿਚ ਜਾ ਕੇ ਪੈਟਰੋਲ ਵਾਂਗ ਡੀਜ਼ਲ ਪੁਆਉਣਗੇ। ਡੀਜ਼ਲ ਮਹਿੰਗਾ ਹੋਣ ਦਾ ਅਸਰ ਖੇਤੀ ਤੇ ਸਨਅਤੀ ਖੇਤਰ 'ਤੇ ਪਵੇਗਾ ਪਰ ਨਾਲ ਹੀ ਡੀਲਰਾਂ ਨੂੰ ਇਸ ਦਾ ਨੁਕਸਾਨ ਉਠਾਉਣਾ ਪਏਗਾ ਕਿ ਦੂਜੇ ਰਾਜਾਂ ਵਿਚ ਜਾਣ ਵਾਲੀਆਂ ਗੱਡੀਆਂ ਪੰਜਾਬ ਦੀ ਥਾਂ ਦੂਸਰੇ ਰਾਜਾਂ ਦੇ ਪੰਪਾਂ ਤੋਂ ਹੁਣ ਡੀਜ਼ਲ ਪੁਆਉਣਗੀਆਂ।

## ਵੈਟ ਵਧਾ ਕੇ ਸਰਕਾਰ ਨੇ ਕਿਸਾਨ ਦੋਖੀ ਹੋਣ ਦਾ ਸਬੂਤ ਦਿੱਤਾ: ਭੱਠਲ

ਸੰਗਰੂਰ: ਪੰਜਾਬ ਦੀ ਸੀਨੀਅਰ ਕਾਂਗਰਸੀ ਆਗੂ ਤੇ ਸੂਬੇ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਹੈ ਕਿ ਕਿਸਾਨ ਹਿਤੈਸ਼ੀ ਅਖਵਾਉਣ ਵਾਲੀ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਡੀਜ਼ਲ 'ਤੇ ਵੈਟ ਵਧਾ ਕੇ ਕਿਸਾਨ ਦੋਖੀ ਹੋਣ ਦਾ ਸਬੂਤ ਦਿੱਤਾ ਹੈ ਜੋ ਸੂਬੇ ਦੇ ਲੋਕਾਂ ਤੇ ਖ਼ਾਸ ਕਰਕੇ ਕਿਸਾਨ ਵਰਗ ਨਾਲ ਸਰਾਸਰ ਧੋਖਾ ਹੈ। ਪੰਜਾਬ ਸਰਕਾਰ ਵੱਲੋਂ ਚੁੱਪ-ਚੁਪੀਤੇ ਡੀਜ਼ਲ 'ਤੇ ਵੈਟ ਵਧਾਉਣ ਨਾਲ ਲੋਕਾਂ 'ਤੇ 110 ਕਰੋੜ ਰੁਪਏ ਸਾਲਾਨਾ ਵਾਧੂ ਬੋਝ ਪਵੇਗਾ ਜਦਕਿ ਸਭ ਤੋਂ ਵਧੇਰੇ ਪੰਜਾਹ ਫ਼ੀਸਦੀ ਬੋਝ ਕਿਸਾਨਾਂ 'ਤੇ ਪਵੇਗਾ।



ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਡੀਜ਼ਲ 'ਤੇ ਵੈਟ ਵਿਚ ਕੀਤੇ ਗਏ ਇਕ ਪ੍ਰਤੀਸ਼ਤ ਦੇ ਵਾਧੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਮ ਲੋਕਾਂ, ਉਦਯੋਗਾਂ ਤੇ ਖਾਸ ਕਰਕੇ ਕਿਸਾਨਾਂ ਨੂੰ ਕਾਲੀ ਦੀਵਾਲੀ ਦਾ ਤੋਹਫਾ ਦਿੱਤਾ ਹੈ। ਪੰਜਾਬ ਵਿਚ ਡੀਜ਼ਲ 'ਤੇ ਵੈਟ ਦੇਸ਼ ਵਿਚ ਹੋਰਨਾਂ ਰਾਜਾਂ ਨਾਲੋਂ ਸਭ ਤੋਂ ਜ਼ਿਆਦਾ ਹੈ। ਵੈਟ ਗੁਆਂਢੀ ਰਾਜ ਹਰਿਆਣਾ ਤੋਂ ਵੀ ਜ਼ਿਆਦਾ ਹੈ।

# ਸੁਰਮੇ ਦੀ ਸਲਾਈ 'ਗਦਰੀ ਬਾਬਿਆਂ ਦਾ ਮੇਲਾ'

**ਐਸ. ਅਸ਼ੋਕ ਭੌਰਾ**

ਫੌਜ ਦਾ ਇਕ ਅਸੂਲ ਹੈ ਕਿ ਅਫਸਰ ਭਾਵੇਂ ਲੈਫਟੀਨੈਂਟ ਦੇ ਅਹੁਦੇ 'ਤੇ ਹੋਵੇ, ਪਰ ਉਹ ਸੂਬੇਦਾਰ ਦੀ ਪਤਨੀ ਨਾਲ ਵੀ ਗੱਲ ਬੇਹੱਦ ਸਤਿਕਾਰ ਨਾਲ ਕਰੇਗਾ। ਗਦਰੀ ਬਾਬਿਆਂ ਦੇ ਮੇਲੇ ਲਗਾਤਾਰ ਤੇ ਅਨੇਕਾਂ ਥਾਂਵਾਂ 'ਤੇ ਲੱਗੀ ਜਾਂਦੇ ਹਨ, ਪਰ ਸਤਿਕਾਰ ਵਿਚ ਗੱਲ ਕਰਨੀ ਹੋਵੇ ਤਾਂ ਕਿਸੇ ਨੂੰ ਵੱਡਾ-ਛੋਟਾ ਕਹਿਣ ਦੀ ਥਾਂ ਇਹ ਹੈ ਕਿ ਪੰਜਾਬੀ ਆਪਣੇ ਮਹਾਨ ਵਿਰਸੇ ਤੇ ਕੁਰਬਾਨੀਆਂ ਦੇਣ ਵਾਲੇ ਲੋਕਾਂ ਨੂੰ ਕਦੇ ਵੀ ਨਹੀਂ ਭੁਲਾਉਂਦੇ। ਵੱਖਰੀ ਗੱਲ ਹੈ ਕਿ ਮਾੜੀ-ਮੋਟੀ ਖਿੱਚਾ-ਧੂਹੀ ਚਲਦੀ ਵੀ ਰਹੇਗੀ। ਪਿਛਲੇ ਸਾਲ ਗਦਰ ਲਹਿਰ ਦੇ ਸ਼ਤਾਬਦੀ ਸਮਾਰੋਹ ਮੌਕੇ ਸਾਰੇ ਮੇਲਿਆਂ 'ਤੇ ਨਵੇਂ ਕੁਰਬਾਨੀ ਦੇ ਸੂਚਕ ਲਾਲ ਬਸਤਰਾਂ ਵਿਚ ਇਨ੍ਹਾਂ ਕਾਰਜਸ਼ੀਲ ਉਦਮਾਂ ਤਹਿਤ ਕਈ ਕੁਝ ਨਵਾਂ ਕੀਤਾ।

ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ-ਕੈਲੀਫੋਰਨੀਆ ਆਪਣਾ ਇਸ ਵਾਰ ਦਾ 'ਮੇਲਾ ਗਦਰੀ ਬਾਬਿਆਂ ਦਾ' 12 ਅਕਤੂਬਰ ਨੂੰ ਮਨਾ ਰਹੀ ਹੈ। ਇਸ ਸੰਸਥਾ ਦੇ ਇਸ ਮੇਲੇ ਦੀ ਗੱਲ ਕਰਨ ਤੋਂ ਪਹਿਲਾਂ ਇਹ ਜ਼ਰੂਰ ਦੱਸਣਾ ਚਾਹਾਂਗਾ ਕਿ ਇਹ ਉਹ ਅਦਾਰੇ ਵਰਗੀ ਸੰਸਥਾ ਹੈ ਜਿਸ ਨੇ ਲਗਾਤਾਰ ਨਵੇਂ ਤੇ ਨਿਵੇਕਲੇ ਉਦਮ ਹੀ ਨਹੀਂ ਕੀਤੇ, ਸਗੋਂ ਇਸ ਦੀ ਵਿਆਖਿਆ ਉਸ ਪਰਿਵਾਰ ਵਾਂਗ ਕੀਤੀ ਜਾ ਸਕਦੀ ਹੈ ਕਿ ਬੇਬੇ-ਬਾਪੂ ਵੀ ਹਾਲੇ ਕੰਮ ਕਰੀ ਜਾ ਰਹੇ ਹਨ ਤੇ ਪੁੱਤਾਂ ਦਾ ਕਾਰੋਬਾਰ ਵੀ ਦਿਨ-ਬ-ਦਿਨ ਚੰਗਾ ਹੋਈ ਜਾਂਦਾ। ਕਹਿਣ ਤੋਂ ਭਾਵ, ਇਸ ਸੰਸਥਾ ਵਿਚੋਂ ਅਲੱਗ ਹੋ ਕੇ ਹੋਰ ਹਸਤੀਆਂ ਵੱਖਰੇ ਮੇਲੇ ਲਾਉਣ

**ਮੇਲਾ 12 ਅਕਤੂਬਰ ਨੂੰ**

ਲਈ ਵੀ ਉਤਰੀਆਂ ਤੇ ਸਫਲ ਵੀ ਰਹੀਆਂ, ਪਰ ਇਸ ਸੰਸਥਾ ਦੇ ਬਾਨੀ ਗਦਰੀ ਮੇਲੇ ਲਾਉਣ ਦੇ ਉਸੇ ਡਗੇ ਨਾਲ ਉਸੇ ਨਗਾਰੇ 'ਤੇ ਚੋਟਾਂ ਲਾ ਰਹੇ ਹਨ। ਉਨ੍ਹਾਂ ਵਿਚੋਂ ਹੀ ਸੁਮਿੱਤਰ ਸਿੰਘ ਇਕ ਹੈ, ਕਰਮਜੀਤ ਕੰਗ ਹੈ, ਪੁਰਾਣੀ ਮਜ਼ਬੂਤ ਜੜ੍ਹ ਸੁਰਿੰਦਰ ਬਿੰਦਰਾ ਵੀ, ਬਲਜਿੰਦਰ ਭੱਟੀ ਵੀ ਤੇ ਐਸ.ਐਸ. ਸਿੱਧੂ ਵੀ। ਬਲਵੰਤ ਬਾਕਾਂ, ਦੌਲਤਪੁਰੀਆ ਸਰਪੰਚ ਵੀ ਨਾਲ ਹੀ ਹਨ। ਐਤਕਾਂ ਵੀ ਮੇਲਾ ਉਸੇ ਥਾਂ 'ਤੇ ਲੱਗੇਗਾ ਜਿਥੇ ਲੰਮੇ ਸਮੇਂ ਤੋਂ ਲਗਦਾ ਆ ਰਿਹਾ ਹੈ, ਯਾਨਿ 10428 ਈਸਟ ਸਟਾਕਟਨ ਬੁਲੇਵਾਰਡ, ਐਲਕ ਗਰੋਵ (ਸੈਕਰਾਮੈਂਟੋ) ਦੇ ਐਸ ਈ ਐਸ ਹਾਲ ਵਿਚ। ਖਾਣਾ, ਪੀਣਾ, ਫੋਟੋਆਂ ਦੇਖਣਾ, ਗਾਉਣ-ਵਜਾਉਣ ਤੇ ਭੰਗੜੇ ਦਾ ਅਨੰਦ ਮਾਣਨਾ, ਵਿਚ-ਵਿਚਾਲੇ ਗਦਰੀ ਬਾਬਿਆਂ ਦੀਆਂ ਬਾਤਾਂ ਪਾਉਣ ਵਾਲੀਆਂ ਦਿਲਚਸਪ ਤੇ ਅਕਾਊ ਤਕਰੀਰਾਂ ਵੀ, ਸਭ ਕੁਝ ਮੁਫਤੋ-ਮੁਫਤੀ ਮਿਲੇਗਾ। ਪ੍ਰਬੰਧਕਾਂ ਨੇ ਪਿਛਲੇ ਸਾਲ ਚੀਮਾ ਬੁਲਾਇਆ ਸੀ, ਤੇ ਇਸ ਵਾਰ ਗਾਇਕ ਸੁਰਿੰਦਰ ਸ਼ਿੰਦਾ ਵੱਡੀ ਗਿਣਤੀ ਵਿਚ ਪੁੱਜਣ ਵਾਲੇ ਲੋਕਾਂ ਦਾ ਭਰਵਾਂ ਮਨੋਰੰਜਨ ਕਰਨ ਲਈ ਮਹਿੰਗੇ-ਸਸਤੇ ਭਾਅ ਬੁਲਾ ਹੀ ਲਿਆ ਗਿਆ ਹੈ। ਊਂ ਸੁਲਤਾਨ ਅਖ਼ਤਰ ਵੀ ਹੋਵੇਗਾ, ਜੀਤਾ ਗਿੱਲ, ਜੀਵਨ ਰੱਤੂ, ਸੰਨੀ ਬੱਬਰ ਤੇ ਪਿਛਲੇ ਸਾਲ ਵਾਂਗ ਢਾਡੀ ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਆਪਣੀ ਕਲਾ ਦੇ ਰੰਗ ਬਿਖੇਰੇਗਾ। ਮੰਚ ਸੰਚਾਲਨ ਵੀ ਹੌਲੀ-ਹੌਲੀ ਪ੍ਰਬੰਧਕਾਂ ਨੇ ਕਵੀਆਂ ਤੱਕ ਲੈ ਆਂਦਾ ਹੈ ਤੇ ਇਸ ਵਾਰ ਮੌਕਾ ਬੀਬੀ ਨੀਲਮ ਸੈਣੀ ਨੂੰ ਦਿੱਤਾ ਗਿਆ ਹੈ।

ਕਾਮਾਗਾਟਾ ਮਾਰੂ ਦੇ ਸ਼ਤਾਬਦੀ ਵਰ੍ਹੇ ਅਤੇ ਆਜ਼ਾਦੀ ਦੀ ਲੜਾਈ ਦੇ ਇਤਿਹਾਸ ਦੇ ਖ਼ੂਨੀ ਵਰਕਿਆਂ ਨੂੰ ਸਮਰਪਿਤ ਗਦਰੀਆਂ ਬਾਰੇ ਇਸ ਮੇਲੇ ਸਬੰਧੀ ਮੁੱਖ ਪ੍ਰਬੰਧਕ ਸੁਰਿੰਦਰ ਬਿੰਦਰਾ ਅਨੁਸਾਰ "ਅਸੀਂ ਮੇਲਾ ਦੇਖਣ ਆਉਣ ਵਾਲੇ ਸਾਰੇ ਪੰਜਾਬੀ ਭੈਣ-ਭਰਾਵਾਂ ਦਾ ਸਤਿਕਾਰ ਤਾਂ ਕਰਦੇ ਹੀ ਹਾਂ, ਨਾਲ ਹੀ ਉਨ੍ਹਾਂ ਨੂੰ ਆਜ਼ਾਦੀ ਦੇ ਇਤਿਹਾਸ ਦੀ ਜਾਣਕਾਰੀ ਦੇਣ ਦੇ ਨਾਲ-ਨਾਲ ਭਰਵਾਂ ਤੇ ਉਸਾਰੂ ਸੰਗੀਤਕ ਮਨੋਰੰਜਨ ਦੇਣ ਦੀ ਕੋਸ਼ਿਸ਼ ਵੀ ਕਰਦੇ ਹਾਂ। ਆਜ਼ਾਦੀ ਦੇ ਇਤਿਹਾਸ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਸ਼ਰਧਾ ਤੇ ਸ਼ਰਧਾਂਜਲੀ ਦੋਵੇਂ ਰੂਪ ਹਨ, ਇਸ ਲਈ ਅਸੀਂ ਆਸ ਕਰਦੇ ਹਾਂ ਕਿ ਆਜ਼ਾਦੀ ਦਾ ਨਿੱਘ ਮਾਣਨ ਵਾਲਾ ਹਰ ਪੰਜਾਬੀ ਤੇ ਭਾਰਤੀ ਆਜ਼ਾਦੀ ਦੀ ਵਿਰਾਸਤ ਨੂੰ ਜਾਣਨ ਲਈ ਜ਼ਰੂਰ ਪਹੁੰਚੇ।" ਸਕੱਤਰ ਬਲਜਿੰਦਰ ਭੱਟੀ ਨੇ ਕਿਹਾ ਕਿ ਵਿਹਲੇ ਹੋ ਕੇ ਕੰਮ-ਧੰਦੇ ਨਿਬੇੜ ਕੇ 12 ਵਜੇ ਉਕਤ ਸਥਾਨ 'ਤੇ ਪਹੁੰਚੋ ਤੇ ਦੇਰ ਰਾਤ ਅੱਠ ਵਜੇ ਤੱਕ ਮੇਲੇ ਦਾ ਪੂਰਾ ਅਨੰਦ ਲਵੋ।

# ਯੂ.ਐਸ. ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ '84 ਦੇ ਦੰਗਿਆਂ ਬਾਰੇ ਨੋਟਿਸ

**ਫਰੀਮਾਂਟ (ਬਿਊਰੋ):** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਯੂ.ਐਸ. ਮਨੁੱਖੀ ਅਧਿਕਾਰ ਕਮਿਸ਼ਨ ਟੋਮ ਲੈਂਟੋਸ ਵੱਲੋਂ 1984 ਦੇ ਦੰਗਿਆ ਸਬੰਧੀ ਲਏ ਗੰਭੀਰ ਨੋਟਿਸ ਨੂੰ ਸਲਾਹੁੰਦਿਆਂ 30 ਸਾਲ ਬੀਤ ਜਾਣ ਦੇ ਬਾਅਦ ਵੀ ਸਿੱਖਾਂ ਨੂੰ ਇਨਸਾਫ ਨਾ ਮਿਲਣ 'ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਬਿਆਨ




ਰਾਹੀਂ ਏਜੀਪੀਸੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਭਾਰਤ 'ਚ 1984 ਦੇ ਕਤਲੇਆਮ ਦੌਰਾਨ 3000 ਤੋਂ ਜਿਆਦਾ ਸਿੱਖਾਂ ਨੂੰ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰਣ ਵਾਲੇ ਕਾਤਲ ਅੱਜ ਵੀ ਸ਼ੱਰ੍ਹੇਆਮ ਆਜ਼ਾਦ ਘੁੰਮ ਰਹੇ ਹਨ ਅਤੇ ਭਾਰਤ ਸਰਕਾਰ ਸਿੱਖਾਂ ਨੂੰ ਇਨਸਾਫ਼ ਦਿਵਾਉਣ 'ਚ ਅਸਫ਼ਲ ਰਹੀ ਹੈ।

ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ 'ਦਾ ਵਿਡੋ ਕਾਲੋਨੀ' ਨਾਂ ਦੀ ਡਾਕੂਮੈਂਟਰੀ ਫਿਲਮ 'ਚ ਸਿੱਖਾਂ ਦੇ ਇਸ ਕਤਲੇਆਮ ਨੂੰ ਸੁਚੱਜੇ ਢੰਗ ਨਾਲ ਫਿਲਮਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਫਿਲਮ ਦੀ ਸਕਰੀਨਿੰਗ ਤੋਂ ਬਾਅਦ ਮੌਜੂਦ ਮਾਹਿਰਾਂ ਨੇ ਇਸ ਮੁੱਦੇ 'ਤੇ ਇਕ ਅਹਿਮ ਬਹਿਸ 'ਚ ਹਿੱਸਾ ਲੈਂਦਿਆ ਸਿੱਖਾਂ ਨਾਲ ਹੋਈ ਬੇਇਨਸਾਫੀ 'ਤੇ ਚਿੰਤਾ ਪ੍ਰਗਟਾਈ। ਸੀਨੀਅਰ ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਦੀ ਸਿੱਖ ਵਿਰੋਧੀ ਕਤਲੇਆਮ 'ਚ ਨਿਭਾਈ ਭੂਮਿਕਾ ਤੇ ਕੇਸ ਬੰਦ ਕਰਨ ਦੇ ਮੱਦੇਨਜਰ ਅਦਾਲਤਾਂ ਤੋਂ ਨਿਆਂ ਦੀ ਮੰਗ ਕੀਤੀ ਹੈ। ਏਜੀਪੀਸੀ ਆਗੂਆਂ ਨੇ ਕਿਹਾ ਕਿ 28 ਸਾਲ ਬੀਤ ਜਾਣ ਦੇ ਬਾਅਦ ਵੀ ਸਿੱਖਾਂ ਨੂੰ ਨਿਆਂ ਨਾ ਮਿਲਣਾ ਮੰਦਭਾਗੀ ਗੱਲ ਹੈ।

ਜ਼ਿਕਰਯੋਗ ਹੈ ਕਿ ਇਸ ਪ੍ਰੋਗਰਾਮ ਦਾ ਆਗਾਜ਼ ਉਸ ਵੇਲੇ ਹੋਇਆ ਜਦੋਂ ਅਮਰੀਕੀ ਰਾਸ਼ਟਰਪਤੀ ਬਾਰਕ ਓਬਾਮਾ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਸ਼ਿੰਗਟਨ 'ਚ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਨੂੰ ਲੈ ਕੇ ਗੁਫਤਗੂ ਕਰ ਰਹੇ ਸਨ। ਪ੍ਰੋਗਰਾਮ ਦੌਰਾਨ ਹੋਰਨਾਂ ਤੋਂ ਇਲਾਵਾ ਫਰੈਂਡਸ ਆਫ਼ ਯੂ. ਐਸ. ਸਿੱਖ ਕਾਂਗਰੈਸ਼ਨਲ ਕਾਕਸ ਦੇ ਡਾਇਰੈਕਟਰ ਹਰਪ੍ਰੀਤ ਸਿੰਘ, 'ਵੈਨ-ਆ-ਟਰੀ-ਸ਼ੁੱਕ ਡੇਲੀ, ਦਾ 1984 ਕਾਰਨੇਜ਼ ਐਂਡ ਇਟਸ ਆਫ਼ਟਰਮੈਥ' ਕਿਤਾਬ ਦੇ ਲੇਖਕ ਮਨੋਜ ਮਿੱਤਾ, ਹਰਪ੍ਰੀਤ ਕੌਰ, ਮਨਮੀਤ ਸਿੰਘ, ਸੁਖਮਨ ਸਿੰਘ ਧਾਮੀ ਮੌਜੂਦ ਸਨ ਅਤੇ ਸਿੱਖ ਕੁਲੀਸ਼ਨ ਵੱਲੋਂ ਰਾਜਦੀਪ ਸਿੰਘ ਨੇ ਇਸ ਪ੍ਰੋਗਰਾਮ ਦੇ ਮਾਡਰੇਟਰ ਵਜੋਂ ਅਹਿਮ ਭੂਮਿਕਾ ਨਿਭਾਈ।

# ਸਕੇਪ ਪੰਜਾਬ ਸੰਸਥਾ ਫਗਵਾੜਾ ਵਲੋਂ ਡਾ. ਸੀ.ਪੀ. ਕੰਬੋਜ ਦਾ ਸਨਮਾਨ

**ਫਗਵਾੜਾ (ਬਿਊਰੋ):** ਸਕੇਪ ਪੰਜਾਬ ਸੰਸਥਾ-ਫਗਵਾੜਾ ਦੀ ਸੰਸਥਾ ਜਿਥੇ ਤਕਨਾਲੌਜੀ ਨੂੰ ਉਨਤ ਕਰਨ ਦੇ ਯਤਨ ਕਰ ਰਹੀ ਹੈ ਉਥੇ ਪੰਜਾਬੀ ਤਕਨੀਕੀਕਰਨ ਕਰਨ ਵਾਲੀਆਂ



ਸ਼ਖ਼ਸੀਅਤਾਂ ਨੂੰ ਸਨਮਾਨਤ ਕਰਨ ਦਾ ਉਪਰਾਲਾ ਵੀ ਕਰ ਰਹੀ ਹੈ। ਇਸੇ ਅਧੀਨ ਸਕੇਪ ਪੰਜਾਬ ਸੰਸਥਾ ਵਲੋਂ ਪੰਜਾਬੀ ਭਾਸ਼ਾ ਦੇ ਤਕਨੀਕੀ ਪਸਾਰ ਵਿਚ ਵਿਸ਼ੇਸ਼ ਯੋਗਦਾਨ ਬਦਲੇ ਪੰਜਾਬੀ ਯੂਨੀਵਰਸਿਟੀ ਦੇ ਡਾ. ਸੀ.ਪੀ. ਕੰਬੋਜ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਡਾ. ਸੀ.ਪੀ. ਕੰਬੋਜ ਅਤੇ ਡਾ. ਅਮਰਜੀਤ ਸਿੰਘ ਨੇ ਸਮਾਗਮ ਦੀ ਪ੍ਰਧਾਨਗੀ ਕਰਦੇ ਹੋਏ ਸਭਾ ਮੈਂਬਰਾਂ ਨੂੰ ਭਾਸ਼ਾ ਦੇ ਤਕਨੀਕੀ ਪਸਾਰਾਂ ਦੀ ਲੋੜ ਸਮਝਾਉਂਦਿਆਂ ਦੱਸਿਆ ਕਿ ਜੇ ਸਾਨੂੰ ਆਪਣੀ ਭਾਸ਼ਾ ਨੂੰ ਉਨਤ ਕਰਨਾ ਹੈ ਤਾਂ ਸਾਨੂੰ ਉਸ ਦਾ ਤਕਨੀਕੀ ਪਖ ਹੋਰ ਮਜਬੂਤ ਕਰਨਾ ਹੋਵੇਗਾ। ਕਵੀ ਦਰਬਾਰ ਵੀ ਕੀਤਾ ਗਿਆ। ਸੀ.ਪੀ. ਕੰਬੋਜ ਨੇ ਵੀ ਕੰਪਿਊਟਰ ਮਾਹੀਆ ਸੁਣਾ ਕੇ ਸਭ ਨੂੰ ਨਿਹਾਲ ਕੀਤਾ। ਇਸ ਮੌਕੇ ਸਕੇਪ ਸੰਸਥਾ ਪ੍ਰਧਾਨ ਪਰਵਿੰਦਰ ਜੀਤ ਸਿੰਘ ਅਤੇ ਮੈਂਬਰਾਂ ਵਲੋਂ ਡਾ. ਸੀ.ਪੀ. ਕੰਬੋਜ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਬਲਵੀਰ ਸਿੰਘ, ਮਨਦੀਪ ਸਿੰਘ, ਪੁਨੀਸ਼ਤ ਲਿਹਰੀ, ਸਤਵਿੰਦਰ ਸਿੰਘ, ਮਨੋਜ ਫਗਵਾੜਵੀ, ਹਰਮਿੰਦਰ ਸਿੰਘ ਵਿਰਦੀ, ਗੁਰਪ੍ਰੀਤ ਕੌਰ, ਰਾਜ ਸੰਧੂ ਅਤੇ ਹੋਰ ਸੱਜਣ ਹਾਜ਼ਰ ਸਨ।

# ਗਵਰਨਰ ਦੀ ਦੌੜ ਲਈ ਨਿੱਕੀ ਹੇਲੀ ਫਿਰ ਸਭ ਤੋਂ ਅੱਗੇ

**ਵਾਸ਼ਿੰਗਟਨ:** ਦੱਖਣੀ ਕੈਰੋਲੀਨਾ ਦੀ ਭਾਰਤੀ ਮੂਲ ਦੀ ਰੀਪਬਲਿਕਨ ਪਾਰਟੀ ਦੀ ਗਵਰਨਰ ਨਿਕੀ ਹੇਲੀ ਨੇ ਅਗਲੇ ਮਹੀਨੇ ਹੋਣ ਵਾਲੀਆਂ ਗਵਰਨਰ ਚੋਣਾਂ ਵਿਚ ਡੈਮੋਕਰੇਟਿਕ ਪਾਰਟੀ ਦੇ ਆਪਣੇ ਵਿਰੋਧੀ ਉਮੀਦਵਾਰ ਤੇ ਸਟੇਟ ਸੈਨੇਟਰ ਵਿਸੈਂਟ ਸ਼ੀਹੀਨ ਤੋਂ 10 ਅੰਕਾਂ ਦੀ ਲੀਡ ਬਰਕਰਾਰ ਰੱਖੀ ਹੈ।

ਏ.ਬੀ.ਸੀ. ਨਿਊਜ਼ ਅਨੁਸਾਰ ਵਿਨਟਰੋਪ ਯੂਨੀਵਰਸਿਟੀ ਵੱਲੋਂ ਕਰਵਾਏ ਸਰਵੇ ਅਨੁਸਾਰ ਸਿੱਖ ਪਰਿਵਾਰ ਵਿਚ ਜਨਮੀ ਨਿਮਰਤਾ ਨਿੱਕੀ ਰੰਧਾਵਾ ਦਾ ਸਬੰਧ ਅੰਮ੍ਰਿਤਸਰ ਜ਼ਿਲ੍ਹੇ ਨਾਲ ਹੈ। ਉਸ ਨੇ 43.6 ਫੀਸਦੀ ਵੋਟਾਂ ਤੇ ਉਸ ਦੇ ਵਿਰੋਧੀ ਨੇ 33.6 ਫੀਸਦੀ ਵੋਟਾਂ ਹਾਸਲ ਕੀਤੀਆਂ ਹਨ। ਗਵਰਨਰ ਦੇ ਅਹੁਦੇ ਲਈ ਚੋਣ ਚਾਰ ਨਵੰਬਰ ਨੂੰ ਹੋਣੀ ਹੈ। ਨਿੱਕੀ ਹੈਲੇ ਨੂੰ ਸੂਬੇ ਦੀ ਖੁਸ਼ਹਾਲੀ ਦਾ ਸਿਹਰਾ ਮਿਲ ਰਿਹਾ ਹੈ।


## 40 ਟਰੱਕ ਰਿਪੇਅਰ-ਓਕਲਹੋਮਾ

## ਮਕੈਨਿਕਾਂ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ



ਹੋਰ ਜਾਣਕਾਰੀ ਲਈ ਸੰਪਰਕ ਕਰੋ

**ਫੋਨ: 832-512-7172**

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Special Price for Truck Wash Grand Opening
- 8 Drive Tires For $3300 Kelly KDA
- Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 11 ਅਕਤੂਬਰ 2014*

# ਪੰਜਾਬ, ਖੇਡਾਂ ਤੇ ਸਿਆਸਤ

ਇਹ ਮਹਿਜ਼ ਇਤਫਾਕ ਹੀ ਹੋਵੇਗਾ ਕਿ ਏਸ਼ੀਅਨ ਖੇਡਾਂ ਦੀ ਐਨ ਸਮਾਪਤੀ ਮੌਕੇ ਅਦਾਕਾਰ ਆਮਿਰ ਖਾਨ ਦਾ ਚਰਚਿਤ ਪ੍ਰੋਗਰਾਮ 'ਸੱਤਿਆਮੇਵ ਜਯਤੇ' ਨਸ਼ਰ ਹੋਇਆ ਹੈ, ਪਰ ਇਹ ਸ਼ਾਇਦ ਇਤਫਾਕ ਨਾ ਹੋਵੇ ਕਿ ਪ੍ਰੋਗਰਾਮ ਦੌਰਾਨ ਉਠਾਇਆ ਮੁੱਦਾ ਖੇਡਾਂ ਸਨ। ਹੋ ਸਕਦਾ ਹੈ ਕਿ ਪ੍ਰੋਗਰਾਮ ਦੇ ਪ੍ਰਬੰਧਕਾਂ ਨੇ ਖੇਡਾਂ ਦੇ ਮੁੱਦੇ ਵਾਲਾ ਪ੍ਰੋਗਰਾਮ ਇਸ ਐਤਵਾਰ ਉਚੇਚਾ ਦਿਖਾ ਛੱਡਿਆ ਹੋਵੇ। ਕੁਝ ਵੀ ਹੋਵੇ, ਪ੍ਰੋਗਰਾਮ ਵਿਚ ਜਿਸ ਤਰ੍ਹਾਂ ਤੇ ਜਿਸ ਢੰਗ ਨਾਲ ਖੇਡਾਂ ਬਾਰੇ ਚਰਚਾ ਹੋਈ ਅਤੇ ਨਾਲ ਹੀ ਜਿਸ ਤਰ੍ਹਾਂ ਦਾ ਫਿਕਰ ਖੇਡਾਂ ਬਾਰੇ ਜ਼ਾਹਿਰ ਕੀਤਾ ਹੈ, ਉਹ ਧਿਆਨ ਦੀ ਮੰਗ ਕਰਦਾ ਹੈ। ਪਹਿਲੇ ਪ੍ਰੋਗਰਾਮਾਂ ਵਾਂਗ ਇਹ ਪ੍ਰੋਗਰਾਮ ਵੀ 'ਸੱਤਿਆਮੇਵ ਜਯਤੇ' ਦੀ ਟੀਮ ਵੱਲੋਂ ਕੀਤੀ ਮਿਹਨਤ ਤੇ ਮੁਸ਼ੱਕਤ ਦਰਸਾ ਰਿਹਾ ਸੀ। ਕਈ ਹੋਰ ਕਾਰਨਾਂ ਕਰ ਕੇ ਭਾਵੇਂ ਇਸ ਪ੍ਰੋਗਰਾਮ ਦੀ ਕੁਝ-ਕੁਝ ਨੁਕਤਾਚੀਨੀ ਵੀ ਜ਼ਰੂਰ ਸਾਹਮਣੇ ਆਈ ਹੈ, ਪਰ ਇਸ ਪ੍ਰੋਗਰਾਮ ਕਰ ਕੇ ਆਮ ਲੋਕਾਂ ਵਿਚ ਜੋ ਜਾਗਰੂਕਤਾ ਫੈਲ ਰਹੀ ਹੈ, ਉਸ ਦਾ ਕੋਈ ਜਵਾਬ ਨਹੀਂ ਹੈ। ਖੈਰ! ਜਦੋਂ ਏਸ਼ੀਅਨ ਖੇਡਾਂ ਵਿਚ ਚੀਨ ਵਰਗਾ ਦੇਸ਼ ਤਮਗਿਆਂ ਦੀਆਂ ਢੇਰੀਆਂ ਲਾ ਰਿਹਾ ਸੀ, ਤਾਂ ਭਾਰਤ ਦੇ ਲੋਕ ਆਪਣੇ ਖਿਡਾਰੀਆਂ ਦੀ ਕਾਰਗੁਜ਼ਾਰੀ ਨਾਲੋਂ ਕਿਤੇ ਵੱਧ ਚਰਚਾ, ਆਪਣੇ ਖੇਡ ਢਾਂਚੇ ਅਤੇ ਇਸ ਨਾਕਸ ਢਾਂਚੇ ਕਰ ਕੇ ਖਿਡਾਰੀਆਂ ਨੂੰ ਪੈ ਰਹੀਆਂ ਮਾਰਾਂ ਬਾਰੇ ਗੱਲਾਂ ਕਰ ਰਹੇ ਸਨ।

'ਸੱਤਿਆਮੇਵ ਜਯਤੇ' ਵਿਚ ਚਰਚਾ ਸੀ ਕਿ ਚੀਨ ਨੇ ਕਿਸ ਤਰ੍ਹਾਂ ਮਿਥ ਕੇ ਹਜ਼ਾਰਾਂ ਦੀ ਤਾਦਾਦ ਵਿਚ ਸਟੇਡੀਅਮ ਬਣਵਾਏ, ਬੱਚਿਆਂ ਨੂੰ ਖੇਡਾਂ ਨਾਲ ਜੋੜਿਆ ਅਤੇ ਉਨ੍ਹਾਂ ਨੂੰ ਖਿਡਾਰੀ ਬਣਾਇਆ। ਚੀਨ ਨੇ ਇਹ ਸਾਰਾ ਕਾਰਜ ਸਿਆਸਤ ਨੂੰ ਲਾਂਭੇ ਰੱਖ ਕੇ ਕੀਤਾ। ਨਤੀਜਾ ਸਭ ਦੇ ਸਾਹਮਣੇ ਹੈ। ਦੂਜੇ ਬੰਨੇ, ਭਾਰਤ ਵਿਚ ਅੱਜ ਕੱਲ੍ਹ ਹਰ ਸ਼ੈਅ ਦਾ ਸਬੰਧ ਸਿਆਸਤ ਨਾਲ ਜੁੜਿਆ ਹੋਇਆ ਹੈ। ਹੋਰ ਤਾਂ ਹੋਰ, ਖੇਡ ਅਦਾਰੇ ਅਤੇ ਸੰਸਥਾਵਾਂ ਸਿਆਸਤਦਾਨ ਚਲਾ ਰਹੇ ਹਨ। ਹਰ ਸੂਬੇ ਦੀ ਹਰ ਖੇਡ ਸੰਸਥਾ ਉਤੇ ਕਿਸੇ ਨਾ ਕਿਸੇ ਸਿਆਸੀ ਲੀਡਰ ਦਾ ਕਬਜ਼ਾ ਹੈ ਅਤੇ ਇਸ ਕਾਰਜ ਵਿਚ ਕੋਈ ਇਕ ਸਿਆਸੀ ਪਾਰਟੀ ਸ਼ਾਮਲ ਨਹੀਂ, ਹਰ ਪਾਰਟੀ ਦਾ ਨੁਮਾਇੰਦਾ ਇਨ੍ਹਾਂ ਸੰਸਥਾਵਾਂ ਨਾਲ ਵੜਿਆ ਹੋਇਆ ਹੈ। ਇਹ ਨੁਕਤਾ ਧਿਆਨ ਦੇਣ ਵਾਲਾ ਹੈ ਕਿ ਭਾਰਤ ਦੀ ਖੇਡਾਂ ਵਿਚ ਅੱਜ ਕੱਲ੍ਹ ਹੋ ਰਹੀ ਪ੍ਰਾਪਤੀ ਵਿਚ ਕਿਸੇ ਸਮੂਹਿਕ ਯਤਨ ਦਾ ਸਿੱਟਾ ਨਹੀਂ, ਸਗੋਂ ਇਹ ਤਮਗੇ ਖਿਡਾਰੀਆਂ ਜਾਂ ਉਨ੍ਹਾਂ ਦੇ ਕੋਚਾਂ ਦੇ ਵਿਅਕਤੀਗਤ ਉਦਮ ਕਰ ਕੇ ਮਿਲੇ ਹਨ। ਮਾਮਲਾ ਐਨ ਚਿੱਟੇ ਦਿਨ ਵਾਂਗ ਸਾਫ ਹੈ ਕਿ ਜਦੋਂ ਕੋਈ ਕਾਰਗਰ ਖੇਡ ਨੀਤੀ ਹੀ ਨਹੀਂ ਹੈ ਤਾਂ, ਬਾਲ ਉਮਰ ਵਿਚ ਹੀ ਬੱਚਿਆਂ ਨੂੰ ਖੇਡ ਮੈਦਾਨ ਤੱਕ ਲਿਜਾਣ ਦਾ ਦਾਈਆ ਪੂਰਾ ਕਿਸ ਤਰ੍ਹਾਂ ਹੋ ਸਕਦਾ ਹੈ? ਸਿਰਫ ਉਹੀ ਬੱਚਾ ਭਾਗਾਂ ਵਾਲਾ ਸਾਬਤ ਹੁੰਦਾ ਹੈ ਜਿਸ ਦੇ ਮਾਪੇ ਜਾਂ ਕੋਈ ਸਿਰ-ਫਿਰਿਆ ਕੋਚ ਉਸ ਨੂੰ ਨਾਲ ਲੈ ਕੇ ਅਗਾਂਹ ਖੇਡ ਮੈਦਾਨ ਵੱਲ ਵਧਦਾ ਹੈ। ਨਹੀਂ ਤਾਂ ਬੱਚਿਆਂ ਦੀ ਇਹ ਪ੍ਰਤਿਭਾ ਰਾਹ ਵਿਚ ਹੀ ਦਮ ਤੋੜ ਜਾਂਦੀ ਹੈ। ਇਸ ਬਾਰੇ ਅਣਗਿਣਤ ਮਿਸਾਲਾਂ ਦਿੱਤੀ ਜਾ ਸਕਦੀਆਂ ਹਨ।

ਇਹ ਸਾਰਾ ਪ੍ਰਸੰਗ ਸਮੁੱਚੇ ਭਾਰਤ ਦਾ ਹੈ, ਪਰ ਪੰਜਾਬ ਦਾ ਪ੍ਰਸੰਗ ਵੀ ਇਸ ਤੋਂ ਬਾਹਰਾ ਨਹੀਂ ਹੈ ਜਿੱਥੇ ਸਿਆਸਤਦਾਨਾਂ ਦੀ ਰੁਚੀ ਪਿੰਡ-ਪਿੰਡ ਸਟੇਡੀਅਮ ਬਣਵਾਉਣ ਦੀ ਥਾਂ ਠੇਕੇ ਖੋਲ੍ਹਣ ਦੀ ਹੈ। ਆਮਿਰ ਖਾਨ ਦੇ ਪ੍ਰੋਗਰਾਮ ਦੇ ਅਖੀਰ ਵਿਚ ਸਿੱਧੇ ਪ੍ਰਸਾਰਨ ਵਾਲਾ ਹਿੱਸਾ ਅੱਖਾਂ ਖੋਲ੍ਹਣ ਵਾਲਾ ਸੀ। ਪ੍ਰੋਗਰਾਮ ਦੇ ਇਸ ਹਿੱਸੇ ਦੀ ਰਿਕਾਰਡਿੰਗ ਚੰਡੀਗੜ੍ਹ ਵਿਚ ਹੋਈ। ਇਸ ਰਿਕਾਰਡਿੰਗ ਦੌਰਾਨ ਪੰਜਾਬ ਵਿਚ ਵਗ ਰਹੇ ਨਸ਼ਿਆਂ ਦੇ ਦਰਿਆ ਦੀ ਗੱਲ ਵਾਰ-ਵਾਰ ਹੋਈ। ਸਭ ਦਾ ਇਹੀ ਕਹਿਣਾ ਸੀ ਕਿ ਅਜਿਹੀ ਅਲਾਮਤ ਦਾ ਇਕੋ-ਇਕ ਤੋੜ ਬੱਚਿਆਂ ਅਤੇ ਨੌਜਵਾਨਾਂ ਨੂੰ ਖੇਡਾਂ ਵਾਲੇ ਪਾਸੇ ਲਾਉਣਾ ਹੈ। ਕੌਣ ਕਰੇਗਾ ਇਹ ਸ਼ੁਭ ਕਾਰਜ? ਕਰੋੜਾਂ ਦੀ ਕਬੱਡੀ ਵਾਲੇ ਪੰਜਾਬ ਦੇ ਸ਼ਾਸਕ ਤਾਂ ਨਸ਼ਿਆਂ ਦਾ ਦਰਿਆ ਡੱਕਣ ਲਈ ਉਕਾ ਹੀ ਤਿਆਰ ਨਹੀਂ ਹਨ। ਇਥੇ ਇਕ ਵਾਰ ਫਿਰ ਚੀਨ ਦੀ ਚਰਚਾ ਚੇਤੇ ਵਿਚ ਉਭਰਦੀ ਹੈ। ਚੀਨੀਆਂ ਨੇ ਖੇਡਾਂ, ਬੱਚਿਆਂ ਦੀ ਪਹੁੰਚ ਵਿਚ ਕੀਤੀਆਂ; ਤੇ ਅਸੀਂ ਆਪਣੇ ਬੱਚਿਆਂ ਅਤੇ ਨੌਜਵਾਨਾਂ ਦੀ ਪਹੁੰਚ ਵਿਚ ਨਸ਼ਿਆਂ ਦਾ ਦਰਿਆ ਕੀਤਾ। ਬੜਾ ਸਾਧਾਰਨ ਤਰਕ ਹੈ ਕਿ ਜਿਹੜੀ ਚੀਜ਼-ਵਸਤ ਸੌਖਿਆਂ ਮਿਲ ਰਹੀ ਹੈ, ਬਹੁ-ਗਿਣਤੀ ਨੇ ਕਦੀ ਨਾ ਕਦੀ ਉਸ ਪਾਸੇ ਅਹੁਲਣਾ ਹੀ ਹੈ। ਇਸ ਹਿਸਾਬ ਨਾਲ ਹੁਣ ਦੋ ਹੀ ਨੁਕਤੇ ਬਣਦੇ ਹਨ। ਪਹਿਲਾ, ਨਸ਼ਿਆਂ ਦੇ ਦਰਿਆ ਨੂੰ ਨੱਕਾ ਲਾਉਣਾ; ਤੇ ਦੂਜਾ, ਖੇਡਾਂ ਬੱਚਿਆਂ ਦੀ ਪਹੁੰਚ ਵਿਚ ਕਰਨੀਆਂ। ਇਸੇ ਲੜੀ ਵਿਚ ਤੀਜਾ ਤੇ ਅਹਿਮ ਨੁਕਤਾ ਵੀ ਹੈ। ਉਹ ਇਹ ਕਿ ਇਹ ਦੋਵੇਂ ਗੱਲਾਂ ਸਿਆਸੀ ਲੀਡਰਾਂ ਨੇ ਨਹੀਂ ਕਰਨੀਆਂ। ਉਨ੍ਹਾਂ ਨੂੰ ਇਹ ਗੱਲਾਂ ਗਵਾਰਾ ਹੀ ਨਹੀਂ ਹਨ। ਆਮਿਰ ਖਾਨ ਨੇ ਆਪਣੇ ਪ੍ਰੋਗਰਾਮ ਵਿਚ ਪੰਜਾਬੀਆਂ ਨੂੰ ਨਸ਼ਿਆਂ ਵਾਲੇ ਪਾਸਿਉਂ ਮੁੜ ਆਉਣ ਲਈ ਤਰਲਾ ਕੀਤਾ। ਉਸ ਨੇ ਪੰਜਾਬੀਆਂ ਨੂੰ ਇਹ ਸੱਦਾ ਸੰਕਟ ਸਮਝ ਕੇ ਦਿੱਤਾ ਹੈ। ਇਹ ਅਸਲ ਵਿਚ ਪੰਜਾਬੀਆਂ ਨੂੰ ਸੱਦਾ ਨਹੀਂ, ਵੰਗਾਰ ਹੈ। ਉਂਜ ਵੀ ਪੰਜਾਬ ਉਤੇ ਛੋਟੇ-ਵੱਡੇ ਸੰਕਟ ਛਾਉਂਦੇ ਹੀ ਆਏ ਹਨ ਅਤੇ ਪੰਜਾਬੀ ਹਰ ਵਾਰ ਇਨ੍ਹਾਂ ਸੰਕਟਾਂ ਤੋਂ ਪਾਰ ਗਏ ਹਨ। ਹੁਣ ਨਸ਼ਿਆਂ ਦਾ ਦਰਿਆ ਡੱਕਣ ਲਈ ਲੋਕਾਂ ਨੂੰ ਸਭ ਤੋਂ ਪਹਿਲਾਂ ਬੇ-ਮੁਹਾਰੀ ਹੋ ਗਈ ਸਿਆਸਤ ਨੂੰ ਡੱਕਣਾ ਪਵੇਗਾ। ਇਸ ਦੀ ਇਕ ਮਿਸਾਲ ਜਮਾਲਪੁਰ ਵਾਲੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਦੋ ਨੌਜਵਾਨਾਂ ਦਾ ਭੋਗ ਸਮਾਗਮ ਬਣਿਆ ਹੈ। ਸੱਤਾਧਾਰੀ ਬਾਦਲਾਂ ਦਾ ਕੋਈ ਵੀ ਨੁਮਾਇੰਦਾ, ਇਥੋਂ ਤੱਕ ਕਿ ਕੋਈ ਸਰਕਾਰੀ ਨੁਮਾਇੰਦਾ ਵੀ ਇਸ ਸਮਾਗਮ ਵਿਚ ਪੁੱਜਣ ਦਾ ਹੀਆ ਨਹੀਂ ਕਰ ਸਕਿਆ। ਬੇਹੱਦ ਔਖੇ ਹੋਏ ਲੋਕਾਂ ਨੇ ਪਿੰਡ ਬਾਦਲ ਵਿਚ ਵੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਡੱਕ ਦਿੱਤਾ ਸੀ। ਫਰੀਦਕੋਟ ਵਿਚ ਸ਼ਰੁਤੀ ਅਗਵਾ ਕਾਂਡ ਤੋਂ ਬਾਅਦ ਅੱਜ ਤੱਕ ਬਾਦਲ ਉਥੇ ਪੈਰ ਨਹੀਂ ਧਰ ਸਕੇ। ਇਹ ਕੁਝ ਮਿਸਾਲਾਂ ਹਨ ਜਿਹੜੀਆਂ ਨਸ਼ਿਆਂ ਵਿਚ ਘਿਰੇ ਪੰਜਾਬ ਨੂੰ ਰਾਹ ਦਿਖਾ ਰਹੀਆਂ ਹਨ। ਥਾਂ-ਥਾਂ ਇਸ ਤਰ੍ਹਾਂ ਦੀ ਪਹਿਲ ਕਰਨ ਦੀ ਵਾਰੀ ਹੁਣ ਲੋਕਾਂ ਦੀ ਹੈ ਜਿਨ੍ਹਾਂ ਨੂੰ ਅਸੀਂ ਸੰਗਤ ਵੀ ਆਖਦੇ ਹਾਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੁਲਿਸ-ਕੈਟ ਦੋਸਤੀ?*

ਲੋਕ ਰਾਜ ਦੇ ਪਰਦਿਆਂ ਹੇਠ ਦੇਖੋ, ਤਾਨਾਸ਼ਾਹੀ ਦਾ ਵਰਤਦਾ ਕਹਿਰ ਯਾਰੋ।
ਗਲੀ ਗਲੀ ਹਕੂਮਤ ਦਾ ਦਹਿਲ ਛਾਇਆ, ਸੁੱਕਾ ਰਿਹਾ ਨਾ ਪਿੰਡ ਤੇ ਸ਼ਹਿਰ ਯਾਰੋ।
ਮਚੇ ਕੁਫਰ ਨੇ ਕਰੀ ਮਦਹੋਸ਼ ਪਰਜਾ, ਕਦੋਂ ਚੱਲੂ 'ਆਜ਼ਾਦੀ' ਦੀ ਲਹਿਰ ਯਾਰੋ।
ਹਉਕੇ ਭਰਦਿਆਂ ਵਰ੍ਹਿਆਂ ਤੋਂ ਤੱਕਦੇ ਹਾਂ, ਆਊ ਕਦੋਂ ਸੁਖੱਲੜਾ ਪਹਿਰ ਯਾਰੋ।
ਬੇਈਮਾਨੀ ਦੇ ਰਾਜ ਵਿਚ ਚੈਨ ਕਿਥੇ, ਰਹਿਣੀ ਲੋਕਾਂ ਦੀ ਢਿੰਬਰੀ ਟੈਟ ਬੇਲੀ।
ਬਣੀ ਜਾਣ 'ਮੁਕਾਬਲੇ' ਬਹੁਤ ਸੌਖੇ, ਜਿਥੇ ਹੋਣ ਪੁਲਿਸ ਦੇ 'ਕੈਟ' ਬੈਲੀ!

# ਝੂਠੇ ਪੁਲਿਸ ਮੁਕਾਬਲੇ ਦਾ ਸੱਚ

***ਪੰਜਾਬ ਪੁਲਿਸ ਨੇ ਲੁਧਿਆਣਾ ਸ਼ਹਿਰ ਵਿਚ ਜਮਾਲਪੁਰ ਦੀ ਆਹਲੂਵਾਲੀਆ ਕਾਲੋਨੀ ਵਿਚ 27 ਸਤੰਬਰ ਨੂੰ ਦੋ ਨੌਜਵਾਨਾਂ ਨੂੰ ਮੁਕਾਬਲਾ ਬਣਾ ਕੇ ਮਾਰ ਸੁੱਟਿਆ। ਪੰਜਾਬ ਵਿਚ ਮਨੁੱਖੀ ਹੱਕਾਂ ਦੀ ਰਾਖੀ ਲਈ ਸਰਗਰਮ ਜਮਹੂਰੀ ਅਧਿਕਾਰ ਸਭਾ (ਏ.ਐਫ.ਡੀ.ਆਰ) ਨੇ ਇਸ ਘਟਨਾ ਦੀ ਮੁਕੰਮਲ ਪੁਣ-ਛਾਣ ਕਰ ਕੇ ਰਿਪੋਰਟ ਜਾਰੀ ਕੀਤੀ ਹੈ। ਸਭਾ ਦੀ ਜਾਂਚ ਟੀਮ ਵਿਚ ਪ੍ਰੋ. ਏ.ਕੇ. ਮਲੇਰੀ, ਡਾ. ਹਰਬੰਸ ਸਿੰਘ ਗਰੇਵਾਲ, ਜਸਵੰਤ ਜੀਰਖ਼ ਅਤੇ ਸਤੀਸ਼ ਸਚਦੇਵਾ ਸ਼ਾਮਲ ਸਨ। ਇਹ ਰਿਪੋਰਟ ਇਥੇ ਰਤਾ ਕੁ ਸੰਖੇਪ ਕਰ ਕੇ ਛਾਪੀ ਜਾ ਰਹੀ ਹੈ। -ਸੰਪਾਦਕ***

ਲੁਧਿਆਣਾ ਸ਼ਹਿਰ ਵਿਚ ਜਮਾਲਪੁਰ ਦੀ ਆਹਲੂਵਾਲੀਆ ਕਾਲੋਨੀ ਵਿਚ 27 ਸਤੰਬਰ 2014 ਨੂੰ ਸਵੇਰੇ 9 ਵਜੇ ਦੇ ਕਰੀਬ ਕੁਝ ਪੁਲਿਸ ਵਾਲੇ ਮਨਪ੍ਰੀਤ ਸਿਮਰਨ ਦੇ ਘਰ ਆਏ ਜੋ ਆਪਣੇ ਘਰ ਵਿਚ ਪੀ.ਜੀ. ਚਲਾ ਰਹੀ ਸੀ। ਪੁਲਿਸ ਵਾਲੇ ਆਪਣੀ ਆਈ.ਡੀ. ਦਿਖਾ ਕੇ ਉਪਰ ਪੌੜੀਆਂ ਚੜ੍ਹ ਗਏ। ਝੱਟ ਬਾਅਦ ਹੀ ਗੋਲੀਆਂ ਦੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਆਂਢ-ਗੁਆਂਢ ਦੇ ਲੋਕਾਂ ਮੁਤਾਬਕ ਉਥੇ ਸਕਾਰਪੀਓ ਗੱਡੀ ਖੜ੍ਹੀ ਸੀ ਜਿਸ 'ਤੇ ਖੰਨਾ ਪੁਲਿਸ ਲਿਖਿਆ ਹੋਇਆ ਸੀ। ਲੋਕਾਂ ਨੇ ਦੇਖਿਆ ਕਿ ਇੱਕ ਮੁੰਡਾ ਗਲੀ ਵਿਚ ਭੱਜਿਆ ਜਾ ਰਿਹਾ ਸੀ ਜਿਸ ਦੇ ਪਿੱਛੇ ਇੱਕ ਹੋਰ ਆਦਮੀ ਚਿੱਟੇ ਕੱਪੜਿਆਂ ਵਿਚ ਹੱਥ ਵਿਚ ਪਿਸਤੌਲ ਫੜੀ ਭੱਜ ਰਿਹਾ ਸੀ। ਪਿਸਤੌਲ ਵਾਲੇ ਬੰਦੇ ਨੇ ਮੁੰਡੇ ਨੂੰ ਗਲੀ ਵਿਚ ਫੜ ਲਿਆ ਅਤੇ ਖਿੱਚ ਕੇ ਮਨਪ੍ਰੀਤ ਸਿਮਰਨ ਦੇ ਘਰ ਵੱਲ ਲੈ ਗਿਆ। ਫਿਰ ਗੋਲੀਆਂ ਚੱਲਣ ਦੀ ਆਵਾਜ਼ ਆਈ। ਫਿਰ ਕੁਝ ਬੰਦੇ ਉਸੇ ਪੁਲਿਸ ਗੱਡੀ ਵਿਚ ਬੈਠ ਕੇ ਚਲੇ ਗਏ ਜੋ ਸਿਵਲ ਵਰਦੀਆਂ ਵਿਚ ਸਨ। ਬਾਅਦ ਵਿਚ ਮਨਪ੍ਰੀਤ ਸਿਮਰਨ ਵੀ ਕਿਸੇ ਹੋਰ ਬੰਦੇ ਨਾਲ ਸਕੂਟਰ 'ਤੇ ਬੈਠ ਕੇ ਚਲੀ ਗਈ। ਲੋਕਾਂ ਨੇ ਇਸ ਬਾਰੇ ਜਮਾਲਪੁਰ ਪੁਲਿਸ ਨੂੰ ਫੋਨ ਕੀਤਾ। ਪੁਲਿਸ ਘਟਨਾ ਤੋਂ ਤਕਰੀਬਨ ਅੱਧਾ ਘੰਟਾ ਬਾਅਦ ਆਈ। ਪਹਿਲਾਂ ਸਿਰਫ ਇਕ ਏ.ਐਸ.ਆਈ. ਤੇ ਇਕ ਸਿਪਾਹੀ ਹੀ ਆਇਆ।

ਮੁਹੱਲੇ ਦੇ ਬੰਦੇ ਜਦੋਂ ਮਨਪ੍ਰੀਤ ਸਿਮਰਨ ਦੇ ਘਰ ਗਏ ਤਾਂ ਦੇਖਿਆ ਕਿ ਦੋ ਨੌਜਵਾਨਾਂ ਦੀਆਂ ਲਾਸ਼ਾਂ ਪਈਆਂ ਸਨ। ਉਨ੍ਹਾਂ ਦੇ ਜਿਸਮ 'ਤੇ ਗੋਲੀਆਂ ਲੱਗੀਆਂ ਸਨ ਤੇ ਖੂਨ ਨਿਕਲਿਆ ਹੋਇਆ ਸੀ। ਮਾਰੇ ਗਏ ਨੌਜਵਾਨ ਸਕੇ ਭਰਾ ਹਰਿੰਦਰ ਸਿੰਘ ਤੇ ਜਤਿੰਦਰ ਸਿੰਘ ਸਨ। ਉਹ ਸਤਪਾਲ ਸਿੰਘ (ਪਿੰਡ ਬੋਹਾਪੁਰ) ਦੇ ਲੜਕੇ ਸਨ। ਇਹ ਪਿੰਡ ਕੁਹਾੜੇ ਤੋਂ ਮਾਛੀਵਾੜਾ ਸੜਕ ਉਤੇ ਪੈਂਦਾ ਹੈ।

ਸਤਪਾਲ ਸਿੰਘ ਦਾ ਘਰ ਖੇਤਾਂ ਵਿਚ ਹੈ ਅਤੇ ਉਹ ਗਰੀਬ ਰਾਮਦਾਸੀਆ ਪਰਿਵਾਰ ਨਾਲ ਸਬੰਧ ਰੱਖਦਾ ਹੈ। ਸਤਪਾਲ ਸਿੰਘ ਨੇ ਦੱਸਿਆ- "ਮੇਰੇ ਦੋਵੇਂ ਲੜਕੇ ਬੜੇ ਹੋਣਹਾਰ ਸਨ, ਪੜ੍ਹਾਈ ਤੇ ਖੇਡਾਂ ਵਿਚ ਵੀ ਮੁਹਾਰਤ ਰੱਖਦੇ ਸਨ। ਲੋਕ ਸਭਾ ਚੋਣਾਂ ਵਿਚ ਉਨ੍ਹਾਂ ਨੇ ਆਮ ਆਦਮੀ ਪਾਰਟੀ ਵਿਚ ਸਰਗਰਮੀ ਨਾਲ ਕੰਮ ਕਰਨਾ ਕੀਤਾ। ਉਹ ਆਮ ਆਦਮੀ ਪਾਰਟੀ ਦੇ ਪੋਲਿੰਗ ਏਜੰਟ ਵੀ ਬਣੇ ਸਨ। ਗੁਆਂਢੀ ਪਿੰਡ ਤੱਖਰਾਂ ਦਾ ਸਾਬਕਾ ਸਰਪੰਚ ਗੁਰਜੀਤ ਸਿੰਘ ਜਿਸ ਦੀ ਪਤਨੀ ਰਾਜਵਿੰਦਰ ਕੌਰ ਹੁਣ ਸਰਪੰਚ ਹੈ, ਅਕਾਲੀ ਲੀਡਰ ਹੈ ਅਤੇ ਉਸ ਦਾ ਪੁਲਿਸ ਨਾਲ ਬਹੁਤ ਮੇਲ-ਜੋਲ ਹੈ। ਸਿਆਸੀ ਖਹਿਬਾਜ਼ੀ ਕਾਰਨ ਉਹ ਮੇਰੇ ਮੁੰਡਿਆਂ ਤੋਂ ਖਾਰ ਖਾਂਦਾ ਸੀ। ਇਸੇ ਜ਼ਿਦ ਵਿਚ ਉਸ ਨੇ ਮੇਰੇ ਮੁੰਡਿਆਂ ਨੂੰ ਬਦਨਾਮ ਕਰਨ ਅਤੇ ਫਸਾਉਣ ਲਈ ਉਨ੍ਹਾਂ ਉਤੇ ਕੁੜੀਆਂ ਛੇੜਨ ਦਾ ਕੇਸ ਵੀ ਮਾਛੀਵਾੜੇ ਥਾਣੇ ਪਵਾਇਆ।... ਇਕ ਵਾਰ ਗੁਰਜੀਤ ਸਿੰਘ ਸਰਪੰਚ ਦੇ ਪਿੰਡ ਤੱਖਰਾਂ ਵਿਖੇ ਛਿੰਝ ਮੇਲਾ ਲੱਗਿਆ ਸੀ, ਉਥੇ ਗੁਰਜੀਤ ਸਿੰਘ ਦੇ ਘਰਾਂ 'ਚੋਂ ਲੱਗਦੇ ਭਤੀਜੇ ਦੀ ਕਿਸੇ ਹੋਰ ਮੁੰਡਿਆਂ ਨਾਲ ਲੜਾਈ ਹੋ ਗਈ। ਉਸ ਲੜਾਈ ਵਿਚ ਵੀ ਗੁਰਜੀਤ ਸਿੰਘ ਨੇ ਮੇਰੇ ਦੋਵੇਂ ਲੜਕਿਆਂ ਦਾ ਨਾਮ ਝੂਠਾ ਹੀ ਲਿਖਵਾ ਦਿੱਤਾ ਅਤੇ ਥਾਣੇ ਪਰਚਾ ਕੱਟਵਾ ਦਿੱਤਾ, ਹਾਲਾਂ ਕਿ ਮੇਰਾ ਇਕ ਲੜਕਾ ਜਤਿੰਦਰ ਸਿੰਘ ਉਸ ਦਿਨ ਆਪਣੀ ਮਾਸੀ ਕੋਲ ਪਿੰਡ ਬੁਲਾਲੇ ਗਿਆ ਹੋਇਆ ਸੀ।... ਇਸ ਤੋਂ ਬਾਅਦ ਮਾਛੀਵਾੜਾ ਪੁਲਿਸ ਸਾਡੇ ਘਰ ਗੇੜੇ ਮਾਰਨ ਲੱਗੀ ਅਤੇ ਧਮਕੀਆਂ ਦਿੰਦੇ ਰਹੇ ਕਿ ਮੁੰਡਿਆਂ ਨੂੰ ਪੇਸ਼ ਕਰੋ। ਮੇਰੀ ਪਤਨੀ ਨੂੰ ਤਿੰਨ ਦਿਨ ਥਾਣੇ ਬਿਠਾਈ ਰੱਖਿਆ। ਪੁਲਿਸ ਦੀ ਪ੍ਰੇਸ਼ਾਨੀ ਤੋਂ ਖਹਿੜਾ ਛਡਾਉਣ ਦੇ ਮਾਰਿਆਂ ਮੈਂ ਲੜਕਿਆਂ ਨੂੰ ਬੇ-ਦਖਲ ਕਰ ਦਿੱਤਾ। ਅਸੀਂ ਆਪਣੇ ਬੱਚਿਆਂ ਦੀ ਜ਼ਮਾਨਤ ਕਰਾਉਣ ਲਈ ਯਤਨ ਕੀਤੇ। ਜ਼ਮਾਨਤ ਦੀ ਤਾਰੀਖ 'ਤੇ ਵੀ ਪੁਲਿਸ, ਮੁੰਡਿਆਂ ਨੂੰ ਫੜਨ ਪਹੁੰਚੀ। ਉਥੇ ਐਸ.ਐਚ.ਓ. ਮਾਛੀਵਾੜਾ ਨੇ ਮੈਨੂੰ ਆਖਿਆ ਕਿ 'ਮੁੰਡਿਆਂ ਨੂੰ ਪੇਸ਼ ਕਰ ਦੇ, ਨਹੀਂ ਤਾਂ ਉਨ੍ਹਾਂ ਨੂੰ ਕੋਈ ਗੋਲੀ ਮਾਰ ਦੇਵੇਗਾ।'... ਘਟਨਾ ਵਾਪਰਨ ਤੱਕ ਸਾਨੂੰ ਨਹੀਂ ਸੀ ਪਤਾ ਕਿ ਮੇਰੇ ਲੜਕੇ ਆਹਲੂਵਾਲੀਆ ਕਾਲੋਨੀ ਵਿਚ ਰਹਿੰਦੇ ਹਨ।... ਫਿਰ ਜਿੱਦਣ ਘਟਨਾ ਹੋਈ, ਅਸੀਂ ਉਥੇ ਪੁੱਜੇ। ਕਮਰੇ ਦੇ ਹਾਲਾਤ ਤੋਂ ਸਾਫ ਦਿਸਦਾ ਸੀ ਕਿ ਪੁਲਿਸ ਨੇ ਮੇਰੇ ਬੇਟਿਆਂ ਦੇ ਬਿਲਕੁਲ ਨੇੜੇ ਤੋਂ ਗੋਲੀਆਂ ਮਾਰੀਆਂ ਹਨ।... ਅਸੀਂ ਪੋਸਟ ਮਾਰਟਮ ਲਈ ਸਿਵਲ ਹਸਪਤਾਲ ਪੁੱਜੇ ਤਾਂ ਦੱਸਿਆ ਗਿਆ ਕਿ ਸਾਬਕਾ ਸਰਪੰਚ ਗੁਰਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਪੁਲਿਸ ਮੁਲਾਜ਼ਮ ਵੀ ਗ੍ਰਿਫਤਾਰ ਕਰ ਲਏ ਹਨ।"

ਜਾਂਚ ਕਮੇਟੀ ਮੈਂਬਰ ਮਾਛੀਵਾੜੇ ਥਾਣੇ ਗਏ। ਪਤਾ ਲੱਗਿਆ ਕਿ ਜਤਿੰਦਰ ਸਿੰਘ ਤੇ ਹਰਿੰਦਰ ਸਿੰਘ ਖਿਲਾਫ ਇਸ ਥਾਣੇ ਵਿਚ ਦੋ ਐਫ. ਆਈ. ਆਰ. ਦਰਜ ਹਨ। ਐਫ.ਆਈ.ਆਰ. ਨੰਬਰ 131 ਵਿਚ ਧਾਰਾ 354, 294-34 ਆਈ.ਪੀ.ਸੀ. ਹੈ ਜੋ ਇੱਕ ਲੜਕੀ ਵੱਲੋਂ ਦਰਜ ਹੈ ਜਿਸ ਵਿਚ ਉਸ ਵੱਲੋਂ ਦੋਸ਼ ਲਾਇਆ ਗਿਆ ਹੈ ਕਿ ਇਨ੍ਹਾਂ ਲੜਕਿਆਂ ਨੇ ਉਸ ਨੂੰ ਅਤੇ ਉਸ ਦੀ ਸਹੇਲੀ ਨੂੰ ਮਾਛੀਵਾੜਾ ਬੱਸ ਸਟੈਂਡ 'ਤੇ ਛੇੜਿਆ। ਰੌਲਾ ਪਾਉਣ 'ਤੇ ਉਹ ਮੋਟਰ ਸਾਈਕਲਾਂ ਉਤੇ ਫਰਾਰ ਹੋ ਗਏ।

ਦੂਜੀ ਐਫ.ਆਈ.ਆਰ. ਨੰਬਰ 162 ਧਾਰਾ 307, 323, 224, 148, 149 ਅਤੇ 325, 326 ਵਾਧਾ ਜੁਰਮ ਲਾਈਆਂ ਹੋਈਆਂ ਹਨ। ਇਹ ਐਫ.ਆਈ.ਆਰ. ਇਕ ਲੜਕੇ ਹਰਮਨਪਿੰਦਰ ਸਿੰਘ ਵੱਲੋਂ ਦਰਜ ਹੈ ਅਤੇ ਐਫ.ਆਈ.ਆਰ. ਵਿਚ ਹੋਰ ਲੜਕਿਆਂ ਸਮੇਤ ਇਨ੍ਹਾਂ ਦੋਵੇਂ ਭਰਾਵਾਂ ਜਤਿੰਦਰ ਸਿੰਘ ਤੇ ਹਰਿੰਦਰ ਸਿੰਘ ਵੱਲੋਂ ਤੇਜ ਹਥਿਆਰਾਂ ਨਾਲ ਸੱਟਾਂ ਮਾਰਨ ਦੀ ਗੱਲ ਹੈ। ਹਰਮਨਪਿੰਦਰ ਸਿੰਘ ਜੋ ਸੀ.ਐਮ.ਸੀ. ਹਸਪਤਾਲ ਲੁਧਿਆਣਾ ਵਿਖੇ ਦਾਖਲ ਸੀ, ਨੇ ਇਹ ਬਿਆਨ ਲਿਖਾਇਆ ਹੋਇਆ ਹੈ। ਥਾਣੇ ਦੇ ਮੁਨਸ਼ੀ ਨੇ ਦੱਸਿਆ ਕਿ ਇਸੇ ਕਰ ਕੇ ਇਹ ਲੜਕੇ ਪੁਲਿਸ ਨੂੰ ਲੋੜੀਂਦੇ ਸਨ ਅਤੇ ਪੁਲਿਸ ਇਨ੍ਹਾਂ ਦੀ ਤਲਾਸ਼ ਕਰ ਰਹੀ ਸੀ।

ਇਸ ਤੋਂ ਬਾਅਦ ਜਾਂਚ ਕਮੇਟੀ ਮੈਂਬਰ ਥਾਣਾ ਜਮਾਲਪੁਰ ਪਹੁੰਚੇ ਜਿੱਥੇ ਮੁਨਸ਼ੀ ਸਤਪਾਲ ਨੇ ਦੱਸਿਆ ਕਿ ਐਸ.ਐਚ.ਓ. ਸਾਹਿਬ ਹਾਜ਼ਰ ਨਹੀਂ ਹਨ। ਪੁੱਛਣ 'ਤੇ ਦੱਸਿਆ ਕਿ ਮਾਛੀਵਾੜਾ ਪੁਲਿਸ ਵੱਲੋਂ ਇਸ ਥਾਣੇ ਵਿਚ ਇਤਲਾਹ ਹੋਈ ਹੈ ਜਾਂ ਨਹੀਂ, ਤਾਂ ਉਸ ਨੇ ਸਿਰਫ ਇਹੀ ਕਿਹਾ ਕਿ ਇਸ ਬਾਰੇ ਤਾਂ ਉਚ ਅਫ਼ਸਰ ਹੀ ਦੱਸ ਸਕਦੇ ਹਨ। ਹੋਈਆਂ ਗ੍ਰਿਫਤਾਰੀਆਂ ਬਾਰੇ ਉਸ ਨੇ ਕਿਹਾ ਕਿ ਐਫ.ਆਈ.ਆਰ. ਮੁਤਾਬਕ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਐਫ.ਆਈ.ਆਰ. ਮੰਗਣ 'ਤੇ ਕਿਹਾ ਕਿ ਇਹ ਕੇਵਲ ਮੁੱਦਈ ਨੂੰ ਹੀ ਦਿੱਤੀ ਜਾਂਦੀ ਹੈ।

ਪੋਸਟ ਮਾਰਟਮ ਦੀ ਰਿਪੋਰਟ ਅਤੇ ਡਾਕਟਰਾਂ ਦੇ ਬਿਆਨਾਂ ਮੁਤਾਬਕ ਕੁੱਲ ਪੰਜ ਗੋਲੀਆਂ ਮਾਰੀਆਂ ਗਈਆਂ ਹਨ ਅਤੇ ਇਹ ਨੇੜੇ ਤੋਂ ਮਾਰੀਆਂ ਗਈਆਂ। ਹਰਿੰਦਰ ਸਿੰਘ ਦੀ ਸੱਜੀ ਪੁੜਪੁੜੀ ਵਿਚ ਗੋਲੀ ਮਾਰੀ ਗਈ ਜਿਹੜੀ ਖੱਬੀ ਪੁੜਪੁੜੀ ਵਿਚੋਂ ਬਾਹਰ ਨਿਕਲ ਗਈ। ਇੱਕ ਬਾਂਹ ਵਿਚ ਲੱਗੀ ਤੇ ਤੀਜੀ ਛਾਤੀ ਦੇ ਸੱਜੇ ਪਾਸੇ ਮਾਰੀ ਜੋ ਜਿਗਰ ਵਿਚ ਫਸ ਗਈ। ਜਤਿੰਦਰ ਸਿੰਘ ਦੇ ਸਿਰ ਵਿਚ ਗੋਲੀ ਮਾਰੀ ਗਈ ਜੋ ਗਲੇ ਵਿਚ ਉਤਰ ਗਈ। ਇਕ ਗੋਲੀ ਸੱਜੇ ਹੱਥ ਦੀ ਇੰਡੈਕਸ ਫਿੰਗਰ ਦੀ ਹੱਡੀ ਤੋੜ ਕੇ ਬਾਹਰ ਨਿਕਲ ਗਈ।

***ਪੁਲਿਸ ਨੇ ਇਸ ਕੇਸ ਵਿਚ ਆਪਣੀ ਤਾਕਤ ਨੂੰ ਆਪ-ਮੁਹਾਰਾ ਵਰਤ ਕੇ ਪੰਜਾਬ ਵਿਚ ਅਤਿਵਾਦ ਦੇ ਸਮੇਂ ਹੋਏ ਝੂਠੇ ਪੁਲਿਸ ਮੁਕਾਬਲਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਸੁਪਰੀਮ ਕੋਰਟ ਨੇ 3 ਸਤੰਬਰ 2014 ਨੂੰ ਸੁਣਾਏ ਫੈਸਲੇ ਵਿਚ ਪੁਲਿਸ ਮੁਕਾਬਲੇ ਬਾਰੇ ਕੁਝ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਜਿਨ੍ਹਾਂ ਦੀਆਂ ਮਾਛੀਵਾੜਾ ਪੁਲਿਸ ਨੇ ਧੱਜੀਆਂ ਉਡਾਈਆਂ ਹਨ। ਪੁਲਿਸ ਹਮੇਸ਼ਾਂ ਕਾਨੂੰਨ ਛਿੱਕੇ ਟੰਗ ਕੇ ਮਨਮਾਨੀਆਂ ਕਰਦੀ ਹੈ ਅਤੇ ਸਰਕਾਰ ਹੁਣ ਹੋਰ ਨਵੇਂ-ਨਵੇਂ ਕਾਨੂੰਨਾਂ ਰਾਹੀਂ ਪੁਲਿਸ ਦੇ ਹੱਥ ਮਜ਼ਬੂਤ ਕਰ ਰਹੀ ਹੈ।***

ਇਸ ਕੇਸ ਵਿਚ ਹੁਣ ਤੱਕ ਐਸ.ਐਚ.ਓ. ਮਾਛੀਵਾੜਾ ਮਨਿੰਦਰ ਸਿੰਘ ਦਾ ਰੀਡਰ ਯਾਦਵਿੰਦਰ ਸਿੰਘ, ਹੋਮ ਗਾਰਡ ਅਜੀਤ ਸਿੰਘ, ਬਲਦੇਵ ਸਿੰਘ ਅਤੇ ਅਕਾਲੀ ਲੀਡਰ ਸਾਬਕਾ ਸਰਪੰਚ ਗੁਰਜੀਤ ਸਿੰਘ ਗ੍ਰਿਫਤਾਰ ਕੀਤੇ ਗਏ ਹਨ। ਜ਼ਿਕਰਯੋਗ ਇਹ ਵੀ ਹੈ ਕਿ ਡੀ.ਆਈ.ਜੀ. ਨੇ ਅਖ਼ਬਾਰਾਂ ਵਿਚ ਇਸ ਗੱਲ ਦਾ ਖੁਲਾਸਾ ਕੀਤਾ ਹੈ ਕਿ ਰੀਡਰ ਯਾਦਵਿੰਦਰ ਸਿੰਘ ਨੂੰ ਵਰਨਾ ਕਾਰ ਸਾਬਕਾ ਸਰਪੰਚ ਗੁਰਜੀਤ ਸਿੰਘ ਨੇ ਦਿੱਤੀ ਹੈ। ਸਤਪਾਲ ਸਿੰਘ ਨੇ ਵੀ ਜਾਂਚ ਕਮੇਟੀ ਨੂੰ ਦੱਸਿਆ ਸੀ ਕਿ ਯਾਦਵਿੰਦਰ ਸਿੰਘ ਰੀਡਰ ਦੇ ਗੁਰਜੀਤ ਸਿੰਘ ਨਾਲ ਬੜੇ ਗੂੜ੍ਹੇ ਤੇ ਵਪਾਰਕ ਸਬੰਧ ਹਨ।

**ਜਮਹੂਰੀ ਸਭਾ ਦੀ ਸਮਝ ਤੇ ਸਿੱਟੇ:** ਇਸ ਘਟਨਾ ਵਿਚ ਪੁਲਿਸ ਦੀ ਕਾਰਗੁਜ਼ਾਰੀ 'ਤੇ ਵੱਡੇ ਸਵਾਲ ਖੜ੍ਹੇ ਹੁੰਦੇ ਹਨ। ਪੁਲਿਸ ਨੇ ਆਪਣੀ ਤਾਕਤ ਨੂੰ ਆਪ-ਮੁਹਾਰਾ ਵਰਤ ਕੇ ਪੰਜਾਬ ਵਿਚ ਅਤਿਵਾਦ ਦੇ ਸਮੇਂ ਹੋਏ ਝੂਠੇ ਪੁਲਿਸ ਮੁਕਾਬਲਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਸੁਪਰੀਮ ਕੋਰਟ ਨੇ 3 ਸਤੰਬਰ 2014 ਨੂੰ ਸੁਣਾਏ ਫੈਸਲੇ ਵਿਚ ਪੁਲਿਸ ਮੁਕਾਬਲੇ ਬਾਰੇ ਕੁਝ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਜਿਨ੍ਹਾਂ ਦੀਆਂ ਮਾਛੀਵਾੜਾ ਪੁਲਿਸ ਨੇ ਧੱਜੀਆਂ ਉਡਾਈਆਂ ਹਨ। ਦਿਸ਼ਾ-ਨਿਰਦੇਸ਼ ਹੈ ਕਿ ਪੁਲਿਸ ਦਾ ਰੇਡ ਸਮੇਂ ਵਰਦੀ ਵਿਚ ਹੋਣਾ ਜ਼ਰੂਰੀ ਹੈ ਪਰ ਇੱਥੇ ਪੁਲਿਸ ਦੇ ਬਿਨਾਂ ਵਰਦੀ ਤੋਂ ਹੋਣ ਦੀ ਪੁਸ਼ਟੀ ਹੋਈ ਹੈ। ਦਿਸ਼ਾ-ਨਿਰਦੇਸ਼ ਹੈ ਕਿ ਜਦੋਂ ਇੱਕ ਥਾਣੇ ਦੀ ਪੁਲਿਸ ਨੇ ਕਿਸੇ ਦੂਜੇ ਥਾਣੇ ਵਿਚ ਪੈਂਦੇ ਇਲਾਕੇ ਵਿਚ ਰੇਡ ਕਰਨੀ ਹੋਵੇ ਤਾਂ ਉਸ ਦੀ ਸੂਚਨਾ ਸਬੰਧਤ ਥਾਣੇ ਵਿਚ ਦਰਜ ਕਰਾਉਣੀ ਜ਼ਰੂਰੀ ਹੈ, ਪਰ ਇਸ ਕੇਸ ਵਿਚ ਮਾਛੀਵਾੜਾ ਪੁਲਿਸ ਨੇ ਅਜਿਹਾ ਨਹੀਂ ਕੀਤਾ। ਇਸ ਦੇ ਬਾਵਜੂਦ ਪੁਲਿਸ ਹਮੇਸ਼ਾਂ ਹੀ ਬਹੁਤਾ ਕਰ ਕੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਮਨਮਾਨੀਆਂ ਕਰ ਕੇ ਲੋਕਾਂ ਵਿਚ ਦਹਿਸ਼ਤ ਦਾ ਮਹੌਲ ਪੈਦਾ ਕਰਦੀ ਹੈ, ਪਰ ਸਰਕਾਰ ਵੱਲੋਂ ਸਗੋਂ ਹੋਰ ਨਵੇਂ-ਨਵੇਂ ਕਾਨੂੰਨਾਂ ਰਾਹੀਂ ਪੁਲਿਸ ਦੇ ਹੱਥ ਹੋਰ ਮਜ਼ਬੂਤ ਕਰ ਕੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ।

'ਸਰਕਾਰੀ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਕਾਨੂੰਨ 2014' ਦੀ ਧਾਰਾ 9(1) ਪੁਲਿਸ ਨੂੰ ਪੂਰਾ ਦਖਲ ਦੇਣ ਦਾ ਹੱਕ ਦਿੰਦੀ ਹੈ। ਕੋਈ ਵੀ ਹੌਲਦਾਰ, ਖੁਦ ਪਛਾਣੇ ਬੰਦੇ ਨੂੰ ਗ੍ਰਿਫਤਾਰ ਕਰ ਸਕਦਾ ਹੈ। ਕਿਸੇ ਵੀ ਘਟਨਾ ਦੀ ਵੀਡੀਓਗ੍ਰਾਫ ਅਦਾਲਤ ਵਿਚ ਸਬੂਤ ਵਜੋਂ ਪੇਸ਼ ਕੀਤੀ ਜਾ ਸਕਦੀ ਹੈ ਅਤੇ ਕਿਸੇ ਹੋਰ ਗਵਾਹ ਦੀ ਲੋੜ ਨਹੀਂ। ਇਸ ਕਾਨੂੰਨ ਦੀ ਧਾਰਾ 2(ਅ) ਉਨ੍ਹਾਂ ਲੋਕਾਂ ਨੂੰ ਵੀ ਦੋਸ਼ੀ ਮੰਨਦੀ ਹੈ ਜਿਹੜੇ ਹੜਤਾਲਾਂ, ਧਰਨੇ, ਮਾਰਚ, ਮੁਜ਼ਾਹਰੇ, ਜਲਸੇ, ਜਲੂਸ ਅਤੇ ਸੜਕੀ ਤੇ ਰੇਲ ਆਵਾਜਾਈ ਰੋਕ ਕੇ ਨੁਕਸਾਨ ਕਰਦੇ ਹਨ ਜਾਂ ਘਾਟਾ ਪਾਉਂਦੇ ਹਨ, ਭਾਵੇਂ ਉਹ ਉਸ ਸਥਾਨ 'ਤੇ ਹਾਜ਼ਰ ਵੀ ਨਾ ਹੋਣ।

ਇਸ ਸਬੰਧੀ ਇਸੇ ਕੇਸ ਦੀ ਹੀ ਮਿਸਾਲ ਹੈ... ਇਲਾਕੇ ਦੇ ਲੋਕਾਂ ਨੇ ਪਰਿਵਾਰ ਨਾਲ ਹਮਦਰਦੀ ਜਤਾਉਂਦਿਆਂ ਅਤੇ ਪੁਲਿਸ ਵੱਲੋਂ ਹੋਏ ਧੱਕੇ ਦੇ ਖਿਲਾਫ ਮ੍ਰਿਤਕਾਂ ਦੀਆਂ ਲਾਸ਼ਾਂ ਸੜਕ 'ਤੇ ਰੱਖ ਕੇ ਰੋਸ ਪ੍ਰਗਟ ਕੀਤਾ, ਤਾਂ ਹੀ ਸਰਕਾਰ ਹਰਕਤ ਵਿਚ ਆਈ; ਪਰ ਉਪਰੋਕਤ ਕਾਨੂੰਨ ਅਜਿਹਾ ਕਰਨ ਦੀ ਇਜਾਜ਼ਤ ਹੀ ਨਹੀਂ ਦਿੰਦਾ। ਜ਼ਾਹਿਰ ਹੈ ਕਿ ਹੱਕ ਮੰਗਦੇ ਲੋਕ ਕੇਵਲ ਪੁਲਿਸ ਦੇ ਰਹਿਮੋ-ਕਰਮ 'ਤੇ ਰਹਿ ਜਾਣਗੇ ਤੇ ਪੁਲਿਸ ਦੀਆਂ ਕੁਤਾਹੀਆਂ ਸਭ ਦੇ ਸਾਹਮਣੇ ਹਨ।

ਸਭਾ ਸਮਝਦੀ ਹੈ ਕਿ ਪੁਲਿਸ ਦੇ ਅਨਿਆਂ ਨੂੰ ਲੋਕ ਜਾਗਰੂਕ ਤੇ ਇਕੱਠੇ ਹੋ ਕੇ ਹੀ ਰੋਕ ਸਕਦੇ ਹਨ, ਤੇ ਲੋਕ ਮਾਰੂ ਕਾਨੂੰਨ ਰੱਦ ਕਰਵਾ ਸਕਦੇ ਹਨ। ਪੁਲਿਸ-ਸਿਆਸੀ ਗਠਜੋੜ ਬੇਹੱਦ ਘਾਤਕ ਹੈ। ਇਸ ਕੇਸ ਵਿਚ ਵੀ ਗੁਰਜੀਤ ਸਿੰਘ ਦਾ ਪੁਲਿਸ ਨਾਲ ਗੱਠਜੋੜ ਸਾਹਮਣੇ ਆਇਆ ਹੈ।

# ਲੋੜੋਂ ਵੱਧ ਉਭਾਰੀ ਗਈ ਮੋਦੀ ਦੀ ਅਮਰੀਕਾ ਫੇਰੀ

**ਪ੍ਰਫੁੱਲ ਬਿਦਵਈ**

ਹਰ ਸਾਲ ਸਤੰਬਰ ਵਿਚ ਦੁਨੀਆਂ ਦੇ ਛੋਟੇ-ਵੱਡੇ 190 ਤੋਂ ਵਧੇਰੇ ਦੇਸ਼ਾਂ ਦੇ ਮੁਖੀਆਂ ਨੂੰ ਸੰਯੁਕਤ ਰਾਸ਼ਟਰ ਮਹਾਂਸਭਾ ਨੂੰ ਸੰਬੋਧਨ ਕਰਨ ਦਾ ਮੌਕਾ ਮਿਲਦਾ ਹੈ। ਇਨ੍ਹਾਂ ਸੰਬੋਧਨਾਂ ਦੌਰਾਨ ਆਮ ਕਰ ਕੇ ਉਨ੍ਹਾਂ ਦੇ ਕੂਟਨੀਤਕ ਅਧਿਕਾਰੀਆਂ ਅਤੇ ਪੱਤਰਕਾਰਾਂ ਤੋਂ ਬਿਨਾਂ ਹੋਰ ਕੋਈ ਹਾਜ਼ਰ ਨਹੀਂ ਹੁੰਦਾ। ਉਨ੍ਹਾਂ ਦਾ 'ਦੇਸ਼ ਭਗਤ ਮੀਡੀਆ' ਆਪਣਾ ਫ਼ਰਜ਼ ਨਿਭਾਉਂਦਿਆਂ ਉਨ੍ਹਾਂ ਦੇ ਸੰਬੋਧਨਾਂ ਦੀ ਪੂਰੀ-ਪੂਰੀ ਰਿਪੋਰਟਿੰਗ ਕਰਦਾ ਹੈ। ਵਿਸ਼ਵ ਉਨ੍ਹਾਂ ਨੂੰ ਨਜ਼ਰਅੰਦਾਜ਼ ਹੀ ਕਰਦਾ ਹੈ ਅਤੇ ਇਸੇ ਤਰ੍ਹਾਂ ਸੰਯੁਕਤ ਰਾਸ਼ਟਰ ਵੀ! ਇਸੇ ਤਰ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਸੰਬੋਧਨ ਕੀਤਾ। ਉਦੋਂ ਮਹਾਂਸਭਾ ਦਾ ਹਾਲ ਦੋ-ਤਿਹਾਈ ਤੋਂ ਵਧੇਰੇ ਖਾਲੀ ਸੀ। ਉਨ੍ਹਾਂ ਨੇ ਕੁਝ ਵੀ ਠੋਸ ਨਹੀਂ ਕਿਹਾ। ਫਿਰ ਵੀ ਆਪਣੀ ਪੂਰੀ ਹਾਜ਼ਰੀ ਨਾਲ ਭਾਰਤੀ ਮੀਡੀਆ ਨੇ ਘੰਟਿਆਂਬੱਧੀ ਇਸ ਭਾਸ਼ਨ ਦਾ ਵਿਸ਼ਲੇਸ਼ਣ ਕੀਤਾ। ਨਿਊ ਯਾਰਕ ਦੇ ਮੈਡੀਸਨ ਸਕੁਏਅਰ ਗਾਰਡਨ ਵਿਚ ਹੋਏ ਮੋਦੀ ਦੇ ਪ੍ਰੋਗਰਾਮ ਬਾਰੇ ਵੀ ਇਹੀ ਗੱਲ ਕਹੀ ਜਾ ਸਕਦੀ ਹੈ। ਇਸ ਪ੍ਰੋਗਰਾਮ ਲਈ ਹਿੰਦੂ ਸੋਇਮ ਸੇਵਕ ਸੰਘ ਵੱਲੋਂ 19 ਹਜ਼ਾਰ ਤੋਂ ਵਧੇਰੇ ਲੋਕਾਂ ਨੂੰ ਇਕੱਤਰ ਕੀਤਾ ਗਿਆ ਸੀ। ਇਹ ਵੀ ਦੋਸ਼ ਲਗਦੇ ਹਨ ਕਿ ਇਨ੍ਹਾਂ ਲੋਕਾਂ ਨੂੰ ਪੈਸੇ ਵੀ ਦਿੱਤੇ ਗਏ। ਇਨ੍ਹਾਂ 'ਚੋਂ ਬਹੁਤ ਸਾਰੇ ਪਰਵਾਸੀ ਭਾਰਤੀ ਸਨ ਜੋ ਸਭਿਆਚਾਰਕ ਤੌਰ 'ਤੇ ਖ਼ੁਦ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹਨ।

ਵਾਸ਼ਿੰਗਟਨ ਵਿਚ ਹੋਈ ਆਪਣੀ ਦੁਵੱਲੀ ਵਾਰਤਾ ਦਾ ਜ਼ਿਕਰ ਕਰਦਿਆਂ ਸ੍ਰੀ ਮੋਦੀ ਨੇ ਆਪਣੇ ਦੌਰੇ ਨੂੰ ਬੇਹੱਦ ਸਫ਼ਲ ਅਤੇ ਸੰਤੁਸ਼ਟੀਜਨਕ ਐਲਾਨਿਆ। ਉਨ੍ਹਾਂ ਮੁਤਾਬਕ, ਰਾਸ਼ਟਰਪਤੀ ਬਰਾਕ ਓਬਾਮਾ ਨਾਲ ਉਨ੍ਹਾਂ ਦੀ ਮਿਲਣੀ ਰਾਹੀਂ ਰਿਸ਼ਤਿਆਂ ਨੂੰ 'ਨਵਾਂ ਆਯਾਮ' ਮਿਲੇਗਾ। ਓਬਾਮਾ ਨੇ ਉਨ੍ਹਾਂ ਨੂੰ 20 ਮਹਿਮਾਨਾਂ ਸਮੇਤ ਰਾਤ ਦੇ ਖਾਣੇ ਦੀ ਦਾਅਵਤ ਦਿੱਤੀ ਅਤੇ ਕਿੰਗ ਮੈਮੋਰੀਅਲ ਵਿਖਾਉਣ ਲਈ ਲੈ ਕੇ ਗਏ।

'ਦਿ ਵਾਸ਼ਿੰਗਟਨ ਪੋਸਟ' ਵਿਚ ਛਪੇ ਸਾਂਝੇ ਸੰਪਾਦਕੀ ਲੇਖ ਬਾਰੇ ਵੀ ਬੜਾ ਕੁਝ ਕਿਹਾ ਗਿਆ ਪਰ ਇਸ ਵਿਚ ਕੁਝ ਵੀ ਵਿਲੱਖਣ ਨਹੀਂ ਹੈ। ਅਜਿਹੇ ਸਾਂਝੇ ਲੇਖ ਛਾਪਣੇ ਅਜਿਹੀ ਸਥਾਈ ਪ੍ਰਕਿਰਿਆ ਹੈ ਜਿਸ ਨੂੰ ਛੋਟੇ ਦੇਸ਼ਾਂ ਦੇ ਆਗੂਆਂ ਨਾਲ ਵੀ ਅਮਲ ਵਿਚ ਲਿਆਂਦਾ ਜਾਂਦਾ ਹੈ। ਸਾਲ 2009 ਵਿਚ ਡਾ. ਮਨਮੋਹਨ ਸਿੰਘ ਦੀ ਕਿਤੇ ਵਡੇਰੀ ਮਹਿਮਾਨ-ਨਿਵਾਜ਼ੀ ਕੀਤੀ ਗਈ ਸੀ ਜਿਸ ਵਿਚ 300 ਮਹਿਮਾਨਾਂ ਸਮੇਤ ਦਿੱਤੀ ਗਈ ਰਾਤ ਦੇ ਖਾਣੇ ਦੀ ਦਾਅਵਤ ਵੀ ਸ਼ਾਮਿਲ ਸੀ। ਜਿਵੇਂ 'ਦਿ ਨਿਊ ਯਾਰਕ ਟਾਈਮਜ਼' ਅਖ਼ਬਾਰ ਨੇ ਲਿਖਿਆ ਵੀ ਹੈ ਕਿ ਸ੍ਰੀ ਓਬਾਮਾ 'ਸ੍ਰੀ ਮੋਦੀ ਨਾਲ ਕੰਮ ਕਰਨ ਸਬੰਧੀ ਆਪਣੀਆਂ ਉਮੀਦਾਂ ਨੂੰ ਉਭਾਰ ਕੇ ਪੇਸ਼ ਕਰਨਾ ਚਾਹੁੰਦੇ ਹਨ, ਜਦੋਂ ਕਿ ਉਸ ਆਗੂ 'ਤੇ ਵ੍ਹਾਈਟ ਹਾਊਸ ਦੀ ਮੁਕੰਮਲ ਮਹਿਮਾਨ-ਨਿਵਾਜ਼ੀ ਨਹੀਂ ਵਰਸਾਈ ਗਈ ਜਿਸ ਦਾ ਅਜੇ ਹਾਲ ਹੀ ਤੱਕ ਅਮਰੀਕਾ ਵਿਚ ਦਾਖ਼ਲ ਹੋਣਾ ਮਨ੍ਹਾਂ ਸੀ...।'



ਜਾਰੀ ਕੀਤਾ ਗਿਆ ਸਾਂਝਾ ਮੋਦੀ-ਓਬਾਮਾ 'ਵਿਜ਼ਨ ਸਟੇਟਮੈਂਟ' ਵੀ ਕਈ ਤਰ੍ਹਾਂ ਦੀਆਂ ਸਾਰਹੀਣਤਾਵਾਂ ਨਾਲ ਭਰਿਆ ਪਿਆ ਸੀ। ਮਸਲਨ, ਇਸ ਵਿਚ 'ਵਿਸ਼ਵ ਦੀ ਭਲਾਈ ਲਈ' ਇਕੱਠਿਆਂ ਕੰਮ ਕਰਨ ਅਤੇ 'ਪਰਮਾਣੂ ਹਥਿਆਰਾਂ ਨੂੰ ਘਟਾਉਣ' ਦੀ ਗੱਲ ਕਹੀ ਗਈ ਹੈ, ਜਦੋਂ ਕਿ ਦੋਵੇਂ ਦੇਸ਼ ਹੀ ਆਪਣੇ ਪਰਮਾਣੂ ਹਥਿਆਰਾਂ ਨੂੰ ਹੋਰ ਵਧਾਉਣ ਅਤੇ ਇਸ ਦਾ ਆਧੁਨਿਕੀਕਰਨ ਕਰਨ ਵਿਚ ਲੱਗੇ ਹੋਏ ਹਨ। ਸਹੀ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਕਈ ਸਮਝੌਤੇ ਹੋਏ, ਜਿਵੇਂ 10 ਸਾਲਾ ਰੱਖਿਆ ਸਹਿਯੋਗ ਸਮਝੌਤੇ ਨੂੰ ਮੁੜ ਨਵਿਆਉਣਾ, ਨਿਵੇਸ਼ ਨੂੰ ਉਤਸ਼ਾਹਿਤ ਕਰਨਾ, ਸਮਾਰਟ ਸ਼ਹਿਰਾਂ ਦਾ ਵਿਕਾਸ, 2015 ਤੋਂ ਅਮਰੀਕੀ ਨਾਗਰਿਕਾਂ ਨੂੰ 'ਵੀਜ਼ਾ ਆਨ ਅਰਾਈਵਲ' ਦੀ ਸਹੂਲਤ ਦੇਣਾ, ਵਿਗਿਆਨ, ਤਕਨੀਕ ਅਤੇ ਨਵਿਆਉਣਯੋਗ ਊਰਜਾ ਦੇ ਖੇਤਰ ਵਿਚ ਸਹਿਯੋਗ ਕਰਨਾ ਆਦਿ; ਪਰ ਸਾਰੇ ਭਾਰਤੀ ਪ੍ਰਧਾਨ ਮੰਤਰੀਆਂ ਵੱਲੋਂ ਪਹਿਲਾਂ ਕੀਤੇ ਗਏ ਅਮਰੀਕੀ ਦੌਰਿਆਂ ਸਮੇਂ ਵੀ ਅਜਿਹੇ ਸਮਝੌਤੇ ਹੁੰਦੇ ਰਹੇ ਹਨ। ਇਨ੍ਹਾਂ ਨੂੰ ਕੋਈ ਨਿਵੇਕਲੀ ਪ੍ਰਾਪਤੀ ਕਰਾਰ ਨਹੀਂ ਦਿੱਤਾ ਜਾ ਸਕਦਾ।

ਸ੍ਰੀ ਮੋਦੀ ਦਾ ਦੌਰਾ ਅਮਰੀਕਾ ਨਾਲ ਇਕ ਨੇੜਲੇ ਅਤੇ ਗੁਣਵੱਤਾ ਭਰਪੂਰ ਰਿਸ਼ਤੇ ਦੀ ਉਸਾਰੀ ਸਬੰਧੀ ਨਵੀਂ ਆਸ ਜਗਾਉਣ ਵਿਚ ਅਸਫ਼ਲ ਰਿਹਾ ਹੈ। ਦੋ ਮੁੱਖ ਕੰਡੇਦਾਰ ਮੁੱਦੇ ਅਣਸੁਲਝੇ ਹੀ ਰਹਿ ਗਏ ਹਨ: ਪਹਿਲਾ, ਪਰਮਾਣੂ ਰਿਐਕਟਰਾਂ ਦੀ ਦਰਾਮਦਗੀ ਰਾਹੀਂ ਭਾਰਤ-ਅਮਰੀਕਾ ਪਰਮਾਣੂ ਸੰਧੀ ਨੂੰ ਹਕੀਕੀ ਕਿਰਿਆਸ਼ੀਲਤਾ ਮੁਹੱਈਆ ਕਰਾਉਣਾ ਅਤੇ ਦੂਜਾ ਹੈ, ਵਿਸ਼ਵ ਵਪਾਰ ਸੰਗਠਨ ਦੀਆਂ ਵਾਰਤਾਵਾਂ 'ਚ ਵਪਾਰ ਅਤੇ ਬੌਧਿਕ ਸੰਪਤੀ ਅਧਿਕਾਰਾਂ ਦੇ ਮੁੱਦਿਆਂ ਸਬੰਧੀ ਭਾਰਤ ਦਾ ਰੁਖ਼। ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਅਤੇ ਪਰਮਾਣੂ ਸਪਲਾਇਰਜ਼ ਗਰੁਪ ਵੱਲੋਂ ਇਸ ਪਰਮਾਣੂ ਸਮਝੌਤੇ ਨੂੰ ਅੰਤਿਮ ਰੂਪ ਦਿੱਤੇ ਜਾਣ ਤੋਂ 6 ਸਾਲ ਬਾਅਦ ਵੀ ਅਜੇ ਤੱਕ ਅਮਰੀਕਾ, ਫਰਾਂਸ ਜਾਂ ਫਿਰ ਰੂਸ ਨਾਲ ਭਾਰਤ ਦਾ ਇਕ ਵੀ ਰਿਐਕਟਰ ਦਾ ਠੇਕਾ ਸਿਰੇ ਨਹੀਂ ਚੜ੍ਹਿਆ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਰਿਐਕਟਰ ਨਿਰਮਾਣਕਰਤਾ ਦੇਸ਼, ਭਾਰਤੀ ਪਰਮਾਣੂ ਜਵਾਬਦੇਹੀ ਕਾਨੂੰਨ ਤਹਿਤ ਕੰਮ ਕਰਨ ਤੋਂ ਝਿਜਕਦੇ ਹਨ। ਇਹ ਕਾਨੂੰਨ ਕਿਸੇ ਹਾਦਸੇ ਆਦਿ ਕਾਰਨ ਨੁਕਸਾਨ ਹੋਣ ਦੀ ਸੂਰਤ ਵਿਚ ਆਪ੍ਰੇਟਰ ਨੂੰ ਮੁਢਲੇ ਤੌਰ 'ਤੇ ਦੋਸ਼ੀ ਮੰਨਣ ਦੇ ਨਾਲ-ਨਾਲ ਸਪਲਾਇਰ ਦੀ ਜਵਾਬਦੇਹੀ ਵੀ ਕਰਦਾ ਹੈ। ਸੋ, ਇਹ ਅਜੇ ਵੇਖਣ ਵਾਲੀ ਗੱਲ ਹੋਵੇਗੀ ਕਿ ਮੋਦੀ ਸਰਕਾਰ ਇਸ ਕਾਨੂੰਨ ਨੂੰ ਕਿਵੇਂ ਬਦਲ ਸਕੇਗੀ ਜੋ ਸਰਬ ਪਾਰਟੀ ਸਹਿਮਤੀ ਦੇ ਨਤੀਜੇ ਵਜੋਂ ਹੋਂਦ 'ਚ ਆਇਆ ਸੀ।

ਬੌਧਿਕ ਸੰਪਤੀ ਅਧਿਕਾਰਾਂ ਦੇ ਮੁੱਦੇ 'ਤੇ 'ਲਚਕੀਲੇਪਨ' ਦਾ ਸੰਕੇਤ ਦੇਣ ਲਈ ਸ੍ਰੀ ਮੋਦੀ ਦੇ ਦੌਰੇ ਤੋਂ ਐਨ ਪਹਿਲਾਂ ਭਾਰਤ ਸਰਕਾਰ ਨੇ ਉਨ੍ਹਾਂ ਦਵਾਈਆਂ ਦੀ ਗਿਣਤੀ ਕਾਫੀ ਹੱਦ ਤੱਕ ਘਟਾ ਦਿੱਤੀ ਜੋ ਕੀਮਤਾਂ ਦੇ ਕੰਟਰੋਲ ਪੱਖੋਂ ਕੌਮੀ ਦਵਾਈ ਕੀਮਤ ਅਥਾਰਿਟੀ ਦੇ ਘੇਰੇ ਹੇਠ ਆਉਂਦੀਆਂ ਸਨ। ਇਨ੍ਹਾਂ ਵਿਚ ਸ਼ੂਗਰ, ਕੈਂਸਰ, ਤਪਦਿਕ, ਦਿਲ ਦੇ ਰੋਗਾਂ ਅਤੇ ਏਡਜ਼ ਆਦਿ ਲਈ ਵਿਆਪਕ ਤੌਰ 'ਤੇ ਵਰਤੀਆਂ ਜਾਂਦੀਆਂ ਹਨ। ਇਹ ਕਦਮ ਸਪਸ਼ਟ ਤੌਰ 'ਤੇ ਅਮਰੀਕੀ ਕਾਰਪੋਰੇਸ਼ਨਾਂ ਨੂੰ ਫਾਇਦਾ ਪਹੁੰਚਾਉਣ ਅਤੇ ਭਾਰਤ ਦੇ ਬੌਧਿਕ ਸੰਪਤੀ ਅਧਿਕਾਰ ਨਿਜ਼ਾਮ ਵਿਚ ਤਬਦੀਲੀ ਲਈ ਰਾਹ ਪੱਧਰਾ ਕਰਨ ਵਾਸਤੇ ਚੁੱਕਿਆ ਗਿਆ ਹੈ। ਇਸ ਨਾਲ ਉਪਰੋਕਤ ਜ਼ਰੂਰੀ ਦਵਾਈਆਂ ਦੀਆਂ ਕੀਮਤਾਂ ਵਧਣਗੀਆਂ ਅਤੇ ਲੱਖਾਂ ਭਾਰਤੀਆਂ ਦੇ ਹਿਤ ਪ੍ਰਭਾਵਿਤ ਹੋਣਗੇ, ਪਰ ਨਾਲ ਹੀ ਅਹਿਮ ਗੱਲ ਇਹ ਵੀ ਹੈ ਕਿ ਇਸ ਤੋਂ ਅਮਰੀਕਾ ਦੇ ਵੀ ਸੰਤੁਸ਼ਟ ਹੋਣ ਦੀ ਕੋਈ ਸੰਭਾਵਨਾ ਨਹੀਂ ਜੋ ਵਪਾਰ ਸਬੰਧੀ ਮੁੱਦਿਆਂ 'ਤੇ ਭਾਰਤ ਤੋਂ ਵਿਆਪਕ ਛੋਟਾਂ ਚਾਹੁੰਦਾ ਹੈ।

ਆਈ.ਐਸ.ਆਈ.ਐਸ. ਖਿਲਾਫ਼ ਲੜੀ ਜਾ ਰਹੀ ਕਥਿਤ ਲੜਾਈ ਵਿਚ ਵੀ ਅਮਰੀਕਾ ਭਾਰਤ ਨੂੰ ਸ਼ਾਮਿਲ ਕਰਨ ਦਾ ਚਾਹਵਾਨ ਸੀ। ਇਸ ਸੰਗਠਨ ਦੇ ਜਨਮ ਪਿੱਛੇ ਕਿਤੇ ਨਾ ਕਿਤੇ ਪੱਛਮ ਵੀ ਜ਼ਿੰਮੇਵਾਰ ਹੈ। ਭਾਰਤ 70 ਦੇਸ਼ਾਂ ਦੇ ਗਠਜੋੜ ਵਿਚ ਸ਼ਾਮਿਲ ਨਹੀਂ ਹੋਇਆ। ਇਸ ਨੂੰ ਭਾਵੇਂ

**ਦੇਸ-ਪਰਦੇਸ**

ਸਿਆਣਪ ਵਾਲੀ ਕਾਰਵਾਈ ਤਾਂ ਨਹੀਂ ਕਿਹਾ ਜਾ ਸਕਦਾ, ਪਰ ਇਹ ਵਿਹਾਰਕਤਾਵਾਦ ਨੂੰ ਜ਼ਰੂਰ ਪ੍ਰਗਟਾਉਂਦੀ ਹੈ, ਕਿਉਂਕਿ ਇਹ ਤਾਂ ਸਪਸ਼ਟ ਨਜ਼ਰ ਆਉਂਦਾ ਹੈ ਕਿ ਸਿਰਫ ਹਵਾਈ ਹਮਲਿਆਂ ਰਾਹੀਂ ਹੀ ਆਈ.ਐਸ. ਨੂੰ ਤਬਾਹ ਨਹੀਂ ਕੀਤਾ ਜਾ ਸਕਦਾ। ਵਾਸ਼ਿੰਗਟਨ ਨੂੰ ਇਸ ਗੱਲੋਂ ਸਫ਼ਲਤਾ ਜ਼ਰੂਰ ਹਾਸਲ ਹੋਈ ਹੈ ਕਿ ਉਹ 'ਚੀਨ ਨੂੰ ਸੀਮਤ ਰੱਖਣ' ਦੀ ਰਣਨੀਤੀ ਵਿਚ ਭਾਰਤ ਨੂੰ ਨੇੜੇ ਲੈ ਆਇਆ ਹੈ। ਇਸੇ ਕਰ ਕੇ ਹੀ ਭਾਰਤ-ਅਮਰੀਕਾ ਦੇ ਸਾਂਝੇ ਐਲਾਨਨਾਮੇ ਵਿਚ ਵਿਸ਼ੇਸ਼ ਤੌਰ 'ਤੇ ਦੱਖਣੀ ਚੀਨੀ ਸਮੁੰਦਰ ਦੀ ਸਥਿਤੀ ਦਾ ਜ਼ਿਕਰ ਕੀਤਾ ਗਿਆ ਅਤੇ 'ਖੇਤਰੀ ਵਿਵਾਦਾਂ ਕਾਰਨ ਵਧ ਰਹੇ ਤਣਾਵਾਂ' ਬਾਰੇ ਵਿਸ਼ੇਸ਼ ਫ਼ਿਕਰ ਜ਼ਾਹਰ ਕੀਤਾ ਗਿਆ। ਇਸ ਦਾ ਸਪਸ਼ਟ ਤੌਰ 'ਤੇ ਸੰਕੇਤ ਚੀਨ ਦੇ ਖੇਤਰੀ ਦਾਅਵਿਆਂ ਵੱਲ ਸੀ। ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਭਾਰਤ ਨੇ ਅਮਰੀਕਾ ਦੇ ਇੰਨਾ ਨੇੜਲਾ ਰੁਖ਼ ਅਪਨਾਇਆ ਹੈ। ਅਜਿਹਾ ਹੋਣਾ ਭਵਿੱਖ ਲਈ ਕੋਈ ਚੰਗੇ ਸੰਕੇਤ ਨਹੀਂ ਦਿੰਦਾ। ਬਿਨਾਂ ਸ਼ੱਕ ਅਤਿਵਾਦ ਖਿਲਾਫ਼ ਭਾਰਤ-ਅਮਰੀਕਾ ਦੇ ਨੇੜਲੇ ਸਹਿਯੋਗ ਅਤੇ ਅਲ-ਕਾਇਦਾ, ਆਈ.ਐਸ., ਹੱਕਾਨੀ ਨੈਟਵਰਕ ਅਤੇ ਦਾਊਦ ਇਬਰਾਹਿਮ ਖਿਲਾਫ਼ ਸ਼ਿਕੰਜਾ ਕੱਸਣ ਬਾਰੇ ਵੱਡੀਆਂ ਗੱਲਾਂ ਹੋਈਆਂ ਹਨ, ਪਰ ਕਿਸੇ ਨੂੰ ਵੀ ਇਸ ਬਾਰੇ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਅਮਰੀਕਾ ਸਿਰਫ ਉਨ੍ਹਾਂ ਵਿਸ਼ੇਸ਼ ਅਤਿਵਾਦੀ ਖ਼ਤਰਿਆਂ ਨਾਲ ਨਜਿੱਠਣ ਸਬੰਧੀ ਭਾਰਤ ਦੀ ਮਦਦ ਕਰੇਗਾ ਜਿਨ੍ਹਾਂ ਤੋਂ ਉਸ ਨੂੰ ਖ਼ੁਦ ਖ਼ਤਰਾ ਮਹਿਸੂਸ ਹੁੰਦਾ ਹੋਵੇਗਾ। ਅਮਰੀਕਾ ਆਪਣੇ ਖ਼ੁਦ ਦੇ ਸਹਿਯੋਗੀਆਂ ਨਾਲ ਵੀ ਬਰਾਬਰ ਦੇ ਅਤੇ ਸਾਵੇਂ ਰਿਸ਼ਤੇ ਰੱਖਣ ਲਈ ਨਹੀਂ ਜਾਣਿਆ ਜਾਂਦਾ। ਨਾਟੋ ਫ਼ੌਜਾਂ ਵਿਚ ਵੀ ਬੰਦੂਕਾਂ ਦਾ ਘੋੜਾ ਦੱਬਣ ਵਾਲੀ ਉਂਗਲੀ ਅਮਰੀਕਾ ਦੀ ਹੀ ਹੁੰਦੀ ਹੈ।

ਵਿਦੇਸ਼ ਨੀਤੀ ਸਬੰਧੀ ਸ੍ਰੀ ਮੋਦੀ ਦੀ ਹੱਦੋਂ ਵੱਧ ਸਰਗਰਮੀ, ਅਮਰੀਕੀ ਦੌਰਾ ਜਿਸ ਦਾ ਹਿੱਸਾ ਸੀ, ਦਾ ਮੁਢਲਾ ਮਕਸਦ ਬਾਕੀ ਸਭ ਗੱਲਾਂ ਨਾਲੋਂ ਖ਼ੁਦ ਲਈ ਪੱਛਮ ਤੋਂ ਜਾਇਜ਼ਤਾ ਹਾਸਲ ਕਰਨਾ ਹੀ ਵਧੇਰੇ ਜਾਪਦਾ ਹੈ।

# ਸਭਿਆਚਾਰਕ ਪ੍ਰਦੂਸ਼ਣ ਦੀ ਮਾਰ

**ਪ੍ਰੋ. ਅੱਛਰੂ ਸਿੰਘ**

ਸਭਿਆਚਾਰਕ ਪ੍ਰਦੂਸ਼ਣ ਵਿਚ ਸਭ ਤੋਂ ਖ਼ਤਰਨਾਕ ਭੂਮਿਕਾ ਬਿਜਲਈ ਮਾਧਿਅਮਾਂ ਦੁਆਰਾ ਨਿਭਾਈ ਜਾ ਰਹੀ ਹੈ। ਸਾਡੇ ਟੈਲੀਵਿਜ਼ਨ 'ਤੇ ਆਉਣ ਵਾਲੇ ਪ੍ਰੋਗਰਾਮ ਇੰਨੀ ਘਟੀਆ ਕਿਸਮ ਦੇ ਹੁੰਦੇ ਹਨ ਕਿ ਉਨ੍ਹਾਂ ਨੂੰ ਪਰਿਵਾਰ ਵਿਚ ਬੈਠ ਕੇ ਦੇਖਣਾ ਵੀ ਅਸੰਭਵ ਹੁੰਦਾ ਹੈ। ਵਧੇਰੇ ਚੈਨਲ ਮਨੋਰੰਜਨ ਦੇ ਨਾਂ 'ਤੇ ਹਿੰਸਾ, ਮਾਰ-ਧਾੜ, ਅਸ਼ਲੀਲਤਾ ਅਤੇ ਲੱਚਰਤਾ ਹੀ ਪਰੋਸ ਰਹੇ ਹਨ।

ਭਾਰਤ ਦੀ ਨੌਜਵਾਨ ਪੀੜ੍ਹੀ ਜਦ ਅਜਿਹੇ ਪ੍ਰੋਗਰਾਮ ਵਾਰ-ਵਾਰ ਦੇਖਦੀ ਹੈ ਤਾਂ ਉਨ੍ਹਾਂ ਦੇ ਮਨਾਂ ਉਪਰ ਇਸ ਦਾ ਪ੍ਰਭਾਵ ਪੈਂਦਾ ਹੀ ਪੈਂਦਾ ਹੈ ਤੇ ਉਹ ਕਿਸੇ ਨਾ ਕਿਸੇ ਰੂਪ ਵਿਚ ਦਿਖਾਏ ਜਾ ਰਹੇ ਪ੍ਰੋਗਰਾਮਾਂ ਦੀ ਨਕਲ ਵੀ ਕਰਦੇ ਹਨ। ਬਹੁ-ਗਿਣਤੀ ਗੀਤ ਲੇਖਕ ਅਤੇ ਗਾਇਕ ਪੰਜਾਬੀ ਸਭਿਆਚਾਰ ਦੀਆਂ ਧੱਜੀਆਂ ਉਡਾ ਰਹੇ ਹਨ। ਰਹਿੰਦੀ ਕਸਰ ਮੋਬਾਈਲ ਫ਼ੋਨਾਂ ਅਤੇ ਆਈ.ਪੈਡ ਆਦਿ ਨੇ ਪੂਰੀ ਕਰ ਦਿੱਤੀ ਹੈ। ਵਿੱਦਿਆ ਨੂੰ ਮਨੁੱਖ ਦਾ ਤੀਜਾ ਨੇਤਰ ਅਤੇ ਵਿਦਿਅਕ ਅਦਾਰਿਆਂ ਨੂੰ ਗਿਆਨ ਦੇ ਮੰਦਿਰ ਕਿਹਾ ਜਾਂਦਾ ਹੈ ਪਰ ਜੇ ਇਨ੍ਹਾਂ ਗੀਤਕਾਰਾਂ ਦੇ ਗੀਤਾਂ ਨੂੰ ਸੁਣਿਆ ਜਾਵੇ ਤਾਂ ਇੰਜ ਲੱਗਦਾ ਹੈ ਜਿਵੇਂ ਵਿੱਦਿਆ ਦੇ ਇਹ ਮੰਦਿਰ ਫੈਸ਼ਨ ਅਤੇ ਆਸ਼ਕੀ ਦੇ ਅੱਡੇ ਹੋਣ, ਜਿੱਥੇ ਨੌਜਵਾਨ ਮੁੰਡੇ ਅਤੇ ਕੁੜੀਆਂ ਪੜ੍ਹਨ ਲਈ ਨਹੀਂ, ਸਗੋਂ ਫੈਸ਼ਨ ਸਿੱਖਣ ਅਤੇ ਆਸ਼ਕੀ ਕਰਨ ਜਾਂਦੇ ਹੋਣ। ਇਸੇ ਤਰ੍ਹਾਂ ਨਸ਼ਿਆਂ, ਹਥਿਆਰਾਂ, ਲੁੱਟਾਂ-ਖੋਹਾਂ ਅਤੇ ਚੁੱਕ-ਚੁਕਾਈ ਦੀ ਉਪਮਾ ਵਿਚ ਗੀਤ ਲਿਖੇ ਅਤੇ ਗਾਏ ਜਾ ਰਹੇ ਹਨ ਜਿਨ੍ਹਾਂ ਦਾ ਬਾਲ ਮਨਾਂ ਉਪਰ ਬਹੁਤ ਹੀ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਔਰਤਾਂ ਵਿਰੁਧ ਦਿਨ-ਬ-ਦਿਨ ਵਧ ਰਹੇ ਜੁਰਮਾਂ ਲਈ ਬਹੁਤ ਹੱਦ ਤਕ ਅਜਿਹੀ ਊਲ-ਜਲੂਲ ਗਾਇਕੀ ਅਤੇ ਬੇਤੁਕਾ ਪਹਿਰਾਵਾ ਵੀ ਜ਼ਿੰਮੇਵਾਰ ਹੈ।

ਸਾਡੇ ਰਵਾਇਤੀ ਲੋਕ ਸਭਿਆਚਾਰ ਦੇ ਬਹੁਤ ਸਾਰੇ ਖ਼ੂਬਸੂਰਤ ਅਤੇ ਸੁਖਦ ਪਹਿਲੂਆਂ ਦੇ ਨਾਲ-ਨਾਲ ਇਸ ਦੇ ਕੁਝ ਨਕਾਰਾਤਮਕ ਪੱਖ ਵੀ ਹਨ ਅਤੇ ਇਨ੍ਹਾਂ ਦਾ ਅਫ਼ਸੋਸਜਨਕ ਪਹਿਲੂ ਇਹ ਹੈ ਕਿ ਸਾਡੀ ਨਕਾਰਾਤਮਕ ਮਾਨਸਿਕਤਾ ਤੋਂ ਉਪਜੇ ਸਾਡੇ ਲੋਕ ਸਾਹਿਤ, ਵਿਸ਼ੇਸ਼ ਕਰ ਕੇ ਸਾਡੇ ਬਹੁਤ ਸਾਰੇ ਲੋਕ ਗੀਤਾਂ ਨੇ ਸਾਡੀ ਸੋਚ ਨੂੰ ਅਜਿਹਾ ਗ੍ਰਹਿਣ ਲਾਇਆ ਹੈ ਕਿ ਸਾਡੇ ਕੁਝ ਬਹੁਤ ਹੀ ਅਹਿਮ ਅਤੇ ਅਤਿ ਨਾਜ਼ੁਕ ਰਿਸ਼ਤੇ ਆਪਣੇ ਅਰਥ ਗੁਆ ਬੈਠੇ ਜਾਪਦੇ ਹਨ। ਦਿਓਰ-ਭਾਬੀ ਦਾ ਰਿਸ਼ਤਾ ਬੜਾ ਪਵਿੱਤਰ ਹੁੰਦਾ ਹੈ। ਕੁਝ ਸਭਿਆਚਾਰਾਂ ਵਿਚ ਆਪਣੀ ਮਾਂ ਨੂੰ ਵੱਡੀ ਮਾਂ ਅਤੇ ਵੱਡੀ ਭਰਜਾਈ ਨੂੰ ਛੋਟੀ ਮਾਂ ਦਾ ਰੁਤਬਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਜੀਜੇ-ਸਾਲੀ ਦਰਮਿਆਨ ਭੈਣ-ਭਰਾ ਵਰਗਾ ਰਿਸ਼ਤਾ ਹੋਣਾ ਚਾਹੀਦਾ ਹੈ।

ਕੁਝ ਲੋਕ-ਗੀਤ ਅਤੇ ਲੋਕ ਬੋਲੀਆਂ ਇਨ੍ਹਾਂ ਰਿਸ਼ਤਿਆਂ ਨੂੰ ਬੜੇ ਗ਼ਲਤ ਰੂਪ ਵਿਚ ਪੇਸ਼ ਕਰਦੇ ਹਨ। ਇਸ ਪੱਖ ਤੋਂ ਦੇਖਿਆਂ ਸਭ ਤੋਂ ਵਧ ਘਾਣ ਸੱਸ-ਨੂੰਹ ਦੇ ਰਿਸ਼ਤੇ ਦਾ ਕੀਤਾ ਗਿਆ ਹੈ। ਸੱਸਾਂ ਘਰ ਦਾ ਭਾਗ ਅਤੇ ਮਾਣ ਹੁੰਦੀਆਂ ਹਨ, ਨੂੰਹਾਂ ਘਰ ਦੀਆਂ ਰੂਹਾਂ ਅਤੇ ਸ਼ਾਨ ਹੁੰਦੀਆਂ ਹਨ। ਸੱਸਾਂ ਘਰ ਬੰਨ੍ਹਦੀਆਂ ਹਨ ਤੇ ਨੂੰਹਾਂ ਉਸ ਨੂੰ ਅੱਗੇ ਵਧਾਉਂਦੀਆਂ ਹਨ। ਸੱਚ ਤਾਂ ਇਹ ਹੈ ਕਿ ਔਰਤ ਔਰਤ ਦੇ ਰਿਸ਼ਤੇ ਦੇ ਪ੍ਰਸੰਗ ਵਿਚ ਮਾਂ-ਧੀ ਦੇ ਰਿਸ਼ਤੇ ਤੋਂ ਬਾਅਦ ਸੱਸ-ਨੂੰਹ ਦਾ ਰਿਸ਼ਤਾ ਹੀ ਸਭ ਤੋਂ ਨੇੜੇ ਦਾ ਰਿਸ਼ਤਾ ਹੁੰਦਾ ਹੈ। ਜੇ ਕੋਈ ਸੱਸ ਆਪਣੀ ਨੂੰਹ ਬਾਰੇ ਜਾਂ ਕੋਈ ਨੂੰਹ ਆਪਣੀ ਸੱਸ ਬਾਰੇ ਕੋਈ ਦੁਰਭਾਵਨਾ ਰੱਖਦੀ ਹੈ, ਉਸ ਨੂੰ ਮੰਦਾ-ਚੰਗਾ ਬੋਲਦੀ ਹੈ ਜਾਂ ਉਸ ਨੂੰ ਕਿਸੇ ਵੀ ਤਰ੍ਹਾਂ ਤੰਗ-ਪ੍ਰੇਸ਼ਾਨ ਜਾਂ ਅਪਮਾਨਿਤ ਕਰਦੀ ਹੈ ਤਾਂ ਇਹ ਬਿਲਕੁਲ ਉਹੀ ਗੱਲ ਹੋਵੇਗੀ, ਜਿਸ ਤਰ੍ਹਾਂ ਕੋਈ ਮੂਰਖ ਕਿਸੇ ਬਿਲਕੁਲ ਹੀ ਆਪਣੇ ਨੂੰ ਪਰਾਇਆ, ਸੋਨੇ ਨੂੰ ਮਿੱਟੀ, ਅੰਮ੍ਰਿਤ ਨੂੰ ਜ਼ਹਿਰ ਅਤੇ ਕਿਸੇ ਅਨਮੋਲ ਸਰਮਾਏ ਨੂੰ ਕੂੜ-ਕਬਾੜ ਸਮਝਦਾ ਹੋਇਆ ਪੈਰਾਂ ਹੇਠ ਰੋਲ ਰਿਹਾ ਹੋਵੇ।

ਅਫ਼ਸੋਸ ਦੀ ਗੱਲ ਹੈ ਕਿ ਬੇਸਮਝੀ ਅਤੇ ਅਗਿਆਨ ਕਾਰਨ ਇਸ ਰਿਸ਼ਤੇ ਵਿਚ ਬਹੁਤ ਕੁੜੱਤਣ ਭਰੀ ਜਾਂਦੀ ਰਹੀ ਹੈ। ਕਿਤੇ ਸੱਸ ਨੂੰ ਬਘਿਆੜੀ ਕਿਹਾ ਗਿਆ ਹੈ, ਕਿਤੇ ਉਸ ਨੂੰ ਸੰਦੂਕਾਂ ਓਹਲੇ ਕੁੱਟਣ ਲਈ ਨਿੰਮ ਦਾ ਘੋਟਣਾ ਘੜਾਉਣ ਦੀ ਫਰਮਾਇਸ਼ ਕੀਤੀ ਗਈ ਹੈ, ਕਿਤੇ ਉਸ ਨੂੰ ਬੁੜ੍ਹੀ ਕਹਿ ਕੇ ਉਸ ਦੇ ਸਿਆਣਪ ਭਰੇ ਬੋਲਾਂ ਨੂੰ ਭੌਂਕਣਾ ਕਿਹਾ ਗਿਆ ਹੈ ਅਤੇ ਕਿਤੇ ਉਸ ਦੇ ਮਰਨ 'ਤੇ ਪਾਏ ਜਾਣ ਵਾਲੇ ਘੱਗਰੇ ਦਾ ਚਾਅ ਕੀਤਾ ਜਾਂਦਾ ਹੈ। ਕੁਝ ਇਲਮੋਂ ਊਣੀਆਂ ਅਤੇ ਅਕਲ-ਵਿਹੂਣੀਆਂ ਕੁੜੀਆਂ ਅਤੇ ਉਨ੍ਹਾਂ ਦੇ ਮਾਪੇ ਤਾਂ ਇਸ ਤਰ੍ਹਾਂ ਸੋਚਣ ਅਤੇ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦੇ: ਜਾਂ ਤਾਂ ਸੱਸ ਚੰਗੀ ਹੋਵੇ ਜਾਂ ਫਿਰ ਫੋਟੋ ਟੰਗੀ ਹੋਵੇ। ਭਲੇ ਲੋਕ ਇਹ ਗੱਲ ਮੂਲੋਂ ਹੀ ਭੁਲਾ ਦਿੰਦੇ ਹਨ ਕਿ ਜਿਸ ਸੱਸ ਬਾਰੇ ਉਹ ਇਹੋ ਜਿਹੀਆਂ ਘਿਨਾਉਣੀਆਂ ਗੱਲਾਂ ਕਰ ਰਹੇ ਹਨ, ਉਸ ਨੇ ਆਪਣੇ ਘਰ ਨੂੰ ਆਪਣੀ ਹੱਡ-ਭੰਨਵੀਂ ਮਿਹਨਤ ਨਾਲ ਬੰਨ੍ਹਿਆ ਹੈ, ਬੱਚਿਆਂ ਨੂੰ ਜਨਮ ਦਿੱਤਾ ਹੈ ਅਤੇ ਹਰ ਦੁੱਖ-ਸੁੱਖ ਸਹਿ ਕੇ ਉਨ੍ਹਾਂ ਦਾ ਪਾਲਣ-ਪੋਸ਼ਣ ਕੀਤਾ ਹੈ। ਨਿੰਮ ਦਾ ਘੋਟਣਾ ਘੜਾਉਣ ਵਾਲੀ ਨੂੰਹ ਇਹ ਵੀ ਭੁੱਲ ਜਾਂਦੀ ਹੈ ਕਿ ਕਿਸੇ ਦਿਨ ਉਸ ਨੇ ਵੀ ਸੱਸ ਬਣਨਾ ਹੈ ਤੇ ਫਿਰ ਇਹ ਘੋਟਣਾ ਉਸ 'ਤੇ ਵੀ ਚੱਲ ਸਕਦਾ ਹੈ।

> ***ਸੋਚਣ ਵਾਲੀ ਗੱਲ ਹੈ ਕਿ ਅਸੀਂ ਪੱਛਮੀ ਦੇਸ਼ਾਂ ਦੇ ਸਭਿਆਚਾਰ ਦੇ ਸਕਾਰਾਤਮਕ ਪਹਿਲੂਆਂ ਜਿਵੇਂ ਕੰਮ ਸਭਿਆਚਾਰ, ਕਤਾਰ ਸਭਿਆਚਾਰ, ਸਫ਼ਾਈ ਸਭਿਆਚਾਰ, ਇਮਾਨਦਾਰੀ ਸਭਿਆਚਾਰ ਅਤੇ ਨਿਯਮਾਂ ਦੀ ਪਾਲਣਾ ਕਰਨ ਦੇ ਸਭਿਆਚਾਰ ਨੂੰ ਕਿਉਂ ਨਹੀਂ ਅਪਣਾ ਰਹੇ? ਕਈ ਵਾਰ ਤਾਂ ਇੰਝ ਲਗਦਾ ਹੈ ਕਿ ਅਸੀਂ ਆਪਣੀਆਂ ਕਮਜ਼ੋਰੀਆਂ ਨੂੰ ਪਛਾਣਨ ਅਤੇ ਸੁਧਾਰਨ ਦੀ ਬਜਾਇ ਪੱਛਮੀ ਸਭਿਆਚਾਰ ਨੂੰ ਬਲੀ ਦਾ ਬੱਕਰਾ ਬਣਾ ਰਹੇ ਹਾਂ।***

ਸਾਡੇ ਸਭਿਆਚਾਰਕ ਪ੍ਰਦੂਸ਼ਣ ਦਾ ਅਹਿਮ ਕਾਰਨ ਸਾਡੇ ਉਪਰ ਪੈ ਰਿਹਾ ਪੱਛਮੀ ਜਾਂ ਵਿਦੇਸ਼ੀ ਪ੍ਰਭਾਵ ਮੰਨਿਆ ਜਾਂਦਾ ਹੈ। ਜਿਸ ਤਰ੍ਹਾਂ ਕੋਈ ਮਨੁੱਖ ਆਪਣੇ-ਆਪ ਵਿਚ ਸੰਪੂਰਨ ਨਹੀਂ ਹੁੰਦਾ ਤੇ ਉਸ ਦੀ ਸ਼ਖ਼ਸੀਅਤ ਤਰ੍ਹਾਂ-ਤਰ੍ਹਾਂ ਦੇ ਪ੍ਰਭਾਵਾਂ ਦਾ ਸਮੁੱਚ ਹੁੰਦੀ ਹੈ, ਬਿਲਕੁਲ ਉਸੇ ਤਰ੍ਹਾਂ ਕਿਸੇ ਸਮੁੱਚੇ ਸਮਾਜ ਜਾਂ ਸਮਾਜਕ ਗੁੱਟ ਦਾ ਵਿਰਸਾ ਤੇ ਸਭਿਆਚਾਰ ਬਹੁਤ ਸਾਰੇ ਪੁਰਾਤਨ ਅਤੇ ਨਵੀਨ ਪ੍ਰਭਾਵਾਂ ਦਾ ਸਮੁੱਚ ਅਤੇ ਸਮੇਲ ਹੁੰਦਾ ਹੈ। ਸਮਝਣ ਵਾਲੀ ਗੱਲ ਇਹ ਵੀ ਹੈ ਕਿ ਕੋਈ ਵੀ ਸਭਿਆਚਾਰ ਨਾ ਤਾਂ ਪੂਰੇ ਦਾ ਪੂਰਾ ਚੰਗਾ ਹੁੰਦਾ ਹੈ ਅਤੇ ਨਾ ਹੀ ਪੂਰੇ ਦਾ ਪੂਰਾ ਬੁਰਾ, ਸਗੋਂ ਹਰ ਸਭਿਆਚਾਰ ਵਿਚ ਹੀ ਕੁਝ ਚੰਗੇ ਅਤੇ ਕੁਝ ਬੁਰੇ ਤੱਤ ਦੇਖੇ ਜਾ ਸਕਦੇ ਹਨ। ਹੁਣ ਪ੍ਰਸ਼ਨ ਹੈ ਕਿ ਸਾਡੀ ਇਸ ਸਭਿਆਚਾਰਕ ਗਿਰਾਵਟ ਲਈ ਪੱਛਮੀ ਸਭਿਆਚਾਰ ਕਿਸ ਹੱਦ ਤਕ ਅਤੇ ਅਸੀਂ ਖ਼ੁਦ ਕਿਸ ਹੱਦ ਤਕ ਜ਼ਿੰਮੇਵਾਰ ਹਾਂ। ਸਮੱਸਿਆ ਨੂੰ ਡੂੰਘੀ ਤਰ੍ਹਾਂ ਘੋਖਣ 'ਤੇ ਪਤਾ ਲਗਦਾ ਹੈ ਕਿ ਇਸ ਨਕਾਰਾਤਮਕ ਤਬਦੀਲੀ ਲਈ ਕੇਵਲ ਪੱਛਮੀ ਸੱਭਿਆਚਾਰ ਨੂੰ ਹੀ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ, ਕਿਉਂਕਿ ਜੇ ਅਸੀਂ ਉਸ ਦਾ ਪ੍ਰਭਾਵ ਕਬੂਲ ਰਹੇ ਹਾਂ ਤਾਂ ਸਾਡੇ ਆਪਣੇ ਵਿਚ ਵੀ ਕੁਝ ਕਮਜ਼ੋਰੀਆਂ ਜ਼ਰੂਰ ਹੋਣਗੀਆਂ। ਸੋਚਣ ਵਾਲੀ ਗੱਲ ਇਹ ਵੀ ਹੈ ਕਿ ਅਸੀਂ ਪੱਛਮੀ ਦੇਸ਼ਾਂ ਦੇ ਸਭਿਆਚਾਰ ਦੇ ਸਕਾਰਾਤਮਕ ਪਹਿਲੂਆਂ ਜਿਵੇਂ ਕੰਮ ਸੱਭਿਆਚਾਰ, ਕਤਾਰ ਸਭਿਆਚਾਰ, ਸਫ਼ਾਈ ਸਭਿਆਚਾਰ, ਇਮਾਨਦਾਰੀ ਸਭਿਆਚਾਰ ਅਤੇ ਨਿਯਮਾਂ ਦੀ ਪਾਲਣਾ ਕਰਨ ਦੇ ਸਭਿਆਚਾਰ ਨੂੰ ਕਿਉਂ ਨਹੀਂ ਅਪਨਾ ਰਹੇ? ਕਈ ਵਾਰ ਤਾਂ ਇੰਜ ਲਗਦਾ ਹੈ ਕਿ ਅਸੀਂ ਆਪਣੀਆਂ ਕਮਜ਼ੋਰੀਆਂ ਨੂੰ ਪਛਾਣਨ ਅਤੇ ਸੁਧਾਰਨ ਦੀ ਬਜਾਇ ਪੱਛਮੀ ਸਭਿਆਚਾਰ ਨੂੰ ਬਲੀ ਦਾ ਬੱਕਰਾ ਬਣਾ ਰਹੇ ਹਾਂ।

ਇਸ ਲਈ ਹੁਣ ਅਸੀਂ ਆਪਣੇ ਸਭਿਆਚਾਰ ਬਾਰੇ ਗੰਭੀਰ ਚਿੰਤਨ ਅਤੇ ਸਵੈ-ਪੜਚੋਲ ਕਰੀਏ ਤਾਂ ਜੋ ਸਾਨੂੰ ਆਪਣੀਆਂ ਸਮਰਥਾਵਾਂ ਦੇ ਨਾਲ-ਨਾਲ ਤਰੁੱਟੀਆਂ ਅਤੇ ਕਮਜ਼ੋਰੀਆਂ ਦਾ ਵੀ ਭਲੀ-ਭਾਂਤ ਅਹਿਸਾਸ ਹੋ ਸਕੇ। ਹੁਣ ਪੰਜਾਬੀ ਵਧੇਰੇ ਹਸਮੁੱਖ, ਖੁੱਲ੍ਹੇ-ਡੁੱਲ੍ਹੇ, ਰੌਣਕੀ, ਦਲੇਰ ਅਤੇ ਅਣਖੀਲੇ ਹੋਣ ਦੇ ਨਾਲ-ਨਾਲ ਵਧੇਰੇ ਝਗੜਾਲੂ, ਅਨੁਸ਼ਾਸਨਹੀਣ, ਖੱਪੀ ਅਤੇ ਨਸ਼ੇੜੀ ਵੀ ਮੰਨੇ ਜਾ ਰਹੇ ਹਨ। ਮੌਜ-ਮਸਤੀ ਕਰਦੇ ਸਮੇਂ ਅਸੀਂ ਦੂਸਰਿਆਂ ਦੇ ਸੁੱਖ-ਅਰਾਮ ਦਾ ਬਿਲਕੁਲ ਧਿਆਨ ਨਹੀਂ ਰੱਖਦੇ; ਆਲੇ-ਦੁਆਲੇ ਦੀ ਸਾਫ਼-ਸਫ਼ਾਈ ਸਾਡੀ ਆਖ਼ਰੀ ਤਰਜੀਹ ਵੀ ਨਹੀਂ ਰਹੀ। ਹੋਰ ਤਾਂ ਹੋਰ ਧਾਰਮਿਕ ਸਮਾਗਮਾਂ ਦੌਰਾਨ ਜਨਤਕ ਸਥਾਨਾਂ 'ਤੇ ਲੰਗਰ ਲਗਾਉਣ ਸਮੇਂ ਵੀ ਅਸੀਂ ਇੰਨਾ ਗੰਦ ਪਾ ਦਿੰਦੇ ਹਾਂ ਕਿ ਦੇਖਣ ਵਾਲੇ ਨੂੰ ਵੀ ਸ਼ਰਮ ਆਉਂਦੀ ਹੈ। ਵਿਆਹ-ਸ਼ਾਦੀਆਂ ਅਤੇ ਪਾਰਟੀਆਂ ਦੌਰਾਨ ਦਾਰੂ ਪੀ ਕੇ ਖੌਰੂ ਪਾਉਣਾ ਅਤੇ ਲੱਚਰ ਗੀਤਾਂ 'ਤੇ ਊਲ-ਜਲੂਲ ਹਰਕਤਾਂ ਨੁਮਾ ਨਾਚ ਕਰਨਾ ਸਾਡੇ ਲਈ ਆਮ ਜਿਹੀ ਗੱਲ ਬਣਦੀ ਜਾ ਰਹੀ ਹੈ। ਇਹ ਮਨੋਰੰਜਨ ਨਹੀਂ ਸਗੋਂ ਮਨੋਰੰਜਨ ਦਾ ਘਾਣ ਹੈ। ਸਾਡੇ ਧਰਮ ਸਥਾਨ ਪੱਕੇ ਹੁੰਦੇ ਜਾ ਰਹੇ ਹਨ, ਪਰ ਸਾਡੀ ਆਸਥਾ ਦਿਨ-ਬ-ਦਿਨ ਕੱਚੀ ਹੁੰਦੀ ਜਾ ਰਹੀ ਹੈ। ਅਡੰਬਰ ਵਧ ਰਿਹਾ ਹੈ, ਜਜ਼ਬਾ ਘਟ ਰਿਹਾ ਹੈ। ਘਰ ਵੱਡੇ ਹੁੰਦੇ ਜਾ ਰਹੇ ਹਨ, ਦਿਲ ਛੋਟੇ ਹੁੰਦੇ ਜਾ ਰਹੇ ਹਨ। ਗੱਲ ਸਰੀਰ ਤੱਕ ਹੀ ਸਿਮਟ ਕੇ ਰਹਿ ਜਾਂਦੀ ਹੈ, ਰੂਹ ਨੂੰ ਛੂੰਹਦੀ ਵੀ ਨਹੀਂ। ਦਿਖਾਵੇ ਦਾ ਬੋਲਬਾਲਾ ਹੈ, ਨਿੱਘ ਗਾਇਬ ਹੁੰਦਾ ਜਾ ਰਿਹਾ ਹੈ। ਸਭਿਆਚਾਰ ਦੀ ਬੁਨਿਆਦ ਸਮਝੀਆਂ ਜਾਂਦੀਆਂ ਆਪਸੀ ਪਿਆਰ ਅਤੇ ਭਾਈਚਾਰੇ ਦੀਆਂ ਤੰਦਾਂ ਕਮਜ਼ੋਰ ਪੈਂਦੀਆਂ ਜਾ ਰਹੀਆਂ ਹਨ ਅਤੇ ਸਦਾਚਾਰਕ ਗਿਰਾਵਟ ਸਾਰੀਆਂ ਹੱਦਾਂ ਪਾਰ ਕਰਦੀ ਜਾ ਰਹੀ ਹੈ।

# ਦਾਸਤਾਂ ਦੋ ਸ਼ਹੀਦਾਂ ਦੀ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਅਣਖ ਤੇ ਸਵੈਮਾਣ ਦੀ ਬਹਾਲੀ ਲਈ ਲਹੂ ਭਿੱਜਿਆ ਇਤਿਹਾਸ ਰਚਣ ਵਾਲੇ ਸ਼ਹੀਦ ਸੂਰਮਿਆਂ ਦੀ ਗਾਥਾ ਲਿਖਣ ਲੱਗਿਆਂ ਕਲਮ ਨੂੰ ਵੀ ਦੰਦਲਾਂ ਪੈਂਦੀਆਂ ਹਨ। ਦਿਲ ਕਰਦਾ ਹੈ ਕਿ ਸ਼ਹਾਦਤਾਂ ਦੀ ਇਬਾਰਤ ਲਿਖਣ ਲਈ ਰਵਾਇਤੀ ਸ਼ਬਦਾਂ ਨੂੰ ਲਾਂਭੇ ਕਰ ਕੇ ਸ਼ਹੀਦੀ ਮਾਰਗ ਦੀ ਪਾਵਨ ਧੂੜ ਵਿਚੋਂ ਸੁੱਚੇ ਮੋਤੀਆਂ ਜਿਹੇ ਅਣਛੋਹੇ ਸ਼ਬਦ ਲਿਆ ਕੇ ਸਿਰਲੱਥ ਯੋਧਿਆਂ ਦੀ ਦਾਸਤਾਂ ਲਿਖੀ ਜਾਵੇ। ਸ਼ਹੀਦੀ ਦਾ ਸੰਕਲਪ ਬੇਸ਼ੱਕ ਇਸਲਾਮੀ ਪਰੰਪਰਾ ਦੀ ਗੋਦ ਵਿਚੋਂ ਆਇਆ ਹੈ, ਪਰ ਸਿੱਖ ਧਰਮ ਨੇ ਸ਼ਹਾਦਤਾਂ ਦਾ ਅਦੁੱਤੀ ਇਤਿਹਾਸ ਸਿਰਜ ਕੇ ਮਨੁੱਖੀ ਤਵਾਰੀਖ ਵਿਚ ਸਰਬੋਤਮ ਸਥਾਨ ਬਣਾਇਆ ਹੋਇਆ ਹੈ। ਸਿੱਖ ਤਵਾਰੀਖ ਦੇ ਜਾਂਬਾਜ਼ ਨਾਇਕਾਂ ਨੇ ਇਹ ਸਾਬਤ ਕਰ ਕੇ ਦਿਖਾਇਆ ਕਿ ਪੱਤਝੜਾਂ ਭਾਵੇਂ ਜਿੰਨੀਆਂ ਮਰਜ਼ੀ ਜ਼ਾਲਮ ਹੋਣ, ਪਰ ਬਗਾਵਤ ਦੇ ਬੀਜ ਉਗ ਹੀ ਪੈਂਦੇ ਨੇ। ਸ਼ਹੀਦ ਇਹ ਅਗਮ-ਨਿਗਮ ਦੀ ਗੱਲ ਜਾਣਦਾ ਹੁੰਦਾ ਹੈ ਕਿ ਪਤਝੜ ਦੇ ਹਰ ਉਦਾਸ ਬੁੱਲੇ ਵਿਚ ਬਹਾਰ ਦਾ ਸੁਨੇਹਾ ਵੀ ਲੁਕਿਆ ਹੁੰਦਾ ਹੈ। ਕਹਿੰਦੇ ਨੇ, ਜਾਨ ਦੀ ਬਾਜ਼ੀ ਲਾਉਣ ਲੱਗਿਆਂ ਸ਼ਹੀਦ ਨੂੰ ਵਿਉਂਤਾਂ ਲੱਭਣ ਜਾਂ ਜਿਉਣ ਲਈ ਆਸਰੇ ਭਾਲਣ ਦੀ ਕੋਈ ਲੋੜ ਨਹੀਂ ਹੁੰਦੀ। ਉਹ ਮਿਸ਼ਨ ਪ੍ਰਤੀ ਨੱਕ ਦੀ ਸੇਧ ਤੁਰਿਆ ਜਾਂਦਾ ਹੈ।

ਹਥਲੇ ਲੇਖ ਵਿਚ 20ਵੀਂ ਸਦੀ ਦੇ ਸਿੱਖ ਇਤਿਹਾਸ ਵਿਚ ਗੌਰਵਮਈ ਸਥਾਨ ਹਾਸਲ ਕਰਨ ਵਾਲੇ ਦੋ ਕੇਸਰੀ ਫੁੱਲਾਂ ਜਿੰਦਾ-ਸੁੱਖਾ (ਭਾਈ ਹਰਜਿੰਦਰ ਸਿੰਘ ਤੇ ਭਾਈ ਸੁਖਦੇਵ ਸਿੰਘ) ਦੀ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਦਾਸਤਾਂ ਬਿਆਨ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਜਿਨ੍ਹਾਂ ਦੀ ਬਰਸੀ 9 ਅਕਤੂਬਰ ਨੂੰ ਮਨਾਈ ਜਾਂਦੀ ਹੈ। ਇਨ੍ਹਾਂ ਦੋਹਾਂ ਸੂਰਬੀਰਾਂ ਨੇ ਪੰਥ ਦੀ ਅਣਖ ਤੇ ਗੈਰਤ ਨੂੰ ਕਾਇਮ ਰੱਖਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੀ ਬੇ-ਹੁਰਮਤੀ ਦਾ ਬਦਲਾ ਲਿਆ। ਪੰਜਾਬ ਤੋਂ ਸੈਂਕੜੇ ਮੀਲ ਦੂਰ ਜਾ ਕੇ ਪੂਨਾ (ਮਹਾਰਾਸ਼ਟਰ) ਵਿਖੇ ਜਨਰਲ ਵੈਦਿਆ ਦੀ ਜਾ ਖਬਰ ਲਈ। ਇਸੇ ਤਰ੍ਹਾਂ ਨਵੰਬਰ ਚੁਰਾਸੀ ਵਾਲੇ ਦਿੱਲੀ ਕਤਲੇਆਮ ਦੇ ਕੁਝ ਦੋਸ਼ੀਆਂ ਨੂੰ ਸੋਧ ਕੇ ਦਿੱਲੀ ਦਾ ਤਖਤ ਹਿਲਾ ਕੇ ਰੱਖ ਦਿੱਤਾ ਸੀ। ਬੱਸ ਫਿਰ ਦਿੱਲੀ ਦੇ ਮਾਲਕਾਂ ਨੂੰ ਉਨਾ ਚਿਰ ਚੈਨ ਦੀ ਨੀਂਦ ਨਹੀਂ ਆਈ, ਜਿੰਨਾ ਚਿਰ ਭਾਈ ਜਿੰਦੇ ਤੇ ਭਾਈ ਸੁੱਖੇ ਦੇ ਗਲ ਵਿਚ ਫਾਂਸੀ ਦਾ ਫੰਧਾ ਨਹੀਂ ਪੈ ਗਿਆ।

ਸ਼ਹਾਦਤਾਂ ਦੀ ਕੇਸਰੀ ਬਗੀਚੀ ਦੇ ਸੁਨਹਿਰੀ ਫੁੱਲਾਂ ਦੀ ਚਮਕ ਨੂੰ ਕੁਝ ਬਿਪਰਵਾਦੀ ਜਾਂ ਖੱਬੀ ਕਲਮਾਂ, ਬੇਰੁਜ਼ਗਾਰੀ ਅਤੇ ਅਨਪੜ੍ਹਤਾ ਨਾਲ ਨੱਥੀ ਕਰ ਕਰ ਕੇ ਛੁਟਿਆਉਂਦੀਆਂ ਨੇ, ਪਰ ਭਾਈ ਜਿੰਦੇ-ਸੁੱਖੇ ਦੀ ਕਹਾਣੀ ਇਹੋ ਜਿਹਾ ਕੂੜ ਪ੍ਰਚਾਰ ਕਰਨ ਵਾਲਿਆਂ ਦੇ ਮੂੰਹ 'ਤੇ ਕਰਾਰੀ ਚਪੇੜ ਹੈ। ਫਰਵਰੀ 1961 ਵਿਚ ਪਿੰਡ ਗਦਲੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਜਨਮੇ ਭਾਈ ਹਰਜਿੰਦਰ ਸਿੰਘ ਨੇ ਮੁੱਢਲੀ ਪੜ੍ਹਾਈ ਆਪਣੇ ਪਿੰਡੋਂ ਹੀ ਕੀਤੀ। ਗਹਿਰੀ ਮੰਡੀ ਤੋਂ ਮੈਟ੍ਰਿਕ ਅਤੇ ਬਾਰ੍ਹਵੀਂ ਜੰਡਿਆਲਾ ਗੁਰੂ ਤੋਂ ਕਰਨ ਉਪਰੰਤ ਉਦੋਂ ਉਹ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਚ ਬੀ.ਏ. (ਦੂਜਾ ਸਾਲ) ਕਰ ਰਹੇ ਸਨ ਜਦੋਂ ਜੂਨ ਚੁਰਾਸੀ ਵਾਲਾ ਘੱਲੂਘਾਰਾ ਵਾਪਰ ਗਿਆ। ਪੰਜਵੇਂ ਪਾਤਸ਼ਾਹ ਦਾ ਸ਼ਹੀਦੀ ਪੁਰਬ ਮਨਾਉਣ ਆਈਆਂ ਸੰਗਤਾਂ ਨੂੰ ਭਾਰਤੀ ਫੌਜ ਨੇ ਗੋਲੀਆਂ/ਟੈਂਕਾਂ ਨਾਲ ਭੁੰਨ ਦਿੱਤਾ। ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕਰਨ ਦੇ ਨਾਲ-ਨਾਲ ਚਾਲੀ ਦੇ ਲਗਭਗ ਹੋਰ ਗੁਰਧਾਮਾਂ ਵਿਚ ਕਤਲੇਆਮ ਮਚਾਇਆ ਅਤੇ ਬੇ-ਹੁਰਮਤੀ ਕੀਤੀ। ਪਿੰਡਾਂ ਵਿਚ ਵੀ ਸਿੱਖ ਗੱਭਰੂਆਂ ਨੂੰ ਜ਼ੁਲਮ ਦਾ ਨਿਸ਼ਾਨਾ ਬਣਾਇਆ ਗਿਆ। ਤਿੰਨ ਤੋਂ ਦਸ ਜੂਨ (1984) ਦੌਰਾਨ ਵੱਖ-ਵੱਖ ਪਿੰਡਾਂ/ਥਾਂਵਾਂ ਤੋਂ ਸਿੰਘਾਂ ਦੇ ਜਥੇ ਗਰੁਪਾਂ ਦੀ ਸ਼ਕਲ ਵਿਚ ਸ੍ਰੀ ਦਰਬਾਰ ਸਾਹਿਬ ਵੱਲ ਚਾਲੇ ਪਾਉਂਦੇ, ਪਰ ਚੱਪੇ-ਚੱਪੇ ਉਤੇ ਤਾਇਨਾਤ ਫੌਜੀ ਜਵਾਨ, ਇਨ੍ਹਾਂ ਜਥਿਆਂ ਉਪਰ ਅੰਨ੍ਹੇਵਾਹ ਫਾਇਰਿੰਗ ਕਰ ਕੇ ਅਜਿਹੇ ਯਤਨਾਂ ਨੂੰ ਨਕਾਰਾ ਕਰ ਦਿੰਦੇ।

ਅਜਿਹੇ ਭੈਅਵਾਲੇ ਮਾਹੌਲ ਵਿਚ ਕਾਲਜ ਪੜ੍ਹਦੇ ਭਾਈ ਜਿੰਦੇ ਦੇ ਖੂਨ ਨੇ ਉਬਾਲਾ ਖਾਧਾ।



ਪੜ੍ਹਾਈ ਵਿਚੇ ਛੱਡ ਕੇ ਇਹ ਸ੍ਰੀ ਦਰਬਾਰ ਸਾਹਿਬ ਵੱਲ ਜਾਂਦੇ ਜਥਿਆਂ ਵਿਚ ਸ਼ਾਮਲ ਹੁੰਦਾ, ਪਰ ਥਾਂ-ਥਾਂ ਲੱਗੇ ਫੌਜੀ ਨਾਕੇ ਇਨ੍ਹਾਂ ਦੀ ਪੇਸ਼ ਨਾ ਜਾਣ ਦਿੰਦੇ। ਦੁਖੀ ਹਿਰਦਿਆਂ ਨਾਲ ਬੇ-ਵੱਸ ਹੋਏ ਕਚੀਚੀਆਂ ਵੱਟਦੇ ਘਰੀਂ ਆਣ ਪਰਤਦੇ। 'ਜਬੈ ਬਾਣ ਲਾਗਯੋ, ਤਬੈ ਰੋਸ ਜਾਗਿਓ' ਅਨੁਸਾਰ ਭਾਈ ਜਿੰਦਾ ਘਰ ਨਹੀਂ ਰੁਕਿਆ। ਉਹ ਆਪਣੇ ਨਾਨਕੇ ਪਿੰਡ ਚੱਕ ਬਾਈ ਐਚ.ਸੀ. ਸ੍ਰੀਨਗਰ ਚਲਾ ਗਿਆ। ਇਥੇ ਹੀ ਇਸ ਦਾ ਮਿਲਾਪ ਭਾਈ ਸੁਖਦੇਵ ਸਿੰਘ ਸੁੱਖਾ ਨਾਲ ਹੋਇਆ ਜੋ ਉਸ ਦੇ ਮਸੇਰ ਭਰਾ ਬਲਵਿੰਦਰ ਸਿੰਘ ਦਾ ਦੋਸਤ ਸੀ। ਉਥੇ ਹੀ ਦੋਹਾਂ ਨੇ ਸਿੱਖਾਂ ਦੀ ਹੋਈ ਬੇਪਤੀ ਦਾ ਬਦਲਾ ਲੈਣ ਦਾ ਪ੍ਰਣ ਕੀਤਾ। ਮਨ ਹੀ ਮਨ ਦੋਹਾਂ ਗੱਭਰੂਆਂ ਨੇ ਚਮਕੌਰ ਦੀ ਗੜ੍ਹੀ ਵਿਚ ਬਿਰਾਜਮਾਨ ਕਲਗੀਆਂ ਵਾਲੇ ਪਾਤਸ਼ਾਹ ਨਾਲ ਕੁਝ ਅਜਿਹੀ ਪ੍ਰਤਿਗਿਆ ਕੀਤੀ:

ਏਸ ਕੱਚੀ ਚਮਕੌਰ ਦੀ ਗੜ੍ਹੀ ਮੋਹਰੇ,  
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।  
ਝੋਰਾ ਕਰੀਂ ਨਾ ਕਿਲ੍ਹੇ ਅਨੰਦਗੜ੍ਹ ਦਾ,  
ਕੁੱਲੀ-ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।  
ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ  
ਕਿਵੇਂ ਤਰਨਗੇ 'ਜੁਝਾਰ ਅਜੀਤ' ਤੇਰੇ  
ਸਰਸਾ ਨਦੀ ਦੇ ਰੋੜ੍ਹ ਵਿਚ ਮਾਰ ਟੁੱਭੀ  
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ!

ਪੰਥ ਦੀ ਆਨ ਤੇ ਸ਼ਾਨ ਨੂੰ ਮਲੀਆਮੇਟ ਕਰਨ ਲਈ ਚੜ੍ਹੀ ਆ ਰਹੀ ਬਿਪਰਵਾਦ ਦੀ 'ਸਰਸਾ' ਨੂੰ ਠੱਲ੍ਹ ਪਾਉਣ ਲਈ ਭਾਈ ਜਿੰਦੇ ਦਾ ਸਾਥੀ ਬਣਿਆ ਭਾਈ ਸੁੱਖਾ ਰਾਜਸਥਾਨ ਦੇ ਜ਼ਿਲ੍ਹਾ ਗੰਗਾਨਗਰ (ਚੱਕ ਨੰਬਰ ਗਿਆਰਾਂ) ਵਿਚ ਪੈਦਾ ਹੋਇਆ। ਜੂਨ ਚੁਰਾਸੀ ਦੇ ਘੱਲੂਘਾਰੇ ਵੇਲੇ ਇਹ ਐਮ.ਏ. ਇੰਗਲਿਸ਼ (ਦੂਜਾ ਸਾਲ) ਦਾ ਵਿਦਿਆਰਥੀ ਸੀ। ਦੋਹਾਂ ਦਾ ਮਿਲਾਪ 'ਸੋਨੇ ਉਤੇ ਸੁਹਾਗੇ' ਵਾਲੀ ਗੱਲ ਹੋ ਨਿੱਬੜਿਆ। ਪੂਰੀ ਯੋਜਨਾਬੰਦੀ ਕਰ ਕੇ ਇਨ੍ਹਾਂ ਨੇ ਦਿੱਲੀ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾ ਲਿਆ। ਕਿਤੇ 'ਨਿਸ਼ਾਨੇ' ਉਤੇ ਮਾਰ ਕਰਨ ਲਈ ਸਕੀਮਾਂ ਬਣਾਉਂਦਿਆਂ ਭਾਈ ਜਿੰਦਾ ਪੁਲਿਸ ਦੇ ਕਾਬੂ ਆ ਗਿਆ, ਪਰ ਸਤਿਗੁਰੂ ਨੇ ਸ਼ਾਇਦ ਇਸ ਤੋਂ ਹਾਲੇ ਹੋਰ ਵੱਡਮੁੱਲੀ ਸੇਵਾ ਲੈਣੀ ਸੀ। ਉਹ ਕਿਸੇ ਜੁਗਤ ਨਾਲ ਜੇਲ੍ਹ ਵਿਚੋਂ ਫ਼ਰਾਰ ਹੋਣ 'ਚ ਕਾਮਯਾਬ ਹੋ ਗਿਆ।

ਇਸ ਘਟਨਾ ਉਪਰੰਤ ਦੋਹਾਂ ਨੇ ਮਿਲ ਕੇ ਜੂਨ ਚੁਰਾਸੀ ਦੇ ਘੱਲੂਘਾਰੇ ਮੌਕੇ ਫੌਜ ਦੇ ਕਮਾਂਡਰ-ਇਨ-ਚੀਫ ਰਹੇ ਜਨਰਲ ਵੈਦਿਆ ਨੂੰ ਆਪਣਾ ਟਾਰਗੈਟ ਮਿੱਥ ਲਿਆ। ਇਥੇ ਇਹ ਯਾਦ ਕਰਾਇਆ ਜਾਂਦਾ ਹੈ ਕਿ ਇਸ ਫੌਜੀ ਜਰਨੈਲ ਨਾਲ ਸੁੱਖੇ-ਜਿੰਦੇ ਦੀ ਕੋਈ ਜ਼ਾਤੀ ਦੁਸ਼ਮਣੀ ਜਾਂ ਕੋਈ ਰੰਜਿਸ਼ ਨਹੀਂ ਸੀ। ਇਨ੍ਹਾਂ ਨੌਜਵਾਨਾਂ ਨੇ ਸਿਰਫ਼ ਖਾਲਸਾ ਪੰਥ ਦੀਆਂ ਚੱਲੀਆਂ ਆ ਰਹੀਆਂ ਪੁਰਾਤਨ ਪਰੰਪਰਾਵਾਂ ਦਾ ਪਾਲਣ ਕਰਦਿਆਂ ਜਨਰਲ ਵੈਦਿਆ ਨੂੰ ਨਿਸ਼ਾਨਾ ਬਣਾਇਆ ਜੋ ਉਸ ਮੌਕੇ ਸੇਵਾ ਮੁਕਤੀ ਉਪਰੰਤ ਪੂਨੇ ਰਹਿ ਰਿਹਾ ਸੀ। ਦੱਸਿਆ ਜਾਂਦਾ ਹੈ ਕਿ ਜਦੋਂ ਸੁੱਖਾ-ਜਿੰਦਾ ਉਹਦੇ 'ਤੇ ਹਮਲਾਵਰ ਹੋਏ, ਉਸ ਸਮੇਂ ਉਸ ਦੇ ਅੰਗ ਰੱਖਿਅਕ ਵੀ ਨਾਲ ਸਨ ਤੇ ਉਸ ਨੇ ਖੁਦ ਵੀ 'ਲੋਡਡ ਰਿਵਾਲਵਰ' ਪਾਇਆ ਹੋਇਆ ਸੀ, ਤਦ ਵੀ ਭਾਈ ਸੁੱਖਾ-ਜਿੰਦਾ ਆਪਣੇ ਮਿਸ਼ਨ ਵਿਚ ਕਾਮਯਾਬ ਰਹੇ।

ਅਦਾਲਤੀ ਕਾਰਵਾਈ ਚਲਦਿਆਂ ਆਖਰ ਇੱਕੀ ਅਕਤੂਬਰ 1989 ਨੂੰ ਪੂਨਾ ਹਾਈਕੋਰਟ ਦੇ ਜੱਜ ਮਿਸਟਰ ਵੀ.ਐਲ. ਰੂਈਕਰ ਨੇ ਇਨ੍ਹਾਂ ਦੋਹਾਂ ਸੂਰਮਿਆਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਫੈਸਲਾ ਸੁਣਾਉਣ ਵੇਲੇ ਜੱਜ ਦੀ ਆਵਾਜ਼ ਥਿੜ੍ਹਕ ਰਹੀ ਸੀ, ਪਰ ਅਦਾਲਤੀ ਅਮਲੇ ਮੁਤਾਬਕ ਦੋਵੇਂ ਸਿੰਘ ਮੁਸਕਰਾ ਕੇ ਜੱਜ ਨੂੰ ਕਹਿਣ ਲੱਗੇ-

"... ਇਸ ਖੁਸ਼ੀ ਮੌਕੇ ਅਸੀਂ ਤੁਹਾਨੂੰ ਪਾਰਟੀ ਦੇਣਾ ਚਾਹੁੰਦੇ ਹਾਂ।"

ਜੱਜ ਦੇ ਕਮਰੇ ਅਤੇ ਜੇਲ੍ਹ ਵਿਚ ਜਾ ਕੇ, ਸੱਚ-ਮੁੱਚ ਦੋਹਾਂ ਗੱਭਰੂਆਂ ਨੇ ਸਭ ਦਾ ਮੂੰਹ ਮਿੱਠਾ ਕਰਵਾਇਆ। ਜੇਲ੍ਹ ਦੇ ਹੋਰ ਕੈਦੀ ਫਾਂਸੀ ਸੁਣ ਕੇ ਦੁਖੀ ਤੇ ਗਮਗੀਨ ਹੋ ਗਏ, ਪਰ ਇਹ ਦੋਵੇਂ ਮੌਤ ਨੂੰ ਮਖੌਲ ਕਰ ਰਹੇ ਸਨ। ਕਿਹਾ ਜਾਂਦਾ ਹੈ ਕਿ ਜੱਜ ਰੂਈਕਰ ਨੇ ਪਹਿਲੀ ਵਾਰ ਕਿਸੇ ਕੈਦੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। ਇਸ ਜੱਜ ਨੇ ਬਾਅਦ ਵਿਚ ਪ੍ਰਾਈਵੇਟ ਤੌਰ 'ਤੇ ਇਹ ਸ਼ਬਦ ਕਹੇ ਹਨ-

"... ਮੈਂ ਇਨ੍ਹਾਂ ਨੌਜਵਾਨਾਂ ਨੂੰ ਫਾਂਸੀ ਨਹੀਂ ਸੀ ਦੇਣਾ ਚਾਹੁੰਦਾ... ਪਰ ਮੈਂ ਮਜਬੂਰ ਸਾਂ। ਸੁੱਖਾ ਤੇ ਜਿੰਦਾ ਦੋਵੇਂ ਚੰਗੇ ਇਨਸਾਨ ਹਨ। ਮੈਂ ਇਨ੍ਹਾਂ ਦਾ ਦਿਲੋਂ ਸਤਿਕਾਰ ਕਰਦਾ ਹਾਂ। ਮੈਂ ਅੱਜ ਤੱਕ ਅਜਿਹੇ ਬੰਦੇ ਨਹੀਂ ਦੇਖੇ। ਮੈਂ ਇਨ੍ਹਾਂ ਦੋਹਾਂ ਦੀਆਂ ਫੋਟੋਆਂ ਆਪਣੇ ਘਰ ਜ਼ਰੂਰ ਲਗਾਵਾਂਗਾ।"

ਫਾਂਸੀ ਤੋਂ ਕੁਝ ਦਿਨ ਪਹਿਲਾਂ ਭਾਈ ਜਿੰਦੇ ਅਤੇ ਭਾਈ ਸੁੱਖੇ ਨੇ ਆਪਣੇ ਘਰਦਿਆਂ ਨੂੰ ਮੁਲਾਕਾਤ ਦੌਰਾਨ ਦੱਸਿਆ ਸੀ ਕਿ ਉਹ 9 ਅਕਤੂਬਰ (ਫਾਂਸੀ ਦੇਣ ਲਈ ਮੁਕੱਰਰ ਮਿਤੀ) ਦੀ ਸਵੇਰ ਹੋਣ ਤੱਕ, ਰਾਤ 10 ਤੋਂ 12 ਵਜੇ ਤੱਕ ਆਰਾਮ ਕਰਨਗੇ। ਬਾਰਾਂ ਵਜੇ ਇਸ਼ਨਾਨ ਸੋਧ ਕੇ ਤਿੰਨ ਵਜੇ ਤੱਕ ਪਾਠ ਕਰਨਗੇ। ਇਸ ਤੋਂ ਬਾਅਦ ਅੰਮ੍ਰਿਤ ਵੇਲੇ ਦੀਆਂ ਇੱਕ-ਇੱਕ ਸੇਬ ਛਕਣਗੇ। ਫਿਰ ਅੰਤਿਮ ਅਰਦਾਸ ਅਤੇ ਕੀਰਤਨ ਸੋਹਿਲੇ ਦਾ ਪਾਠ ਕਰ ਕੇ ਸਾਹਿਬ ਕਲਗੀਆਂ ਵਾਲੇ ਦੀ ਗੋਦ ਵਿਚ ਚਲੇ ਜਾਣਗੇ।

ਅੰਤ 9 ਅਕਤੂਬਰ 1992 ਦਾ ਚੰਦਰਾ ਸੂਰਜ ਚੜ੍ਹਨ ਤੋਂ ਪਹਿਲਾਂ ਤੜਕੇ ਚਾਰ ਵਜੇ ਫਾਂਸੀ ਦੇ ਤਖਤੇ ਉਤੇ ਚੜ੍ਹ ਕੇ ਦੋਵੇਂ ਸੂਰਮੇ ਸ਼ਹਾਦਤ ਦਾ ਜਾਮ ਪੀ ਗਏ। ਫਾਂਸੀ ਵਾਲੇ ਅਹਾਤੇ ਤੋਂ ਬਾਅਦ ਵਿਚ ਮਿਲੀਆਂ ਸੂਚਨਾਵਾਂ ਅਨੁਸਾਰ, ਕਹਿੰਦੇ ਫਾਂਸੀ ਦਾ ਰੱਸਾ ਗਲ ਵਿਚ ਪਾਉਣ ਵੇਲੇ ਦੋਹਾਂ ਦੇ ਚਿਹਰਿਆਂ ਉਪਰ ਅਨੋਖਾ ਹੀ ਜਲਾਲ ਸੀ। ਦੋਹਾਂ ਨੂੰ ਇਕੱਠਿਆਂ ਨੂੰ ਫਾਂਸੀ ਦਿੱਤੀ ਗਈ। ਮ੍ਰਿਤਕ ਸਰੀਰਾਂ ਦਾ ਅੰਤਿਮ ਸੰਸਕਾਰ ਸੁਵਖਤੇ 6 ਵਜ ਕੇ 20 ਮਿੰਟ ਉਤੇ ਮੂਲਾਂ ਦਰਿਆ ਦੇ ਕੰਢੇ ਉਪਰ ਕਰ ਦਿੱਤਾ ਗਿਆ। ਦੋਹਾਂ ਦੇ ਪਿਤਾ ਚਿਤਾ ਨੂੰ ਅਗਨੀ ਦਿਖਾਉਣ ਲਈ ਪਹੁੰਚੇ ਹੋਏ ਸਨ। ਸਿੱਖ ਰਹੁ-ਰੀਤ ਅਨੁਸਾਰ ਸੋਹਿਲੇ ਦਾ ਪਾਠ ਅਤੇ ਅਰਦਾਸ ਕਰਨ ਵਾਸਤੇ ਗ੍ਰੰਥੀ ਜੀ ਆਏ ਹੋਏ ਸਨ। ਸਮੇਂ ਦੀ ਸਰਕਾਰ ਇੰਨੀ ਭੈਅ-ਭੀਤ ਹੋਈ ਪਈ ਸੀ ਕਿ ਫਾਂਸੀ ਦੇਣ ਸਮੇਂ ਪੰਜ ਡਿਪਟੀ ਪੁਲਿਸ ਕਮਿਸ਼ਨਰ, 10 ਸਹਾਇਕ ਪੁਲਿਸ ਕਮਿਸ਼ਨਰ, 15 ਇੰਸਪੈਕਟਰ, 154 ਸਬ ਇੰਸਪੈਕਟਰ ਅਤੇ 1274 ਹਥਿਆਰਬੰਦ ਸਿਪਾਹੀ ਤਾਇਨਾਤ ਕੀਤੇ ਗਏ ਸਨ। (ਪੁਲਿਸ ਕਮਿਸ਼ਨਰ ਬੀ.ਐਸ. ਮੋਹਿਤੇ ਦਾ ਬਿਆਨ 'ਟਾਈਮਜ਼ ਆਫ਼ ਇੰਡੀਆ')। ਜਿਹੜੇ ਸਿਕੰਦਰ ਵਾਂਗ ਜਿੱਤਾਂ ਜਿੱਤਣ ਦੀਆਂ ਉਮੰਗਾਂ ਨਾਲ ਭਰੇ ਹੁੰਦੇ ਨੇ, ਉਨ੍ਹਾਂ ਲਈ ਹਾਰ ਜਾਂ ਮੌਤ ਦਾ ਕੋਈ ਅਰਥ ਨਹੀਂ ਹੁੰਦਾ। ਡਿੱਕੇ-ਡੋਲੇ ਖਾਣ ਵਾਲੇ ਬੰਦੇ ਨੂੰ ਹਰ ਕੋਈ ਠਿੱਬੀ ਮਾਰ ਸਕਦਾ ਹੈ, ਪਰ ਸ਼ਹੀਦ ਉਠਣ ਲਈ ਡਿਗਦੇ ਹਨ, ਟੱਕਰ ਲੈਣ ਲਈ ਪਿੱਛੇ ਹਟਦੇ ਹਨ ਅਤੇ ਜਾਗਣ ਲਈ ਸੌਂਦੇ ਹਨ। ਇਸਾਈ ਮੱਤ ਦਾ ਮੰਨਣਾ ਹੈ ਕਿ ਸ਼ਹੀਦ ਦਾ ਲਹੂ ਆਜ਼ਾਦੀ ਦੇ ਬੂਟੇ ਦਾ ਬੀਜ ਹੁੰਦਾ ਹੈ। ਇਸਲਾਮੀ ਸਭਿਅਤਾ ਵਿਚ ਵਿਦਵਾਨ ਦੀ ਕਲਮ ਦੀ ਸਿਆਹੀ, ਸ਼ਹੀਦਾਂ ਦੇ ਖੂਨ ਜਿੰਨੀ ਪਵਿੱਤਰ ਮੰਨੀ ਜਾਂਦੀ ਹੈ। ਸ਼ਹੀਦਾਂ ਦੀਆਂ ਬਰਸੀਆਂ, ਵੈਣ ਪਾਉਣ ਲਈ ਨਹੀਂ, ਸਗੋਂ ਪਿੱਛੇ ਰਹਿੰਦੇ ਵਾਰਸਾਂ ਵੱਲੋਂ ਸ਼ਹਾਦਤਾਂ ਦੀ ਲੋਏ-ਲੋਏ ਅਗਲਾ ਸਫ਼ਰ ਕਰਨ ਦੀ ਪ੍ਰੇਰਨਾ ਲੈਣ ਵਾਸਤੇ ਮਨਾਈਆਂ ਜਾਂਦੀਆਂ ਹਨ।

ਵਿਰਾਸਤ ਤੋਂ ਮੂੰਹ ਮੋੜ ਲੈਣ ਵਾਲਿਆਂ ਦੀ ਦੁਰਦਸ਼ਾ ਦਰਸਾਉਂਦਾ ਬੜਾ ਪਿਆਰਾ ਨੀਤੀਵਾਕ ਹੈ- 'ਜੇ ਤੁਸੀਂ ਅਤੀਤ ਵੱਲ ਪਿਸਤੌਲ ਦੀ ਗੋਲੀ ਚਲਾਉਗੇ, ਤਾਂ ਭਵਿੱਖ ਤੁਹਾਨੂੰ ਤੋਪਾਂ ਨਾਲ ਤਬਾਹ ਕਰ ਸੁੱਟੇਗਾ।'

ਜਿਸ ਖਿੱਤੇ ਵਿਚ ਵਸਦੀ ਕੌਮ ਦੇ ਦੋ ਨਾਇਕਾਂ ਦੀ ਉਕਤ ਦਾਸਤਾਂ ਬਿਆਨ ਕੀਤੀ ਗਈ ਹੈ, ਉਸ ਖਿੱਤੇ ਵਿਚ ਵਸਦੀ ਅਜੋਕੀ ਪੀੜ੍ਹੀ ਅਤੀਤ ਵੱਲ ਪਿਸਤੌਲ ਨਹੀਂ, ਤੋਪਾਂ ਬੀੜੀ ਬੈਠੀ ਹੈ।

ਬੇਪੱਤ ਹੋ ਜੋ ਤੁਰਨਗੇ,  
ਮੁੱਲ ਨਾ ਪਾਵੇ ਕੋ।  
ਪੱਤ ਗਵਾ ਕੇ ਜੀਣ ਜੋ,  
ਮਰਨ ਜਹੰਨਮ ਢੋਅ।  
ਸ਼ਾਹਾਂ ਦੇ ਵੱਡ ਕਹਿਰ ਵੀ,  
ਜਿੰਦ ਜੇ ਦੇਵਣ ਲੂਹ,  
ਭੁੱਲੇਗਾ ਨਾ ਖਾਲਸਾ  
ਅੰਮ੍ਰਿਤ ਦੀ ਖੁਸ਼ਬੂ। (ਮਹਿਬੂਬ)

# ਗੁਰਦੁਆਰਿਆਂ ਵਿਚ ਬਜ਼ੁਰਗਾਂ ਦੇ ਬੈਠਣ ਲਈ ਸਹੂਲਤਾਂ

ਪਾਠਕਾਂ ਦੀ ਗੱਲ

'ਪੰਜਾਬ ਟਾਈਮਜ਼' ਦੇ 27 ਸਤੰਬਰ ਦੇ ਅੰਕ ਵਿਚ ਖਬਰ ਪੜ੍ਹੀ- 'ਲੋੜ ਮੁਤਾਬਕ ਬਦਲ ਰਹੀ ਹੈ ਮਰਿਆਦਾ।' ਅੱਜ ਦੇ ਸਮੇਂ ਦੀ ਲੋੜ ਅਨੁਸਾਰ ਕੁਝ ਗੁਰੂ ਘਰਾਂ ਦੇ ਪ੍ਰਬੰਧਕਾਂ ਵਲੋਂ ਜੋ ਗੁਰੂ ਘਰਾਂ ਦੇ ਅੰਦਰ ਸਾਹਮਣੇ ਵਾਲੀਆਂ ਕੰਧਾਂ ਨਾਲ ਬੈਂਚ ਜਾਂ ਸਟੂਲ ਰੱਖ ਕੇ ਬੁੱਢੇ ਅਤੇ ਬਿਮਾਰ ਬਜ਼ੁਰਗਾਂ ਦੇ ਬੈਠਣ ਲਈ ਸਹੂਲਤਾਂ ਦਿੱਤੀਆਂ ਗਈਆਂ ਹਨ, ਉਹ ਅਤਿ ਸਲਾਹੁਣਯੋਗ ਹੈ। ਇਸ ਕਾਰਜ ਲਈ ਪ੍ਰਬੰਧਕ ਵਧਾਈ ਦੇ ਹੱਕਦਾਰ ਹਨ। ਇੰਜ ਲਗਦਾ ਹੈ ਕਿ ਇਹ ਪ੍ਰਬੰਧਕ ਅਛੋਪਲੇ ਜਿਹੇ ਹੀ ਬਹੁਤ ਵੱਡਾ ਪਰਉਪਕਾਰ ਕਰ ਗਏ ਹਨ ਜਿਸ ਦੀ ਸਾਰੀ ਦੁਨੀਆਂ ਵਿਚ ਵਸਦੀਆਂ ਸਿੱਖ ਸੰਗਤਾਂ ਵੱਲੋਂ ਰੱਜ ਕੇ ਪ੍ਰਸ਼ੰਸਾ ਹੋਣੀ ਚਾਹੀਦੀ ਹੈ, ਤੇ ਹਰ ਮਾਈ-ਭਾਈ ਨੂੰ ਇਸ ਕਾਰਜ ਲਈ ਉਨ੍ਹਾਂ ਦੀ ਹੌਸਲਾ-ਅਫਜ਼ਾਈ ਕਰਨੀ ਬਣਦੀ ਹੈ ਤਾਂ ਕਿ ਦੂਜੇ ਗੁਰੂ ਘਰਾਂ ਵਿਚ ਵੀ ਬਜ਼ੁਰਗਾਂ ਨੂੰ ਇਹ ਸਹੂਲਤਾਂ ਮਿਲ ਸਕਣ। ਸਾਡੀ ਰਾਇ ਹੈ ਕਿ ਇਹ ਸੇਵਾਵਾਂ ਸ਼ੁਰੂ ਕਰਨ ਨਾਲ ਰਹਿਤ ਮਰਿਆਦਾ ਨੂੰ ਜ਼ਰਾ ਜਿੰਨਾ ਵੀ ਨੁਕਸਾਨ ਨਹੀਂ ਹੋਵੇਗਾ, ਬਲਕਿ ਸਾਨੂੰ ਬਜ਼ੁਰਗਾਂ ਦੀਆਂ ਅਸੀਸਾਂ ਤੇ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਅਵਸਰ ਮਿਲੇਗਾ; ਜਿਵੇਂ ਕੈਲੀਫੋਰਨੀਆ ਦੇ ਕਈ ਗੁਰੂ ਘਰਾਂ ਵਿਚ ਭਾਵੇਂ ਛੋਟੇ ਪੈਮਾਨੇ 'ਤੇ ਹੀ ਸਹੀ, ਇਹ ਸੇਵਾ ਸ਼ੁਰੂ ਹੋ ਚੁੱਕੀ ਹੈ ਅਤੇ ਜਿਨ੍ਹਾਂ ਬਜ਼ੁਰਗਾਂ ਨੂੰ ਇਹ ਸਹੂਲਤ ਮਿਲ ਰਹੀ ਹੈ, ਉਹ ਪ੍ਰਸੰਨਤਾ ਉਨ੍ਹਾਂ ਦੇ ਚਿਹਰਿਆਂ ਤੋਂ ਵੇਖੀ ਜਾ ਸਕਦੀ ਹੈ।

ਕੱਟੜਤਾ ਬੜਾ ਅਜੀਬ ਸ਼ਬਦ ਹੈ ਜਿਸ ਨੂੰ ਸੁਣਦੇ ਸਾਰ ਹੀ ਇਨਸਾਨ ਤ੍ਰਬਕ ਉਠਦਾ ਹੈ। ਕੱਟੜਤਾ ਨੇ ਕਦੀ ਕਿਸੇ ਧਰਮ ਜਾਂ ਸਮਾਜ ਦਾ ਵਿਸਥਾਰ ਜਾਂ ਭਲਾ ਨਹੀਂ ਕੀਤਾ, ਬਲਕਿ ਨਜ਼ਦੀਕੀਆਂ ਨੂੰ ਦੂਰੀਆਂ ਵਿਚ ਹੀ ਤਬਦੀਲ ਕੀਤਾ ਹੈ। ਇਸ ਲਈ ਇਨਸਾਨ ਜਾਂ ਇਨਸਾਨੀਅਤ ਨੂੰ ਧਿਆਨ ਵਿਚ ਰੱਖ ਕੇ ਅਤੇ ਕੱਟੜਤਾ ਤਿਆਗ ਕੇ ਮਰਿਆਦਾ ਵਿਚ ਤਬਦੀਲੀ ਸ਼ਲਾਘਾਯੋਗ ਹੈ। ਕਿੰਨਾ ਚੰਗਾ ਹੋਵੇ ਜੇ ਦੇਸ਼-ਵਿਦੇਸ਼ ਦੇ ਸਾਰੇ ਗੁਰੂ ਘਰਾਂ ਵਿਚ ਬਜ਼ੁਰਗਾਂ ਲਈ ਇਹ ਸੇਵਾਵਾਂ ਮੁਹੱਈਆ ਕਰ ਦਿੱਤੀਆਂ ਜਾਣ ਅਤੇ ਸਾਹਮਣੀਆਂ ਦੀਵਾਰਾਂ ਨਾਲ ਪੱਕੇ ਤੌਰ 'ਤੇ ਗੱਦੇਦਾਰ ਬੈਂਚ ਜਾਂ ਕੁਰਸੀਆਂ ਦੀਆਂ ਦੋ-ਦੋ ਜਾਂ ਜ਼ਰੂਰਤ ਅਨੁਸਾਰ ਲਾਈਨਾਂ ਬਣਾ ਦਿੱਤੀਆਂ ਜਾਣ। ਅੱਜ ਸਮਾਂ ਆਪਣੀ ਰਫਤਾਰ ਤੋਂ ਕਿਤੇ ਵੱਧ ਤੇਜ਼ ਦੌੜ ਰਿਹਾ ਹੈ ਅਤੇ ਇਨਸਾਨ ਸਮੇਂ ਤੋਂ ਵੀ ਅਗਾਂਹ ਵਧ ਕੇ ਪ੍ਰਾਪਤੀਆਂ ਕਰ ਰਿਹਾ ਹੈ।

ਸਮੇਂ ਨਾਲ ਪਹਿਲੀਆਂ ਰਵਾਇਤਾਂ ਵਿਚ ਤਬਦੀਲੀਆਂ ਆਉਣੀਆਂ ਜ਼ਰੂਰੀ ਵੀ ਹਨ। ਸਮੇਂ ਦੀ ਮੰਗ ਵੀ ਇਹੀ ਹੈ। ਜੋ ਰਸਮਾਂ ਅਤੇ ਰਿਵਾਜ ਅਸੀਂ ਬਚਪਨ ਵਿਚ ਦੇਖਦੇ ਸੀ, ਅੱਜ ਉਨ੍ਹਾਂ ਦੀ ਥਾਂ ਨਵੀਆਂ ਰਹੁ-ਰੀਤਾਂ ਨੇ ਲੈ ਲਈ ਹੈ। ਉਂਜ ਵੀ ਤਬਦੀਲੀ ਤਾਂ ਕੁਦਰਤ ਦਾ ਨਿਯਮ ਹੈ। ਰੁੱਤਾਂ ਬਦਲਦੀਆਂ ਹਨ, ਮੌਸਮ ਬਦਲਦੇ ਹਨ, ਬਲਕਿ ਸੰਸਾਰ ਦੀ ਹਰ ਚੀਜ਼ ਬਦਲਦੀ ਹੈ। ਪਰਮਾਤਮਾ ਤੋਂ ਬਿਨਾਂ ਕੋਈ ਵੀ ਸ਼ੈਅ ਅਟੱਲ ਨਹੀਂ। ਧਰਮ ਤਾਂ ਧਰਮ ਹੁੰਦਾ ਹੈ। ਕਿਸੇ ਦਾ ਕੋਈ ਧਰਮ ਹੈ ਤੇ ਕਿਸੇ ਦਾ ਕੋਈ। ਸਾਰੇ ਹੀ ਧਰਮ ਅਤਿ ਸਤਿਕਾਰਤ ਹਨ, ਪਰ ਸਿੱਖ ਧਰਮ ਸੰਸਾਰ ਵਿਚ ਅਨੋਖਾ ਅਤੇ ਨਿਆਰਾ ਧਰਮ ਹੈ। ਇਹ ਸਮੁੱਚੀ ਮਾਨਵਤਾ ਨੂੰ ਪਿਆਰ ਕਰਦਾ ਹੈ, ਇਨਸਾਨੀਅਤ ਦਾ ਮੁੱਦਈ ਹੈ ਅਤੇ ਸਰਬ ਸਾਂਝਾ ਹੈ। ਇਸ ਵਿਚ ਸਰਬੱਤ ਦੇ ਭਲੇ ਦਾ ਸੁਨੇਹਾ ਹੈ।

ਜਲੰਧਰ ਸ਼ਹਿਰ ਦੇ ਗੁਰੂ ਤੇਗ ਬਹਾਦਰ ਨਗਰ ਦੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਦੇ ਅੰਦਰ ਦਾ ਨਜ਼ਾਰਾ ਵੇਖਿਆਂ ਹੀ ਬਣਦਾ ਹੈ। ਪ੍ਰਬੰਧਕਾਂ ਵੱਲੋਂ ਗੁਰੂ ਘਰ ਦੀ ਆਲੀਸ਼ਾਨ ਬਿਲਡਿੰਗ ਦੇ ਅੰਦਰ ਬਜ਼ੁਰਗਾਂ ਦੇ ਬੈਠਣ ਲਈ ਜੋ ਨਵੀਂ ਤਕਨੀਕ ਵਰਤੀ ਗਈ ਹੈ, ਉਸ ਨੂੰ ਵੇਖਦਿਆਂ ਆਪ ਮੁਹਾਰੇ ਹੀ ਮੂੰਹ ਵਿਚੋਂ 'ਵਾਹ' ਨਿਕਲਦਾ ਹੈ। ਇਸ ਤਕਨੀਕ ਅਤੇ ਸਹੂਲਤ ਵਾਲਾ ਸ਼ਾਇਦ ਇਹ ਪਹਿਲਾ ਗੁਰੂ ਘਰ ਹੋਵੇਗਾ। ਇਸ ਵਿਚ ਸ਼ਬਦ ਗੁਰੂ ਦੇ ਪ੍ਰਕਾਸ਼ ਅਸਥਾਨ ਦੀ ਉਚਤਾ ਅਤੇ ਮਹਾਨਤਾ ਨੂੰ ਮੁਖ ਰੱਖ ਕੇ ਇਹ ਸਹੂਲਤ ਦਿੱਤੀ ਗਈ ਹੈ। ਇਨ੍ਹਾਂ ਸਾਰੀਆਂ ਸਹੂਲਤਾਂ ਅਤੇ ਸੇਵਾਵਾਂ ਦਾ ਸਿਹਰਾ ਬੇਦਾਗ ਅਤੇ ਬੇਧੜਕ ਪੂਰਨ ਗੁਰਸਿਖ ਤੇ ਅੰਦਰੋਂ-ਬਾਹਰੋਂ ਇਕ ਹੋ ਕੇ ਗੁਰੂ ਨਾਲ ਜੁੜੇ ਮੁਖ ਸੇਵਾਦਾਰ ਸ. ਜਗਜੀਤ ਸਿੰਘ ਗਾਬਾ ਅਤੇ ਉਨ੍ਹਾਂ ਦੀ ਸਮੁੱਚੀ ਪ੍ਰਬੰਧਕੀ ਟੀਮ ਦੇ ਸਿਰ ਬੱਝਦਾ ਹੈ। ਅਸੀਂ ਐਤਕੀਂ ਜੁਲਾਈ ਵਿਚ ਇੰਡੀਆ ਗਏ ਹੋਏ ਸੀ ਅਤੇ ਇਸ ਗੁਰੂ ਘਰ ਵਿਖੇ ਹੋ ਰਹੇ ਵੱਡੇ ਸਮਾਗਮ ਜਿਸ ਵਿਚ ਸਾਰੇ ਤਖਤ ਸਾਹਿਬਾਨ ਦੇ ਜਥੇਦਾਰ ਵੀ ਪਹੁੰਚੇ ਹੋਏ ਸਨ, ਵਿਚ ਹਾਜ਼ਰੀ ਲਵਾਉਣ ਦਾ ਸਾਨੂੰ ਵੀ ਸੱਦਾ ਪੱਤਰ ਸੀ। ਸਮਾਗਮ ਦੀ ਸਮਾਪਤੀ ਉਪਰੰਤ ਸਾਰੇ ਗੁਰੂ ਦਰਬਾਰ ਵਿਚ ਵਿਚਰ ਕੇ ਜਦ ਇਨ੍ਹਾਂ ਸਹੂਲਤਾਂ ਵਾਲੇ ਥਾਂ 'ਤੇ ਪਹੁੰਚੇ ਤਾਂ ਇਸ ਸ਼ੁਭ ਕਾਰਜ ਲਈ ਸਾਰੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ।

ਇਥੇ ਪਰਦੇਸਾਂ ਵਿਚ ਵੱਸਦੇ ਬਜ਼ੁਰਗਾਂ ਲਈ ਤਾਂ ਇਹ ਬੈਂਚਾਂ ਜਾਂ ਕੁਰਸੀਆਂ ਦੀਆਂ ਸੇਵਾਵਾਂ ਬਹੁਤ ਲਾਹੇਵੰਦ ਸਾਬਤ ਹੋਣਗੀਆਂ। ਕਮ-ਸੇ-ਕਮ ਸਨਿਚਰਵਾਰ ਅਤੇ ਐਤਵਾਰ ਦੇ ਸਮਾਗਮਾਂ ਵਿਚ ਉਨ੍ਹਾਂ ਦਾ ਘਰੋਂ ਬਾਹਰ ਨਿਕਲ ਕੇ ਗੁਰੂ ਨਾਲ ਜੁੜ ਬੈਠਣ ਦਾ ਚਾਅ ਵੀ ਪੂਰਾ ਹੋ ਸਕੇਗਾ। ਸਾਡਾ ਵਿਚਾਰ ਹੈ ਕਿ ਹੁਣ ਸਾਡੇ ਧਰਮ ਦੇ ਸਿਰਮੌਰ ਧਾਰਮਿਕ ਅਤੇ ਸਮਾਜਕ ਲੀਡਰਾਂ ਨੂੰ ਵੀ ਇਸ ਦੀ ਪ੍ਰਵਾਨਗੀ ਦੇ ਕੇ ਆਪਣੀ ਦਰਿਆ ਦਿਲੀ ਦਿਖਾਉਣੀ ਚਾਹੀਦੀ ਹੈ। ਇਸ ਦੇ ਖਿਲਾਫ ਕੋਈ ਫਰਮਾਨ ਜਾਂ ਬਿਆਨਬਾਜ਼ੀ ਨਹੀਂ ਕਰਨੀ ਚਾਹੀਦੀ, ਬਲਕਿ ਸਮੇਂ ਦੀ ਮੰਗ ਨੂੰ ਅਪਨਾ ਕੇ ਪਹਿਲ ਕਰ ਰਹੇ ਪ੍ਰਬੰਧਕਾਂ ਦੀ ਹੌਸਲਾ-ਅਫਜ਼ਾਈ ਕਰਨੀ ਬਣਦੀ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਬਾਦਲ ਰਾਜ ਅਤੇ ਪੁਲਿਸ ਦੀ ਕਾਰਗੁਜ਼ਾਰੀ ਦਾ ਸੰਤਾਪ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਪੁਲਿਸ ਤਾਂ ਪੁਲਿਸ ਹੈ, ਇਹ ਹਰ ਰਾਜ ਦੇ ਹਾਕਮਾਂ ਦੀ ਸੇਵਾ ਲਈ ਹਾਜ਼ਰ ਹੈ। ਇਸ ਅੰਦਰਲੇ ਮਾੜੇ ਅਨਸਰ ਹਰ ਹਾਕਮ ਦੀ ਕਮਜ਼ੋਰੀ ਦਾ ਲਾਭ ਲੈ ਕੇ ਚਾਰ ਕੰਮ ਉਨ੍ਹਾਂ ਦੇ ਕਹੇ ਕਰਨ ਪਿੱਛੋਂ ਅੱਠ ਆਪਣੇ ਕਰੀ ਜਾਂਦੇ ਹਨ। ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਸਮਾਂ ਹੁਣ ਮਸਾਂ ਸਵਾ ਦੋ ਸਾਲ ਦਾ ਬਾਕੀ ਹੈ ਤੇ ਅਗਲੀਆਂ ਵਿਧਾਨ ਸਭਾ ਚੋਣਾਂ ਵੇਲੇ ਕੇਂਦਰ ਵਿਚ ਸਰਕਾਰ ਉਹ ਨਹੀਂ ਹੋਣੀ, ਜਿਸ ਦਾ ਕਾਂਗਰਸੀ ਪ੍ਰਧਾਨ ਮੰਤਰੀ ਨਿੱਜੀ ਕਾਰਨਾਂ ਕਰ ਕੇ ਬਾਦਲਾਂ ਦੇ ਨਾਲ ਵਿਗਾੜ ਪੈਣ ਤੋਂ ਡਰਦਾ ਸੀ। ਹੁਣ ਉਥੇ ਨਰਿੰਦਰ ਮੋਦੀ ਹੈ, ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜਿਹੜਾ ਕਈ ਵਰ੍ਹੇ ਪੁਰਾਣੀਆਂ ਕਿੜਾਂ ਵੀ ਭੁੱਲਣ ਦਾ ਆਦੀ ਨਹੀਂ।***

ਸਾਡੇ ਸਾਹਮਣੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦੋ ਬਿਆਨ ਪਏ ਹਨ, ਪਰ ਦੋਵਾਂ ਵਿਚਾਲੇ ਵੀਹ ਸਾਲ ਦੇ ਵਕਤ ਦਾ ਪਾੜਾ ਹੈ। ਪਹਿਲਾ ਬਿਆਨ ਪੰਜਾਬ ਪੁਲਿਸ ਦੇ ਕੁਝ ਅਫਸਰਾਂ ਦੇ ਵਿਹਾਰ ਬਾਰੇ ਉਦੋਂ ਦਿੱਤਾ ਗਿਆ ਸੀ, ਜਦੋਂ ਮੁੱਖ ਮੰਤਰੀ ਬੇਅੰਤ ਸਿੰਘ ਦਾ ਰਾਜ ਸੀ, ਤੇ ਦੂਸਰਾ ਇਸ ਹਫਤੇ ਆਇਆ ਹੈ। ਉਦੋਂ ਵਾਲੇ ਬਿਆਨ ਵਿਚ ਬਾਦਲ ਸਾਹਿਬ ਨੇ ਕਾਂਗਰਸੀ ਆਗੂਆਂ ਤੇ ਪੁਲਿਸ ਵਾਲਿਆਂ ਦੀ ਮਿਲੀਭੁਗਤ ਉਤੇ ਟਿੱਪਣੀ ਕਰਦਿਆਂ ਕਿਹਾ ਸੀ ਕਿ 'ਸਰਕਾਰਾਂ ਨੂੰ ਜਦੋਂ ਲੋਕਾਂ ਦੀ ਪ੍ਰਵਾਹ ਨਾ ਰਹੇ ਤੇ ਉਹ ਪੁਲਿਸ ਆਸਰੇ ਦਿਨ ਕੱਟ ਰਹੀਆਂ ਹੋਣ, ਉਦੋਂ ਇਹੋ ਹੁੰਦਾ ਹੈ, ਜੋ ਪੰਜਾਬ ਵਿਚ ਕਾਂਗਰਸੀ ਆਗੂ ਅਤੇ ਪੁਲਿਸ ਵਾਲੇ ਮਿਲ ਕੇ ਕਰ ਰਹੇ ਹਨ।' ਦੂਸਰਾ ਬਿਆਨ ਇਸ ਹਫਤੇ ਉਨ੍ਹਾਂ ਨੇ ਦਿੱਤਾ ਹੈ, ਜਿਸ ਵਿਚ ਇਹ ਕਿਹਾ ਹੈ ਕਿ ਅਕਾਲੀ ਦਲ ਨਾਲ ਸਬੰਧਤ ਲੋਕਾਂ ਨੂੰ ਪੁਲਿਸ ਨਾਲ ਜੋੜ ਕੇ ਐਵੇਂ ਬਦਨਾਮ ਕੀਤਾ ਜਾ ਰਿਹਾ ਹੈ। ਇਹ ਬਿਆਨ ਉਸ ਘਟਨਾ ਤੋਂ ਪਿੱਛੋਂ ਦਿੱਤਾ ਗਿਆ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਪੁਲਿਸ ਦੇ ਕੁਝ ਅਫਸਰਾਂ ਨੇ ਇੱਕ ਪਿੰਡ ਦੀ ਸਰਪੰਚ ਬੀਬੀ ਦੇ ਅਕਾਲੀ ਆਗੂ ਪਤੀ ਨੂੰ ਖੁਸ਼ ਕਰਨ ਵਾਸਤੇ ਉਸ ਪਿੰਡ ਦੇ ਦੋ ਨੌਜਵਾਨਾਂ ਨੂੰ ਘੇਰਾ ਪਾ ਕੇ ਮਾਰ ਦਿੱਤਾ ਤੇ ਫਿਰ ਪੁਲਿਸ ਮੁਕਾਬਲੇ ਦੀ ਝੂਠੀ ਕਹਾਣੀ ਘੜ ਲਈ ਸੀ।

ਜਿਸ ਪੁਰਾਣੇ ਬਿਆਨ ਦਾ ਅਸੀਂ ਜ਼ਿਕਰ ਕੀਤਾ ਹੈ, ਉਸ ਨੂੰ ਪੜ੍ਹ ਕੇ ਕਈ ਪਾਠਕ ਸਮਝ ਰਹੇ ਹੋਣਗੇ ਕਿ ਉਹ ਉਸ ਦੌਰ ਦੀ ਗੱਲ ਹੈ, ਜਦੋਂ ਬਾਦਲ ਸਾਹਿਬ ਸਰਕਾਰ ਤੇ ਪੁਲਿਸ ਦੇ ਬਹੁਤ ਖਿਲਾਫ ਹੁੰਦੇ ਸਨ। ਇਹ ਸਮਝ ਵੀ ਠੀਕ ਨਹੀਂ। ਬਾਦਲ ਸਾਹਿਬ ਉਦੋਂ ਦੀ ਕਾਂਗਰਸ ਸਰਕਾਰ ਦੇ ਖਿਲਾਫ ਸਨ, ਕਿਉਂਕਿ ਉਹ ਬੇਅੰਤ ਸਿੰਘ ਦੀ ਥਾਂ ਆਉਣ ਦੇ ਮਹੂਰਤ ਦੀ ਉਡੀਕ ਵਿਚ ਸਨ, ਪਰ ਪੁਲਿਸ ਦੇ ਉਕਾ ਖਿਲਾਫ ਨਹੀਂ ਸਨ, ਸਗੋਂ ਉਦੋਂ ਦੇ ਪੁਲਿਸ ਮੁਖੀ ਕੇ ਪੀ ਐਸ ਗਿੱਲ ਨੂੰ ਉਸ ਦੇ ਪਿਤਾ ਦੀ ਕੋਠੀ ਵਿਚ ਸੱਦ ਕੇ ਮਿਲ ਲਿਆ ਕਰਦੇ ਸਨ। ਗਿੱਲ ਦੇ ਪਿਤਾ ਨਾਲ ਬਾਦਲ ਦੀ ਸਾਂਝ ਵੀ ਕਿਸੇ ਤੋਂ ਲੁਕੀ ਹੋਈ ਨਹੀਂ ਅਤੇ ਇਹ ਕਹਾਣੀ ਗਿੱਲ ਨੇ ਆਪਣੀ ਜੀਵਨੀ ਵਿਚ ਲਿਖੀ ਹੈ। ਜਿਨ੍ਹਾਂ ਪੁਲਿਸ ਅਫਸਰਾਂ ਦੇ ਨਾਂ ਗਿਣਾ ਕੇ ਉਦੋਂ ਬਾਦਲ ਸਾਹਿਬ ਨੁਕਤਾਚੀਨੀ ਕਰਦੇ ਸਨ, ਆਪਣਾ ਰਾਜ ਆਏ ਤੋਂ ਉਨ੍ਹਾਂ ਹੀ ਪੁਲਿਸ ਅਫਸਰਾਂ ਨੂੰ ਉਨ੍ਹਾਂ ਦੇ ਚਹੇਤਿਆਂ ਵਿਚ ਗਿਣਿਆ ਜਾਣ ਲੱਗ ਪਿਆ, ਤੇ ਏਦਾਂ ਦੇ ਕੁਝ ਅਫਸਰ ਅੱਜ ਵੀ ਉਨ੍ਹਾਂ ਦੀ ਟੀਮ ਵਿਚ ਸ਼ਾਮਲ ਹਨ। ਇਸ ਕਰ ਕੇ ਅਸੀਂ ਪੁਲਿਸ ਬਾਰੇ ਉਨ੍ਹਾਂ ਦੇ ਉਦੋਂ ਦੇ ਬਿਆਨ ਨੂੰ ਵਜ਼ਨ ਦੇਣ ਦੀ ਥਾਂ ਉਦੋਂ ਵਾਲੇ ਬਿਆਨ ਦੇ ਸਿਰਫ ਇਸ ਹਿੱਸੇ ਨੂੰ ਵੱਧ ਵਜ਼ਨ ਦੇ ਸਕਦੇ ਹਾਂ ਕਿ 'ਸਰਕਾਰਾਂ ਨੂੰ ਜਦੋਂ ਲੋਕਾਂ ਦੀ ਪ੍ਰਵਾਹ ਨਾ ਰਹੇ ਤੇ ਉਹ ਪੁਲਿਸ ਆਸਰੇ ਦਿਨ ਕੱਟ ਰਹੀਆਂ ਹੋਣ, ਉਦੋਂ ਇਹੋ ਕੁਝ ਹੁੰਦਾ ਹੈ।' ਹੁਣ ਬਾਦਲ ਸਾਹਿਬ ਨੂੰ ਇਹ ਜਾਪਦਾ ਹੈ ਕਿ 'ਅਕਾਲੀ ਦਲ ਨਾਲ ਸਬੰਧਤ ਲੋਕਾਂ ਨੂੰ ਪੁਲਿਸ ਨਾਲ ਜੋੜ ਕੇ ਐਵੇਂ ਬਦਨਾਮ ਕੀਤਾ ਜਾ ਰਿਹਾ ਹੈ।'

ਮਾਮਲਾ ਜਿੰਨਾ ਕੁ ਅਖਬਾਰਾਂ ਵਿਚ ਆਇਆ ਹੈ, ਉਸ ਮੁਤਾਬਕ ਪਿੰਡ ਵਿਚ ਉਨ੍ਹਾਂ ਦੋ ਨੌਜਵਾਨਾਂ ਨੇ ਇੱਕ ਨਵੀਂ ਉਠੀ ਰਾਜਸੀ ਧਿਰ ਲਈ ਪਾਰਲੀਮੈਂਟ ਚੋਣਾਂ ਵੇਲੇ ਝੰਡਾ ਚੁੱਕਿਆ ਸੀ ਤੇ ਪਿੰਡ ਦੀ ਸਰਪੰਚ ਦਾ ਅਕਾਲੀ ਪਤੀ ਉਨ੍ਹਾਂ ਨੂੰ ਇਸ ਤੋਂ ਵਰਜਦਾ ਰਿਹਾ ਸੀ। ਜਿੰਨੀਆਂ ਵੋਟਾਂ ਅਕਾਲੀ ਦਲ ਨੂੰ ਉਸ ਪਿੰਡ ਤੋਂ ਪਈਆਂ, ਇੱਕ ਅਖਬਾਰ ਦੀ ਰਿਪੋਰਟ ਮੁਤਾਬਕ ਨਵੀਂ ਰਾਜਸੀ ਪਾਰਟੀ ਨੂੰ ਉਸ ਤੋਂ ਪੰਜ ਗੁਣੀਆਂ ਪੈ ਗਈਆਂ ਤੇ ਅਕਾਲੀ ਆਗੂ ਨੂੰ ਇਹ ਗਿਣਤੀ ਹਜ਼ਮ ਨਹੀਂ ਸੀ ਹੋਈ। ਫਿਰ ਸਥਾਨਕ ਥਾਣਾ ਮੁਖੀ ਦੀ ਮਿਲੀਭੁਗਤ



*ਪ੍ਰਕਾਸ਼ ਸਿੰਘ ਬਾਦਲ*

ਨਾਲ ਉਨ੍ਹਾਂ ਦੋਵਾਂ ਦਾ ਨਾਂ ਕਿਸੇ ਕੇਸ ਵਿਚ ਪਵਾ ਦਿੱਤਾ ਗਿਆ। ਪਿੰਡ ਦੇ ਲੋਕਾਂ ਮੁਤਾਬਕ ਸੋਚ ਇਹ ਸੀ ਕਿ ਉਨ੍ਹਾਂ ਦੀ ਪੁਲਿਸ ਤੋਂ 'ਖਾਤਰ' ਕਰਾਉਣੀ ਹੈ। ਉਹ ਇਸ ਤੋਂ ਡਰਦੇ ਲੁਕ ਗਏ ਜਾਂ ਅਪਰਾਧੀ ਹੋਣ ਕਰ ਕੇ ਲੁਕੇ ਫਿਰਦੇ ਸਨ, ਇਸ ਦੀ ਪੁਣ-ਛਾਣ ਦੀ ਨੌਬਤ ਨਹੀਂ ਆਉਣ ਦਿੱਤੀ ਗਈ ਤੇ ਘੇਰਾ ਪਾ ਕੇ ਮਾਰ ਦਿੱਤੇ ਗਏ। ਗੱਲ ਵਧਦੀ ਵੇਖ ਕੇ ਸਰਕਾਰ ਨੇ ਥਾਣਾ ਮੁਖੀ ਨੂੰ ਪਹਿਲਾਂ ਸਸਪੈਂਡ ਕਰਨ ਤੇ ਫਿਰ ਨੌਕਰੀ ਤੋਂ ਕੱਢਣ ਦਾ ਐਲਾਨ ਕੀਤਾ ਤੇ ਜ਼ਿਲਾ ਪੁਲਿਸ ਮੁਖੀ ਵੀ ਸਸਪੈਂਡ ਕਰ ਦਿੱਤਾ। ਜੇ ਉਨ੍ਹਾਂ ਨੇ ਕੁਝ ਗਲਤ ਨਹੀਂ ਸੀ ਕੀਤਾ ਤਾਂ ਇਸ ਕਾਰਵਾਈ ਦੀ ਅਤੇ ਇਸ ਵਿਚ ਸਰਪੰਚ ਦੇ ਪਤੀ ਨੂੰ ਪੁਲਿਸ ਨਾਲ ਗ੍ਰਿਫਤਾਰ ਕਰਨ ਦੀ ਕੀ ਜ਼ਰੂਰਤ ਸੀ? ਸਾਫ ਹੈ ਕਿ ਅਸਲ ਕਹਾਣੀ ਤੋਂ ਮੁੱਖ ਮੰਤਰੀ ਸਾਹਿਬ ਨੂੰ ਓਹਲਾ ਨਹੀਂ। ਜਦੋਂ ਸੱਚੀ ਗੱਲ ਪਤਾ ਹੈ ਤਾਂ 'ਅਕਾਲੀ ਦਲ ਨਾਲ ਸਬੰਧਤ ਲੋਕਾਂ ਨੂੰ ਐਵੇਂ ਬਦਨਾਮ ਕੀਤਾ ਜਾ ਰਿਹਾ' ਵਾਲੇ ਬਿਆਨ ਦੇਣ ਦੀ ਕੀ ਲੋੜ ਸੀ?

ਹਕੀਕਤ ਇਹ ਹੈ ਕਿ ਪੁਲਿਸ ਸਾਰੀ ਮਾੜੀ ਨਹੀਂ, ਪਰ ਇਸ ਵਿਚ ਬਹੁਤ ਸਾਰੇ ਮਾੜੇ ਅਨਸਰ ਹਨ, ਜਿਨ੍ਹਾਂ ਬਾਰੇ ਕਿਸੇ ਨੂੰ ਭੁਲੇਖਾ ਵੀ ਨਹੀਂ। ਉਹ ਜਿਸ ਜਗ੍ਹਾ ਵੀ ਲਾਏ ਜਾਂਦੇ ਹਨ, ਉਥੋਂ ਦੇ ਮਾੜੇ ਅਨਸਰਾਂ ਨੂੰ ਇਸ ਦੀ ਸੂਚਨਾ ਅਗੇਤੀ ਮਿਲ ਜਾਂਦੀ ਹੈ ਤੇ ਫਿਰ ਪੁੱਠੇ ਕੰਮ ਸ਼ੁਰੂ ਹੋ ਜਾਂਦੇ ਹਨ। ਪਾਰਲੀਮੈਂਟ ਚੋਣਾਂ ਵਿਚ ਇਹੋ ਜਿਹੇ ਕੰਮਾਂ ਦੀ ਜਿੰਨੀ ਚਰਚਾ ਹੋਈ ਸੀ, ਉਸ ਦਾ ਮੁੱਖ ਮੰਤਰੀ ਸਾਹਿਬ ਨੂੰ ਪਤਾ ਹੈ ਤੇ ਚੋਣਾਂ ਦੌਰਾਨ ਲੋਕਾਂ ਦਾ ਰੌਂਅ ਵੇਖਣ ਪਿੱਛੋਂ ਉਨ੍ਹਾਂ ਨੇ ਇਸ ਮਾਮਲੇ ਵਿਚ ਕੁਝ ਸੁਧਾਰ ਦੀਆਂ ਗੱਲਾਂ ਵੀ ਕੀਤੀਆਂ ਸਨ। ਹੁਣ ਇਹ ਜਾਪਦਾ ਹੈ ਕਿ ਉਹ ਗੱਲਾਂ ਸਿਰਫ ਡੰਗ ਟਪਾਉਣ ਲਈ ਸਨ। ਪੁਲਿਸ ਅਤੇ ਅਕਾਲੀ ਆਗੂਆਂ ਦਾ ਗੱਠਜੋੜ ਉਵੇਂ ਦਾ ਉਵੇਂ ਹੈ।

ਇੱਕ ਅਖਬਾਰ ਨੇ ਪਿਛਲੇ ਸਤੰਬਰ ਮਹੀਨੇ ਇਹੋ ਜਿਹੇ ਕੇਸਾਂ ਦੀ ਹੈਰਾਨ ਕਰਨ ਵਾਲੀ ਗਿਣਤੀ ਦੱਸੀ ਸੀ, ਜਿਹੜੇ ਅਦਾਲਤਾਂ ਵਿਚ ਜਾ ਕੇ ਰੱਦ ਹੋ ਗਏ ਸਨ। ਜੇ ਕੇਸ ਰੱਦ ਹੋ ਜਾਂਦੇ ਹਨ ਤਾਂ ਏਦਾਂ ਦੇ ਰੱਦੀ ਕੇਸ ਬਣਾਉਣ ਵਾਲੇ ਪੁਲਿਸ ਵਾਲਿਆਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਸਭ ਤੋਂ ਵੱਧ ਰੱਦ ਕੇਸਾਂ ਵਾਲੇ ਚਾਰ ਪੁਲਿਸ ਅਫਸਰ ਟੰਗ ਦਿੱਤੇ ਜਾਣ ਤਾਂ ਬਾਕੀਆਂ ਨੂੰ ਕੰਨ ਹੋ ਜਾਣ, ਪਰ ਕਿਸੇ ਦੇ ਵਿਰੁਧ ਵੀ ਕਾਰਵਾਈ ਤੋਂ ਪਰਹੇਜ਼ ਇਸ ਲਈ ਕੀਤਾ ਜਾਂਦਾ ਹੈ ਕਿ ਕੇਸ ਪੁਲਿਸ ਵਾਲੇ ਨਹੀਂ ਬਣਾਉਂਦੇ, ਉਨ੍ਹਾਂ ਤੋਂ ਬਣਵਾਏ ਜਾਂਦੇ ਹਨ। ਜ਼ਿਲ੍ਹਿਆਂ ਵਿਚ ਇਹ ਚਰਚਾ ਆਮ ਹੈ ਕਿ ਜਿਹੜੇ ਰਾਜਸੀ ਵਿਰੋਧੀ ਨੂੰ ਥੱਲੇ ਲਾਉਣਾ ਹੋਵੇ, ਉਸ ਦੇ ਵਿਰੁਧ ਚਾਰ ਕੇਸ ਬਣਵਾ ਦਿਓ ਤਾਂ ਇੱਕੋ ਰਾਤ ਥਾਣੇ ਵਿਚ ਕੱਟਣ ਪਿੱਛੋਂ ਅਗਲੇ ਦਿਨ ਸਿੱਧਾ ਹੋ ਜਾਵੇਗਾ। ਲੋਕਾਂ ਵਿਚ ਇਹੋ ਜਿਹੀ ਚਰਚਾ ਐਵੇਂ ਨਹੀਂ ਚੱਲਦੀ ਹੁੰਦੀ, ਇਸ ਦੇ ਪਿੱਛੇ ਕੁਝ ਕਾਰਨ ਹੁੰਦੇ ਹਨ ਅਤੇ ਉਹ ਕਾਰਨ ਮੁੱਖ ਮੰਤਰੀ ਸਾਹਿਬ ਨੂੰ ਜਾਂਚਣੇ ਚਾਹੀਦੇ ਹਨ।

ਲੁਧਿਆਣੇ ਵਾਲੇ ਬਹੁ-ਚਰਚਿਤ ਤਾਜ਼ਾ ਪੁਲਿਸ ਮੁਕਾਬਲੇ ਦੀ ਕਹਾਣੀ ਅਸੀਂ ਹੋਰ ਨਹੀਂ ਪਾਉਣਾ ਚਾਹੁੰਦੇ, ਇਸ ਦੀ ਥਾਂ ਇਹ ਗੱਲ ਵੇਖਣਾ ਚਾਹੁੰਦੇ ਹਾਂ ਕਿ ਪੁਲਿਸ ਦਾ ਬਾਕੀ ਮਾਮਲਿਆਂ ਵਿਚ ਕੀ ਹਾਲ ਹੈ?

ਪੰਜਾਬ ਦੀ ਪੁਲਿਸ ਦਾ ਇੱਕ ਇੰਸਪੈਕਟਰ ਜਨਰਲ ਰੈਂਕ ਦਾ ਅਫਸਰ ਗੌਤਮ ਚੀਮਾ ਇਸ ਵਕਤ ਆਪਣੀ ਹੀ ਪੁਲਿਸ ਦੇ ਹੱਥ ਆਉਣ ਤੋਂ ਬਚਣ ਲਈ ਲੁਕਦਾ ਫਿਰਦਾ ਹੈ। ਉਸ ਦੇ ਖਿਲਾਫ ਜਿਹੜੀ ਬੀਬੀ ਨੇ ਕੇਸ ਕੀਤਾ ਹੈ, ਉਸ ਬਾਰੇ ਉਹ ਕਹਿ ਰਿਹਾ ਸੁਣੀਂਦਾ ਹੈ ਕਿ ਬੀਬੀ ਤੇ ਉਸ ਦਾ ਪਤੀ ਸਾਊ ਰਿਕਾਰਡ ਵਾਲੇ ਨਹੀਂ। ਜੇ ਸਾਊ ਨਹੀਂ ਤਾਂ ਇਹੋ ਜਿਹੇ ਲੋਕਾਂ ਨਾਲ ਉਸ ਏਡੇ ਵੱਡੇ ਪੁਲਿਸ ਅਫਸਰ ਦੀ ਸਾਂਝ ਕਿਸ ਗੱਲ ਵਾਸਤੇ ਸੀ? ਪਿਛਲੀ ਬਾਦਲ ਸਰਕਾਰ ਦੌਰਾਨ ਜਦੋਂ ਉਹ ਬੰਦਾ ਇੱਕ ਚੀਫ ਪਾਰਲੀਮੈਂਟਰੀ ਸੈਕਟਰੀ ਨਾਲ ਭ੍ਰਿਸ਼ਟਾਚਾਰ ਦੇ ਕੇਸ ਵਿਚ ਫੜਿਆ ਗਿਆ ਤਾਂ ਲੋਕਾਂ ਨੂੰ ਉਸ ਦੀ ਔਕਾਤ ਪਤਾ ਲੱਗੀ ਸੀ, ਪਹਿਲਾਂ ਲੋਕ ਜਾਣਦੇ ਵੀ ਨਹੀਂ ਸਨ ਕਿ ਇਹ ਕੌਣ ਹੈ ਅਤੇ ਕਰਦਾ ਕੀ ਹੈ? ਫਿਰ ਪਤਾ ਲੱਗਾ ਕਿ ਨੇਪਾਲੀ ਮੂਲ ਦੇ ਤਰੁਣ ਬਹਾਦਰ ਥਾਪਾ ਦਾ ਪੁੱਤਰ ਦਵਿੰਦਰ ਥਾਪਾ ਆਪਣਾ ਨਾਂ ਬਦਲ ਕੇ ਦਵਿੰਦਰ ਸਿੰਘ ਗਿੱਲ ਬਣ ਕੇ ਅਫਸਰਾਂ ਅਤੇ ਮੰਤਰੀਆਂ ਦੀ ਦਲਾਲੀ ਦਾ ਕੰਮ ਕਰਦਾ ਹੈ। ਉਦੋਂ ਇਸ ਗੱਲ ਦਾ ਰੌਲਾ ਪਿਆ ਸੀ ਕਿ ਉਹ ਬੰਦਾ ਕਾਲੀ ਕਮਾਈ ਨੂੰ ਚਿੱਟੀ ਕਰਨ ਦੇ ਕੰਮ ਵਿਚ ਬਹੁਤ ਸਾਰੇ ਲੋਕਾਂ ਦਾ ਕਾਰਿੰਦਾ ਹੈ। ਹੁਣ ਗੌਤਮ ਚੀਮਾ ਬਾਰੇ ਇਹੋ ਰੌਲਾ ਪਿਆ ਹੈ, ਕੱਲ੍ਹ ਨੂੰ ਉਸ ਨਾਲ ਜੋੜ ਕੇ ਕਿਸੇ ਹੋਰ ਦਾ ਪੈ ਜਾਵੇਗਾ। ਪੰਜਾਬ ਪੁਲਿਸ ਦੇ ਜਿਹੜੇ ਪਿਛਲੇ ਮੁਖੀ ਨੇ ਇੱਕ ਵਾਰੀ ਅਕਾਲੀ ਟਿਕਟ ਉਤੇ ਚੋਣ ਲੜੀ ਅਤੇ ਹਾਰੀ ਸੀ, ਉਸ ਬਾਰੇ ਵੀ ਇਹ ਰੌਲਾ ਪੈ ਚੁੱਕਾ ਹੈ ਕਿ ਚੰਡੀਗੜ੍ਹ ਨੇੜਲੇ ਇੱਕ ਪਿੰਡ ਵਿਚ ਬਹੁਤ ਸਾਰੀ ਜ਼ਮੀਨ ਉਤੇ ਨਾਜਾਇਜ਼ ਕਬਜ਼ਾ ਕਰੀ ਬੈਠਾ ਸੀ। ਸਿਵਲ ਤੇ ਪੁਲਿਸ ਦੋਵਾਂ ਦੇ ਕਈ ਅਫਸਰਾਂ ਵੱਲੋਂ ਇਹੋ ਜਿਹੇ ਕਬਜ਼ੇ ਕੀਤੇ ਗਏ ਜਾਂ ਕੀਤੇ ਜਾ ਰਹੇ ਸੁਣੀਂਦੇ ਹਨ। ਕੀ ਬਾਦਲ ਸਾਹਿਬ ਨੂੰ ਇਸ ਦਾ ਪਤਾ ਨਹੀਂ, ਤੇ ਜੇ ਪਤਾ ਹੈ ਤਾਂ ਫਿਰ ਉਹ ਇਸ ਵਿਹਾਰ ਨੂੰ ਰੋਕਣ ਲਈ ਕੁਝ ਕਰਦੇ ਕਿਉਂ ਨਹੀਂ?

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅੱਜ-ਕੱਲ੍ਹ ਥਾਂ-ਥਾਂ ਲੋਕ ਅਕਾਲੀ ਲੀਡਰਾਂ ਦੇ ਸਿੱਧੇ ਵਿਰੋਧ ਦਾ ਰਾਹ ਫੜਨ ਲੱਗ ਪਏ ਹਨ। ਮੋਹਾਲੀ ਵਿਚ ਇੱਕ ਖਿਝੇ ਹੋਏ ਬੰਦੇ ਨੇ ਇੱਕ ਮੰਤਰੀ ਦੀ ਕਾਰ ਹੇਠ ਆ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਤੇ ਫਿਰ ਜ਼ਖਮੀ ਹੋ ਕੇ ਹਸਪਤਾਲ ਜਾ ਪਿਆ ਹੈ। ਉਸੇ ਸ਼ਹਿਰ ਵਿਚ ਇੱਕ ਦਿਨ ਕੁਝ ਟੀਚਰਾਂ ਨੇ ਰੋਸ ਕਰਨ ਦਾ ਪ੍ਰੋਗਰਾਮ ਬਣਾਇਆ ਤਾਂ ਪੁਲਿਸ ਨੇ ਰੋਸ ਕਰਦੀਆਂ ਲੇਡੀ ਟੀਚਰਾਂ ਨੂੰ ਉਥੋਂ ਫੜ ਕੇ ਨਵਾਂ ਸ਼ਹਿਰ ਨੇੜੇ ਪਿੰਡਾਂ ਵਿਚ ਲਿਜਾ ਸੁੱਟਿਆ। ਇਨ੍ਹਾਂ ਵਿਚ ਇੱਕ ਕੁੜੀ ਬਾਦਲ ਸਾਹਿਬ ਦੇ ਆਪਣੇ ਪਿੰਡ ਦੀ ਸੀ। ਹੈਰਾਨੀ ਵਾਲੀ ਖਬਰ ਇਹ ਹੈ ਕਿ ਜਦੋਂ ਇਨ੍ਹਾਂ ਕੁੜੀਆਂ ਨੂੰ ਫੜਿਆ ਗਿਆ, ਇੱਕ ਡੀ ਐਸ ਪੀ ਨੇ ਇਥੋਂ ਤੱਕ ਕਹਿ ਦਿੱਤਾ ਕਿ ਅਸੀਂ ਇਹ ਕੁੜੀਆਂ ਪਾਕਿਸਤਾਨ ਵਿਚ ਭੇਜ ਦਿਆਂਗੇ। ਏਡੀ ਬਦ-ਜ਼ਬਾਨੀ ਕਰਨ ਵਾਲੇ ਅਫਸਰ ਬਾਰੇ ਪੰਜਾਬ ਦੇ ਲੋਕਾਂ ਦੇ ਚੁਣੇ ਹੋਏ ਮੁੱਖ ਮੰਤਰੀ ਨੇ ਕੋਈ ਨੋਟਿਸ ਲੈਣ ਦੀ ਲੋੜ ਹੀ ਨਹੀਂ ਸਮਝੀ। ਇਸ ਪਿੱਛੇ ਕਾਰਨ ਕਿਤੇ ਇਹ ਤਾਂ ਨਹੀਂ ਕਿ ਲੋਕ ਹੁਣ ਪੁਲਿਸ ਦੀ ਕੁੱਟ ਦੀ ਪਰਵਾਹ ਕੀਤੇ ਬਿਨਾਂ ਜਿਵੇਂ ਥਾਂ-ਥਾਂ ਹਾਕਮ ਧਿਰ ਦੇ ਆਗੂਆਂ ਤੇ ਮੰਤਰੀਆਂ ਦੇ ਵਿਰੋਧ ਵਿਚ ਬੋਲਣ ਲੱਗ ਪਏ ਹਨ, ਉਸ ਵਿਚ ਪੁਲਿਸ ਦੀ ਪਿੱਠ ਠੋਕਣਾ ਵੱਧ ਜ਼ਰੂਰੀ ਹੋ ਗਿਆ ਹੈ ਤੇ ਉਸ ਦੇ ਵਿਚਲੇ ਮਾੜੇ ਅਨਸਰਾਂ ਦੇ ਇਹ ਕਾਰੇ ਅਣਡਿੱਠ ਕਰਨੇ ਮੁੱਖ ਮੰਤਰੀ ਦੀ ਮਜਬੂਰੀ ਬਣਦੇ ਜਾ ਰਹੇ ਹਨ? ਪੰਜਾਬ ਦੇ ਲੋਕਾਂ ਵਿਚ ਜੇ ਇਹ ਧਾਰਨਾ ਪੈਦਾ ਹੁੰਦੀ ਹੈ ਤਾਂ ਕਿਸ ਦੇ ਖਿਲਾਫ ਜਾਵੇਗੀ, ਇਹ ਦੱਸਣ ਦੀ ਲੋੜ ਨਹੀਂ।

ਪੁਲਿਸ ਤਾਂ ਪੁਲਿਸ ਹੈ, ਇਹ ਹਰ ਰਾਜ ਦੇ ਹਾਕਮਾਂ ਦੀ ਸੇਵਾ ਲਈ ਹਾਜ਼ਰ ਹੈ। ਇਸ ਅੰਦਰਲੇ ਮਾੜੇ ਅਨਸਰ ਹਰ ਹਾਕਮ ਦੀ ਕਮਜ਼ੋਰੀ ਦਾ ਲਾਭ ਲੈ ਕੇ ਚਾਰ ਕੰਮ ਉਨ੍ਹਾਂ ਦੇ ਕਹੇ ਕਰਨ ਪਿੱਛੋਂ ਅੱਠ ਆਪਣੇ ਕਰੀ ਜਾਂਦੇ ਹਨ। ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਸਮਾਂ ਹੁਣ ਮਸਾਂ ਸਵਾ ਦੋ ਸਾਲ ਦਾ ਬਾਕੀ ਹੈ ਤੇ ਅਗਲੀਆਂ ਵਿਧਾਨ ਸਭਾ ਚੋਣਾਂ ਵੇਲੇ ਕੇਂਦਰ ਵਿਚ ਸਰਕਾਰ ਉਹ ਨਹੀਂ ਹੋਣੀ, ਜਿਸ ਦਾ ਕਾਂਗਰਸੀ ਪ੍ਰਧਾਨ ਮੰਤਰੀ ਨਿੱਜੀ ਕਾਰਨਾਂ ਕਰ ਕੇ ਬਾਦਲਾਂ ਦੇ ਨਾਲ ਵਿਗਾੜ ਪੈਣ ਤੋਂ ਡਰਦਾ ਸੀ। ਹੁਣ ਉਥੇ ਨਰਿੰਦਰ ਮੋਦੀ ਹੈ, ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜਿਹੜਾ ਕਈ ਵਰ੍ਹੇ ਪੁਰਾਣੀਆਂ ਕਿੜਾਂ ਵੀ ਭੁੱਲਣ ਦਾ ਆਦੀ ਨਹੀਂ। ਇਹ ਗੱਲ ਸ਼ਾਇਦ ਬਾਦਲ ਸਾਹਿਬ ਭੁਲਾਈ ਬੈਠੇ ਹਨ। ਬਾਕੀ ਰਹਿੰਦੇ ਦੋ ਸਾਲਾਂ ਵਿਚੋਂ ਆਖਰੀ ਸਾਲ ਤਾਂ ਸਰਕਾਰ ਹੁੰਦੀ ਹੋਈ ਵੀ ਅਣਹੋਈ ਹੋ ਜਾਂਦੀ ਹੈ, ਇਹੋ ਵਕਤ ਹੈ ਕਿ ਇਸ ਵਿਗਾੜ ਨੂੰ ਸੰਭਾਲ ਲਿਆ ਜਾਵੇ, ਪਰ ਅਜੇ ਇਹ ਲੱਗਦਾ ਨਹੀਂ ਕਿ ਬਾਦਲ ਸਾਹਿਬ ਨੂੰ ਇਸ ਦੀ ਕੋਈ ਚਿੰਤਾ ਵੀ ਹੈ।

## ਦਾਊਦ ਖਿਲਾਫ ਭਾਰਤ ਤੇ ਅਮਰੀਕਾ ਮਿਲ ਕੇ ਚਲਾਉਣਗੇ ਮੁਹਿੰਮ

**ਨਵੀਂ ਦਿੱਲੀ:** ਮੁੰਬਈ ਲੜੀਵਾਰ ਧਮਾਕਿਆਂ ਤੇ ਹੋਰ ਅਤਿਵਾਦੀ ਸਰਗਰਮੀਆਂ ਚਲਾਉਣ ਦੇ ਮੁੱਖ ਸਾਜ਼ਿਸ਼ਕਾਰੀ ਦਾਊਦ ਇਬਰਾਹੀਮ ਦੀ ਡੀ-ਕੰਪਨੀ ਖਿਲਾਫ਼ ਮੁਹਿੰਮ ਵਿਚ ਅਮਰੀਕਾ ਨੂੰ ਵੀ ਸ਼ਾਮਲ ਕਰਨ ਵਿਚ ਭਾਰਤ ਨੂੰ ਵੱਡੀ ਸਫ਼ਲਤਾ ਮਿਲੀ ਹੈ। ਅਮਰੀਕਾ ਫੇਰੀ ਦੌਰਾਨ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਿਚਾਲੇ ਹੋਈ ਸਿਖ਼ਰ ਵਾਰਤਾ ਤੋਂ ਬਾਅਦ ਜਾਰੀ ਸਾਂਝੇ ਬਿਆਨ ਵਿਚ ਦੋਵਾਂ ਮੁਲਕਾਂ ਨੇ ਇਸ ਗੱਲ ਦਾ ਤਹੱਈਆ ਕੀਤਾ ਕਿ ਅਤਿਵਾਦੀ ਜਥੇਬੰਦੀਆਂ ਅਲ ਕਾਇਦਾ, ਲਸ਼ਕਰ-ਏ-ਤਾਇਬਾ, ਜੈਸ਼-ਏ-ਮੁਹੰਮਦ, ਡੀ. ਕੰਪਨੀ ਤੇ ਹਕਾਨੀ ਦੀਆਂ ਅਤਿਵਾਦੀ ਸਰਗਰਮੀਆਂ ਨੂੰ ਨੱਥ ਪਾਉਣ ਲਈ ਸਾਂਝੇ ਯਤਨ ਕੀਤੇ ਜਾਣਗੇ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
*24/7 Customer Service Available*
*Same rate for lanline and mobile.*
ਟੋਲ ਫਰੀ ਨੰਬਰ 1-888-652-6268
732-983-4332/4333

# ਹਰਿਮੰਦਰ ਸਾਹਿਬ ਦੀ ਸੁਨਹਿਰੀ ਚਮਕ ਉਤੇ ਪ੍ਰਦੂਸ਼ਣ ਦੀ ਮਾਰ

**ਅੰਮ੍ਰਿਤਸਰ:** ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸੁਨਹਿਰੀ ਚਮਕ 'ਤੇ ਇਸਦੇ ਬਾਹਰ ਬਣੇ ਗਲਿਆਰੇ ਵਿਚੋਂ ਨਿਕਲਦੀਆਂ ਮੋਟਰ ਗੱਡੀਆਂ ਤੇ ਇਥੇ ਬਣੇ ਸੈਂਕੜੇ ਹੋਟਲਾਂ ਦੀਆਂ ਰਸੋਈਆਂ ਵਿਚੋਂ ਨਿਕਲੇ ਧੂੰਏਂ ਦਾ ਮਾੜ੍ਹਾ ਅਸਰ ਪੈ ਰਿਹਾ ਹੈ। ਪ੍ਰਦੂਸ਼ਣ ਰੋਕਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਮੇਂ-ਸਮੇਂ ਪ੍ਰਸ਼ਾਸਨ ਕੋਲ ਬੇਹਤਰ ਪ੍ਰਬੰਧ ਕਰਨ ਲਈ ਸੰਪਰਕ ਕੀਤਾ ਗਿਆ ਪਰ ਪ੍ਰਸ਼ਾਸਨ ਨੇ ਜ਼ਿਆਦਾਤਰ ਡੰਗ-ਟਪਾਊ ਨੀਤੀ ਨੂੰ ਹੀ ਪਹਿਲ ਦਿੱਤੀ।



ਅਪ੍ਰੇਸ਼ਨ ਕਾਲੀ ਗਰਜ਼ ਉਪਰੰਤ 1988 ਵਿਚ ਕੇਂਦਰ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਇਲਾਕੇ ਨੂੰ ਰਿਹਾਇਸ਼ੀ ਤੇ ਵਪਾਰਕ ਸਰਗਰਮੀਆਂ ਤੋਂ ਮੁਕਤ ਕਰਵਾਉਣ ਲਈ ਗਲਿਆਰਾ ਯੋਜਨਾ ਘੜੀ ਸੀ।

ਪਹਿਲਾਂ ਇਹ ਯੋਜਨਾ ਸ੍ਰੀ ਹਰਿਮੰਦਰ ਸਾਹਿਬ ਤੋਂ 90 ਮੀਟਰ ਦੇ ਘੇਰੇ ਵਿਚ ਲਿਆਂਦੀ ਗਈ ਸੀ ਪਰ ਵਧੇਰੇ ਅਬਾਦੀ ਦੇ ਪ੍ਰਭਾਵਤ ਹੋਣ ਕਾਰਨ ਪ੍ਰਸ਼ਾਸਨ ਨੇ ਇਹ ਘੇਰਾ ਘਟਾ ਕੇ 60 ਮੀਟਰ ਕਰ ਦਿੱਤਾ ਜੋ ਮੁੜ ਸਥਾਨਕ ਲੋਕਾਂ ਦੀ ਮੰਗ 'ਤੇ ਦੂਜੀ ਵਾਰ ਘਟਾ ਕੇ 30 ਮੀਟਰ ਕਰ ਦਿੱਤਾ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਇਲਾਕੇ ਨੂੰ ਭੀੜ ਤੇ ਪ੍ਰਦੂਸ਼ਣ ਮੁਕਤ ਬਣਾਉਣਾ ਇਸ ਯੋਜਨਾ ਦਾ ਉਦੇਸ਼ ਸੀ ਪਰ ਨਿਗਮ ਪ੍ਰਸ਼ਾਸਨ ਦੇ ਕੁਝ ਅਫ਼ਸਰਾਂ ਤੇ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ 10 ਸਾਲ ਵਿਚ ਸੈਲਾਨੀਆਂ ਦੀ ਲਗਾਤਾਰ ਆਮਦ ਵਧਦਿਆਂ ਵੇਖ ਗਲਿਆਰੇ ਦੇ ਕਿਨਾਰੇ ਬਣੇ 50 ਤੋਂ 100 ਗਜ਼ ਦੇ ਮਕਾਨਾਂ ਵਿਚ ਲੋਕਾਂ ਨੇ ਧੜੱਲੇ ਨਾਲ ਹੋਟਲ ਉਸਰਨੇ ਸ਼ੁਰੂ ਕਰ ਦਿੱਤੇ।

ਇਨ੍ਹਾਂ ਹੋਟਲਾਂ ਵਿਚ ਜਿਥੇ ਸੈਲਾਨੀਆ ਦੇ ਰਹਿਣ ਦਾ ਪ੍ਰਬੰਧ ਕੀਤਾ ਗਿਆ, ਉਥੇ ਨਾਲ ਹੀ ਇਥੇ ਠਹਿਰਣ ਵਾਲੇ ਸੈਲਾਨੀਆਂ ਲਈ ਖਾਣ-ਪੀਣ ਦਾ ਪ੍ਰਬੰਧ ਕਰਨ ਲਈ ਰਸੋਈਆਂ ਬਣ ਗਈਆਂ, ਜਿਨ੍ਹਾਂ ਦਾ ਧੂੰਆਂ ਗਲਿਆਰੇ ਵਾਲੇ ਪਾਸੇ ਕੱਢਿਆ ਗਿਆ।

ਇਨ੍ਹਾਂ ਹੋਟਲਾਂ ਵਿਚ ਰਹਿਣ ਵਾਲੇ ਸੈਲਾਨੀ ਆਪਣੀਆਂ ਮੋਟਰ ਗੱਡੀਆਂ ਆਪਣੀ ਠਹਿਰਗਾਹ ਦੇ ਬੂਹੇ ਅੱਗੇ ਖੜ੍ਹੀਆਂ ਕਰਦੇ ਹਨ, ਜਿਸ ਕਰਕੇ ਇਨ੍ਹਾਂ ਗੱਡੀਆਂ ਤੇ ਹੋਟਲਾਂ ਦੀਆਂ ਰਸੋਈਆਂ ਦਾ ਧੂਆਂ ਪ੍ਰਦੂਸ਼ਣ ਪੈਦਾ ਕਰਦਾ ਹੈ ਤੇ ਇਹ ਪ੍ਰਦੂਸ਼ਣ ਸੁਨਹਿਰੀ ਮੁਜੱਸਮੇ ਦੀ ਚਮਕ ਨੂੰ ਨੁਕਸਾਨ ਪਹੁੰਚਾਉਣ ਵਿਚ ਕੋਈ ਕਸਰ ਨਹੀਂ ਛੱਡਦਾ। ਭਾਵੇਂ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਣ ਵਾਲੇ ਵੱਖ-ਵੱਖ ਮਾਰਗਾਂ 'ਤੇ ਤਿੰਨ ਜਾਂ ਚਾਰ ਪਹੀਆ ਵਾਹਨਾਂ ਨੂੰ ਅੱਗੇ ਜਾਣ ਤੋਂ ਰੋਕਣ ਲਈ ਬੈਰੀਗੇਟ ਲਾਏ ਗਏ ਹਨ ਪਰ ਪੁਲਿਸ ਦੀ ਮਿਲੀਭੁਗਤ ਤੇ ਉੱਚੇ ਰੁਤਬੇ ਦੀ ਰੋਹਬ ਕਾਰਨ ਧੜੱਲੇ ਨਾਲ ਵਾਹਨ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰਵਾਰ ਘੰਟਾ ਘਰ ਚੌਕ ਤੋਂ ਇਲਾਵਾ ਪੂਰੇ ਗਲਿਆਰੇ ਵਿਚ ਘੁੰਮਦੇ ਨਜ਼ਰੀ ਆਉਂਦੇ ਹਨ। ਇਨ੍ਹਾਂ ਵਾਹਨਾਂ ਵਿਚੋਂ ਨਿਕਲਣ ਵਾਲੇ ਧੂਏਂ ਨਾਲ ਜਿਥੇ ਪ੍ਰਦੂਸ਼ਣ ਪੈਦਾ ਹੁੰਦਾ ਹੈ ਉਥੇ ਇਹ ਸ੍ਰੀ ਹਰਿਮੰਦਰ ਸਾਹਿਬ ਦੇ ਇਨ੍ਹਾਂ ਰਸਤਿਆਂ ਵਿਚ ਆਵਾਜਾਈ ਵਿਚ ਵਿਘਨ ਵੀ ਪਾਉਂਦੇ ਹਨ।

## ਪ੍ਰਦੂਸ਼ਣ ਖਿਲਾਫ ਮੁਹਿੰਮ ਵਿੱਢਾਂਗੇ: ਮੱਕੜ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਸਰਕਾਰ ਤੇ ਅਦਾਲਤ ਵੱਲੋਂ ਵਾਰ-ਵਾਰ ਨੋਟਿਸ ਲਏ ਜਾਣ ਦੇ ਬਾਵਜੂਦ ਅੰਮ੍ਰਿਤਸਰ ਪ੍ਰਸ਼ਾਸਨ ਤੇ ਨਗਰ ਨਿਗਮ ਨੇ ਆਪਣੀ ਜ਼ਿੰਮੇਵਾਰੀ ਨਹੀਂ ਸਮਝੀ ਤੇ ਖੇਤਰ ਵਿਚ ਸੜਕਾਂ 'ਤੇ ਕਬਜ਼ੇ, ਨਿੱਤ ਬਣਦੇ ਹੋਟਲ ਤੇ ਉਡਦਾ ਧੂੰਆਂ ਇਸ ਅਣਗਹਿਲੀ ਦਾ ਸਬੂਤ ਹਨ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਨਜ਼ਦੀਕ ਸਫ਼ਾਈ ਤੇ ਪ੍ਰਦੂਸ਼ਣ ਦਾ ਲੰਬੇ ਸਮੇਂ ਤੋਂ ਲਟਕਦਾ ਮਾਮਲਾ ਪ੍ਰਸ਼ਾਸਨ ਦੀ ਨਾਕਾਮੀ ਦਾ ਸਬੂਤ ਹੈ ਤੇ ਇਸ ਬੇਅਸਰੀ ਵਿਰੁੱਧ ਨਜਿੱਠਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਕਸ਼ਮੀਰ ਦੇ ਰਾਹਤ ਕਾਰਜਾਂ ਉਪਰੰਤ ਖੁਦ ਬੀੜਾ ਚੁੱਕਿਆ ਜਾਵੇਗਾ।


ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਲੀ ਫੇਰੀ ਮੌਕੇ ਕਮੇਟੀ ਅਧਿਕਾਰੀ ਉਨ੍ਹਾਂ ਨੂੰ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਸੁਧਾਰਨ ਲਈ ਨਿਰਦੇਸ਼ ਦੇਣ ਦੀ ਬੇਨਤੀ ਕਰਨਗੇ। ਬੇਸ਼ੱਕ ਸਿੱਖ ਸੰਗਤਾਂ ਵੱਲੋਂ ਆਪਣੇ ਪੱਧਰ 'ਤੇ ਸਫ਼ਾਈ ਦੇ ਯਤਨ ਕੀਤੇ ਜਾਂਦੇ ਹਨ ਪਰ ਇਸ ਕੰਮ ਲਈ ਪ੍ਰਸ਼ਾਸਨਿਕ ਮਦਦ ਦੀ ਲੋੜ ਹੈ।

ਉਨ੍ਹਾਂ ਖੇਤਰ ਵਿਚ ਹੋਟਲਾਂ ਦੇ ਨਾਲ ਬਣ ਰਹੀਆਂ ਸਰਾਵਾਂ ਬਾਰੇ ਕਿਹਾ ਕਿ ਸਰਾਵਾਂ ਸੰਗਤ ਲਈ ਮੁਫ਼ਤ ਰਿਹਾਇਸ਼ ਦਾ ਜ਼ਰੀਆ ਹਨ ਤੇ ਇਥੇ ਰਸੋਈ ਆਦਿ ਨਾ ਹੋਣ ਕਾਰਨ ਪ੍ਰਦੂਸ਼ਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵਾਲੀ ਮੌਕੇ ਆਤਿਸ਼ਬਾਜ਼ੀ ਦਾ ਸਮਾਂ ਸਿਰਫ 8 ਤੋਂ 10 ਮਿੰਟ ਤੱਕ ਸੀਮਤ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ੁਰੂ ਤੋਂ ਇਥੇ ਆਤਿਸ਼ਬਾਜ਼ੀ ਦੀ ਰਵਾਇਤ ਚੱਲਦੀ ਹੋਣ ਕਾਰਨ ਬਿਲਕੁਲ ਬੰਦ ਕਰਨਾ ਸ਼ਰਧਾਲੂਆਂ ਨੂੰ ਨਿਰਾਸ਼ ਕਰਨਾ ਹੋਵੇਗਾ।

# ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਵਿਦੇਸ਼ਾਂ ਵਿਚ ਛਪਾਈ ਦੀ ਯੋਜਨਾ

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਵਿਦੇਸ਼ ਵਿਚ ਛਪਾਈ ਕਰਨ ਦੀ ਯੋਜਨਾ ਬਣਾਈ ਗਈ ਹੈ। ਇਸ ਤਹਿਤ ਕੈਨੇਡਾ ਸਮੇਤ ਹੋਰ ਦੇਸ਼ਾਂ ਵਿਚ ਪ੍ਰਿੰਟਿੰਗ ਮਸ਼ੀਨਰੀ ਲਾਈ ਜਾ ਸਕਦੀ ਹੈ। ਅਜੇ ਤੱਕ ਪਾਵਨ ਸਰੂਪਾਂ ਦਾ ਪ੍ਰਕਾਸ਼ਨ ਭਾਰਤ ਤੋਂ ਬਾਹਰ ਨਾ ਹੋਣ ਕਰਕੇ ਬਹੁਤੇ ਪਾਵਨ ਸਰੂਪ ਸ਼੍ਰੋਮਣੀ ਕਮੇਟੀ ਜਾਂ ਦਿੱਲੀ ਕਮੇਟੀ ਵੱਲੋਂ ਹੀ ਵਿਦੇਸ਼ਾਂ ਵਿਚ ਭੇਜੇ ਜਾ ਰਹੇ ਹਨ।

ਦਿੱਲੀ ਕਮੇਟੀ ਵੱਲੋਂ ਇਸ ਵੇਲੇ ਗੁਰਦੁਆਰਾ ਰਕਾਬਗੰਜ ਵਿਖੇ ਪ੍ਰਿੰਟਿੰਗ ਮਸ਼ੀਨ ਲਾਈ ਗਈ ਹੈ, ਜਿਥੇ ਪਾਵਨ ਸਰੂਪ ਪ੍ਰਕਾਸ਼ਿਤ ਹੁੰਦੇ ਹਨ ਤੇ ਦਿੱਲੀ ਤੋਂ ਵੱਖ-ਵੱਖ ਸ਼ਹਿਰਾਂ ਵਿਚ ਭੇਜੇ ਜਾਂਦੇ ਹਨ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਪ੍ਰਿੰਟਿੰਗ ਮਸ਼ੀਨਰੀ ਲਾਉਣ ਲਈ ਅਮਰੀਕਾ ਦੇ ਉੱਤਰੀ ਕੈਰੋਲੀਨਾ ਸੂਬੇ ਵਿਚ ਢਾਈ ਏਕੜ ਜ਼ਮੀਨ ਪ੍ਰਾਪਤ ਹੋਈ ਸੀ। ਇਸ ਯੋਜਨਾ 'ਤੇ ਤਕਰੀਬਨ ਪੰਜ ਕਰੋੜ ਰੁਪਏ ਖ਼ਰਚ ਕੀਤੇ ਜਾਣੇ ਹਨ। ਇਹ ਪਾਵਨ ਸਰੂਪ ਕਈ ਵਾਰ ਹਵਾਈ ਮਾਰਗ ਤੇ ਕਈ ਵਾਰ ਸਮੁੰਦਰੀ ਰਸਤੇ ਭੇਜੇ ਜਾਂਦੇ ਹਨ। ਦੋਵਾਂ ਹੀ ਮਾਰਗਾਂ ਰਾਹੀਂ ਮਰਿਆਦਾ ਨੂੰ ਕਾਇਮ ਰੱਖਣ ਵਿਚ ਅਸਫ਼ਲ ਰਹਿਣ ਕਾਰਨ ਪਾਵਨ ਸਰੂਪ ਭੇਜਣ ਦੇ ਢੰਗ-ਤਰੀਕਿਆਂ ਦੀ ਨਿੰਦਾ ਹੋ ਚੁੱਕੀ ਹੈ। ਇਸ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕਾ ਵਿਚ ਪਾਵਨ ਸਰੂਪਾਂ ਦੇ ਪ੍ਰਕਾਸ਼ਨ ਲਈ ਸੋਚਿਆ ਜਾ ਰਿਹਾ ਸੀ। ਇਸ ਬਾਰੇ ਸ਼੍ਰੋਮਣੀ ਕਮੇਟੀ ਨੇ ਲੋੜੀਂਦੀ ਜ਼ਮੀਨ ਵੀ ਪ੍ਰਾਪਤ ਕਰ ਲਈ ਹੈ। ਇਸੇ ਤਰਜ਼ 'ਤੇ ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਦੇਸ਼ੀ ਧਰਤੀ 'ਤੇ ਪਾਵਨ ਸਰੂਪ ਪ੍ਰਕਾਸ਼ਿਤ



ਕਰਨ ਲਈ ਪ੍ਰਿੰਟਿੰਗ ਮਸ਼ੀਨ ਲਾਉਣ ਦੀ ਯੋਜਨਾ ਬਣਾਈ ਗਈ ਹੈ।

ਦਿੱਲੀ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਦਿੱਲੀ ਕਮੇਟੀ ਕੈਨੇਡਾ ਸਮੇਤ ਯੂਰਪ ਦੇ ਦੇਸ਼ਾਂ ਵਿਚ ਪ੍ਰਿੰਟਿੰਗ ਸਹੂਲਤਾਂ ਦੀ ਯੋਜਨਾ ਬਣਾ ਰਹੀ ਹੈ। ਇਸ ਬਾਰੇ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਕੈਨੇਡਾ ਦੌਰੇ 'ਤੇ ਗਏ ਸਨ। ਇਸੇ ਤਰ੍ਹਾਂ ਫਰਾਂਸ ਤੇ ਲੰਡਨ ਵਿਚ ਵੀ ਪ੍ਰਿੰਟਿੰਗ ਮਸ਼ੀਨਾਂ ਲਾਉਣ ਲਈ ਜ਼ਮੀਨ ਦੇਣ ਦੀ ਪੇਸ਼ਕਸ਼ ਹੋ ਚੁੱਕੀ ਹੈ। ਉਹ ਕੈਨੇਡਾ ਤੇ ਯੂਰਪ ਵਿਚ ਦੋ ਥਾਵਾਂ 'ਤੇ ਪ੍ਰਿੰਟਿੰਗ ਮਸ਼ੀਨਾਂ ਲਾਉਣ ਬਾਰੇ ਵਿਚਾਰ ਕਰ ਰਹੇ ਹਨ, ਕਿਉਂਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕਾ ਦੇ ਇਕ ਸ਼ਹਿਰ ਵਿਚ ਪ੍ਰਕਾਸ਼ਨ ਘਰ ਬਣਾਉਣ ਦੀ ਯੋਜਨਾ ਬਣਾਈ ਜਾ ਚੁੱਕੀ ਹੈ। ਵੱਖ-ਵੱਖ ਮੁਲਕਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੇ ਪ੍ਰਕਾਸ਼ਨ ਦਾ ਮੰਤਵ ਵੱਧ ਤੋਂ ਵੱਧ ਸਿੱਖ ਸ਼ਰਧਾਲੂਆਂ ਤੱਕ ਮਰਿਆਦਾ ਨਾਲ ਪਾਵਨ ਸਰੂਪ ਪੁੱਜਦੇ ਕਰਨਾ ਹੈ।

ਇਸ ਲਈ ਜ਼ਿਆਦਾਤਰ ਉਨ੍ਹਾਂ ਮੁਲਕਾਂ ਵਿਚ ਪ੍ਰਿੰਟਿੰਗ ਮਸ਼ੀਨਾਂ ਲਾਉਣ ਬਾਰੇ ਵਿਚਾਰ ਕੀਤੀ ਜਾ ਰਹੀ ਹੈ, ਜਿਨ੍ਹਾਂ ਤੋਂ ਸੜਕ ਰਾਹੀਂ ਹੋਰਨਾਂ ਮੁਲਕਾਂ ਵਿਚ ਵੀ ਪਾਵਨ ਸਰੂਪ ਭੇਜੇ ਜਾ ਸਕਣ। ਦਿੱਲੀ ਕਮੇਟੀ ਨੂੰ ਵਿਦੇਸ਼ਾਂ ਵਿਚ ਪਾਵਨ ਸਰੂਪ ਭੇਜਣ ਦੀਆਂ ਕਈ ਬੇਨਤੀਆਂ ਆ ਚੁੱਕੀਆਂ ਹਨ। ਜੇਕਰ ਉਹ ਸ਼ਰਧਾਲੂਆਂ ਨੂੰ ਉਨ੍ਹਾਂ ਦੀ ਮੰਗ ਮੁਤਾਬਕ ਪਾਵਨ ਸਰੂਪ ਨਹੀਂ ਭੇਜਦੇ ਤਾਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ। ਜੇਕਰ ਕਿਸੇ ਢੰਗ-ਤਰੀਕੇ ਨਾਲ ਭੇਜਦੇ ਹਨ ਤਾਂ ਉਸ ਨਾਲ ਮਰਿਆਦਾ ਨੂੰ ਢਾਹ ਲੱਗਦੀ ਹੈ। ਇਸ ਲਈ ਵਿਦੇਸ਼ ਵਿਚ ਮਰਿਆਦਾ ਸਹਿਤ ਪਾਵਨ ਸਰੂਪ ਭੇਜਣਾ ਚੁਣੌਤੀ ਬਣਿਆ ਹੋਇਆ ਹੈ।

# ਗੁਰੂ ਕੀ ਨਗਰੀ ਵਿਚ ਸ਼ਰਧਾਲੂਆਂ ਦੀ ਆਮਦ ਵਧੀ

**ਅੰਮ੍ਰਿਤਸਰ:** ਹਰ ਰੋਜ਼ ਡੇਢ ਲੱਖ ਤੋਂ ਵੱਧ ਸ਼ਰਧਾਲੂ ਤੇ ਸੈਲਾਨੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਤੇ ਇਥੇ ਸਥਿਤ ਹੋਰ ਇਤਿਹਾਸਕ ਅਸਥਾਨਾਂ ਨੂੰ ਦੇਖਣ ਲਈ ਆਉਂਦੇ ਹਨ ਪਰ ਅੱਜ-ਕੱਲ੍ਹ ਚੱਲ ਰਹੀ ਲਗਾਤਾਰ ਛੁੱਟੀਆਂ ਕਾਰਨ ਇਸ ਗਿਣਤੀ ਵਿਚ ਕਾਫ਼ੀ ਵਾਧਾ ਹੋਇਆ ਹੈ।

ਸੰਗਤਾਂ ਦੀ ਵਧੇਰੇ ਆਮਦ ਕਾਰਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਨਤਮਸਤਕ ਹੋਣ ਵਾਲੀਆਂ ਸੰਗਤਾਂ ਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਲੰਬੀਆਂ ਕਤਾਰਾਂ ਲੱਗ ਰਹੀਆਂ ਹਨ, ਸੰਗਤਾਂ ਨੂੰ ਸੱਚਖੰਡ ਸਹਿਬ ਅੰਦਰ ਦਰਸ਼ਨ ਕਰਨ ਲਈ ਜਾਣ ਲਈ ਦੋ ਘੰਟੇ ਤੋਂ ਵਧੇਰੇ ਸਮਾਂ ਲੱਗ ਰਿਹਾ ਹੈ।

ਗੁਰੂ ਨਗਰੀ ਵਿਚ ਸ਼ਰਧਾਲੂਆਂ ਤੇ ਸੈਲਾਨੀਆਂ ਦੀ ਆਮਦ ਦੇ ਵਾਧੇ ਕਰਕੇ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਵਿਚ ਟ੍ਰੈਫਿਕ ਦੇ ਜਿਥੇ ਲੰਬੇ-ਲੰਬੇ ਜਾਮ ਲਗੇ ਰਹੇ ਹਨ, ਉਥੇ ਸ਼ਹਿਰ ਵਿਚ ਹੋਟਲਾਂ ਤੇ ਸਰਾਵਾਂ ਭਰੀਆਂ ਹੋਣ ਸ਼ਰਧਾਲੂਆਂ ਨੂੰ ਕਮਰੇ ਮਿਲਣੇ ਔਖੇ ਹੋਏ ਪਏ ਹਨ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਇਕ ਉੱਚ ਅਧਿਕਾਰੀ ਨੇ ਦੱਸਿਆ ਕਿ ਲਗਾਤਾਰ ਛੁੱਟੀਆਂ ਹੋਣ ਕਰਕੇ ਸ਼ਰਧਾਲੂਆਂ ਦੀ ਗਿਣਤੀ ਵਿਚ ਕਾਫ਼ੀ ਇਜਾਫ਼ਾ

## ਛੁੱਟੀਆਂ ਵਿਚ ਹੁੰਮ-ਹੁਮਾ ਕੇ ਪੁੱਜ ਰਹੇ ਨੇ ਸ਼ਰਧਾਲੂ

ਹੋਇਆ ਹੈ ਤੇ ਛੁੱਟੀਆਂ ਕਰਕੇ ਵਧੇਰੇ ਸ਼ਰਧਾਲੂ ਇਥੇ ਆ ਕੇ ਠਹਿਰ ਰਹੇ ਹਨ, ਜਿਸ ਕਰਕੇ ਸ਼੍ਰੋਮਣੀ ਕਮੇਟੀ ਦੀਆਂ ਸਰਾਵਾਂ ਭਰੀਆਂ ਹੋਈਆਂ ਹਨ, ਜਿਸ ਕਰਕੇ ਸ਼ਰਧਾਲੂਆਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਰਾਵਾਂ ਵਿਚ ਕਮਰੇ ਨਾ ਮਿਲਣ ਕਰਕੇ ਵਧੇਰੇ ਸ਼ਰਧਾਲੂਆਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਪ੍ਰਕਰਮਾ ਤੋਂ ਇਲਾਵਾ ਮੰਜੀ ਸਾਹਿਬ ਦੀਵਾਨ ਹਾਲ, ਗੁ. ਬਾਬਾ ਅਟੱਲ ਰਾਏ, ਗੁ. ਕੌਲਸਰ ਸਾਹਿਬ ਦੀ ਪ੍ਰਕਰਮਾ ਵਿਚ ਡੇਰੇ ਲਗਾਏ ਗਏ ਹਨ। ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੇ ਐਡੀਸ਼ਨਲ ਮੈਨੇਜਰ ਰਘਬੀਰ ਸਿੰਘ ਮੰਡ ਨੇ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ਾਨਾ ਦੋ ਲੱਖ ਤੋਂ ਵਧੇਰੇ ਸੰਗਤਾਂ ਦੀ ਆਮਦ ਹੋ ਰਹੀ ਹੈ। ਸ੍ਰੀ ਗੁਰੂ ਰਾਮਦਾਸ ਲੰਗਰ ਵਿਚ 70 ਕੁਇੰਟਲ ਤੋਂ ਵਧੇਰੇ ਆਟਾ, ਸੱਤ ਕੁਇੰਟਲ ਦੁੱਧ ਦੀ ਖੀਰ, 12 ਕੁਇੰਟਲ ਚੌਲ ਆਟਾ, 18 ਕੁਇੰਟਲ ਦਾਲ ਤੇ ਅੱਠ ਕੁਇੰਟਲ ਕਾਲੇ ਛੋਲੇ ਲੰਗਰ ਵਿਚ ਤਿਆਰ ਕੀਤੇ ਜਾ ਰਹੇ ਹਨ।

# ਸਿੱਖ ਸ਼ਤਾਬਦੀਆਂ ਮਨਾਉਣ ਲਈ ਸਰਗਰਮੀਆਂ ਹੋਈਆਂ ਤੇਜ਼

**ਅੰਮ੍ਰਿਤਸਰ:** ਤਕਰੀਬਨ ਦਹਾਕਾ ਪਹਿਲਾਂ ਗੁਰੂ ਸਾਹਿਬਾਨ ਦੀਆਂ ਕਈ ਸ਼ਤਾਬਦੀਆਂ ਮਨਾ ਚੁੱਕੀ ਸਿੱਖ ਕੌਮ ਨੇ ਮੁੜ ਆਉਂਦੇ ਸਾਲਾਂ ਵਿਚ ਤਿੰਨ ਹੋਰ ਸ਼ਤਾਬਦੀਆਂ ਮਨਾਉਣ ਦੀ ਤਿਆਰੀ ਕਰ ਲਈ ਹੈ। ਇਹ ਸ਼ਤਾਬਦੀਆਂ ਅਨੰਦਪੁਰ ਸਾਹਿਬ ਤੇ ਪਟਨਾ ਸਾਹਿਬ ਵਿਖੇ 2017 ਵਿਚ ਤੇ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ 2019 ਵਿਚ ਮਨਾਈਆਂ ਜਾਣਗੀਆਂ। ਸ਼੍ਰੋਮਣੀ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਦਾ 350 ਸਾਲਾ ਸਥਾਪਨਾ ਦਿਵਸ ਮਨਾਉਣ ਲਈ ਤਿਆਰੀ ਕਰ ਰਹੀ ਹੈ।

ਇਸ ਸ਼ਤਾਬਦੀ ਵਰ੍ਹੇ ਨਾਲ ਸਬੰਧਤ ਸਮਾਗਮਾਂ ਦੀ ਸ਼ੁਰੂਆਤ ਹੋ ਚੁੱਕੀ ਹੈ। ਇਸ ਬਾਰੇ ਸ੍ਰੀ ਅਨੰਦਪੁਰ ਸਾਹਿਬ ਨੂੰ ਹਰਿਆ ਭਰਿਆ ਬਣਾਉਣ ਲਈ ਸ਼੍ਰੋਮਣੀ ਕਮੇਟੀ ਨੇ ਸਾਢੇ ਤਿੰਨ ਲੱਖ ਬੂਟੇ ਲਾਉਣ ਦਾ ਫ਼ੈਸਲਾ ਕੀਤਾ ਹੈ। ਜਥੇਦਾਰ ਅਵਤਾਰ ਸਿੰਘ ਵੱਲੋਂ ਬਣਾਈ ਗਈ ਯੋਜਨਾ ਤਹਿਤ ਅਨੰਦਪੁਰ ਦੇ ਪੰਜ ਕਿਲ੍ਹਿਆਂ ਦੀ ਸਾਂਭ ਸੰਭਾਲ ਲਈ ਕਾਰ ਸੇਵਾ ਸ਼ੁਰੂ ਹੈ, ਜਿਨ੍ਹਾਂ ਵਿਚ ਕਿਲ੍ਹਾ ਅਨੰਦਗੜ੍ਹ, ਕਿਲ੍ਹਾ ਤਾਰਾਗੜ੍ਹ, ਕਿਲ੍ਹਾ ਹੋਲਗੜ੍ਹ, ਕਿਲ੍ਹਾ ਲੋਹਗੜ੍ਹ, ਕਿਲ੍ਹਾ ਫਤਹਿਗੜ੍ਹ ਸਾਹਿਬ ਸ਼ਾਮਲ ਹਨ। ਇਸ ਤੋਂ ਇਲਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅੰਦਰ ਤੇ ਗੁੰਬਦ ਉਪਰ ਸੋਨੇ ਦੀ ਸੇਵਾ ਵੀ ਹੋਵੇਗੀ ਤੇ ਸਮਾਗਮ ਕਰਵਾਏ ਜਾਣਗੇ। ਕਿਲ੍ਹਾ ਲੋਹਗੜ੍ਹ ਵਿਖੇ ਪੁਰਾਤਨ ਸ਼ਸਤਰਾਂ ਦੀ ਟਕਸਾਲ ਸਥਾਪਤ ਕੀਤੀ ਜਾਵੇਗੀ, ਜੋ ਕਿਲ੍ਹੇ ਵਿਚ ਸੰਗਤ ਦੇ ਦਰਸ਼ਨਾਂ ਲਈ ਰੱਖੇ ਜਾਣਗੇ।

ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ 'ਤੇ ਮਨਾਉਣ ਦੀ ਤਿਆਰੀ ਸ਼ੁਰੂ ਹੋ ਗਈ ਹੈ। ਤਖ਼ਤ ਪਟਨਾ ਸਾਹਿਬ ਵਿਚ ਸੋਨੇ ਦੀ ਸੇਵਾ ਦਾ ਕੰਮ ਬਰਮਿੰਘਮ ਦੇ ਨਿਸ਼ਕਾਮ ਸੇਵਕ ਜਥਾ ਦੇ ਮੁਖੀ ਬਾਬਾ ਮਹਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਸ਼ੁਰੂ ਕਰ ਦਿੱਤਾ ਹੈ। ਇਸ ਬਾਰੇ ਬਿਹਾਰ ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਮਦਦ ਦਿੱਤੀ ਜਾ ਰਹੀ ਹੈ।

# ਹਰਿਮੰਦਰ ਸਾਹਿਬ ਲਈ ਸੋਨੇ ਦੀ ਪਾਲਕੀ ਭੇਟ

**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਾਸਤੇ ਤਕਰੀਬਨ ਤਿੰਨ ਕਿਲੋ ਸੋਨੇ ਨਾਲ ਇਕ ਕਰੋੜ ਰੁਪਏ ਵਿਚ ਤਿਆਰ ਹੋਈ ਸੋਨੇ ਦੀ ਪਾਲਕੀ ਪ੍ਰਬੰਧਕਾਂ ਨੂੰ ਭੇਟ ਕੀਤੀ ਗਈ। ਇਸੇ ਤਰ੍ਹਾਂ ਇਕ ਹੋਰ ਸ਼ਰਧਾਲੂ ਔਰਤ ਵੱਲੋਂ ਤਕਰੀਬਨ ਸਵਾ ਕਿਲੋ ਸੋਨੇ ਨਾਲ ਤਿਆਰ ਕੀਤੇ 'ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ' ਲਿਖੇ ਅੱਖਰਾਂ ਵਾਲੀ ਪੰਕਤੀ ਭੇਟ ਕੀਤੀ ਗਈ ਹੈ ਜੋ ਦਰਸ਼ਨੀ ਡਿਉਢੀ ਦੇ ਬਾਹਰ ਸਥਾਪਤ ਕੀਤੀ ਗਈ ਹੈ।

ਇਹ ਸੋਨੇ ਦੀ ਪਾਲਕੀ ਆਗਰਾ ਵਾਸੀ ਮਹਿੰਦਰ ਸਿੰਘ ਕਥੂਰੀਆ ਪਰਿਵਾਰ ਵੱਲੋਂ ਭੇਟ ਕੀਤੀ ਗਈ ਹੈ। ਇਸ ਪਾਲਕੀ 'ਤੇ ਤਕਰੀਬਨ ਤਿੰਨ ਕਿਲੋ ਸੋਨਾ ਲਾਇਆ ਗਿਆ ਹੈ। ਇਸ ਸ਼ਰਧਾਲੂ ਪਰਿਵਾਰ ਵੱਲੋਂ ਪਹਿਲਾਂ ਵੀ ਸ੍ਰੀ ਹਰਿਮੰਦਰ ਸਾਹਿਬ ਵਾਸਤੇ ਦੋ ਸੁਨਹਿਰੀ ਪਾਲਕੀਆਂ ਦੀ ਸੇਵਾ ਕਰਵਾਈ ਜਾ ਚੁੱਕੀ ਹੈ। ਇਹ ਪਾਲਕੀ ਭੇਟ ਕਰਨ ਸਮੇਂ ਪਰਿਵਾਰਕ ਮੈਂਬਰ ਹਾਜ਼ਰ ਨਹੀਂ ਸਨ ਪਰ ਉਨ੍ਹਾਂ ਵੱਲੋਂ ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਤੇ ਸਵਿੰਦਰ ਸਿੰਘ ਤਿੰਨ ਪਹਿਰੇ ਦੀ ਸੇਵਾ ਵਾਲੇ ਹਾਜ਼ਰ ਹੋਏ ਜਿਨ੍ਹਾਂ ਇਹ ਪਾਲਕੀ




ਗੁਰੂ ਘਰ ਦੇ ਪ੍ਰਬੰਧਕਾਂ ਨੂੰ ਭੇਟ ਕੀਤੀ। ਇਸੇ ਤਰ੍ਹਾਂ ਹੁਸ਼ਿਆਰਪੁਰ ਵਾਸੀ ਬੀਬੀ ਦਵਿੰਦਰ ਕੌਰ ਵੱਲੋਂ ਸਵਾ ਕਿਲੋ ਸੋਨੇ ਨਾਲ ਤਿਆਰ ਕੀਤੇ ਅੱਖਰਾਂ ਦੀ ਇਕ ਪੰਕਤੀ ਭੇਟ ਕੀਤੀ ਗਈ ਹੈ। ਇਸ ਪੰਕਤੀ ਵਿਚ 'ਧੰਨ-ਧੰਨ ਸ੍ਰੀ ਗੁਰੂ ਰਾਮਦਾਸ ਜੀ' ਲਿਖਿਆ ਹੋਇਆ ਹੈ। ਇਹ ਪੰਕਤੀ ਦਰਸ਼ਨੀ ਡਿਉਢੀ ਦੇ ਬਾਹਰ ਸਥਾਪਤ ਕੀਤੀ ਗਈ ਹੈ ਜਿਥੇ ਪਹਿਲਾਂ ਇਹ ਪੰਗਤੀ ਪਲਾਸਟਿਕ ਦੇ ਅੱਖਰਾਂ ਵਿਚ ਸਥਾਪਤ ਸੀ। ਇਸ ਸ਼ਰਧਾਲੂ ਬੀਬੀ ਵੱਲੋਂ ਪਹਿਲਾਂ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੋਨੇ ਦਾ ਚੌਰ ਭੇਟ ਕੀਤਾ ਜਾ ਚੁੱਕਿਆ ਹੈ। ਇਹ ਅਹਿਮ ਵਸਤਾਂ ਭੇਟ ਕਰਨ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਇਨ੍ਹਾਂ ਪਰਿਵਾਰਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ।

# ਅਮਰੀਕੀ ਹਮਲਿਆਂ ਦੇ ਬਾਵਜੂਦ ਜਹਾਦੀਆਂ ਦੇ ਹੌਸਲੇ ਬੁਲੰਦ

**ਮੁਰਸਿਤਪਿਨਾਰ (ਤੁਰਕੀ/ਬੈਰੂਤ):** ਅਮਰੀਕਾ ਵੱਲੋਂ ਆਈ.ਐਸ.ਏ. ਦੇ ਟਿਕਾਣਿਆਂ ਉਪਰ ਕੀਤੇ ਜਾ ਰਹੇ ਹਵਾਈ ਹਮਲਿਆਂ ਦਾ ਇਸ ਦੀ ਪੇਸ਼ਕਦਮੀ 'ਤੇ ਬਹੁਤਾ ਅਸਰ ਨਹੀਂ ਪਿਆ। ਸੀਰੀਆ ਵਿਚ ਚੱਲ ਰਹੀ ਹਿੰਸਾ ਕਾਰਨ 1.80 ਲੱਖ ਕੁਰਦ ਸ਼ਰਨਾਰਥੀ ਤੁਰਕੀ ਵਿਚ ਆ ਗਏ ਹਨ। ਤੁਰਕੀ ਨੇ ਅਜੇ ਤਾਈਂ ਜਹਾਦੀਆਂ ਖ਼ਿਲਾਫ਼ ਲੜਾਈ ਵਿਚ ਸ਼ਾਮਲ ਹੋਣ ਲਈ ਹਾਮੀ ਨਹੀਂ ਭਰੀ। ਬਰਤਾਨੀਆ ਆਧਾਰਤ ਇਕ ਮਨੁੱਖੀ ਅਧਿਕਾਰ ਸੰਗਠਨ ਨੇ ਆਖਿਆ ਕਿ ਜਹਾਦੀ ਮਿਸਤਾਨੌਰ ਪਹਾੜੀ ਦੇ ਦੱਖਣੀ ਹਿੱਸੇ 'ਤੇ ਕਬਜ਼ਾ ਕਰਨ ਵਿਚ ਕਾਮਯਾਬ ਹੋ ਗਏ ਹਨ।

ਇਸ ਦੌਰਾਨ ਲੰਡਨ ਤੋਂ ਇਕ ਰਿਪਰੋਟ ਅਨੁਸਾਰ ਇਸਲਾਮਿਕ ਸਟੇਟ ਗਰੁੱਪ ਨੇ ਇਰਾਨ ਦੇ ਪਰਮਾਣੂ ਹਥਿਆਰਾਂ 'ਤੇ ਕਬਜ਼ਾ ਕਰਨ, ਨਾਜ਼ੀਆਂ ਦੀ ਤਰ੍ਹਾਂ ਨਸਲਘਾਤ ਕਰਨ ਤੇ ਆਪਣੇ ਖਲੀਫ਼ੇ ਦਾ ਅਧਿਕਾਰ ਖੇਤਰ ਵਧਾਉਣ ਦੇ ਮਨਸੂਬੇ ਬਣਾਏ ਹਨ। 'ਦਿ ਸੰਡੇ ਟਾਈਮਜ਼' ਵਿਚ ਛਪੀ ਰਿਪੋਰਟ ਅਨੁਸਾਰ ਆਈ.ਐਸ. ਨੇ ਆਪਣੇ ਕਾਰਕੁਨਾਂ ਨੂੰ ਇਰਾਨ ਖ਼ਿਲਾਫ਼ ਜੰਗ ਛੇੜਨ ਤੇ ਇਸ ਦੇ ਪਰਮਾਣੂ ਭੇਤਾਂ 'ਤੇ ਕਬਜ਼ਾ ਕਰਨ ਦਾ ਸੱਦਾ ਦਿੱਤਾ ਹੈ। ਪਤਾ ਲੱਗਿਆ ਹੈ ਕਿ ਗਰੁੱਪ ਦੀ ਬਹੁਤ ਹੀ ਗੁਪਤ ਛੇ ਮੈਂਬਰੀ ਜੰਗੀ ਕੈਬਨਿਟ ਦੇ ਮੈਂਬਰ ਅਬਦੁੱਲਾ ਅਹਿਮਦ ਅਲ-ਮੇਸ਼ੇਦਾਨੀ ਵੱਲੋਂ ਲਿਖੇ ਇਕ ਮਨੋਰਥ ਪੱਤਰ ਤੋਂ ਇਸ ਦਾ ਖੁਲਾਸਾ ਹੋਇਆ ਹੈ।

ਇਹ ਦਸਤਾਵੇਜ਼ ਇਰਾਨੀ ਦਸਤਿਆਂ ਨੂੰ ਆਈ.ਐਸ. ਦੇ ਇਕ ਕਮਾਂਡਰ ਦੇ ਘਰ ਉਪਰ ਮਾਰੇ ਛਾਪੇ ਦੌਰਾਨ ਬਰਾਮਦ ਹੋਇਆ ਸੀ। ਇਸ ਦੀ ਪੱਛਮੀ ਸੁਰੱਖਿਆ ਅਫਸਰਾਂ ਵੱਲੋਂ ਘੋਖ ਕੀਤੀ ਗਈ ਹੈ ਤੇ ਉਨ੍ਹਾਂ ਇਸ ਨੂੰ ਪ੍ਰਮਾਣਿਕ ਮੰਨਿਆ ਹੈ। ਦਸਤਾਵੇਜ਼ ਵਿਚ ਇਹ ਵੀ ਆਖਿਆ ਗਿਆ ਹੈ ਕਿ ਰੂਸ ਨੂੰ ਇਰਾਨ ਤੇ ਇਸ ਦੇ ਪਰਮਾਣੂ ਪ੍ਰੋਗਰਾਮ ਤੋਂ ਆਪਣੇ ਹੱਥ ਹਟਾਉਣੇ ਪੈਣਗੇ।

ਉਧਰ ਪਾਕਿਸਤਾਨੀ ਤਾਲਿਬਾਨ ਨੇ ਹੁਣ ਪਾਸਾ ਬਦਲਦਿਆਂ ਆਈ.ਐਸ.ਆਈ.ਐਸ. ਦੀ ਮਦਦ ਕਰਨ ਦਾ ਵਾਅਦਾ ਕੀਤਾ ਹੈ। ਇਹ ਖ਼ਤਰਨਾਕ ਗਰੁੱਪ ਖਿੱਤੇ ਅੰਦਰ ਅਲ-ਕਾਇਦਾ ਦਾ ਦਬਦਬਾ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਜਿਸ ਦੀ ਅਗਵਾਈ ਮੁੱਲਾ ਫਜ਼ਲ-ਉੱਲ੍ਹਾ ਕਰ ਰਿਹਾ ਹੈ, ਨੇ ਇਕ ਬਿਆਨ ਜਾਰੀ ਕਰ ਕੇ ਆਈ.ਐਸ. ਨੂੰ ਮਦਦ ਦੇਣ ਦਾ ਅਹਿਦ ਕੀਤਾ ਹੈ। ਤਾਲਿਬਾਨ ਦੇ ਬੁਲਾਰੇ ਸ਼ਹਿਦੁੱਲਾ ਸ਼ਾਹਿਦ ਨੇ ਈਦ ਦੀ ਮੁਬਾਰਕਵਾਦ ਭੇਜਦਿਆਂ ਮੱਧ ਪੂਰਬ ਵਿਚਲੇ ਸਾਰੇ ਮੁਸਲਿਮ ਲੜਾਕਿਆਂ ਨੂੰ ਇਕਜੁੱਟ ਹੋਣ ਦੀ ਅਪੀਲ ਕੀਤੀ ਹੈ।

## ਹੁਣ ਬ੍ਰਿਟਿਸ਼ ਬੰਦੀ ਦਾ ਸਿਰ ਕਲਮ

**ਕਾਹਿਰਾ:** ਇਸਲਾਮਿਕ ਸਟੇਟ ਦੇ ਜਹਾਦੀਆਂ ਨੇ ਬਰਤਾਨੀਆ ਦੇ ਬੰਦੀ ਬਣਾਏ ਗਏ ਐਲਨ ਹੇਨਿੰਗ ਦਾ ਸਿਰ ਕਲਮ ਕਰ ਦਿੱਤਾ ਹੈ। ਦਹਿਸ਼ਤਗਰਦਾਂ ਨੇ ਇਸ ਵਹਿਸ਼ੀਆਨਾ ਕਾਰੇ ਦਾ ਵੀ ਵੀਡੀਓ ਜਾਰੀ ਕੀਤਾ ਹੈ। ਵਿਦੇਸ਼ੀਆਂ ਦੇ ਸਿਰ ਵੱਢਣ ਦਾ ਇਹ ਚੌਥਾ ਵੀਡੀਓ ਹੈ ਜੋ ਇਸਲਾਮਿਕ ਸਟੇਟ ਵੱਲੋਂ ਜਾਰੀ ਕੀਤਾ ਗਿਆ ਹੈ। ਵੀਡੀਓ ਦੇ ਅਖੀਰ ਵਿਚ ਦਹਿਸ਼ਤਗਰਦ ਵੱਲੋਂ ਇਕ ਵਿਅਕਤੀ ਨੂੰ ਧਮਕੀ ਦਿੰਦਿਆਂ ਦਿਖਾਇਆ ਗਿਆ ਹੈ ਜਿਸ ਦੀ ਪਛਾਣ ਅਮਰੀਕੀ ਪੀਟਰ ਕੈਸ਼ਿਰਾ ਵਜੋਂ ਹੋਈ ਹੈ। ਅਜੇ ਤੱਕ ਜਾਰੀ ਹੋਏ ਸਾਰੇ ਵੀਡੀਓ ਵਿਚ ਸਿਰ ਕਲਮ ਕਰਨ ਦਾ ਪੂਰਾ ਕਾਰਾ ਨਹੀਂ ਦਿਖਾਇਆ ਗਿਆ ਹੈ ਪਰ ਬ੍ਰਿਟਿਸ਼ ਸਟਾਈਲ ਦੀ ਅੰਗਰੇਜ਼ੀ ਬੋਲਦਾ ਦਹਿਸ਼ਤਗਰਦ ਲੰਬਾ ਚਾਕੂ ਫੜ ਕੇ ਵਿਅਕਤੀਆਂ ਦੇ ਸਿਰ ਕਲਮ ਕਰਦਾ ਜਾਪਦਾ ਹੈ। ਅਮਰੀਕੀ ਪੱਤਰਕਾਰ ਜੇਮਸ ਫੋਲੇ, ਅਮਰੀਕੀ ਇਸਰਾਇਲੀ ਪੱਤਰਕਾਰ ਸਟੀਵਨ ਸੋਟਲੋਫ, ਬ੍ਰਿਟਿਸ਼ ਸਵੈ-ਸੇਵੀ ਡੇਵਿਡ ਹੇਨਜ਼ ਤੇ ਹੁਣ ਹੇਨਿੰਗ ਦੇ ਸਿਰ ਵੱਢਣ ਦਾ ਦਾਅਵਾ ਕੀਤਾ ਗਿਆ ਹੈ।"

ਦਹਿਸ਼ਤਗਰਦਾਂ ਵੱਲੋਂ ਪੀਟਰ ਕੈਸਿਗ ਨੂੰ ਅਗਲਾ ਨਿਸ਼ਾਨਾ ਬਣਾਉਣ ਦੀ ਵੀਡੀਓ ਜਾਰੀ ਹੋਣ ਤੋਂ ਬਾਅਦ ਅਮਰੀਕੀ ਸੁਰੱਖਿਆ ਕੌਂਸਲ ਦੇ ਤਰਜਮਾਨ ਕੈਟਲਿਨ ਹੇਡਨ ਨੇ ਪੁਸ਼ਟੀ ਕੀਤੀ ਹੈ ਕਿ ਕੈਸਿਗ ਨੂੰ ਇਸਲਾਮਿਕ ਸਟੇਟ ਦੇ ਦਹਿਸ਼ਤਗਰਦਾਂ ਨੇ ਬੰਦੀ ਬਣਾਇਆ ਹੋਇਆ ਹੈ। ਵੀਡੀਓ ਦੀ ਅਸਲੀਅਤ ਬਾਰੇ ਸ਼ੱਕ ਕਰਨ ਦਾ ਕੋਈ ਕਾਰਨ ਨਹੀਂ ਹੈ, ਉਸ ਨੇ ਕਿਹਾ ਕਿ ਅਮਰੀਕਾ ਫੌਜੀ, ਕੂਟਨੀਤਕ, ਖੁਫ਼ੀਆ ਢੰਗ ਨਾਲ ਪੀਟਰ ਦੀ ਘਰ ਵਾਪਸੀ ਦੇ ਯਤਨ ਕਰਦਾ ਰਹੇਗਾ।


The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available








## ਜਗਦੇਵ ਦੀ ਮਹਿਫਿਲ 'ਚ ਗਾਇਕੀ ਦੇ ਰੰਗ


**ਸੈਲਮਾ, ਕੈਲੀਫੋਰਨੀਆ (ਬਿਊਰੋ):** ਸੂਫ਼ੀ ਗਜ਼ਲ ਗਾਇਕ ਜਗਦੇਵ ਸਿੰਘ ਵੱਲੋਂ 'ਗੀਤਾਂ ਅਤੇ ਗਜ਼ਲਾਂ ਦੀ ਸ਼ਾਮ-ਜਗਦੇਵ ਸਿੰਘ ਦੇ ਨਾਮ' ਹੇਠ ਬਹੁਤ ਇਕ ਖ਼ੂਬਸੂਰਤ ਮਹਿਫਿਲ ਆਰਟਸ ਸੈਂਟਰ ਵਿਚ ਕਰਵਾਈ ਗਈ, ਜਿਸ ਵਿਚ ਬਹੁਤ ਸਾਰੇ ਲੋਕਾਂ ਨੇ ਪਹੁੰਚ ਕੇ ਇਸ ਸ਼ਾਮ ਦਾ ਅਨੰਦ ਮਾਣਿਆ। ਇਹ ਮਹਿਫਿਲ ਮਰਹੂਮ ਗਜ਼ਲ ਗਾਇਕ ਜਗਜੀਤ ਸਿੰਘ ਨੂੰ ਸਮਰਪਿਤ ਸੀ।

ਕਰੀਬ ਢਾਈ ਘੰਟੇ ਚੱਲੇ ਇਸ ਪ੍ਰੋਗਰਾਮ ਦੌਰਾਨ ਜਗਦੇਵ ਨੇ ਆਜ਼ਾਦ ਜਲੰਧਰੀ, ਸ਼ਿਵ ਕੁਮਾਰ ਬਟਾਲਵੀ, ਸਵਰਗੀ ਜਗਜੀਤ ਸਿੰਘ ਆਦਿ ਦੀਆਂ ਗਜ਼ਲਾਂ ਅਤੇ ਗੀਤਾਂ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕਰੀ ਰੱਖਿਆ। ਸਰੋਤਿਆਂ ਨੇ ਹਰ ਸ਼ੇਅਰ ਅਤੇ ਗੀਤ ਨੂੰ ਤਾੜੀਆਂ ਨਾਲ ਨਿਵਾਜਿਆ।

ਇਸ ਤੋਂ ਪਹਿਲਾਂ ਪ੍ਰੋਗਰਾਮ ਦੀ ਸ਼ੁਰੂਆਤ ਬਲਰਾਜ ਬਰਾੜ ਨੇ ਸਭਨਾਂ ਨੂੰ ਜੀ ਆਇਆਂ ਆਖ ਕੇ ਕੀਤੀ। ਨੀਟਾ ਮਾਛੀਕੇ ਨੇ ਕਿਹਾ ਕਿ ਸਾਨੂੰ ਇਸ ਤਰ੍ਹਾਂ ਦੀਆਂ ਸਾਫ਼ ਸੁਥਰੀਆਂ ਪਰਿਵਾਰਕ ਮਹਿਫਿਲਾਂ ਨੂੰ ਪ੍ਰਮੋਟ ਕਰਨਾ ਚਾਹੀਦਾ ਹੈ। ਕਰਨੈਲ ਸਿੰਘ ਸੱਧੜ ਵੀ ਇਸ ਮੌਕੇ ਸਟੇਜ ਤੋਂ ਦਰਸ਼ਕਾਂ ਦੇ ਰੂਬਰੂ ਹੋਏ। ਮੰਚ ਸੰਚਾਲਨ ਉਘੇ ਸ਼ਾਇਰ ਹਰਜਿੰਦਰ ਕੰਗ ਨੇ ਕੀਤਾ।



## ਕਬੱਡੀ ਕੁਮੈਂਟੇਟਰ ਅਮਨ ਲੋਪੋ ਦਾ ਸਨਮਾਨ



**ਫਰਿਜ਼ਨੋ (ਬਿਊਰੋ):** ਕਬੱਡੀ ਦੇ ਉਘੇ ਕੁਮੈਂਟੇਟਰ ਅਮਨ ਲੋਪੋ ਦਾ ਇਥੇ ਖੇਡ ਪ੍ਰੇਮੀਆਂ ਵਲੋਂ ਉਸ ਨੂੰ ਇਕ ਯਾਦਗਾਰੀ ਪਲੈਕ ਦੇ ਕੇ ਸਨਮਾਨ ਕੀਤਾ ਗਿਆ। ਉਹ ਅੱਜ ਕੱਲ ਅਮਰੀਕਾ ਫੇਰੀ 'ਤੇ ਹੈ। ਪਿਛਲੇ ਦਿਨੀਂ ਉਹ ਫਰਿਜ਼ਨੋ ਪਹੁੰਚੇ ਜਿਥੇ ਉਹ ਖੇਡ ਲੇਖਕ ਅਮਰਜੀਤ ਦੌਧਰ ਦੇ ਗ੍ਰਹਿ ਵਿਖੇ ਠਹਿਰੇ ਹੋਏ ਹਨ।

ਅਮਨ ਲੋਪੋ ਨੇ ਇਸ ਮੌਕੇ ਪੰਜਾਬ ਵਿਚ ਵਿਗੜਦੇ ਹਾਲਾਤ 'ਤੇ ਇੱਕ ਖ਼ੂਬਸੂਰਤ ਕਵਿਤਾ ਵੀ ਪੇਸ਼ ਕੀਤੀ, ਉਨ੍ਹਾਂ ਪਰਵਾਸੀ ਪੰਜਾਬੀਆਂ ਵਲੋਂ ਕਬੱਡੀ ਨੂੰ ਹੋਰ ਉਤਸ਼ਾਹਿਤ ਕਰਨ ਲਈ ਪਾਏ ਯੋਗਦਾਨ ਦੀ ਸਰਾਹਨਾ ਵੀ ਕੀਤੀ।

## ਚਿਰ ਬਾਅਦ ਸੁਣੇ ਯਮਲਾ ਜੱਟ ਦੇ ਬੋਲ...

**ਸੈਕਰਾਮੈਂਟੋ (ਅਸ਼ੋਕ ਭੌਰਾ):** ਗੁਰੂ ਰਵਿਦਾਸ ਸਭਾ, ਰੀਓ ਲਿੰਡਾ ਦੀ 23ਵੀਂ ਵਰ੍ਹੇਗੰਢ 'ਤੇ ਵੱਖਰੀ ਕਿਸਮ ਦਾ ਸ਼ਰਧਾਮਈ ਅਨੰਦ ਉਦੋਂ ਵੇਖਣ ਨੂੰ ਮਿਲਿਆ ਜਦੋਂ ਮਰਹੂਮ ਗਾਇਕ ਲਾਲ ਚੰਦ ਯਮਲਾ ਜੱਟ ਦੇ ਪੁੱਤਰ ਜਸਦੇਵ ਯਮਲਾ ਨੂੰ ਸੁਣਨ ਦਾ ਮੌਕਾ ਮਿਲਿਆ। 'ਸਖੀਆ ਨਾਮ ਸਾਈਂ ਦਾ ਬੋਲ', 'ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ' ਆਦਿ ਅਮਰ ਗੀਤਾਂ ਦੀ ਉਸੇ ਧੁਨ ਵਿਚ ਆਵਾਜ਼ ਸੁਣਨ ਨੂੰ ਮਿਲੀ। ਜਸਦੇਵ ਨੇ ਇਸ ਗੱਲ ਤੇ ਧਾਰਨਾ ਨੂੰ ਯਕੀਨ ਵਿਚ ਬਦਲਿਆ ਕਿ ਵਿਰਸੇ ਦੀ ਗਾਇਕੀ ਅਸਲ ਵਿਚ ਆਪਣਾ ਹੀ ਰੰਗ ਬਿਖੇਰਦੀ ਆਈ ਹੈ।



*ਜਸਦੇਵ ਯਮਲਾ*

ਕਰਮਨ ਵਿਚ 12 ਅਕਤੂਬਰ ਨੂੰ ਆਪਣੇ ਪਿਤਾ ਯਮਲਾ ਜੱਟ ਦੀ ਯਾਦ ਵਿਚ ਲੱਗਣ ਵਾਲੇ ਮੇਲੇ ਲਈ ਉਚੇਚਾ ਆਏ ਜਸਦੇਵ ਯਮਲਾ ਅਗਲੇ ਦੋ ਕੁ ਮਹੀਨਿਆਂ ਤੱਕ ਅਮਰੀਕਾ ਠਹਿਰੇਗਾ। ਉਸ ਨਾਲ ਸੰਪਰਕ 559-375-0305 'ਤੇ ਕੀਤਾ ਜਾ ਸਕਦਾ ਹੈ।

## ਗਦਰੀ ਬਾਬਿਆਂ ਦੇ ਮੇਲੇ ਸਬੰਧੀ ਤਿਆਰੀਆਂ ਮੁਕੰਮਲ

**ਫਰਿਜ਼ਨੋ (ਬਿਊਰੋ):** ਸੈਂਟਰਲ ਵੈਲੀ ਦੇ ਵੱਡੇ ਗਦਰੀ ਬਾਬਿਆਂ ਦੇ ਮੇਲੇ ਦੀ ਤਿਆਰੀ ਨੂੰ ਅੰਤਮ ਰੂਪ ਦੇਣ ਲਈ ਇੰਡੋ-ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਿੰ. ਪ੍ਰੀਤਮ ਸਿੰਘ ਨਾਹਲ ਦੀ ਪ੍ਰਧਾਨਗੀ ਹੇਠ ਬਰਾੜ ਫਾਰਮ ਵਿਖੇ ਹੋਈ। ਮੇਲੇ ਦੀ ਤਿਆਰੀ ਸਬੰਧੀ ਸਭ ਮੈਂਬਰਾਂ ਨੇ ਆਪਣੇ ਜਿੰਮੇ ਲੱਗੀ ਡਿਊਟੀ ਦੀ ਰਿਪੋਰਟ ਪੇਸ਼ ਕੀਤੀ। ਮੇਲੇ ਦੇ ਮੁੱਖ ਮਹਿਮਾਨ ਵਜੋਂ ਟ੍ਰਿਬਿਊਨ ਗਰੁਪ ਚੰਡੀਗੜ੍ਹ ਦੇ ਐਗਜੈਕਟਿਵ ਐਡੀਟਰ ਕੰਵਰ ਸੰਧੂ ਦੇ ਸਹਿਮਤੀ ਦੇਣ 'ਤੇ ਖੁਸ਼ੀ ਪ੍ਰਗਟਾਈ ਗਈ।



*ਮੀਟਿੰਗ 'ਚ ਸ਼ਾਮਲ ਇੰਡੋ-ਯੂ ਐਸ ਹੈਰੀਟੇਜ ਐਸੋਸੀਏਸ਼ਨ ਦੇ ਅਹੁਦੇਦਾਰ ਤੇ ਮੈਂਬਰ*

19 ਅਕਤੂਬਰ ਨੂੰ ਬਾਅਦ ਦੁਪਹਿਰ ਇਕ ਵਜੇ ਤੋਂ ਸ਼ਾਮ 6 ਵਜੇ ਤੱਕ ਰੋਇਡਿੰਗ ਪਾਰਕ ਵਿਖੇ ਮਨਾਏ ਜਾ ਰਹੇ ਇਸ ਵਿਸ਼ਾਲ ਮੇਲੇ ਦੀਆਂ ਵੱਖ ਵੱਖ ਆਈਟਮਾਂ ਨੂੰ ਅੰਤਿਮ ਰੂਪ ਅਤੇ ਤਰਤੀਬ ਵੀ ਦਿੱਤੀ ਗਈ। ਜਿਸ ਵਿਚ ਦਵਿੰਦਰ ਦਮਨ ਦਾ ਲਿਖਿਆ ਅਤੇ ਅਸ਼ੋਕ ਟਾਂਗਰੀ ਵੱਲੋਂ ਨਿਰਦੇਸ਼ਕ ਕੀਤਾ 'ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ' ਬਾਰੇ ਨਾਟਕ, ਮਹਿਮੀ ਗਰੁਪ ਵੱਲੋਂ ਕੋਰੀਓਗਰਾਫੀ, ਗਿੱਧਾ-ਭੰਗੜਾ, ਲੋਕ ਗਾਇਕ ਸਤਵਿੰਦਰ ਬਿੱਟੀ, ਪ੍ਰੀਤਮ ਸੋਹੀ, ਰਾਜ ਬਰਾੜ, ਫੋਟੋ ਪ੍ਰਦਰਸ਼ਨੀ, ਸੋਵੀਨਰ, 4.0 ਗਰੇਡ ਵਾਲੇ ਹਾਈ ਸਕੂਲ ਦੇ ਬੱਚਿਆਂ ਨੂੰ ਇਨਾਮ, ਮੈਡੀਕਲ ਕੈਂਪ, ਲੰਗਰ ਅਤੇ ਫਰੀ ਪਾਰਕਿੰਗ ਦੇ ਪ੍ਰਬੰਧ ਆਦਿ ਸਭ ਨੂੰ ਸੀਮਾ ਅਤੇ ਸਮਾਂਬੱਧ ਕੀਤਾ ਗਿਆ। ਵੱਖ ਵੱਖ ਸੰਸਥਾਵਾਂ ਤੇ ਜਨਤਾ ਵੱਲੋਂ ਮਿਲ ਰਹੇ ਸਹਿਯੋਗ ਲਈ ਸੰਤੁਸ਼ਟੀ ਪ੍ਰਗਟਾਈ ਗਈ।

ਮੀਟਿੰਗ ਵਿਚ ਗੁਰਦੀਪ ਸਿੰਘ ਨਿੱਝਰ, ਸਾਧੂ ਸਿੰਘ ਸੰਘਾ, ਗੁਰਨੇਕ ਸਿੰਘ ਰਾਏ, ਨਿਰਮਲ ਗਿੱਲ ਧਨੌਲਾ, ਰਣਜੀਤ ਗਿੱਲ, ਹਾਕਮ ਸਿੰਘ, ਰਜਿੰਦਰ ਬਰਾੜ ਵੈਰੋਕੇ, ਹੈਰੀ ਮਾਨ, ਪਾਲ ਧਾਲੀਵਾਲ, ਸਤਵੰਤ ਸਿੰਘ ਵਿਰਕ, ਮਨਜੀਤ ਕੁਲਾਰ, ਸੰਤੋਖ ਸਿੰਘ ਢਿੱਲੋਂ, ਬਿਕਰਮਜੀਤ ਸਿੰਘ ਕਾਹਲੋਂ, ਮਨਧੀਰ ਸਿੰਘ ਤੂੰਗ, ਸੁਲੱਖਣ ਸਿੰਘ ਗਿੱਲ ਅਤੇ ਸਕੱਤਰ ਸੰਤੋਖ ਸਿੰਘ ਮਿਨਹਾਸ ਹਾਜ਼ਰ ਸਨ।


## ਜੈਲਲਿਤਾ ਵੱਲੋਂ ਧੋਖੇ ਨਾਲ ਹੜੱਪੀ ਜ਼ਮੀਨ ਦੀ ਕੁਰਕੀ ਦੇ ਹੁਕਮ


**ਨਵੀਂ ਦਿੱਲੀ:** ਬੰਗਲੌਰ ਦੀ ਇਕ ਹੇਠਲੀ ਅਦਾਲਤ ਨੇ ਹੁਕਮ ਜਾਰੀ ਕੀਤਾ ਹੈ ਕਿ ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਜੇ. ਜੈਲਲਿਤਾ ਤੇ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਧੋਖਾਧੜੀ ਨਾਲ ਹੜੱਪੀ ਤਿੰਨ ਹਜ਼ਾਰ ਏਕੜ ਜ਼ਮੀਨ ਨੂੰ ਕੁਰਕ ਕੀਤਾ ਜਾਵੇ।

ਇਹ ਜ਼ਮੀਨ ਜੈਲਲਿਤਾ ਤੇ ਉਨ੍ਹਾਂ ਦੇ ਸਹਿਯੋਗੀ ਸ਼ਸ਼ੀਕਲਾ ਨਟਰਾਜਨ ਵੱਲੋਂ ਛੇ ਫਰਜ਼ੀ ਕੰਪਨੀਆਂ ਰਾਹੀਂ ਪ੍ਰਾਪਤ ਕੀਤੀ ਗਈ ਸੀ। ਦੋਸ਼ੀਆਂ ਨੇ ਝੂਠੇ ਇਸ਼ਤਿਹਾਰਾਂ ਰਾਹੀਂ ਆਪਣੀਆਂ ਇਨ੍ਹਾਂ ਕੰਪਨੀਆਂ ਵਿਚ ਨਿਵੇਸ਼ ਕਰਨ ਲਈ ਕਿਹਾ ਸੀ।

Dhillon Truck Stop
Dhillon Road Service
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ


ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 575-815-8536

Dholradio.org
WEBSITE: DHOLRADIO.ORG
Dhol Radio
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
Request Song

Listen On Phone
Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210
Music 24/7
Application for android and iPhone- Dhol Radio

Jammu Chiropractic
ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?
ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

We Accept Personal Injury (PI) Cases
Medicare & Most Private Insurances Accepted

Contact: Dr. Baljit Jammu
Doctor of Chiropractic
Ph: 510-940-8236
1090 La Playa Dr., Hayward CA 94545

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

ਸੁਣਿਆ ਹੋਵ ਸੀ ਤੁਸਾਂ ਨੇ ਵਤਨ ਵਾਲੋ, ਅਸੀਂ ਲੱਖਾਂ ਹੀ ਕਸ਼ਟ ਉਠਾ ਗਏ ਹਾਂ।
ਸਦੀਆਂ ਰਹੇ ਗੁਲਾਮ, ਨਾ ਤਾਣ ਟੁੱਟਾ, ਸਾਰੀ ਖਲਕ ਨੂੰ ਸਬਕ ਸਿਖਾ ਗਏ ਹਾਂ।

**ਕਾਮਾਗਾਟਾ ਮਾਰੂ ਦੀ ਸ਼ਤਾਬਦੀ ਵਰ੍ਹੇ ਅਤੇ ਆਜ਼ਾਦੀ ਦੀ ਲੜਾਈ ਦੇ ਇਤਿਹਾਸ ਦੇ ਖ਼ੂਨੀ ਵਰਕੇ ਨੂੰ ਸਮਰਪਿਤ**

# ਮੇਲਾ ਗਦਰੀ ਬਾਬਿਆਂ ਦਾ

## ਐਤਵਾਰ, 12 ਅਕਤੂਬਰ 2014


(ਦੁਪਹਿਰ 12 ਤੋਂ ਰਾਤ 8 ਵਜੇ ਤੱਕ)

**ਸਥਾਨ: ਐਸ.ਈ.ਐਸ. ਹਾਲ**
10428 ਈਸਟ ਸਟਾਕਟਨ ਬੁਲੇਵਾਰਡ
ਐਲਕ ਗਰੋਵ, ਸੈਕਰਾਮੈਂਟੋ, ਕੈਲੀਫੋਰਨੀਆ - 95624

*ਤੇਗੋਂ ਕੇ ਸਾਏ ਮੇਂ ਪਲ ਕਰ ਜਵਾਨ ਹੁਏ ਹੈਂ, ਇਕ ਖੇਲ ਸਮਝਤੇ ਹੈਂ ਫਾਂਸੀ ਪੇ ਝੂਲ ਜਾਨਾ।*

ਸਤਿਕਾਰਯੋਗ ਭੈਣੋ ਤੇ ਭਰਾਓ,
ਕਾਮਾਗਾਟਾ ਮਾਰੂ ਦੀ ਬਜਬਜ ਘਾਟ 'ਤੇ ਵਾਪਰੀ ਘਟਨਾ ਨੇ ਭਾਰਤੀ ਉਪ ਮਹਾਦੀਪ ਦੇ ਵਿਸਤ੍ਰਿਤ ਜਨਸਮੂਹ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਮਨਾਂ ਵਿਚ ਆਜ਼ਾਦੀ ਦੀ ਪ੍ਰਾਪਤੀ ਲਈ ਕੁਰਬਾਨ ਹੋਣ ਦੀ ਜਵਾਲਾ ਹੋਰ ਭੜਕਾ ਦਿੱਤੀ ਜਿਸ ਨੇ ਕੌਮੀ ਘੋਲ ਦੀਆਂ ਹੋਰ ਲਹਿਰਾਂ ਨੂੰ ਜਨਮ ਦਿੱਤਾ। ਇਸ ਸਾਲ ਦਾ ਮੇਲਾ ਉਸ ਸਾਕੇ ਦੇ ਸ਼ਹੀਦਾਂ ਤੇ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ। ਇਸ ਨੂੰ ਮਨਾਉਣ ਲਈ ਸਾਰੀਆਂ ਭਰਾਤਰੀ ਜਥੇਬੰਦੀਆਂ ਤੇ ਇਥੇ ਵਸਦੇ ਲੋਕਾਂ ਦੇ ਜਨ ਸਮੂਹ ਨੂੰ ਮੇਲੇ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੰਦੇ ਹਾਂ।





ਬਾਬਾ ਸੋਹਣ ਸਿੰਘ ਭਕਨਾ



ਗਾਇਕ ਸੁਰਿੰਦਰ ਸ਼ਿੰਦਾ

**ਮੇਲੇ ਵਿਚ ਪਹੁੰਚ ਰਹੇ ਕਲਾਕਾਰ**
ਸੁਰਿੰਦਰ ਸ਼ਿੰਦਾ, ਸੁਲਤਾਨ ਅਖਤਰ, ਸੰਨੀ ਬੱਬਰ, ਜੀਤਾ ਗਿੱਲ, ਜੀਵਨ ਰੱਤੂ; ਅਤੇ ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਬੀਰ ਰਸੀ ਵਾਰਾਂ ਪੇਸ਼ ਕਰੇਗਾ; ਮੰਚ ਸੰਚਾਲਕ: ਨੀਲਮ ਸੈਣੀ

**ਪੁੱਜ ਰਹੀਆਂ ਸ਼ਖ਼ਸੀਅਤਾਂ**
ਅਰਜੀਤ ਸਿੰਘ ਪੁੱਤਰ ਭਾਈ ਕਪੂਰ ਸਿੰਘ ਕਾਉਂਕੇ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਕਿਰਪਾਲ ਸਿੰਘ ਸੰਧੂ, ਬੀਬੀ ਕਰਨੈਲ ਕੌਰ ਈਸੜੂ

**ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਅਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ**
ਭੰਗੜਾ ਤੇ ਗਿੱਧਾ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ
ਮੁਫ਼ਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫ਼ਤ

**ਫਰੀ ਮੈਡੀਕਲ ਕੈਂਪ**

| | | |
|---|---|---|
| ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ | ਸਕੱਤਰ: ਬਜਿੰਦਰ ਸਿੰਘ ਭੱਟੀ | ਸਮਿਤਰ ਸਿੰਘ ਉਪਲ |
| 916-420-2390 | 209-480-2275 | 530-695-1716 |
| ਮੀਤ ਪ੍ਰਧਾਨ: ਕਰਮਜੀਤ ਸਿੰਘ ਕੰਗ | ਮੀਤ ਸਕੱਤਰ: ਐਸ ਐਸ ਸਿੱਧੂ | ਬਲਵੰਤ ਬਾਂਕਾ |
| 661-205-5214 | 661-302-5611 | 916-271-4216 |

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਜਗਜੀਤ ਸਿੰਘ ਗਿੱਲ, ਹਰਪਾਲ ਸਿੰਘ ਸੰਘਾ, ਮਲਕੀਅਤ ਸਿੰਘ ਬੈਂਸ, ਸੁਰਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਪਰਮਜੀਤ ਸਿੰਘ ਸੰਧੂ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਗੁਰਦਿਆਲ ਚੰਦ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੋਡ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਤਾ, ਫਰੈਂਕ ਜੌਹਨਸਨ।

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ-ਚੇਅਰਮੈਨ, ਬਲਵੀਰ ਸਿੰਘ ਭਾਟੀਆ-ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਜਸਪ੍ਰੀਤ ਸਿੰਘ ਐਡਵੋਕੇਟ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਸੋਨੀ ਸਿੰਘ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੋਰਕਾਲ ਸਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਛਿੰਦਾ ਉਪਲ, ਕਮਲ ਗਿੱਲ (ਪੈਨਮਾ ਫਾਰਮੇਸੀ, ਗਿੱਲ ਫਾਰਮੇਸੀ), ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖ਼ਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ (ਡੈਨੀ'ਜ਼ ਰੈਸਟੋਰੈਂਟ), ਗੁਰਦੀਪ ਗਿੱਲ, ਜਨਕ ਰਾਜ ਸਿਧਰਾ, ਬਲਵਿੰਦਰ ਡੁਲਕੂ, ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਥਿੰਦ, ਭਾਖੜੀ ਲਾਅ ਫਰਮ ਤੇ ਸਾਬੀ ਸਿੰਘ ਟਰੱਕਿੰਗ, ਸੋਢੀ ਸਜਾਵਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ ਜੇ ਜੀ ਐਸ ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ।

ਫੋਟੋਗ੍ਰਾਫੀ ਅਤੇ ਵੀਡੀਓ: ਓਮਨੀ ਵੀਡੀਓ

# ਭਗਤ ਤੋਂ ਭਾਅਜੀ ਤੱਕ

## ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਤੇ ਰੰਗਕਰਮੀ ਗੁਰਸ਼ਰਨ ਸਿੰਘ ਦੀ ਬਰਸੀ ਬਣੇ ਚੇਤਨਾ ਦੇ ਪੁਲ

*28 ਸਤੰਬਰ ਪੰਜਾਬੀ ਇਨਕਲਾਬਪਸੰਦ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਹੈ ਅਤੇ ਇਤਫਾਕਨ ਇਸੇ ਦਿਨ ਇਨਕਲਾਬੀ ਰੰਗਕਰਮੀ ਗੁਰਸ਼ਰਨ ਸਿੰਘ ਭਾਅਜੀ ਇਸ ਦੁਨੀਆਂ ਤੋਂ ਰੁਖਸਤ ਹੋਏ। ਐਤਕੀਂ ਇਸ ਦਿਹਾੜੇ ਮੌਕੇ ਪੰਜਾਬ ਲੋਕ ਸਭਿਆਚਾਰਕ (ਪਲਸ) ਮੰਚ ਨੇ ਬਰਨਾਲਾ ਵਿਚ ਸਮਾਗਮ ਰਚਾਇਆ ਜਿਸ ਵਿਚ ਲੋਕ ਚੇਤਨਾ ਦੇ ਇਨ੍ਹਾਂ ਨਾਇਕਾਂ ਨੂੰ ਯਾਦ ਕੀਤਾ ਗਿਆ। ਰਾਤ ਭਰ ਚੱਲੇ ਸਮਾਗਮ ਦੌਰਾਨ ਲੋਕਾਂ ਦਾ ਠਾਠਾਂ ਮਾਰਦਾ ਦਰਿਆ ਵਗਦਾ ਰਿਹਾ। ਇਨ੍ਹਾਂ ਕੁਝ ਪਲਾਂ ਦੀ ਤਸਵੀਰਾਂ ਸਾਡੇ ਕਾਲਮਨਵੀਸ ਦਲਜੀਤ ਅਮੀ (91-97811-21873) ਨੇ ਆਪਣੇ ਕੈਮਰੇ ਦੀ ਅੱਖ ਵਿਚੋਂ ਲੰਘਾ ਲਈਆਂ ਜੋ ਅਸੀਂ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ।*



ਫੋਟੋ ਫੀਚਰ/ਦਲਜੀਤ ਅਮੀ













# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਅਕਤੂਬਰ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-138


ਤਸਵੀਰ: ਮਨਦੀਪ ਕੌਰ

*ਇਹ ਗੱਲ ਮਨ ਵਿਚ ਧਰ ਕੇ ਦਾਦਾ ਪੋਤੇ ਨੂੰ ਪ੍ਰਸ਼ਾਦ ਛਕਾਵੇ।*
*ਵਤਨੋਂ ਦੂਰ ਹਰ ਦੁੱਖ-ਸੁੱਖ ਤੈਨੂੰ ਸ਼ਬਦ-ਗੁਰੂ ਦੀ ਯਾਦ ਦੁਆਵੇ।*

## ਕੈਪਸ਼ਨ ਮੁਕਾਬਲਾ-136



ਕੱਠੀਆਂ ਹੋ ਮੁਟਿਆਰਾਂ ਆਈਆਂ
ਨੱਚ ਨੱਚ ਧੁੰਮਾਂ ਪਾਵਣ।
ਤਾਲ ਗਿੱਧੇ ਦੀ ਝੂਮਣ ਲਾਵੇ
ਘੱਗਰੇ ਸੌ ਵਲ਼ ਖਾਵਣ।
ਦੰਦਾਂ ਦੇ ਨਾਲ ਚੱਕ ਘੜੇ ਨੂੰ
ਧਰਤੀ ਤਾਈਂ ਘੁਮਾਵਣ।
ਕਦੇ ਕਦੇ ਇਹ ਦਿਨ ਨੇ ਆਉਂਦੇ
ਮਨ ਦੀ ਮਰਜ਼ੀ ਖ਼ੂਬ ਪੁਗਾਵਣ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਕੁੜੀਆਂ ਕੱਠੀਆਂ ਹੋ ਕੇ
ਗਿੱਧਾ ਪਾਉਣ, ਖੁਸ਼ੀ ਮਨਾਉਣ।
ਕੋਈ ਲਾਵੇ ਸਾਂਗ ਕਿਸੇ ਦੀ
ਕਈ ਰਲ ਮਿਲ ਬੋਲੀਆਂ ਪਾਉਣ।
ਇਕ ਕਹੇ ਮੈਂ ਵਿਚ ਗਿੱਧੇ ਦੇ
ਵੱਖਰਾ ਰੰਗ ਵਿਖਾਉਣਾ।
ਚੁੱਕ ਕੇ ਘੜੇ ਤਿੰਨ ਕੁੜੀਓ
ਗਿੱਧਾ ਜੋਸ਼ ਨਾਲ ਪਾਉਣਾ।

**-ਹਰਜਿੰਦਰ ਕੌਰ, ਯੂਬਾ ਸਿਟੀ**

ਇਹ ਸਾਡਾ ਪੁਰਾਣਾ ਵਿਰਸਾ
ਵਿਚ ਵਿਦੇਸ਼ਾਂ ਆਇਆ।
ਗਿੱਧਾ, ਭੰਗੜਾ ਤੇ ਲੋਕ ਬੋਲੀਆਂ
ਗੀਤਾਂ ਦਾ ਸਾਂਭੀ ਬੈਠਾ ਸਰਮਾਇਆ।
ਗੋਰੀਆਂ ਮੁਟਿਆਰਾਂ ਪਾਉਣ ਗਿੱਧਾ
ਭਾਵੇਂ ਸਮਝ ਉਨ੍ਹਾਂ ਦੇ ਨਾ ਆਇਆ।
ਫੋਟੋ ਵਿਚ ਪੰਜਾਬਣ ਨੇ ਕਰ'ਤੀ ਕਮਾਲ
ਜਦੋਂ ਹੱਥਾਂ ਤੇ ਦੰਦਾਂ ਨਾਲ ਘੜਾ ਉਠਾਇਆ।

**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

---

ਸਾਵਣ ਆਇਆ ਤੀਆਂ ਲਿਆਇਆ
ਬੰਨ੍ਹ ਬੰਨ੍ਹ ਡਾਰਾਂ ਸਹੇਲੀਆਂ ਆਵਣ।
ਸਹੁਰਿਆਂ ਤੋਂ ਲੈ ਛੁੱਟੀਆਂ ਸਜ ਵਿਆਹੀਆਂ
ਮੁਟਿਆਰਾਂ, ਮਾਪਿਆਂ ਵੱਲ ਆਵਣ।
ਛਮ ਛਮ ਵੱਸਦੇ ਮੀਂਹ ਨੂੰ ਮਾਣਨ
ਪੀਂਘਾਂ, ਗਿੱਧੇ ਰਲ ਸਖੀਆਂ ਗਾਵਣ।
ਮਨ ਦੀਆਂ ਰੀਝਾਂ ਤੇ ਤਨ ਦੀਆਂ ਹੂਕਾਂ
ਸਭਿਆਚਾਰ ਦੇ ਰੰਗ ਦਰਸਾਉਂਦਾ ਸਾਵਣ।

**-ਸੇਵਾ ਸਿੰਘ ਨੂਰਪੁਰੀ**
**ਫੋਨ: 408-912-3438**

---

ਇਕ ਘੜਾ ਦੰਦਾਂ ਨਾਲ
ਦੋ ਘੜੇ ਹੱਥਾਂ ਨਾਲ
ਨੀ ਤੂੰ ਚੁੱਕ ਕੇ ਕਰ'ਤੀ ਕਮਾਲ।
ਗੇੜੇ ਉਤੇ ਗੇੜਾ ਜਦ
ਦਿੱਤਾ ਗਿੱਧੇ ਵਿਚ ਗੋਰੀਏ
ਰੰਗ ਵੀ ਹੋ ਗਿਆ ਸੁਰਖ ਲਾਲ।

**-ਹਰਮੀਕ ਵਿੱਕੀ, ਸਟਾਕਟਨ।**

# ਏਸ਼ੀਅਨ ਖੇਡਾਂ 'ਚ ਚੀਨ ਦੀ ਸਰਦਾਰੀ, ਭਾਰਤ ਨੂੰ ਮਿਲੀ 8ਵੀਂ ਥਾਂ

**ਇੰਚਿਓਨ:** 17ਵੀਆਂ ਏਸ਼ੀਅਨ ਖੇਡਾਂ ਵਿਚ ਚੀਨ ਨੇ ਲਗਾਤਾਰ 9ਵੀਂ ਵਾਰ ਤਗਮਾ ਸੂਚੀ ਵਿਚ ਆਪਣੀ ਸਰਦਾਰੀ ਕਾਇਮ ਰੱਖੀ ਹੈ। ਖੇਡਾਂ ਵਿਚ 45 ਦੇਸ਼ਾਂ ਦੇ ਖਿਡਾਰੀਆਂ ਨੇ 36 ਖੇਡਾਂ ਮੁਕਾਬਲਿਆਂ ਵਿਚ ਜ਼ੋਰ ਅਜ਼ਮਾਈ ਕੀਤੀ। ਖੇਡਾਂ ਦੀ ਤਗਮਾ ਸੂਚੀ ਵਿਚ ਭਾਰਤ 8ਵੇਂ ਸਥਾਨ 'ਤੇ ਰਿਹਾ ਹੈ, ਜੋ ਪਿਛਲੀਆਂ ਖੇਡਾਂ ਨਾਲ ਦੋ ਸਥਾਨ ਘੱਟ ਹੈ। ਭਾਰਤ ਨੇ ਐਤਕੀ ਕੁੱਲ 57 ਤਗਮੇ ਜਿੱਤੇ ਹਨ ਜਿਨ੍ਹਾਂ ਵਿਚ 11 ਸੋਨ, 10 ਚਾਂਦੀ ਤੇ 36 ਕਾਂਸੀ ਦੇ ਤਗਮੇ ਸ਼ਾਮਲ ਹਨ।

ਚੀਨ ਦੇ ਗੁਆਂਗਜ਼ੂ ਵਿਚ 2010 ਵਿਚ ਹੋਈਆਂ ਏਸ਼ੀਅਨ ਖੇਡਾਂ ਵਿਚ ਭਾਰਤ ਨੇ ਕੁੱਲ 65 ਤਗਮੇ ਜਿੱਤੇ ਸਨ, ਜਿਨ੍ਹਾਂ ਵਿਚ 14 ਸੋਨ, 17 ਚਾਂਦੀ ਤੇ 34 ਕਾਂਸੀ ਦੇ ਤਗਮੇ ਸ਼ਾਮਲ ਸਨ। ਇਸ ਵਾਰ ਤਗਮਾ ਸੂਚੀ ਵਿਚ ਚੀਨ 342 ਤਗਮਿਆਂ ਸਿਖਰ 'ਤੇ ਰਿਹਾ। ਚੀਨੀ ਖਿਡਾਰੀਆਂ ਨੇ 151 ਸੋਨ, 108 ਚਾਂਦੀ ਤੇ 83 ਕਾਂਸੀ ਦੇ ਤਗਮੇ ਜਿੱਤੇ ਹਨ। ਮੇਜ਼ਬਾਨ ਦੱਖਣੀ ਕੋਰੀਆ ਕੁੱਲ 234 ਤਗਮਿਆਂ ਨਾਲ ਦੂਜੇ ਸਥਾਨ 'ਤੇ ਰਿਹਾ ਹੈ। ਜਪਾਨ ਕੁਲ 200 ਤਗਮੇ ਜਿੱਤ ਕੇ ਤੀਜੇ ਸਥਾਨ 'ਤੇ ਰਿਹਾ ਹੈ।

ਜਪਾਨ ਦੇ ਤੈਰਾਕ ਕੋਸੁਕੇ ਹੈਗਿਨੋ ਨੂੰ ਇਨ੍ਹਾਂ ਖੇਡਾਂ ਦਾ 'ਕੀਮਤੀ ਖਿਡਾਰੀ' ਐਲਾਨਿਆ ਗਿਆ। ਉਸ ਨੇ ਇਨ੍ਹਾਂ ਖੇਡਾਂ ਵਿਚ ਸੋਨੇ ਦੇ ਚਾਰ ਤਗਮਿਆਂ ਸਮੇਤ ਕੁਲ ਸੱਤ ਤਗਮੇ ਜਿੱਤੇ ਹਨ। ਦੱਸਣਯੋਗ ਹੈ ਕਿ ਪਹਿਲੀ ਵਾਰ ਏਸ਼ੀਅਨ ਖੇਡਾਂ 1951 ਵਿਚ ਨਵੀਂ ਦਿੱਲੀ ਵਿਚ ਕਰਾਈਆਂ ਗਈਆਂ ਸਨ।

ਪਿਛਲੀਆਂ ਏਸ਼ੀਅਨ ਖੇਡਾਂ ਵਿਚ ਭਾਰਤੀ ਅਥਲੀਟਾਂ ਨੇ 65 ਤਗਮੇ ਜਿੱਤੇ ਸਨ ਤੇ ਜਿਨ੍ਹਾਂ ਵਿਚੋਂ 14 ਸੋਨ ਤਗਮੇ ਸਨ। ਇਸ ਵਾਰੀ ਭਾਰਤੀ ਖਿਡਾਰੀਆਂ ਦੀ ਕਾਰਗੁਜ਼ਾਰੀ ਬੇਸ਼ੱਕ ਪਿਛਲੀਆਂ ਏਸ਼ੀਅਨ ਖੇਡਾਂ ਦੇ ਨਾਲੋਂ ਬਹੁਤੀ ਚੰਗੀ ਨਹੀਂ ਰਹੀ, ਪਰ ਭਾਰਤੀ ਹਾਕੀ ਟੀਮ ਨੇ ਸੋਨ ਤਗਮਾ ਜਿੱਤ ਕੇ ਜਿਥੇ ਉਲੰਪਿਕ ਖੇਡਾਂ ਲਈ ਕੁਆਲੀਫਾਈ ਕੀਤਾ ਹੈ, ਉਥੇ ਮੈਰੀ ਕਾਮ ਨੇ ਮੁੱਕੇਬਾਜ਼ੀ ਵਿਚੋਂ ਸੋਨ ਤਗਮਾ ਜਿੱਤ ਕੇ ਨਵਾਂ ਕੀਰਤੀਮਨ ਜ਼ਰੂਰ ਸਥਾਪਤ ਕੀਤਾ।




ਤੀਰਅੰਦਾਜ਼ੀ ਵਿਚ ਭਾਰਤੀ ਖਿਡਾਰੀਆਂ ਰੱਜਤ ਚੌਹਾਨ, ਸੰਦੀਪ ਕੁਮਾਰ ਤੇ ਅਭਿਸ਼ੇਕ ਵਰਮਾ ਦੀ ਟੀਮ ਨੇ ਕੰਪਾਊਂਡ ਈਵੈਂਟਸ ਵਿਚੋਂ ਸੋਨ ਤਗਮਾ ਹਾਸਲ ਕੀਤਾ। ਅਭਿਸ਼ੇਕ ਵਰਮਾ ਦੀ ਕੰਪਾਊਂਡ ਵਿਅਕਤੀਗਤ ਵਰਗ ਵਿਚੋਂ ਚਾਂਦੀ ਦਾ ਤਗਮਾ ਹਾਸਲ ਕੀਤਾ। ਤ੍ਰਿਸ਼ਾ ਦੇਵ ਨੇ ਮਹਿਲਾ ਵਰਗ ਦੇ ਵਿਅਕਤੀਗਤ ਕੰਪਾਊਂਡ ਵਿਚੋਂ ਕਾਂਸੀ। ਮਹਿਲਾ ਟੀਮ ਦੇ ਕੰਪਾਊਂਡ ਮਹਿਲਾ ਵਰਗ ਦੇ ਮੁਕਾਬਲੇ ਵਿਚੋਂ ਪੂਰਵਸ਼ਾ ਸ਼ਿੰਦੇ, ਜੋਤੀ ਵੇਮਨ ਤੇ ਤ੍ਰਿਸ਼ਾ ਦੇਵ ਨੇ ਕਾਂਸੀ ਦਾ ਤਗਮਾ ਹਾਸਲ ਕੀਤਾ। ਭਾਰਤੀ ਮਹਿਲਾ ਅਥਲੀਟਾਂ ਨੇ ਮਹਿਲਾਵਾਂ ਦੀ 400 ਮੀਟਰ ਰੀਲੇਅ ਦੇ ਮੁਕਾਬਲੇ ਵਿਚੋਂ ਪ੍ਰਿਅੰਕਾ ਪਵਾਰ, ਟਿੰਟੂ ਲੂਕਾ, ਮਨਦੀਪ ਕੌਰ ਤੇ ਪੂਵੰਮਾ ਦੀ ਟੀਮ ਨੇ ਸੋਨ ਤਗਮਾ ਹਾਸਲ ਕੀਤਾ।

ਬੈਡਮਿੰਟਨ ਦੀ ਟੀਮ ਈਵੈਂਟਸ ਵਿਚੋਂ ਅਸ਼ਨਵੀ ਪੋਨੱਪਾ, ਪੀ.ਸੀ. ਤੁਲਸੀ, ਤਨਵੀ ਉਦੇ, ਪਰਦੰਨਾ ਗਡਰੇ, ਸਾਈਨਾ ਨੇਹਵਾਲ, ਪੀ.ਵੀ. ਸਿੰਧੂ ਤੇ ਸਿਕੀ ਰੈਡੀ ਦੀ ਟੀਮ ਨੇ ਕਾਂਸੀ ਦਾ ਤਗਮਾ ਹਾਸਲ ਕੀਤਾ। ਮੈਰੀਕਾਮ ਨੇ ਫਲਾਈ ਵੇਟ ਵਿਚੋਂ ਸੋਨ ਤਗਮਾ ਜਿੱਤ ਕੇ ਨਵਾਂ ਕੀਰਤੀਮਾਨ ਸਥਾਪਤ ਕੀਤਾ। ਇਸ ਦੇ ਨਾਲ ਹੀ ਵਿਕਾਸ ਕ੍ਰਿਸ਼ਨ ਨੇ ਮਿਡਲ ਵੇਟ, ਸਤੀਸ਼ ਕੁਮਾਰ ਨੇ ਸੁਪਰ ਹੈਵੀਵੇਟ, ਐਲ. ਸਰਿਤਾ ਦੇਵੀ ਨੇ ਮਹਿਲਾ ਲਾਈਟ ਵੇਟ ਤੇ ਪੂਜਾ ਰਾਣੀ ਨੇ ਮਹਿਲਾਵਾਂ ਦੇ ਮਿਡਲ ਵੇਟ ਵਿਚੋਂ ਕਾਂਸੀ ਦਾ ਤਗਮਾ ਹਾਸਿਲ ਕੀਤਾ।ਮਰਦਾਂ ਦੀ ਭਾਰਤੀ ਹਾਕੀ ਟੀਮ ਨੇ ਸੋਨ ਤਗਮਾ ਜਿੱਤ ਕੇ ਉਲੰਪਿਕ ਖੇਡਾਂ ਲਈ ਕੁਲਾਈਫਾਈ ਕੀਤਾ ਤੇ ਔਰਤਾਂ ਦੀ ਮਹਿਲਾ ਹਾਕੀ ਟੀਮ ਨੇ ਦੇਸ਼ ਲਈ ਕਾਂਸੀ ਦਾ ਤਗਮਾ ਹਾਸਲ ਕੀਤਾ।

ਭਾਰਤੀ ਮਰਦਾਂ ਦੀ ਕਬੱਡੀ ਟੀਮ ਤੇ ਭਾਰਤੀ ਮਹਿਲਾਵਾਂ ਦੀ ਕਬੱਡੀ ਟੀਮ ਨੇ ਇਨ੍ਹਾਂ ਖੇਡਾਂ ਵਿਚੋਂ ਸੋਨ ਤਗਮੇ ਜਿੱਤੇ। ਪਹਿਲਵਾਨ ਯੋਗੇਸ਼ਵਰ ਦੱਤ ਨੇ ਫਰੀ ਸਟਾਈਲ 65 ਕਿੱਲੋ ਭਾਰ ਵਰਗ ਦੇ ਵਿਚੋਂ ਸੋਨ ਤਗਮਾ, ਬਜਰੰਗ ਨੇ ਫਰੀ ਸਟਾਈਲ 61 ਕਿੱਲੋ ਵਿਚੋਂ ਚਾਂਦੀ ਤੇ ਮਹਿਲਾਵਾਂ ਦੇ ਫਰੀ ਸਟਾਈਲ 48 ਕਿੱਲੋ ਭਾਰ ਵਰਗ ਵਿਚੋਂ ਵਿਨੇਸ਼ ਨੇ ਕਾਂਸੀ, ਗੀਤਕਾ ਜਾਖਤ ਨੇ ਫਰੀ ਸਟਾਈਲ 63 ਕਿੱਲੋ ਵਿਚੋਂ ਕਾਂਸੀ ਤੇ ਨਰ ਸਿੰਘ ਯਾਦਵ ਨੇ ਮਰਦਾਂ ਦੇ ਫਰੀ ਸਟਾਈਲ 74 ਕਿੱਲੋ ਵਿਚੋਂ ਕਾਂਸੀ ਦਾ ਤਗਮਾ ਹਾਸਲ ਕੀਤਾ। ਆਨੰਦ ਗਰੇਵਾਲ ਨੇ ਮਰਦਾਂ ਦੇ ਸਾਂਝਾ 60 ਕਿੱਲੋ ਵਿਚੋਂ ਕਾਂਸੀ ਦਾ ਤਗਮਾ ਤੇ ਮਹਿਲਾਵਾ ਦੇ ਸਾਂਝਾ 52 ਕਿੱਲੋ ਵਿਚੋਂ ਸੰਬਈ ਦੇਵੀ ਨੇ ਕਾਂਸੀ ਦਾ ਤਗਮਾ ਹਾਸਲ ਕੀਤਾ।

## ਭਾਰਤ ਨੇ ਹਾਕੀ ਵਿਚ ਪਾਕਿਸਤਾਨ ਢਾਹਿਆ

**ਇੰਚਿਓਨ:** ਭਾਰਤ ਨੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ ਇਥੇ ਹਾਕੀ ਦੇ ਫਾਈਨਲ ਮੁਕਾਬਲੇ ਵਿਚ ਸ਼ੂਟਆਊਟ ਵਿਚ 4-2 ਨਾਲ ਮਾਤ ਦੇ ਕੇ 16 ਸਾਲਾਂ ਬਾਅਦ ਏਸ਼ਿਆਈ ਖੇਡਾਂ ਵਿਚ ਸੋਨੇ ਦਾ ਤਗਮਾ ਜਿੱਤਿਆ ਹੈ ਤੇ ਨਾਲ ਹੀ 2016 ਦੀਆਂ ਰੀਓ ਓਲੰਪਿਕਸ ਲਈ ਸਿੱਧੀ ਟਿਕਟ ਵੀ ਹਾਸਲ ਕਰ ਲਈ ਹੈ। ਭਾਰਤ ਤੇ ਪਾਕਿਸਤਾਨ ਦੋਵਾਂ ਨੇ ਪੂਰੇ 60 ਮਿੰਟਾਂ ਦੇ ਮੈਚ ਵਿਚ ਇਕ-ਦੂਜੇ ਨੂੰ ਰੱਤੀ ਭਰ ਵੀ ਵਿੱਥ ਨਾ ਦਿੱਤੀ। ਸਿਓਨਹਾਕ ਹਾਕੀ ਸਟੇਡੀਅਮ ਵਿਚ ਖੇਡੇ ਗਏ ਇਸ ਫਾਈਨਲ ਮੁਕਾਬਲੇ ਦੇ ਤੈਅਸ਼ੁਦਾ ਸਮੇਂ ਤੱਕ ਦੋਵੇਂ ਟੀਮਾਂ 1-1 ਨਾਲ ਬਰਾਬਰੀ 'ਤੇ ਰਹੀਆਂ ਤੇ ਜਿੱਤ-ਹਾਰ ਦਾ ਫੈਸਲਾ ਸ਼ੂਟਆਊਟ ਰਾਹੀਂ ਕਰਨਾ ਪਿਆ। ਏਸ਼ਿਆਈ ਖੇਡਾਂ ਵਿਚ ਸੋਨ ਤਗਮਾ ਜਿੱਤ ਸਦਕਾ ਭਾਰਤ ਨੂੰ ਰੀਓ ਓਲੰਪਿਕਸ ਲਈ ਸਿੱਧਾ ਦਾਖ਼ਲਾ ਮਿਲ ਗਿਆ ਹੈ ਜਦਕਿ ਪਾਕਿਸਤਾਨ ਨੂੰ ਕੁਆਲੀਫਾਇੰਗ ਮੁਕਾਬਲਿਆਂ ਵਿਚੋਂ ਗੁਜ਼ਰਨਾ ਪਵੇਗਾ। ਭਾਰਤ ਨੇ ਪਿਛਲੀ ਵਾਰ 1998 ਦੀਆਂ ਬੈਂਕਾਕ ਏਸ਼ਿਆਈ ਖੇਡਾਂ ਵਿਚ ਹਾਕੀ ਦਾ ਸੋਨ ਤਗਮਾ ਜਿੱਤਿਆ ਸੀ।

ਭਾਰਤ ਤੇ ਪਾਕਿਸਤਾਨ ਪਿਛਲੀ ਵਾਰ 1982 ਦੀਆਂ ਦਿੱਲੀ ਏਸ਼ਿਆਈ ਖੇਡਾਂ ਦੇ ਹਾਕੀ ਫਾਈਨਲ ਵਿਚ ਆਹਮੋ-ਸਾਹਮਣੇ ਹੋਏ ਸਨ ਜਦੋਂ ਪਾਕਿਸਤਾਨ ਨੇ 7-1 ਨਾਲ ਜਿੱਤ ਦਰਜ ਕੀਤੀ ਸੀ। ਪਾਕਿਸਤਾਨ ਏਸ਼ਿਆਈ ਖੇਡਾਂ ਵਿਚ ਸਭ ਤੋਂ ਵੱਧ ਅੱਠ ਵਾਰ ਸੋਨ ਤਗਮਾ ਜਿੱਤਣ ਵਾਲੀ ਟੀਮ ਹੈ। ਭਾਰਤੀ ਹਾਕੀ ਟੀਮ ਨੂੰ ਇਸ ਸ਼ਾਨਦਾਰ ਕਾਮਯਾਬੀ ਬਦਲੇ ਹਾਕੀ ਇੰਡੀਆ ਵੱਲੋਂ ਟੀਮ ਦੇ ਹਰ ਖਿਡਾਰੀ ਨੂੰ ਢਾਈ-ਢਾਈ ਲੱਖ ਰੁਪਏ ਇਨਾਮ ਦਿੱਤਾ ਜਾਵੇਗਾ। ਮੁੱਖ ਕੋਚ ਟੈਰੀ ਵਾਲਸ਼ ਤੇ ਹਾਈ ਪ੍ਰੋਫਾਰਮੈਂਸ ਡਾਇਰੈਕਟਰ ਰੋਲੈਂਟ ਓਲਟਮੈਨ ਵੀ ਇਨਾਮ ਦੇ ਹੱਕਦਾਰ ਹੋਣਗੇ। ਕਾਂਸੀ ਦਾ ਤਗਮਾ ਜੇਤੂ ਕੁੜੀਆਂ ਦੀ ਟੀਮ ਦੀਆਂ ਖਿਡਾਰਨਾਂ ਇਕ-ਇਕ ਲੱਖ ਰੁਪਏ ਦਾ ਇਨਾਮ ਤੇ ਸਹਾਇਕ ਸਟਾਫ਼ ਨੂੰ 50-50 ਹਜ਼ਾਰ ਰੁਪਏ ਦਿੱਤੇ ਜਾਣਗੇ। ਇਸ ਸ਼ਾਨਦਾਰ ਜਿੱਤ 'ਤੇ ਰਾਸ਼ਟਰਪਤੀ ਪ੍ਰਣਬ ਮੁਖਰਜੀ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਹੋਰ ਆਗੂਆਂ ਨੇ ਟੀਮ ਅਤੇ ਸਟਾਫ਼ ਨੂੰ ਵਧਾਈ ਦਿੱਤੀ ਹੈ।




## ਸੜਕ ਹਾਦਸੇ ਵਿਚ ਮੁਕੇਰੀਆਂ ਦੇ ਦੋ ਅਥਲੀਟਾਂ ਦੀ ਮੌਤ

**ਦਸੂਹਾ:** ਦਸੂਹਾ-ਮੁਕੇਰੀਆਂ ਕੌਮੀ ਮਾਰਗ 'ਤੇ ਪੈਂਦੇ ਗੁਰਦੁਆਰਾ ਟੱਕਰ ਸਾਹਿਬ ਸਾਹਮਣੇ ਵਾਪਰੇ ਸੜਕ ਹਾਦਸੇ ਵਿਚ ਦੋ ਨੌਜਵਾਨ ਅਥਲੀਟਾਂ ਦੀ ਮੌਤ ਹੋ ਗਈ ਜਦਕਿ ਇਕ ਹੋਰ ਜ਼ਖ਼ਮੀ ਹੋ ਗਿਆ।

ਮ੍ਰਿਤਕਾਂ ਦੀ ਪਛਾਣ ਮੁਕੇਸ਼ (17) ਉਰਫ਼ ਨੰਨੀ ਪੁੱਤਰ ਅਸ਼ੋਕ ਕੁਮਾਰ ਤੇ ਗੁਰਪ੍ਰੀਤ ਸਿੰਘ (18) ਪੁੱਤਰ ਰਾਮ ਕ੍ਰਿਸ਼ਨ ਵਜੋਂ ਹੋਈ ਹੈ। ਦੀਪਕ ਸਲਾਰੀਆ (17) ਪੁੱਤਰ ਸੁਖਦੇਵ ਸਿੰਘ ਜ਼ਖ਼ਮੀ ਹੋਇਆ ਹੈ। ਮੋਟਰਸਾਈਕਲ ਨੂੰ ਟੱਕਰ ਮਾਰਨ ਵਾਲਾ ਟਰੱਕ ਡਰਾਈਵਰ ਟਰੱਕ ਸਮੇਤ ਫਰਾਰ ਹੋ ਗਿਆ। ਤਿੰਨੇ ਨੌਜਵਾਨ ਪਿੰਡ ਭੱਟੀਆਂ ਜੱਟਾਂ (ਮੁਕੇਰੀਆਂ) ਦੇ ਵਸਨੀਕ ਸਨ ਤੇ ਪੰਚਾਇਤ ਸੰਮਤੀ ਸਟੇਡੀਅਮ ਵਿਚ ਦੌੜ ਦੀ ਪ੍ਰੈਕਟਿਸ ਕਰਨ ਆਏ ਸਨ। ਮੁਕੇਰੀਆਂ ਨੂੰ ਵਾਪਸ ਪਰਤਣ ਵੇਲੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਪਿੱਛੋਂ ਆ ਰਹੇ ਤੇਜ਼ ਰਫ਼ਤਾਰ ਟਰੱਕ ਨੇ ਟੱਕਰ ਮਾਰ ਦਿੱਤੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਮੁਕੇਸ਼ ਤੇ ਗੁਰਪ੍ਰੀਤ ਜ਼ੋਨਲ ਪੱਧਰ 'ਤੇ ਦੌੜਾਂ ਜਿੱਤਣ ਮਗਰੋਂ ਹੁਸ਼ਿਆਰਪੁਰ ਵਿਖੇ ਹੋ ਰਹੀਆਂ ਜ਼ਿਲ੍ਹਾ ਪੱਧਰੀ ਖੇਡਾਂ ਵਿਚ ਹਿੱਸਾ ਲੈਣ ਲਈ ਪ੍ਰੈਕਟਿਸ ਕਰ ਰਹੇ ਸਨ। ਮੌਕੇ 'ਤੇ ਹਾਜ਼ਰ ਲੋਕਾਂ ਵਿਚ ਰੋਸ ਅਤੇ ਰੋਹ ਸੀ ਕਿ ਸਰਕਾਰ ਅਜਿਹੇ ਹਾਦਸੇ ਰੋਕਣ ਲਈ ਕੁਝ ਵੀ ਨਹੀਂ ਕਰ ਰਹੀ ਹੈ।

## ਸ਼੍ਰੋਮਣੀ ਕਮੇਟੀ ਸਿੱਖ ਵਿਰਾਸਤੀ ਵਸਤਾਂ ਖਰੀਦੇਗੀ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਵਿਦੇਸ਼ਾਂ ਵਿਚ ਨਿਰੰਤਰ ਸਿੱਖ ਵਿਰਾਸਤ ਨਾਲ ਸਬੰਧਤ ਦੁਰਲਭ ਨਿਸ਼ਾਨੀਆਂ ਤੇ ਦਸਤਾਵੇਜ਼ਾਂ ਆਦਿ ਦੀ ਲੱਗਦੀ ਆ ਰਹੀ ਬੋਲੀ ਵਿਚ ਸ਼ਾਮਲ ਹੋਵੇਗੀ। ਅਜਿਹਾ ਕਦਮ ਸਿੱਖ ਤੇ ਪੰਜਾਬ ਦੇ ਇਤਿਹਾਸ ਨਾਲ ਸਬੰਧਤ ਇਤਿਹਾਸਕ ਤੱਥਾਂ ਤੇ ਵਿਰਾਸਤ ਨਾਲ ਜੁੜੇ ਸਾਜ਼ੋ-ਸਾਮਾਨ ਨੂੰ ਨਵੀਂ ਪੀੜ੍ਹੀ ਲਈ ਸਾਂਭ ਕੇ ਰੱਖਣ ਲਈ ਚੁੱਕਿਆ ਜਾ ਰਿਹਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਕਿਸੇ ਵੀ ਕੌਮ ਦੀ ਵਿਰਾਸਤ ਇਕ ਅਨਮੋਲ ਖਜ਼ਾਨਾ ਹੁੰਦੀ ਹੈ, ਜੋ ਅਗਲੀਆਂ ਪੀੜ੍ਹੀਆਂ ਨੂੰ ਆਪਣੇ ਧਰਮ, ਕੌਮ, ਸੱਭਿਆਚਾਰ ਤੇ ਵਿਰਸੇ ਨਾਲ ਜੋੜਨ ਲਈ ਸਹਾਈ ਹੁੰਦੀ ਹੈ। ਇਸ ਕਾਰਨ ਸਿੱਖ ਕੌਮ ਦੇ ਇਤਿਹਾਸ ਤੇ ਪੰਜਾਬ ਨਾਲ ਸਬੰਧਤ ਇਤਿਹਾਸਕ ਨਿਸ਼ਾਨੀਆਂ ਤੇ ਵਸਤੂਆਂ ਨੂੰ ਸਾਂਭ ਕੇ ਰੱਖਣਾ ਕੌਮ ਦੀ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਅਕਸਰ ਵਿਦੇਸ਼ਾਂ ਵਿਚ ਸਿੱਖ ਕੌਮ ਤੇ ਪੰਜਾਬ ਨਾਲ ਸਬੰਧਤ ਅਨਮੋਲ ਵਿਰਾਸਤੀ ਤੱਥਾਂ ਤੇ ਦਸਤਾਵੇਜ਼ਾਂ ਦੀ ਬੋਲੀ ਲੱਗਦੀ ਆ ਰਹੀ ਹੈ। ਇਸ ਕਾਰਨ ਸਿੱਖ ਕੌਮ ਦਾ ਵਿਰਸਾ ਨਿਰੰਤਰ ਖਿੰਡ-ਪੁੰਡ ਰਿਹਾ ਹੈ। ਜਥੇਦਾਰ ਮੱਕੜ ਨੇ ਕਿਹਾ ਕਿ ਪਹਿਲੇ ਕਦਮ ਵਜੋਂ ਵਿਦੇਸ਼ਾਂ ਵਿਚ ਸਿੱਖ ਵਿਰਾਸਤ ਨਾਲ ਜੁੜੀਆਂ ਵਸਤੂਆਂ ਦੀਆਂ ਲੱਗਦੀਆਂ ਬੋਲੀਆਂ ਵਿਚ ਗੁਰਦੁਆਰਾ ਕਮੇਟੀ ਸ਼ਾਮਲ ਹੋਵੇਗੀ ਤੇ ਅਜਿਹੀਆਂ ਖਾਸ ਨਿਸ਼ਾਨੀਆਂ ਹਾਸਲ ਕਰਨ ਲਈ ਲੋੜ ਅਨੁਸਾਰ ਬੋਲੀ ਵੀ ਲਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਅਜਿਹੀਆਂ ਅਨਮੋਲ ਨਿਸ਼ਾਨੀਆਂ ਸਿੱਖ ਮਿਊਜ਼ੀਅਮ ਵਿਚ ਰੱਖਣ ਦਾ ਉਪਰਾਲਾ ਕੀਤਾ ਜਾਵੇਗਾ।

ਦੱਸਣਯੋਗ ਹੈ ਕਿ ਮਹਾਰਾਜਾ ਰਣਜੀਤ ਸਿੰਘ ਤੇ ਲਾਹੌਰ ਦਰਬਾਰ ਨਾਲ ਸਬੰਧਤ ਕੁਝ ਇਤਿਹਾਸਕ ਪੁਸਤਕਾਂ ਦੀ ਚਿਜ਼ਵਿਕ ਆਕਸ਼ਨਜ਼ ਆਫ ਵੈਸਟ ਲੰਡਨ ਵਿਖੇ ਬੋਲੀ ਲਾਈ ਜਾ ਰਹੀ ਹੈ ਜਿਸ ਵਿਚ 19ਵੀਂ ਸਦੀ ਦੀਆਂ ਕੁਝ ਕਿਤਾਬਾਂ ਤੇ ਤਸਵੀਰਾਂ ਵੀ ਸ਼ਾਮਲ ਹਨ। ਇਨ੍ਹਾਂ ਵਿਚੋਂ ਕੁਝ ਕਿਤਾਬਾਂ ਪੰਜਾਬ, ਸਿੰਧ, ਉਤਰ ਪੱਛਮੀ ਸਰਹੱਦੀ ਸੂਬੇ ਤੇ ਇਨ੍ਹਾਂ ਖੇਤਰਾਂ ਵਿਚਲੇ ਸਿੱਖਾਂ ਤੇ ਮੁਸਲਮਾਨਾਂ ਨਾਲ ਸਬੰਧਤ ਹਨ। ਇਨ੍ਹਾਂ ਵਿਚ ਸਿੱਖ ਯੁੱਧਾਂ ਨਾਲ ਸਬੰਧਤ ਨਕਸ਼ੇ ਆਦਿ ਵੀ ਸ਼ਾਮਲ ਹਨ।

## ਅਫਸਰਸ਼ਾਹੀ ਹੀ ਛਕ ਜਾਂਦੀ ਹੈ ਅਸਲਾ ਲਾਇਸੈਂਸਾਂ ਦੀ ਕਮਾਈ

**ਬਠਿੰਡਾ:** ਨਵੇਂ ਅਸਲਾ ਲਾਇਸੈਂਸਾਂ ਤੋਂ ਹੁੰਦੀ ਕਮਾਈ ਸਰਕਾਰੀ ਖਜ਼ਾਨੇ ਦੀ ਥਾਂ ਅਫਸਰਸ਼ਾਹੀ ਦੀਆਂ ਜੇਬਾਂ ਵਿਚ ਚਲੀ ਜਾਂਦੀ ਹੈ। ਨਵਾਂ ਅਸਲਾ ਲਾਇਸੈਂਸ ਲੈਣ ਲਈ ਫਾਰਮ ਦੀ ਕੀਮਤ 10 ਹਜ਼ਾਰ ਰੁਪਏ ਵਸੂਲੀ ਜਾ ਰਹੀ ਹੈ ਤੇ ਇਸਦਾ ਬਣਦਾ ਹਿੱਸਾ ਸਰਕਾਰ ਕੋਲ ਵੀ ਜਮ੍ਹਾਂ ਨਹੀਂ ਕਰਵਾਇਆ ਜਾ ਰਿਹਾ। ਕਈ ਹੋਰ ਜ਼ਿਲ੍ਹਿਆਂ ਵਿਚ ਲਾਇਸੈਂਸ ਫਾਰਮ ਦੀ ਕੀਮਤ ਪੰਜ ਹਜ਼ਾਰ ਰੁਪਏ ਵਸੂਲੀ ਜਾ ਰਹੀ ਹੈ। ਨਵੀਂ ਬੰਦੂਕ ਦੇ ਅਸਲਾ ਲਾਇਸੈਂਸ ਦੀ ਸਰਕਾਰੀ ਫੀਸ ਸਿਰਫ਼ 100 ਰੁਪਏ ਹੈ ਪਰ ਸੁਵਿਧਾ ਚਾਰਜਿਜ਼ 700 ਰੁਪਏ ਲਏ ਜਾਂਦੇ ਹਨ।

ਲਾਇਸੈਂਸ ਲੈਣ ਲਈ ਅਰਜ਼ੀ ਫਾਰਮ ਦੀ ਕੀਮਤ 10 ਹਜ਼ਾਰ ਰੁਪਏ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਜੋ ਸੁਵਿਧਾ ਕੇਂਦਰ ਬਣਾਏ ਗਏ ਹਨ, ਉਨ੍ਹਾਂ ਵਿਚ ਆਮ ਲੋਕਾਂ ਨੂੰ 36 ਤਰ੍ਹਾਂ ਦੀਆਂ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਸੇਵਾਵਾਂ ਬਦਲੇ ਸਰਕਾਰੀ ਫੀਸ ਤੋਂ ਇਲਾਵਾ ਸੁਵਿਧਾ ਚਾਰਜਿਜ਼ ਵੀ ਲਏ ਜਾਂਦੇ ਹਨ। ਹਰ ਜ਼ਿਲ੍ਹੇ ਵਿਚ ਇਹ ਸੁਵਿਧਾ ਕੇਂਦਰ ਸੁਖਮਨੀ ਸੁਸਾਇਟੀਜ਼ ਫਾਰ ਸਿਟੀਜ਼ਨ ਸਰਵਿਸਿਜ਼ ਵੱਲੋਂ ਚਲਾਏ ਜਾ ਰਹੇ ਰਹੇ ਹਨ। ਸੁਸਾਇਟੀ ਵੱਲੋਂ ਸੁਵਿਧਾ ਕੇਂਦਰ ਦੀ ਕੁੱਲ ਆਮਦਨ ਵਿਚੋਂ 15 ਫ਼ੀਸਦੀ ਰਕਮ ਪ੍ਰਸ਼ਾਸਨਿਕ ਸੁਧਾਰ ਵਿਭਾਗ (ਪੰਜਾਬ) ਨੂੰ ਭੇਜੀ ਜਾਂਦੀ ਹੈ ਪਰ ਕਈ ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰਾਂ ਨੇ ਸਰਕਾਰੀ ਨੋਟੀਫਿਕੇਸ਼ਨ ਤੋਂ ਬਿਨਾਂ ਹੀ ਆਪਣੇ ਪੱਧਰ 'ਤੇ ਅਸਲਾ ਲਾਇਸੈਂਸ ਫਾਰਮ ਦੀ ਵੱਧ ਕੀਮਤ ਰੱਖੀ ਹੋਈ ਹੈ। ਇਸ ਤੋਂ ਹੋਣ ਵਾਲੀ ਕਮਾਈ ਦਾ ਕੋਈ ਵੀ ਹਿੱਸਾ ਪੰਜਾਬ ਸਰਕਾਰ ਨੂੰ ਨਹੀਂ ਭੇਜਿਆ ਜਾਂਦਾ।

ਬਠਿੰਡਾ ਜ਼ਿਲ੍ਹੇ ਵਿਚ ਪਹਿਲਾਂ ਨਵਾਂ ਅਸਲਾ ਲਾਇਸੈਂਸ ਲੈਣ ਲਈ ਅਰਜ਼ੀ ਦੇਣ ਵਾਲੇ ਦੀ ਇਕ ਹਜ਼ਾਰ ਰੁਪਏ ਦੀ ਰੈੱਡ ਕਰਾਸ ਦੀ ਪਰਚੀ ਕੱਟੀ ਜਾਂਦੀ ਸੀ। ਸਾਲ 2012 ਵਿਚ ਅਸਲਾ ਲਾਇਸੈਂਸ ਫਾਰਮ ਦੀ ਕੀਮਤ 1500 ਰੁਪਏ ਨਿਸ਼ਚਿਤ ਕਰ ਦਿੱਤੀ ਤੇ ਫਰਵਰੀ 2013 ਵਿਚ ਸਮੇਤ ਕਾਪੀ, ਫਾਰਮ ਦੀ ਕੀਮਤ ਪੰਜ ਹਜ਼ਾਰ



ਰੁਪਏ ਕਰ ਦਿੱਤੀ। ਨਵੇਂ ਡਿਪਟੀ ਕਮਿਸ਼ਨਰ ਨੇ ਜੁਲਾਈ ਦੇ ਅਖ਼ੀਰਲੇ ਹਫ਼ਤੇ ਫਾਰਮ ਦੀ ਕੀਮਤ 10 ਹਜ਼ਾਰ ਰੁਪਏ ਕਰ ਦਿੱਤੀ।

ਬਠਿੰਡਾ ਜ਼ਿਲ੍ਹੇ ਵਿਚ ਸਾਲ 2013-14 ਵਿਚ ਸੁਵਿਧਾ ਚਾਰਜਿਜ਼ ਤੋਂ ਕਮਾਈ 78.18 ਲੱਖ ਰੁਪਏ ਸੀ। ਇਸ ਵਿਚੋਂ ਤਕਰੀਬਨ 45 ਲੱਖ ਰੁਪਏ ਅਸਲਾ ਲਾਇਸੈਂਸਾਂ ਤੋਂ ਹੀ ਕਮਾਏ ਜਾਂਦੇ ਹਨ। ਮਾਨਸਾ ਜ਼ਿਲ੍ਹੇ ਵਿਚ ਇਸੇ ਅਰਜ਼ੀ ਫਾਰਮ ਦੀ ਕੀਮਤ ਪੰਜ ਹਜ਼ਾਰ ਰੁਪਏ ਰੱਖੀ ਗਈ ਹੈ। ਮਾਨਸਾ ਵਿਚ ਅਸਲਾ ਲਾਇਸੈਂਸ ਦੀ ਨਵੀਨਤਾ, ਐਡੀਸ਼ਨ ਤੇ ਖੇਤਰ ਵਿਚ ਵਾਧਾ ਕਰਨ ਨਾਲ ਸਬੰਧਤ ਫਾਰਮ ਦੀ ਫੀਸ ਵੱਖਰੇ ਤੌਰ 'ਤੇ ਇਕ ਹਜ਼ਾਰ ਰੁਪਏ ਰੱਖੀ ਹੋਈ ਹੈ।

ਮਾਨਸਾ ਵਿਚ ਪਹਿਲੀ ਅਪਰੈਲ 2007 ਤੋਂ 31 ਮਾਰਚ 2013 ਤੱਕ ਸੁਵਿਧਾ ਚਾਰਜਿਜ਼ ਵਜੋਂ 1.47 ਕਰੋੜ ਰੁਪਏ ਦੀ ਕਮਾਈ ਹੋਈ ਹੈ, ਜਿਸ ਵਿਚੋਂ ਇਕੱਲੇ ਅਸਲਾ ਲਾਇਸੈਂਸਾਂ ਤੋਂ 74.19 ਲੱਖ ਰੁਪਏ ਆਮਦਨ ਹੋਈ ਹੈ। ਮੋਗਾ ਜ਼ਿਲ੍ਹੇ ਵਿਚ ਇਕ ਸਾਲ ਤੋਂ ਲਾਇਸੈਂਸ ਫਾਰਮ ਪੰਜ ਹਜ਼ਾਰ ਰੁਪਏ ਦੇ ਹਿਸਾਬ ਨਾਲ ਦਿੱਤਾ ਜਾ ਰਿਹਾ ਹੈ। ਪਹਿਲਾਂ ਇਸਦੀ ਕੀਮਤ ਪੰਜ ਸੌ ਰੁਪਏ ਸੀ।

ਮੁਕਤਸਰ ਵਿਚ ਫਾਰਮ ਦੀ ਕੀਮਤ 3500 ਰੁਪਏ ਹੈ ਤੇ ਫਾਰਮ ਦੇ ਨਾਲ 3500 ਰੁਪਏ ਦੀ ਰੈੱਡ ਕਰਾਸ ਦੀ ਰਸੀਦ ਕੱਟੀ ਜਾਂਦੀ ਹੈ। ਸੰਗਰੂਰ ਵਿਚ ਦੋ-ਤਿੰਨ ਮਹੀਨੇ ਪਹਿਲਾਂ ਅਸਲਾ ਲਾਇਸੈਂਸ ਫਾਰਮ ਦੀ ਕੀਮਤ 1250 ਰੁਪਏ ਸੀ, ਜੋ ਹੁਣ ਪੰਜ ਹਜ਼ਾਰ ਰੁਪਏ ਕਰ ਦਿੱਤੀ ਗਈ ਹੈ। ਬਰਨਾਲਾ ਵਿਚ ਇਸ ਫਾਰਮ ਦੀ ਕੀਮਤ 1250 ਰੁਪਏ ਹੈ, ਜੋ ਪਹਿਲਾਂ ਸੌ ਰੁਪਏ ਸੀ।

ਡਿਪਟੀ ਕਮਿਸ਼ਨਰਾਂ ਦਾ ਤਰਕ ਹੈ ਕਿ ਲਾਇਸੈਂਸ ਫਾਰਮ ਸਸਤਾ ਹੋਣ ਕਰਕੇ ਹਰ ਕੋਈ ਅਰਜ਼ੀ ਦੇ ਰਿਹਾ ਸੀ। ਇਸ ਕਰਕੇ ਫਾਰਮ ਦੀ ਫੀਸ ਵਿਚ ਵਾਧਾ ਕੀਤਾ ਗਿਆ ਹੈ। ਪ੍ਰਸ਼ਾਸਨਿਕ ਸੁਧਾਰ ਵਿਭਾਗ (ਪੰਜਾਬ) ਦੇ ਪ੍ਰਮੁੱਖ ਸਕੱਤਰ ਸੀ.ਰਾਊਲ ਦਾ ਕਹਿਣਾ ਹੈ ਕਿ ਅਸਲਾ ਲਾਇਸੈਂਸ ਫਾਰਮ ਨੂੰ ਵੱਧ ਕੀਮਤ 'ਤੇ ਵੇਚਣ ਦਾ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ। ਕਾਨੂੰਨੀ ਤੌਰ 'ਤੇ ਨੋਟੀਫਾਈ ਕੀਤੇ ਚਾਰਜਿਜ਼ ਹੀ ਵਸੂਲ ਕੀਤੇ ਜਾ ਸਕਦੇ ਹਨ। ਸੂਬਾ ਪੱਧਰੀ ਕਮੇਟੀ ਨੇ ਵੀ ਸਿਫ਼ਾਰਿਸ਼ ਕਰ ਦਿੱਤੀ ਹੈ, ਜਿਸ ਤਹਿਤ ਫਾਰਮ ਚਾਰਜਿਜ਼ ਖ਼ਤਮ ਕੀਤੇ ਜਾ ਰਹੇ ਹਨ।

# ਵਿਸ਼ਵ ਸਿੱਖ ਕਨਵੈਨਸ਼ਨ ਵਲੋਂ ਸਿੱਖਾਂ ਨੂੰ ਬਿਪਰਵਾਦ ਖਿਲਾਫ ਡਟਣ ਦਾ ਸੱਦਾ

## ਮੂਲ ਨਾਨਕਸ਼ਾਹੀ ਕੈਲੰਡਰ ਨੂੰ ਪ੍ਰਵਾਨਗੀ

**ਇੰਡੀਅਨਐਪੋਲਿਸ, ਇੰਡੀਆਨਾ (ਬਿਊਰੋ):** ਇੰਡੀਅਨਐਪੋਲਿਸ ਵਿਚ ਗੁਰਮਤਿ ਪ੍ਰਚਾਰ ਸੁਸਾਇਟੀ ਯੂ.ਐਸ.ਏ. ਵੱਲੋਂ ਕੀਤੀ ਗਈ ਵਿਸ਼ਵ ਸਿੱਖ ਕਨਵੈਨਸ਼ਨ ਵਿਚ ਪੰਥਕ ਜਥੇਬੰਦੀਆਂ ਨੇ ਸਰਬ-ਸਹਿਮਤੀ ਨਾਲ ਸ. ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਨਾਨਕਸ਼ਾਹੀ ਕੈਲੰਡਰ ਨੂੰ ਪ੍ਰਵਾਨ ਕਰ ਲਿਆ ਅਤੇ ਨਾਲ ਸਿੱਖਾਂ ਨੂੰ ਸਾਵਧਾਨ ਕੀਤਾ ਕਿ ਉਹ ਆਪੂੰ ਬਣੀਆਂ ਸੰਪਰਦਾਵਾਂ ਜਾਂ ਕਿਸੇ ਰਾਜਸੀ ਪ੍ਰਭਾਵ ਹੇਠ ਵਿਚਰ ਰਹੇ ਤਖ਼ਤਾਂ ਦੇ ਅਖੌਤੀ ਜਥੇਦਾਰਾਂ ਅਤੇ ਸਿੱਖੀ ਦੇ ਭੇਸ ਵਿਚ ਛੁਪੇ ਕੱਟੜਵਾਦੀ ਬ੍ਰਾਹਮਣਾਂ ਵੱਲੋਂ ਬਣਾਈ ਅਖੌਤੀ ਸਾਧ ਯੂਨੀਅਨ ਦੇ ਬਹਿਕਾਵੇ ਵਿਚ ਨਾ ਆਉਣ। ਉਹ ਸਗੋਂ ਇਨ੍ਹਾਂ ਪੰਥ ਦੋਖੀ ਤਾਕਤਾਂ ਵੱਲੋਂ ਪੰਥਕ ਸਿਧਾਂਤਾਂ ਅਤੇ ਪਰੰਪਰਾਵਾਂ ਦੇ ਹੋ ਰਹੇ ਘਾਤ ਨੂੰ ਮੂਕ ਦਰਸ਼ਕ ਬਣ ਕੇ ਨਾ ਦੇਖਣ ਅਤੇ 'ਆਪੇ ਗੁਰ ਚੇਲਾ' ਦੇ ਸਿਧਾਂਤ ਦੀ ਰੌਸ਼ਨੀ ਵਿਚ ਬਿਪਰਵਾਦ ਦੀ ਇਸ ਵੰਗਾਰ ਨੂੰ ਪ੍ਰਵਾਨ ਕਰ ਕੇ ਕਮਰਕੱਸੇ ਕਰਨ।

ਕਨਵੈਨਸ਼ਨ ਵਿਚ ਸ਼ਾਮਲ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਨੂੰ ਵੰਗਾਰਨ ਅਤੇ ਸ਼ਬਦ ਗੁਰੂ ਸਿਧਾਂਤ ਦੇ ਮੂਲ ਆਧਾਰ ਨਾਲੋਂ ਸਿੱਖ ਨੂੰ ਵੱਖ ਕਰਨ ਲਈ ਬਚਿੱਤਰ ਨਾਟਕ ਵਰਗੀਆਂ ਅਸ਼ਲੀਲ ਲਿਖਤਾਂ ਦੇ ਸੰਗ੍ਰਹਿ ਨੂੰ ਜ਼ਬਰਦਸਤੀ ਗੁਰੂ ਬਾਣੀ ਸਾਬਤ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ 'ਤੇ ਡੂੰਘੀ ਚਿੰਤਾ ਜ਼ਾਹਿਰ ਕਰਦਿਆਂ ਸਿੱਖਾਂ ਨੂੰ ਸੁਚੇਤ ਕੀਤਾ ਕਿ ਗੁਰੂ ਦੇ ਹੁਕਮ ਗੁਰੂ ਮਾਨਿਓ ਗ੍ਰੰਥ ਦੀ ਰੌਸ਼ਨੀ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕਿਸੇ ਰਚਨਾ ਨੂੰ ਰੱਦ ਕਰ ਦੇਣ।

ਕਨਵੈਨਸ਼ਨ ਦੌਰਾਨ ਸ. ਪੁਰੇਵਾਲ ਨੇ ਕਲੰਡਰ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਨੇ ਇਸ ਦੀ ਹਰ ਬਾਰੀਕੀ ਨੂੰ ਸੰਗਤ ਨਾਲ ਸਾਂਝਾ ਕਰਦਿਆਂ ਦੱਸਿਆ ਕਿ ਜੇ ਅਸੀਂ ਇਸ ਉਤੇ ਗ਼ੌਰ ਨਾ ਕੀਤਾ ਅਤੇ ਬ੍ਰਾਹਮਣੀ ਕੈਲੰਡਰ ਮੁਤਾਬਿਕ ਆਪਣੇ ਦਿਨ ਮਨਾਉਂਦੇ ਰਹੇ, ਤਾਂ ਇੱਕ



ਦਿਨ ਗੁਰਬਾਣੀ ਵਿਚ ਦੱਸੇ ਬਹੁਤ ਸਾਰੇ ਸ਼ਬਦ ਗ਼ਲਤ ਸਾਬਤ ਹੋ ਜਾਣਗੇ। ਸਿੱਖ ਰਹਿਤ ਮਰਯਾਦਾ ਬਾਰੇ ਨੌਜਵਾਨ ਪ੍ਰਚਾਰਕ ਭਾਈ ਪਰਮਜੀਤ ਸਿੰਘ ਉਤਰਾਖੰਡ ਨੇ ਸਿੱਖ ਸੰਗਤਾਂ ਨੂੰ ਸਰਲ ਤਰੀਕੇ ਨਾਲ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਦੀ ਅਹਿਮੀਅਤ ਤੋਂ ਜਾਣੂ ਕਰਵਾਇਆ। ਕੈਨੇਡਾ ਤੋਂ ਪੁੱਜੇ ਲੇਖਕ ਸ. ਗੁਰਦੇਵ ਸਿੰਘ ਸੱਧੇਵਾਲੀਆਂ ਨੇ ਵਿਅੰਗਮਈ ਤਰੀਕੇ ਨਾਲ ਸਿੱਖ ਸੰਗਤਾਂ ਨੂੰ ਸਾਧਾਂ ਦੀਆਂ ਬਿਪਰਵਾਦੀ ਹਰਕਤਾਂ ਤੋਂ ਜਾਣੂ ਕਰਾਇਆ ਅਤੇ ਉਨ੍ਹਾਂ ਤੋਂ ਬਚਣ ਲਈ ਸੁਝਾਅ ਵੀ ਦਿੱਤੇ। ਗੁਰਮਤਿ ਸਕਾਲਰ ਸ. ਬਲਦੇਵ ਸਿੰਘ ਟੋਰਾਂਟੋ ਨੇ ਭਗਤ ਬਾਣੀ ਬਾਰੇ ਆਪਣੀ ਖੋਜ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ।

ਗੁਰਬਾਣੀ ਦੀ ਸਰਲ ਸੰਥਿਆ ਦੀ ਸਾਈਟ www.ektuhi.com ਦੇ ਨਿਰਮਾਤਾ ਸ. ਸਤਪਾਲ ਸਿੰਘ ਨੇ ਕਿਹਾ ਕਿ ਕਿਸੇ ਵਿਅਕਤੀ-ਵਿਸ਼ੇਸ਼ ਦਾ ਗੁਰਬਾਣੀ ਦੀ ਸੰਥਿਆ ਲੈਣ ਦਾ ਵਿਗੋਚਾ ਹੁਣ ਖ਼ਤਮ ਹੋ ਚੁੱਕਾ ਹੈ। ਇਸ ਨਾਲ ਸਿੱਖ ਅਤੇ ਗੁਰੂ ਵਿਚਕਾਰ ਖੜ੍ਹੀ ਕੀਤੀ ਸਦੀਆਂ ਪੁਰਾਣੀ ਦੀਵਾਰ ਹੁਣ ਟੁੱਟ ਚੁੱਕੀ ਹੈ। ਬੀਬੀ ਜਸਵੀਰ ਕੌਰ ਨੇ ਭੈਣਾਂ ਨੂੰ ਅਪੀਲ ਕੀਤੀ ਕਿ ਜੇ ਉਹ ਬਰਾਬਰੀ ਦਾ ਹੱਕ ਚਾਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਵੀ ਪੜ੍ਹ-ਲਿਖ ਕੇ ਇਨ੍ਹਾਂ ਸਮਾਗਮਾਂ ਵਿਚ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਸ. ਸਰਬਜੀਤ ਸਿੰਘ ਸੈਕਰਾਮੈਂਟੋ (ਕੈਲੀਫ਼ੋਰਨੀਆ) ਨੇ ਨਾਨਕਸ਼ਾਹੀ ਕੈਲੰਡਰ ਬਾਰੇ ਦੱਸਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਸ. ਤਰਲੋਚਨ ਸਿੰਘ ਦੁਪਾਲਪੁਰ ਨੇ ਸ਼੍ਰੋਮਣੀ ਕਮੇਟੀ ਦੇ ਅੰਦਰੂਨੀ ਹਾਲਾਤ ਬਾਰੇ ਸੰਗਤ ਨੂੰ ਜਾਣੂ ਕਰਾਇਆ।

ਇਸ ਮੌਕੇ ਪ੍ਰੋ. ਰੰਜਨਪ੍ਰੀਤ ਕੌਰ ਨਾਗਰਾ ਨੇ ਸਲਾਈਡ ਸ਼ੋਅ ਰਾਹੀਂ ਜੋਤਸ਼ੀਆਂ ਵੱਲੋਂ ਟੀ.ਵੀ. ਮਸ਼ਹੂਰੀਆਂ ਦੁਆਰਾ ਕੀਤੀ ਜਾਂਦੀ ਲੁੱਟ ਤੋਂ ਸੁਚੇਤ ਰਹਿਣ ਲਈ ਕਿਹਾ। ਸ. ਚਮਕੌਰ ਸਿੰਘ ਫ਼ਰਿਜ਼ਨੋ ਨੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਦੀ ਅਪੀਲ ਕੀਤੀ। ਕੈਨੇਡਾ ਤੋਂ ਚੱਲਦੇ ਰੇਡੀਓ ਸ਼ੇਰ-ਏ-ਪੰਜਾਬ ਦੇ ਸ. ਕੁਲਦੀਪ ਸਿੰਘ ਨੇ ਸਾਧਾਂ ਵੱਲੋਂ ਕੀਤੀ ਜਾ ਰਹੀ ਲੁੱਟ ਤੋਂ ਬਚਣ ਲਈ ਪ੍ਰੇਰਿਆ।

ਰੇਡੀਓ ਚੰਨ ਪਰਦੇਸੀ ਦੇ ਸਰਵਣ ਸਿੰਘ ਟਿਵਾਣਾ ਨੇ ਕਨਵੈਨਸ਼ਨ ਦੌਰਾਨ ਦੱਸਿਆ ਕਿ ਰੇਡੀਓ ਚੰਨ ਪਰਦੇਸੀ ਪੰਜਾਬੀ ਮਾਂ ਬੋਲੀ ਅਤੇ ਪੰਥ ਨੂੰ ਦਰਪੇਸ਼ ਚੁਣੌਤੀਆਂ ਦੇ ਹੱਲ ਲਈ ਆਪਣੀਆਂ ਸੇਵਾਵਾਂ ਦੇਣ ਲਈ ਵਚਨਬੱਧ ਹੈ। ਕਨਵੈਨਸ਼ਨ ਵਿਚ ਡਾ. ਗੁਰਮੀਤ ਸਿੰਘ ਬਰਸਾਲ, ਹਰਜੀਤ ਸਿੰਘ ਟੋਰਾਂਟੋ, ਜਗਪਾਲ ਸਿੰਘ ਸਰੀ, ਚਰਨਜੀਤ ਸਿੰਘ ਮਿੰਨੀਐਪੋਲਿਸ, ਮਿੱਕਰ ਸਿੰਘ ਸਰਪੰਚ ਪਿੰਡ ਚੂੜ੍ਹ ਚੱਕ ਜ਼ਿਲ੍ਹਾ ਪ੍ਰਧਾਨ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ, ਸੁਖਵਿੰਦਰ ਸਿੰਘ ਬਾਲਟੀਮੋਰ, ਹਰਮਿੰਦਰ ਸਿੰਘ ਕੈਲੀਫੋਰਨੀਆ ਨੇ ਵੀ ਆਪਣੇ ਵਿਚਾਰਾਂ ਦੀ ਸਾਂਝ ਪਾਈ।

ਇੰਡੀਆ ਤੋਂ ਵਿਸ਼ੇਸ਼ ਸੱਦੇ 'ਤੇ ਪਹੁੰਚੇ ਨਿਧੜਕ ਲੇਖਕ ਗੁਰਿੰਦਰਪਾਲ ਸਿੰਘ ਧਨੌਲਾ ਨੇ ਕਿਹਾ ਕਿ ਸਿੱਖਾਂ ਦੀ ਕਰਮ ਭੂਮੀ ਪੰਜਾਬ ਵਿਚੋਂ ਸਿੱਖ ਪੰਥ ਦੀਆਂ ਜੜ੍ਹਾਂ ਖੋਖਲੀਆਂ ਹੁੰਦੀਆਂ ਜਾ ਰਹੀਆਂ ਹਨ ਜਿਸ ਦਾ ਮੂਲ ਕਾਰਨ ਸ਼੍ਰੋਮਣੀ ਕਮੇਟੀ ਅਤੇ ਸਿੱਖਾਂ ਦੀ ਸਿਆਸੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ ਅਜਿਹੇ ਪਰਿਵਾਰ ਦੇ ਹੱਥ ਵਿਚ ਹੋਣ ਕਰ ਕੇ ਹੈ। ਇਹ ਪਰਿਵਾਰ ਬਿਪਰਵਾਦੀ ਕੁਹਾੜੇ ਦਾ ਦਸਤਾ ਬਣ ਕੇ ਦਿਨ ਰਾਤ ਕੰਮ ਕਰ ਰਿਹਾ ਹੈ।

ਸਾਰੇ ਬੁਲਾਰਿਆਂ ਨੇ ਗੁਰਮਤਿ ਪ੍ਰਚਾਰ ਸੁਸਾਇਟੀ ਦੇ ਪ੍ਰਬੰਧਕਾਂ- ਮਲਕੀਤ ਸਿੰਘ ਬਾਸੀ, ਦਲਜੀਤ ਸਿੰਘ ਇੰਡੀਆਨਾ, ਸੁਖਮਿੰਦਰ ਸਿੰਘ, ਹਰਦੀਪ ਸਿੰਘ ਵਿਰਦੀ, ਕੁਲਬੀਰ ਸਿੰਘ, ਬਲਜੀਤ ਸਿੰਘ ਧਾਲੀਵਾਲ, ਗੁਰਦੀਪ ਸਿੰਘ ਨਿੱਝਰ, ਦੇਵ ਨਿੱਝਰ, ਰਾਣਾ ਸਿੱਧੂ, ਰਣਜੀਤ ਸਿੰਘ ਅਜਨਾਲਾ, ਨਰਿੰਦਰ ਸਿੰਘ ਟੈਕਸਸ ਵੱਲੋਂ ਇਹ ਸਿੱਖ ਕਨਵੈਨਸ਼ਨ ਕਰਵਾਉਣ 'ਤੇ ਵਧਾਈ ਦਿੱਤੀ।

ਕਨਵੈਨਸ਼ਨ ਦੌਰਾਨ ਸਟੇਜ ਦੀ ਕਾਰਵਾਈ ਸ. ਕੁਲਦੀਪ ਸਿੰਘ ਕੰਗਣਵਾਲ ਜਾਗੋ ਖ਼ਾਲਸਾ ਅਤੇ ਸ. ਮਨਦੀਪ ਸਿੰਘ ਗਿੱਲ ਟੋਰਾਂਟੋ ਨੇ ਨਿਭਾਈ। ਸੰਗਤ ਲਈ ਲੰਗਰ ਦੀ ਸੇਵਾ ਇੰਡੀਆ ਪੈਲੇਸ ਦੇ ਮਾਲਕ ਸ. ਸੁਖਦੇਵ ਸਿੰਘ ਸਮਰਾ ਨੇ ਕੀਤੀ। ਰੇਡੀਓ ਚੰਨ ਪਰਦੇਸੀ ਅਤੇ ਰੇਡੀਓ ਵਾਇਸ ਆਫ਼ ਖ਼ਾਲਸਾ ਨੇ ਸਾਰੇ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ ਕੀਤਾ।

# ਏਸ਼ਿਆਈ ਖੇਡਾਂ ਵਿਚ ਭਾਰਤ ਦੀ ਕਾਰਗੁਜ਼ਾਰੀ

**ਪ੍ਰਿੰ. ਸਰਵਣ ਸਿੰਘ**

ਦੱਖਣੀ ਕੋਰੀਆ ਦੇ ਸ਼ਹਿਰ ਇੰਚਿਓਨ ਵਿਚ 19 ਸਤੰਬਰ ਤੋਂ ਸ਼ੁਰੂ ਹੋਈਆਂ ਏਸ਼ਿਆਈ ਖੇਡਾਂ 4 ਅਕਤੂਬਰ ਨੂੰ ਸਮਾਪਤ ਹੋ ਗਈਆਂ ਹਨ। ਆਕਾਰ ਪੱਖੋਂ ਏਸ਼ਿਆਈ ਖੇਡਾਂ ਓਲੰਪਿਕ ਖੇਡਾਂ ਤੋਂ ਬਾਅਦ ਸਭ ਤੋਂ ਵੱਡੀਆਂ ਖੇਡਾਂ ਕਹੀਆਂ ਜਾਂਦੀਆਂ ਹਨ। ਦੁਨੀਆਂ ਦੀ ਦੋ ਤਿਹਾਈ ਆਬਾਦੀ ਏਸ਼ੀਆ 'ਚ ਵਸਦੀ ਹੈ। ਇੰਚਿਓਨ ਵਿਚ 45 ਮੁਲਕਾਂ ਦੇ 9501 ਚੋਣਵੇਂ ਖਿਡਾਰੀਆਂ ਤੇ ਖੇਡ ਅਧਿਕਾਰੀਆਂ ਨੇ ਭਾਗ ਲਿਆ। ਸਾਰਾ ਖੇਡ ਸਟਾਫ 14000 ਤਕ ਚਲਾ ਗਿਆ। ਓਲੰਪਿਕ ਖੇਡਾਂ ਦੇ ਸਪੋਰਟਸ ਪ੍ਰੋਗਰਾਮ ਵਾਲੀਆਂ 28 ਖੇਡਾਂ ਸਮੇਤ ਕੁਲ 36 ਖੇਡਾਂ ਦੇ ਮੁਕਾਬਲੇ ਹੋਏ ਜਿਨ੍ਹਾਂ ਲਈ 439 ਤਮਗਿਆਂ ਦੇ ਸੈਟ ਦਾਅ ਉਤੇ ਸਨ। ਇਨ੍ਹਾਂ ਖੇਡਾਂ ਵਿਚ 14 ਵਰਲਡ ਰਿਕਾਰਡ ਤੇ 28 ਏਸ਼ਿਆਈ ਰਿਕਾਰਡ ਨਵੇਂ ਕਾਇਮ ਹੋਏ ਹਨ। ਜਾਪਾਨ ਦੇ ਤੈਰਾਕ ਕੋਸੁਕੀ ਹਗੀਨੋ ਨੂੰ ਇਨ੍ਹਾਂ ਖੇਡਾਂ ਦਾ ਸਰਵੋਤਮ ਖਿਡਾਰੀ ਐਲਾਨਿਆ ਗਿਆ ਹੈ। ਉਸ ਨੇ 4 ਸੋਨੇ, 1 ਚਾਂਦੀ ਤੇ 2 ਤਾਂਬੇ ਦੇ ਤਮਗੇ ਜਿੱਤੇ ਹਨ।

ਕੁਲ 439 ਸੋਨ ਤਮਗਿਆਂ 'ਚੋਂ ਚੀਨ ਨੇ 151, ਕੋਰੀਆ 79, ਜਾਪਾਨ 47, ਕਜ਼ਾਕਸਤਾਨ 28, ਇਰਾਨ 21, ਥਾਈਲੈਂਡ 12, ਉਤਰੀ ਕੋਰੀਆ 11 ਤੇ ਭਾਰਤ ਨੇ 11 ਜਿੱਤੇ। ਭਾਰਤ 11 ਗੋਲਡ ਮੈਡਲ ਜਿੱਤ ਕੇ ਅੱਠਵੇਂ ਸਥਾਨ 'ਤੇ ਆਇਆ ਹੈ। ਭਾਰਤ ਦੇ ਹਿੱਸੇ 2 ਗੋਲਡ ਮੈਡਲ ਕਬੱਡੀ, 2 ਅਥਲੈਟਿਕਸ ਅਤੇ ਹਾਕੀ, ਟੈਨਿਸ, ਸੁਕੈਸ਼, ਕੁਸ਼ਤੀ, ਮੁੱਕੇਬਾਜ਼ੀ, ਸ਼ੂਟਿੰਗ ਅਤੇ ਤੀਰਅੰਦਾਜ਼ੀ ਵਿਚੋਂ ਇਕ ਇਕ ਆਏ ਹਨ। 2010 ਵਿਚ ਗੁਆਂਗਜ਼ੂ ਦੀਆਂ 16ਵੀਆਂ ਏਸ਼ਿਆਈ ਖੇਡਾਂ 'ਚੋਂ 14 ਗੋਲਡ ਮੈਡਲ ਜਿੱਤ ਕੇ ਭਾਰਤ ਦਾ ਸਥਾਨ ਛੇਵਾਂ ਸੀ। ਭਾਰਤ ਅੱਗੇ ਵਧਣ ਦੀ ਥਾਂ ਤਿੰਨ ਕਦਮ ਪਿੱਛੇ ਜਾ ਪਿਆ ਹੈ। ਭਾਰਤ ਦੇ ਇਕ ਸ਼ਹਿਰ ਤੋਂ ਵੀ ਛੋਟਾ ਹਾਂਗਕਾਂਗ 6 ਸੋਨੇ, 12 ਚਾਂਦੀ ਤੇ 24 ਤਾਂਬੇ ਦੇ ਤਮਗਿਆਂ ਨਾਲ 42 ਤਮਗੇ ਜਿੱਤ ਗਿਆ ਹੈ। ਤਸੱਲੀ ਵਾਲੀ ਗੱਲ ਇਹੋ ਹੈ ਕਿ ਸ਼ਰੀਕ ਪਾਕਿਸਤਾਨ ਇਕ ਗੋਲਡ, ਇਕ ਸਿਲਵਰ ਤੇ 3 ਬਰਾਂਜ ਮੈਡਲ ਹੀ ਜਿੱਤ ਸਕਿਆ ਹੈ!

ਇਸ ਪ੍ਰਸੰਗ ਵਿਚ ਪਿਛਲੀਆਂ ਸੋਲਾਂ ਏਸ਼ਿਆਈ ਖੇਡਾਂ ਵਿਚ ਭਾਰਤ ਦੀ ਕਾਰਗੁਜ਼ਾਰੀ 'ਤੇ ਨਜ਼ਰ ਮਾਰਨੀ ਵਾਜਬ ਹੋਵੇਗੀ। ਭਾਰਤ ਏਸ਼ਿਆਈ ਖੇਡਾਂ ਦਾ ਮੋਢੀ ਹੈ। ਪਹਿਲੀਆਂ ਏਸ਼ਿਆਈ ਖੇਡਾਂ 1951 ਵਿਚ ਦਿੱਲੀ ਵਿਖੇ ਹੋਈਆਂ ਸਨ। ਉਨ੍ਹਾਂ ਵਿਚ 11 ਮੁਲਕਾਂ ਦੇ 489 ਖਿਡਾਰੀਆਂ ਨੇ 6 ਖੇਡਾਂ ਦੇ 57 ਈਵੈਂਟਾਂ ਵਿਚ ਭਾਗ ਲਿਆ ਸੀ। ਜਾਪਾਨ ਨੇ 24 ਸੋਨੇ, 21 ਚਾਂਦੀ, 15 ਕਾਂਸੀ, ਕੁਲ 60 ਤਮਗੇ ਜਿੱਤ ਕੇ ਪਹਿਲਾ ਸਥਾਨ ਹਾਸਲ ਕੀਤਾ ਸੀ। ਭਾਰਤ 15 ਸੋਨੇ, 16 ਚਾਂਦੀ, 21 ਕਾਂਸੀ, ਕੁਲ 52 ਤਮਗਿਆਂ



ਜਾਪਾਨੀ ਤੈਰਾਕ ਕੋਸੁਕੀ ਹਗੀਨੋ

ਨਾਲ ਦੂਜੇ ਸਥਾਨ 'ਤੇ ਸੀ। ਉਦੋਂ ਜਾਪਾਨ ਤੇ ਭਾਰਤ ਦੀ ਕਾਰਗੁਜ਼ਾਰੀ ਵਿਚ ਥੋੜ੍ਹਾ ਜਿਹਾ ਹੀ ਫਰਕ ਸੀ ਜੋ ਸਮੇਂ ਨਾਲ ਵਧਦਾ ਗਿਆ। ਬਾਅਦ ਵਿਚ ਤਾਂ ਹੋਰ ਵੀ ਕਈ ਮੁਲਕ ਭਾਰਤ ਤੋਂ ਅੱਗੇ ਨਿਕਲਦੇ ਰਹੇ ਤੇ ਇਕ ਸਮਾਂ ਐਸਾ ਵੀ ਆਇਆ ਜਦੋਂ ਭਾਰਤ ਇਕ ਗੋਲਡ ਮੈਡਲ ਹੀ ਜਿੱਤ ਸਕਿਆ।

1951 ਤੋਂ 2014 ਤਕ 63 ਸਾਲ ਦਾ ਸਮਾਂ ਭਾਰਤ ਦੀ 'ਆਜ਼ਾਦੀ' ਦਾ ਹੈ ਜਿਸ ਦੌਰਾਨ ਭਾਰਤ ਦੀ ਆਬਾਦੀ ਤਿਗਣੀ ਤੋਂ ਵਧ ਗਈ ਹੈ ਪਰ ਮੈਡਲ ਘਟ ਗਏ ਹਨ। ਏਸ਼ਿਆਈ ਖੇਡਾਂ ਵਿਚ ਦੂਜੇ ਸਥਾਨ ਤੋਂ ਤਿਲ੍ਹਕਦਾ ਭਾਰਤ ਬੀਜਿੰਗ ਦੀਆਂ 11ਵੀਆਂ ਏਸ਼ਿਆਈ ਖੇਡਾਂ 'ਚ ਬਾਰ੍ਹਵੇਂ ਸਥਾਨ 'ਤੇ ਚਲਾ ਗਿਆ ਸੀ। ਹੁਣ ਅੱਠਵੇਂ ਸਥਾਨ ਉਤੇ ਹੈ। ਗੱਲ ਸੋਚਣ ਦੀ ਹੈ ਕਿ ਕਸਰ ਕਿੱਥੇ ਹੈ?

1954 ਵਿਚ ਮਨੀਲਾ ਦੀਆਂ ਏਸ਼ਿਆਈ ਖੇਡਾਂ 'ਚ 19 ਮੁਲਕਾਂ ਦੇ 970 ਖਿਡਾਰੀਆਂ ਨੇ 8 ਸਪੋਰਟਸ ਦੇ 76 ਈਵੈਂਟਾਂ ਵਿਚ ਭਾਗ ਲਿਆ ਸੀ। ਉਥੇ ਜਾਪਾਨ ਤਾਂ 38+36+24 ਕੁਲ 98 ਤਮਗੇ ਜਿੱਤ ਗਿਆ ਪਰ ਭਾਰਤ 4+4+5=13 ਤਮਗੇ ਹੀ ਜਿੱਤ ਸਕਿਆ। ਸੋਨੇ ਦੇ ਚਾਰੇ ਤਮਗੇ ਪੰਜਾਬੀ/ਸਿੱਖ ਅਥਲੀਟ ਪ੍ਰਦੁੱਮਣ ਸਿੰਘ, ਸੋਹਣ ਸਿੰਘ ਤੇ ਸਰਵਣ ਸਿੰਘ ਦੇ ਸਨ। ਉਥੇ ਪਾਕਿਸਤਾਨ ਨੇ 4+5+0=9 ਤਮਗੇ ਜਿੱਤੇ ਸਨ। 1958 ਵਿਚ ਟੋਕੀਓ ਤੋਂ ਜਾਪਾਨ ਨੇ 67+42+30=139 ਮੈਡਲ ਜਿੱਤੇ। ਭਾਰਤ 5+4+4=13 ਮੈਡਲ ਹੀ ਜਿੱਤ ਸਕਿਆ। ਉਥੇ ਦੋ ਗੋਲਡ ਮੈਡਲ ਮਿਲਖਾ ਸਿੰਘ ਦੇ ਸਨ ਤੇ ਇਕ ਇਕ ਪ੍ਰਦੁੱਮਣ ਸਿੰਘ, ਬਲਕਾਰ ਸਿੰਘ ਤੇ ਅਜੀਤ ਸਿੰਘ ਦਾ ਸੀ। ਉਦੋਂ ਭਾਰਤ ਦੇ ਵਧੇਰੇ ਮੈਡਲ ਪੰਜਾਬੀ ਖਿਡਾਰੀਆਂ ਰਾਹੀਂ ਹੀ ਜਿੱਤੇ ਜਾਂਦੇ ਸਨ ਪਰ ਬਾਅਦ ਵਿਚ ਪੰਜਾਬੀਆਂ ਦੀ ਵੀ ਪਹਿਲਾਂ ਵਾਲੀ ਚੜ੍ਹਤ ਨਹੀਂ ਰਹੀ।

ਏਸ਼ਿਆਈ ਖੇਡਾਂ ਦੇ ਮੈਡਲ ਜਿੱਤਣ ਵਿਚ ਭਾਰਤ ਦਾ ਸਥਾਨ 1951 ਵਿਚ ਦੂਜੇ ਤੋਂ 54 ਵਿਚ ਪੰਜਵਾਂ ਤੇ 58 ਵਿਚ ਸੱਤਵਾਂ ਹੁੰਦਾ ਹੋਇਆ 1962 ਦੀਆਂ ਖੇਡਾਂ ਵਿਚ ਫਿਰ ਦੂਜਾ ਹੋ ਗਿਆ ਸੀ। ਪਰ ਉਸ ਤੋਂ ਬਾਅਦ 1966 ਵਿਚ ਪੰਜਵਾਂ, 70 ਵਿਚ ਫਿਰ ਪੰਜਵਾਂ, 74 ਵਿਚ ਸੱਤਵਾਂ ਤੇ 78 ਵਿਚ ਛੇਵਾਂ ਰਿਹਾ। 1982 ਵਿਚ ਦਿੱਲੀ ਦੀਆਂ ਦੂਜੀਆਂ ਏਸ਼ਿਆਈ ਖੇਡਾਂ 'ਚ ਪੰਜਵਾਂ, 86 ਵਿਚ ਫਿਰ ਪੰਜਵਾਂ ਤੇ 90 'ਚ ਬਾਰ੍ਹਵਾਂ ਰਹਿ ਗਿਆ। ਬੀਜਿੰਗ ਦੀਆਂ ਖੇਡਾਂ ਵਿਚ ਚੀਨ ਨੇ 183+107+51=341 ਮੈਡਲ ਜਿੱਤੇ ਸਨ। ਦੱਖਣੀ ਕੋਰੀਆ 54+54+73 ਕੁਲ 181 ਮੈਡਲ ਜਿੱਤ ਗਿਆ ਸੀ ਪਰ ਭਾਰਤ 1+8+14=23 ਮੈਡਲ ਹੀ ਜਿੱਤ ਸਕਿਆ ਸੀ। ਭਾਰਤ ਨੂੰ ਇਕੋ ਇਕ ਗੋਲਡ ਮੈਡਲ ਕੇਵਲ ਕਬੱਡੀ ਦਾ ਮਿਲਿਆ ਸੀ ਜੋ ਪਹਿਲੀ ਵਾਰ ਏਸ਼ਿਆਈ ਖੇਡਾਂ 'ਚ ਸ਼ਾਮਲ ਕੀਤੀ ਗਈ ਸੀ।

1994 ਦੀਆਂ ਖੇਡਾਂ 'ਚ ਭਾਰਤ ਅੱਠਵੇਂ, 98 'ਚ ਨੌਵੇਂ, 2002 'ਚ ਸੱਤਵੇਂ, 06 'ਚ ਅੱਠਵੇਂ ਤੇ 2010 'ਚ ਛੇਵੇਂ ਥਾਂ ਰਿਹਾ। ਚੀਨ, ਦੱਖਣੀ ਕੋਰੀਆ, ਜਾਪਾਨ, ਇਰਾਨ ਤੇ ਕਜ਼ਾਖ਼ਸਤਾਨ ਉਸ ਤੋਂ ਮੂਹਰੇ ਰਹੇ। 1951 ਤੋਂ 78 ਤਕ ਦੀਆਂ ਏਸ਼ਿਆਈ ਖੇਡਾਂ 'ਚ ਜਾਪਾਨ ਪਹਿਲੇ ਸਥਾਨ 'ਤੇ ਰਿਹਾ ਸੀ। 1982 ਤੋਂ 2014 ਤਕ ਚੀਨ ਪਹਿਲੇ ਸਥਾਨ ਉਤੇ ਚਲਿਆ ਆ ਰਿਹੈ। ਇਹ ਵਰਣਨਯੋਗ ਹੈ ਕਿ ਚੀਨ 1974 ਤੋਂ ਏਸ਼ਿਆਈ ਖੇਡਾਂ 'ਚ ਭਾਗ ਲੈਣ ਲੱਗਾ ਹੈ। ਪਹਿਲਾਂ ਉਹ ਕੌਮਾਂਤਰੀ ਖੇਡਾਂ ਵਿਚ ਭਾਗ ਨਹੀਂ ਸੀ ਲੈਂਦਾ। ਹੁਣ ਚੀਨ ਵਿਸ਼ਵ ਦੀ ਸਰਵੋਤਮ ਖੇਡ ਸ਼ਕਤੀ ਹੈ। ਚੀਨ ਕਿਥੋਂ ਕਿਥੇ ਪਹੁੰਚਿਆ ਤੇ ਭਾਰਤ ਕਿਥੋਂ ਕਿਥੇ? ਗੱਲ ਸੋਚਣ-ਵਿਚਾਰਨ ਦੀ ਹੈ। ਕਿਸੇ ਸਮੇਂ ਨਸ਼ਿਆਂ 'ਚ ਗ੍ਰਸਤ ਚੀਨ ਜੇ ਖੇਡਾਂ 'ਚ ਅੱਗੇ ਵਧ ਸਕਦੈ ਤਾਂ ਜੋਧਿਆਂ ਬਲਕਾਰਾਂ ਦੀ ਪਰੰਪਰਾ ਵਾਲਾ ਭਾਰਤ ਕਿਉਂ ਨਹੀਂ?

ਜਿਥੋਂ ਤਕ ਖਿਡਾਰੀਆਂ ਦੇ ਏਸ਼ਿਆਈ ਖੇਡਾਂ ਵਿਚ ਭਾਗ ਲੈਣ ਦੀ ਗੱਲ ਹੈ ਭਾਰਤ ਭਰਵੇਂ ਦਲਾਂ ਨਾਲ ਭਾਗ ਲੈਂਦਾ ਰਿਹਾ ਹੈ। ਇੰਚਿਓਨ ਵਿਚ ਵੀ ਭਾਰਤ ਦੇ 515 ਖਿਡਾਰੀ/ਅਧਿਕਾਰੀ ਗਏ ਸਨ। ਚੀਨ ਦਾ ਦਲ 894, ਕੋਰੀਆ ਦਾ 833, ਜਾਪਾਨ ਦਾ 718 ਤੇ ਥਾਈਲੈਂਡ ਦਾ 518 ਜਣਿਆਂ ਦਾ ਸੀ। ਬਾਕੀ ਦਲ ਭਾਰਤ ਤੋਂ ਛੋਟੇ ਸਨ। ਇੰਚਿਓਨ ਵਿਚ ਭਾਰਤ ਨੇ ਜੋ ਵੱਡੀ ਜਿੱਤ ਜਿੱਤੀ ਉਹ ਹਾਕੀ ਦੀ ਹੈ। ਇਸ ਨਾਲ ਭਾਰਤ ਓਲੰਪਿਕ ਖੇਡਾਂ ਲਈ ਕੁਆਲੀਫਾਈ ਕਰ ਗਿਆ ਹੈ। 1928 ਦੀਆਂ ਓਲੰਪਿਕ ਖੇਡਾਂ ਤੋਂ ਲੈ ਕੇ ਭਾਰਤ ਨੇ ਓਲੰਪਿਕ ਖੇਡਾਂ ਵਿਚੋਂ 8 ਸੋਨੇ, 1 ਚਾਂਦੀ ਤੇ 2 ਤਾਂਬੇ ਦੇ ਤਮਗੇ ਜਿੱਤੇ ਹਨ। ਹੁਣ ਤਾਂ ਕੁਆਲੀਫਾਈ ਕਰਨਾ ਵੀ ਵੱਡੀ ਗੱਲ ਸਮਝੀ ਜਾ ਰਹੀ ਹੈ!

ਭਾਰਤ ਨੇ ਏਸ਼ਿਆਈ ਖੇਡਾਂ 'ਚੋਂ ਹਾਕੀ ਦੇ ਕੇਵਲ ਤਿੰਨ ਵਾਰ ਗੋਲਡ ਮੈਡਲ ਜਿੱਤੇ ਹਨ। 1966, 1998 ਤੇ 2014 ਵਿਚ। ਪਾਕਿਸਤਾਨ ਦੀ ਹਾਕੀ ਟੀਮ ਏਸ਼ਿਆਈ ਖੇਡਾਂ 'ਚੋਂ ਅੱਠ ਵਾਰ ਤੇ ਕੋਰੀਆ ਦੀ ਟੀਮ ਚਾਰ ਵਾਰ ਗੋਲਡ ਮੈਡਲ ਜਿੱਤੀ ਹੈ। ਵੇਖਣਾ ਹੁਣ ਇਹ ਹੋਵੇਗਾ ਕਿ ਭਾਰਤੀ ਹਾਕੀ ਟੀਮ ਓਲੰਪਿਕ ਖੇਡਾਂ ਤੇ ਵਰਲਡ ਹਾਕੀ ਕੱਪ ਵਿਚ ਕਿਹੋ ਜਿਹਾ ਕਮਾਲ ਵਿਖਾਉਂਦੀ ਹੈ? ਇਹ ਵੀ ਕਿ 2016 ਦੀਆਂ ਓਲੰਪਿਕ ਖੇਡਾਂ ਤੇ 2018 ਦੀਆਂ ਏਸ਼ਿਆਈ ਖੇਡਾਂ ਵਿਚ ਭਾਰਤ ਦੇ ਮੈਡਲਾਂ ਦਾ ਗਰਾਫ ਉਪਰ ਨੂੰ ਜਾਂਦਾ ਹੈ ਜਾਂ ਥੱਲੇ ਨੂੰ ਆਉਂਦਾ ਹੈ? ਜਿਨ੍ਹਾਂ ਨੇ ਮੈਡਲ ਜਿੱਤੇ ਹਨ ਉਨ੍ਹਾਂ ਨੂੰ ਉਚਿਤ ਇਨਾਮਾਂ ਸਨਮਾਨਾਂ ਨਾਲ ਸਨਮਾਨਿਆ ਜਾਣਾ ਚਾਹੀਦੈ। ਉਹ 450 ਕਰੋੜ ਲੋਕਾਂ 'ਚੋਂ ਜ਼ੋਰ/ਜੁਗਤ ਦੇ ਖੇਡ ਮੁਕਾਬਲਿਆਂ ਵਿਚ ਜਿੱਤ-ਮੰਚ 'ਤੇ ਚੜ੍ਹੇ ਹਨ ਤੇ ਤਿਰੰਗਾ ਲਹਿਰਾਇਆ ਹੈ। ਭਾਰਤ ਦੇ ਖੇਡ ਅਧਿਕਾਰੀਆਂ ਤੇ ਸਰਕਾਰੀਆਂ ਨੂੰ ਸਲਾਮੀ ਵਾਲੀਆਂ ਚੌਧਰਾਂ ਤੇ ਬੋਲਣ ਚੱਲਣ ਦੇ ਫੋਕੇ ਬਿਆਨਾਂ ਦੀ ਥਾਂ ਆਪਣੀ ਪੀੜ੍ਹੀ ਹੇਠ ਸੋਟਾ ਜ਼ਰੂਰ ਫੇਰ ਲੈਣਾ ਚਾਹੀਦੈ।

ਕਿਤੇ ਇਹ ਨਾ ਹੋਵੇ ਕਿ 1962 ਵਿਚ ਜਕਾਰਤਾ ਦੀਆਂ ਚੌਥੀਆਂ ਏਸ਼ਿਆਈ ਖੇਡਾਂ ਵਿਚ ਦੂਜਾ ਸਥਾਨ ਲੈਣ ਵਾਲਾ ਭਾਰਤ 2018 ਵਿਚ ਹੋਣ ਵਾਲੀਆਂ ਜਕਾਰਤਾ ਦੀਆਂ 18ਵੀਆਂ ਖੇਡਾਂ ਵਿਚ ਦਸਵੇਂ ਥਾਂ ਜਾ ਪਵੇ!



ਭਾਰਤੀ ਹਾਕੀ ਟੀਮ ਜੇਤੂ ਟਰਾਫੀ ਨਾਲ

# ਸੁਰਿੰਦਰ ਧਨੋਆ ਦੀ ਰੰਗਮੰਚ ਵੱਲ ਹੋਰ ਪੁਲਾਂਘ-ਉਮਰਾਂ ਲੰਘੀਆਂ ਪੱਬਾਂ ਭਾਰ

**ਐਸ. ਅਸ਼ੋਕ ਭੌਰਾ**

ਰੰਗਮੰਚ ਨਾਲ ਵੀ ਮੇਰਾ ਰਿਸ਼ਤਾ ਹੈ ਜੋ ਮੈਨੂੰ ਇਹਦੇ ਵੱਲ ਖਿੱਚਣ ਲਈ ਧੂਹ ਪਾਉਂਦਾ ਰਹਿੰਦਾ ਹੈ। ਇਸੇ ਲਈ ਮੈਂ ਉਕਤ ਵਿਸ਼ੇ 'ਤੇ ਗੱਲ ਕਰਨ ਤੋਂ ਪਹਿਲਾਂ ਚਰਖਾ ਪੀੜ੍ਹੇ ਸਮੇਤ ਡਾਹਾਂਗਾ। ਕਪੂਰ ਸਿੰਘ ਘੁੰਮਣ ਨੂੰ ਮੈਂ ਭਾਸ਼ਾ ਵਿਭਾਗ ਦੇ ਦਿਨਾਂ ਵਿਚ ਮਿਲਦਾ ਰਿਹਾ ਹਾਂ। ਹਰਪਾਲ ਟਿਵਾਣਾ ਦੀ 'ਦੀਵਾ ਬਲੇ ਸਾਰੀ ਰਾਤ', ਬਲਕਰਨ ਵੜਿੰਗ ਦੀ 'ਉਡੀਕਾਂ ਸਾਉਣ ਦੀਆਂ' ਦੀ ਬਹੁਤੀ ਅਖਬਾਰੀ ਕਵਰੇਜ ਮੇਰਿਆਂ ਹੱਥਾਂ ਵਿਚੋਂ ਲੰਘੀ ਹੈ। ਮਾਨਸਾ ਕਾਲਜ ਵਿਚ ਜੱਸੋਵਾਲ ਨਾਲ ਅਜਮੇਰ ਔਲਖ ਗਲਾਸੀ ਖੜਕਾਉਂਦਾ ਰਿਹਾ ਹੈ। ਦੁਆਬਾ ਕਲਾ ਮੰਚ ਮੰਗੂਵਾਲ ਦਾ ਦੂਰਦਰਸ਼ਨ ਨਾਲ ਸਬੱਬ ਮੀਡੀਆ ਪੱਖੋਂ ਮੇਰੀ ਨਜ਼ਰੀਂ ਹੀ ਲੰਘਿਆ ਹੈ, ਭਾਅਜੀ ਗੁਰਸ਼ਰਨ ਅਤੇ ਜਸਵੰਤ ਖਟਕੜ ਦੇ ਨਾਟਕ ਸ਼ੌਂਕੀ ਮੇਲੇ 'ਤੇ ਕਰਵਾਏ। ਚੰਡੀਗੜ੍ਹ ਵਾਲੇ ਨਰਿੰਦਰ ਸਿੰਘ ਦੇ ਬੈਲੇ ਵੀ ਤੇ ਸਟਰੈਟਫੋਰਟ (ਇੰਗਲੈਂਡ) ਵਿਚ ਸ਼ੇਕਸਪੀਅਰ ਦੇ ਰਾਇਲ ਥਿਏਟਰ ਵਿਚ ਉਹਦੇ ਨਾਟਕ ਅੱਖੀਂ ਵੇਖਣ ਦਾ ਮੌਕਾ ਮਿਲਿਆ। ਇਸੇ ਲਈ ਥਿਏਟਰ ਨਾਲ ਮੇਰੀ ਸਾਂਝ ਹੈ, ਤੇ ਸੁਰਿੰਦਰ ਧਨੋਆ ਦੀ ਅਮਰੀਕਾ ਵਿਚ ਪੰਜਾਬੀ ਥਿਏਟਰ ਨੂੰ ਦੇਣ ਅਤੇ ਨਿਰੰਤਰ ਕਾਰਜਸ਼ੈਲੀ ਨੂੰ ਮੈਂ ਸਿਜਦਾ ਕਰਦਿਆਂ ਹੀ ਉਹਦੀ ਅਤੇ ਉਹਦੇ ਨਾਟਕਾਂ ਦੀ ਗੱਲ ਕਰਨ ਲੱਗਾ ਹਾਂ।

ਸ਼ੇਕਸਪੀਅਰ ਦਾ ਕਥਨ ਹੈ ਕਿ ਮਨੁੱਖ ਕਿਉਂਕਿ ਜ਼ਿੰਦਗੀ ਦੇ ਰੰਗਮੰਚ 'ਤੇ ਹਰ ਰੋਜ਼ ਥਿਏਟਰ ਕਰ ਰਿਹਾ ਹੈ, ਇਸ ਲਈ ਕੋਈ ਵੀ ਇਹ ਗੱਲ ਨਹੀਂ ਕਹਿ ਸਕਦਾ ਕਿ ਉਸ ਦਾ ਥਿਏਟਰ ਨਾਲ ਕੋਈ ਵਾਸਤਾ ਜਾਂ ਲਾਗਾ-ਦੇਗਾ ਨਹੀਂ। ਪਾਤਰ ਬਦਲ ਰਹੇ ਨੇ, ਥਿਏਟਰ ਲਗਾਤਾਰ ਚੱਲ ਰਿਹਾ ਹੈ, ਇਸ ਲਈ ਇਸ ਖੇਤਰ ਵਿਚ ਹੋਰ ਅਤੇ ਲਗਾਤਾਰ ਕੰਮ ਕਰਨ ਦੀ ਕੋਸ਼ਿਸ਼ ਬਣੀ ਵੀ ਰਹੇਗੀ ਤੇ ਬਣੀ ਵੀ ਰਹਿਣੀ ਚਾਹੀਦੀ ਹੈ। ਬਲਵੰਤ ਗਾਰਗੀ ਨਾਲ 1971 ਵਿਚ 'ਡਿਜ਼ਾਇਰ ਅੰਡਰ ਐਲਮਜ਼' ਵੇਲੇ ਕੁਝ ਪਲ ਮਦਦ ਕਰਨ, ਸੰਗਮ ਕਰਨ ਦੀ ਅੜੀ ਨੇ ਇੱਛਾ ਦੇ ਬੂਟੇ ਨੂੰ ਅੰਦਰਲੀ ਲਗਨ ਵਾਲੀ ਅੰਗੜਾਈ ਨਾਲ ਫ਼ਲ ਉਦੋਂ ਲੱਗਾ ਜਦੋਂ ਉਸ (ਸੁਰਿੰਦਰ ਧਨੋਆ) ਨੇ ਅਮਰੀਕਾ ਦੀ ਕੈਲੀਫੋਰਨੀਆ ਸਟੇਟ ਵਿਚ 'ਪੰਜਾਬ ਲੋਕ ਰੰਗ' ਦੀ ਸਥਾਪਨਾ 2006 ਵਿਚ ਕਰ ਕੇ ਇਥੇ ਵਿਚਰਦੀ ਪੰਜਾਬੀ ਦੁਨੀਆਂ ਵਿਚੋਂ ਅਦਾਕਾਰ ਲੱਭੇ, ਬਣਾਏ, ਉਨ੍ਹਾਂ ਨੂੰ ਮੰਚ ਦਿੱਤਾ ਅਤੇ 2008 ਵਿਚ ਪਹਿਲਾ ਨਾਟਕ 'ਮਿੱਟੀ ਰੁਦਨ ਕਰੇ' ਸਫ਼ਲਤਾ ਨਾਲ ਪੇਸ਼ ਕਰ ਕੇ ਆਰਟ ਦੇ ਖੇਤਰ ਵਿਚ ਦਰਸਾਇਆ ਕਿ ਸਦੀ ਜਿੱਡੀ ਲੰਮੀ ਉਮਰ ਤੋਂ ਵਸਦੇ ਪੰਜਾਬੀ ਆਪਣੇ ਵਿਰਸੇ ਲਈ ਆਹ ਕੁਝ ਵੀ ਕਰ ਸਕਦੇ ਹਨ, ਤੇ ਇੱਦਾਂ ਹੋਣਾ ਵੀ ਚਾਹੀਦਾ ਸੀ। ਹਰ ਕਾਰਜ ਵਿਚ ਖਾਸ ਤੌਰ 'ਤੇ ਕਲਾ ਦੀ ਸਿਰਜਣਾ ਅੱਗੇ ਲੱਗਣ ਵਾਲੇ ਲੋਕਾਂ ਨੂੰ ਵੀ ਕਿਉਂਕਿ ਯਾਦ ਕੀਤਾ ਜਾਂਦਾ ਰਹੇਗਾ, ਇਸ ਲਈ ਥਿਏਟਰ ਦੀ ਅੰਗੜਾਈ ਵਿਚ ਇਹ ਸਿਹਰਾ ਤੇ ਮਾਣ ਸੁਰਿੰਦਰ ਧਨੋਆ ਤੇ ਉਹਦੀ ਸੰਸਥਾ ਨੂੰ ਜਾਂਦਾ ਰਹੇਗਾ।

ਆਪਣੀ ਉਮਰ ਤੋਂ ਪਿਛਾਂਹ ਰਹਿ ਕੇ ਚੱਲਣ ਵਾਲੇ ਧਨੋਆ ਬਾਰੇ ਜੇ ਕੋਈ ਨਵਾਂ ਬੰਦਾ ਪੁੱਛੇ ਕਿ ਕੁਝ ਦੱਸੋ, ਤਾਂ ਇੰਡੀਆ ਤੱਕ ਭੰਗੜਾ ਟੀਮ ਨੂੰ ਲੱਕ ਦੇ ਹੁਲਾਰੇ ਦੇਣ ਵਾਲਾ ਧਨੋਆ ਕੱਦ ਵਿਚ ਵੀ ਲੰਮਾ ਹੈ, ਸੁਨੱਖਾ ਵੀ ਹੈ, ਮੁੱਛਾਂ ਵੀ ਰਤਾ ਉਪਰ ਨੂੰ ਰੱਖਦਾ ਹੈ, ਹਿੰਮਤੀ ਹੈ, ਸਿਰੜੀ ਹੈ, ਕੁਸ਼ਲ ਪ੍ਰਬੰਧਕ ਹੈ, ਇਸੇ ਲਈ ਦੇਖੋ... ਸਿਰਫ਼ ਛੇ ਸਾਲਾਂ ਦੇ ਵਕਫ਼ੇ ਵਿਚ ਜਦੋਂ ਨਿਆਣਾ ਸਿਰਫ਼ ਚੁੰਘਣੀ ਛੱਡਦਾ ਹੈ, ਉਹਨੇ 'ਮਿੱਟੀ ਰੁਦਨ ਕਰੇ' ਖੇਡਿਆ, ਫਿਰ 'ਸਰਦਲ ਦੇ ਆਰ-ਪਾਰ', ਫਿਰ 'ਗੁਰੂ ਮਾਨਿਓ ਗ੍ਰੰਥ', ਫਿਰ 'ਗਦਰ ਲਹਿਰ' ਤੇ ਆਤਮਜੀਤ ਦਾ 'ਗਦਰ ਐਕਸਪ੍ਰੈਸ', ਫ਼ਿਰ 'ਪੱਤਣਾਂ 'ਤੇ ਰੋਣ ਖੜ੍ਹੀਆਂ' ਨਾਟਕ ਖੇਡੇ। ਹਾਲਾਂਕਿ ਇਸ ਤੋਂ ਪਹਿਲਾਂ ਉਹਦੀ ਨਿਰਦੇਸ਼ਨ ਹੇਠ ਥਿਏਟਰ ਦੀਆਂ ਲਘੂ ਪੇਸ਼ਕਾਰੀਆਂ 'ਸ਼ਹੀਦ' ਅਤੇ 'ਬਾਰੀਂ ਬਰਸੀ ਖੱਟਣ ਗਿਆ ਸੀ' ਵੀ ਬੇਹੱਦ ਸਲਾਹੀਆਂ ਗਈਆਂ ਸਨ। ਬਲਜੀਵਨ ਵਰਗਾ ਮੁਕੰਮਲ ਕਲਾਕਾਰ ਧਨੋਆ ਦੀ ਟੀਮ ਦਾ ਸ਼ਿੰਗਾਰ ਰਿਹਾ ਹੈ, ਦਰਸ਼ਨ ਕਹਿਲ ਤੇ ਦਿਲਾਵਰ ਚਹਿਲ ਉਹਦੇ ਸੰਗ ਵਿਚ ਰੰਗ ਭਰ ਸਕੇ ਹਨ, ਤੇ ਜਿਨ੍ਹਾਂ ਲਈ ਉਹਨੇ ਹੋਰ ਬੂਹੇ ਖੋਲ੍ਹੇ ਹਨ, ਉਨ੍ਹਾਂ ਦੀ ਗੱਲ ਮੈਂ ਅੱਗੇ ਚੱਲ ਕੇ ਕਰਾਂਗਾ।


ਜਿਨ੍ਹਾਂ ਨੂੰ ਹੋਰਨਾਂ ਬਾਰੇ ਗਿਆਨ ਹੁੰਦਾ ਹੈ, ਆਪਣੇ ਬਾਰੇ ਪੱਕਾ ਪਤਾ ਨਹੀਂ ਹੁੰਦਾ। ਬੱਸ, ਸੁਰਿੰਦਰ ਧਨੋਆ ਉਨ੍ਹਾਂ ਵਿਚੋਂ ਇਕ ਹੈ। ਮੈਂ ਕਹਿਣਾ ਇਹ ਚਾਹੁੰਦਾ ਹਾਂ ਕਿ ਵਿਦੇਸ਼ੀ ਧਰਤੀ 'ਤੇ ਆਪਣੀ ਵਿਰਾਸਤ ਦੀ ਗੱਲ ਜਿੰਨੀ ਧਨੋਆ ਕਰ ਗਿਆ ਹੈ, ਉਹ ਖੁਦ ਨਹੀਂ ਜਾਣਦਾ। ਉਂਜ ਦੁਨੀਆਂ ਤਾਂ ਛੇਤੀ ਕੀਤੇ ਆਪਣੇ ਆਪ ਨੂੰ ਵੀ ਮਾਨਤਾ ਨਹੀਂ ਦਿੰਦੀ, ਨੁਕਸ ਧਨੋਏ ਵਿਚ ਵੀ ਉਨ੍ਹਾਂ ਕੱਢ ਦੇਣੇ ਹਨ। ਇਹ ਉਹ ਲੋਕ ਹੁੰਦੇ ਹਨ ਜਿਹੜੇ ਪੁੱਠਾ-ਸਿੱਧਾ ਤਾਂ ਆਪਣੇ ਮੂੰਹ ਨਾਲ ਹੀ ਖਾਣਗੇ, ਪਰ ਦੁਖਣਾ ਇਨ੍ਹਾਂ ਦੇ ਢਿੱਡ ਨੇ ਹੀ ਹੁੰਦਾ। ਨਾਲੇ ਨਿਰੰਤਰ ਤੇ ਲਗਾਤਾਰ ਕੰਮ ਕਰਨ ਵਾਲੇ ਲੋਕਾਂ ਨੇ ਆਪਣੇ ਰਾਹ 'ਪਰ੍ਹੇ ਹੋ' ਕਹਿ ਕੇ ਹੀ ਬਣਾਉਣੇ ਹੁੰਦੇ ਹਨ। ਦੋਖੀ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਧਨੋਆ ਸੁਹਿਰਦ ਹੀ ਨਹੀਂ, ਚੰਗੇ ਪ੍ਰਬੰਧਾਂ ਦਾ ਪੂਰਾ ਮਾਹਿਰ ਜਾਂ ਮੁਕੰਮਲ ਹਕੀਮ ਹੈ। ਉਹਦੀ ਕਲਾ ਦੇ ਰਸਤਿਓਂ ਲੰਘਣ ਵਾਲੇ ਮਨੁੱਖ ਜਾਂ ਨਾ ਮੰਨਣ, ਪਰ ਟਿਕਟਾਂ ਦੋ-ਦੋ ਇਕੱਠੀਆਂ 'ਪੰਜਾਬ ਲੋਕ ਰੰਗ' ਦੀ ਖਿੜਕੀ ਤੋਂ ਹੀ ਲੈ ਕੇ ਗਏ ਹਨ।



ਸੁਰਿੰਦਰ ਧਨੋਆ



ਪਾਲੀ ਧਨੌਲਾ



ਸ਼ਕਤੀ ਮਾਣਕ

ਥਿਏਟਰ ਦਾ ਛੇਵਾਂ ਰੰਗ 'ਪੰਜਾਬ ਲੋਕ ਰੰਗ' ਜਿਹੜਾ ਹੁਣ ਨਾਟਕ ਜ਼ਰੀਏ ਪੇਸ਼ ਹੋਣ ਲੱਗਾ ਹੈ- 'ਉਮਰਾਂ ਲੰਘੀਆਂ ਪੱਬਾਂ ਭਾਰ', ਇਹਦੀ ਪਹਿਲੀ ਖਾਸੀਅਤ ਇਹ ਹੈ ਕਿ ਇਸ ਨੂੰ ਸੁਰਿੰਦਰ ਧਨੋਆ ਨੇ ਨਾ ਸਿਰਫ਼ ਨਿਰਦੇਸ਼ਨਾ ਦਿੱਤੀ ਹੈ, ਸਗੋਂ ਲਿਖਿਆ ਵੀ ਆਪ ਹੈ। ਗੁਰਦਾਸ ਮਾਨ ਦੇ ਹਿੱਟ ਗੀਤਾਂ ਦਾ ਅਰਥ ਇਹ ਰਿਹਾ ਹੈ ਕਿ ਜਦੋਂ ਆਪਣੇ ਖਿਆਲਾਂ ਨੂੰ ਤਰਜ਼ ਅਤੇ ਆਵਾਜ਼ ਆਪ ਦਿੱਤੀ ਜਾਵੇ, ਤਾਂ ਗੀਤ ਵਿਚ ਸੁਰ ਨਾਲ ਸੁਰੀਲੀ ਆਵਾਜ਼ ਵੀ ਆਪਣੇ ਵੱਲ ਖਿੱਚ ਲੈਂਦੀ ਹੈ। ਸੋ, ਅਮਲ ਵਿਚ ਲੱਗੇਗਾ ਕਿ ਇਸ ਛੇਵੇਂ ਦਰਿਆ ਦੀਆਂ ਛੱਲਾਂ ਪੂਰੀਆਂ ਉਠਣਗੀਆਂ, ਪਰ ਇਸ ਤੋਂ ਵੀ ਵੱਧ ਜੋ ਗੂੜ੍ਹਾ ਹੋ ਕੇ ਸਾਹਮਣੇ ਆਵੇਗਾ, ਉਹ ਹੋਵੇਗਾ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਦਾ ਮੁੱਖ ਕਿਰਦਾਰ। ਚਲੋ, ਇਸ ਗੱਲ ਨੂੰ ਤਾਂ ਮੰਨਿਆ ਹੀ ਜਾਵੇਗਾ ਕਿ ਮਾਣਕ ਦੀ ਬੇਟੀ ਹੋਣ ਦਾ ਲਾਭ ਸੁਰਿੰਦਰ ਧਨੋਆ ਤੇ ਉਸ ਦੀ ਸੰਸਥਾ ਨੂੰ ਹੋਵੇਗਾ ਹੀ, ਪਰ ਥਿਏਟਰ ਦੇ ਖੇਤਰ ਵਿਚ ਜਿਹੜੀ ਅਦਾਕਾਰੀ ਦੇਖਣ ਨੂੰ ਮਿਲੇਗੀ, ਉਹ ਆਰਟ ਨੂੰ ਸਮਝਣ ਵਾਲੇ ਜਾਣ ਜਾਣਗੇ ਕਿ ਕਲਾ ਦਾ ਖੂਨ ਦੇ ਰਿਸ਼ਤਿਆਂ ਨਾਲ ਸਬੰਧ ਕੀ ਹੁੰਦਾ ਹੈ। ਸ਼ਕਤੀ ਮਾਣਕ ਸੰਗੀਤ ਤੇ ਕਲਾ ਅਤੇ ਉਸ ਖਾਨਦਾਨ ਨਾਲ ਸਬੰਧ ਰੱਖਦੀ ਹੈ ਜਿਥੇ ਸਾਰਾ ਕੁਝ ਬਿਨ ਸਿੱਖਿਆਂ ਵੀ ਮੁਕੰਮਲ ਹੁੰਦਾ ਹੈ, ਸਿਰਫ਼ ਮੰਚ ਮੁਹੱਈਆ ਕਰਨ ਦੀ ਜ਼ਰੂਰਤ ਹੁੰਦੀ ਹੈ। ਤਸਦੀਕ ਕਰਾਂਗਾ ਕਿ ਸ਼ਕਤੀ ਦੀ ਅਦਾਕਾਰੀ ਨਾ ਸਿਰਫ ਥਿਏਟਰ ਲਈ, ਸਗੋਂ ਆਰਟ ਫ਼ਿਲਮਾਂ ਤੱਕ ਪਿੱਛਾ ਕਰ ਸਕਦੀ ਹੈ। ਸੱਚ ਇਹ ਹੈ ਕਿ 'ਉਮਰਾਂ ਲੰਘੀਆਂ ਪੱਬਾਂ ਭਾਰ' ਦਾ ਬਹੁਤਾ ਭਾਰ ਇਹ ਕੁੜੀ ਚੁੱਕਦਿਆਂ ਸਫ਼ਲਤਾ ਦਾ ਬੂਹਾ ਇਕ ਹੱਥ ਨਾਲ ਹੀ ਖੋਲ੍ਹ ਦੇਵੇਗੀ।

ਪੰਜ ਦਰਿਆ ਸੰਗੀਤ ਅਕਾਦਮੀ ਚਲਾਉਣ ਵਾਲਾ ਪਾਲੀ ਧਨੌਲਾ ਕਿਉਂਕਿ ਪਹਿਲੇ ਦਿਨ ਤੋਂ ਸਾਰੇ ਦਾ ਸਾਰਾ ਸੁਰਿੰਦਰ ਧਨੋਆ ਅਤੇ 'ਪੰਜਾਬ ਲੋਕ ਰੰਗ' ਨਾਲ ਜੁੜਿਆ ਹੋਇਆ ਹੈ, ਇਸ ਲਈ ਪਿਛਲੇ ਨਾਟਕਾਂ ਵਾਂਗ ਦਰਸ਼ਕਾਂ ਅਤੇ ਪੇਸ਼ਕਾਰੀ ਵਿਚਕਾਰਲੀ ਭੂਮਿਕਾ ਉਸ ਦੇ ਹੱਥ ਵਿਚ ਹੀ ਰਹੀ ਹੈ। ਉਹ ਜਾਣਦਾ ਹੈ ਕਿ ਕਲਾ ਦਾ ਕੇਲਾ ਕਿਧਰੋਂ ਛਿੱਲ ਕੇ ਖਾਈਦਾ ਹੈ ਅਤੇ ਛਿਲਕਾਂ ਕਿਥੇ ਸੁੱਟਣੀਆਂ ਹੁੰਦੀਆਂ ਹਨ। ਥਿਏਟਰ, ਲੋਕ ਨਾਚਾਂ ਤੇ ਲੋਕ ਰੰਗ ਲਈ ਦੂਹਰੀ-ਤੀਹਰੀ ਭੂਮਿਕਾ ਨਿਭਾਉਣ ਵਾਲੇ ਪਾਲੀ ਸਿਰ ਹੀ ਸਫ਼ਲਤਾ ਦੀ ਡੋਲੀ ਦਾ ਕੁਹਾਰਾਂ ਵਾਂਗ ਭਾਰ ਹੁੰਦਾ ਹੈ। ਪਾਲੀ ਦੇ ਹੀ ਦੱਸਣ ਅਨੁਸਾਰ, ਪਿਛਲੇ ਕਰੀਬ ਤਿੰਨ ਮਹੀਨਿਆਂ ਤੋਂ ਬੜੀ ਮਿਹਨਤ ਨਾਲ ਤਿਆਰ ਕੀਤਾ ਨਾਟਕ 8 ਨਵੰਬਰ ਨੂੰ ਯੂਨੀਅਨ ਸਿਟੀ ਲੋਗਨ ਹਾਈ ਸਕੂਲ ਦੇ ਪਰਫ਼ਾਰਮਿੰਗ ਤੇ ਆਰਟ ਸੈਂਟਰ ਵਿਚ ਖੇਡਿਆ ਜਾ ਰਿਹਾ ਹੈ ਤੇ ਪਾਲੀ ਦੇ ਦਾਅਵੇ ਅਨੁਸਾਰ, ਘਰ-ਘਰ ਦੀ ਕਹਾਣੀ ਆਮ ਦਰਸ਼ਕ ਨੂੰ ਲੱਗੇਗੀ ਤੇ ਦਰਦ ਤੋਂ ਵਿਅੰਗ, ਹਾਸਰਸ, ਸਭ ਕੁਝ ਪੂਰੇ ਦਾ ਪੂਰਾ ਚਿਤ ਪ੍ਰਚਾਵੇ ਲਈ ਇਕੋ ਮੰਚ ਤੋਂ ਲੱਭੇਗਾ।

ਇਕ ਨਾਟਕ ਵਿਚ ਜਿਨ੍ਹਾਂ ਹੋਰ ਕਲਾਕਾਰਾਂ ਦੀ ਭੂਮਿਕਾ ਹੈ, ਉਨ੍ਹਾਂ ਵਿਚ ਜਸਵਿੰਦਰ ਕੌਰ ਧਨੋਆ, ਮਨਮੀਤ ਚੌਧਰੀ, ਸੋਨੂੰ ਰਾਣਾ, ਅੰਮ੍ਰਿਤਪਾਲ ਸਰਾ, ਜਸਵਿੰਦਰ ਸੱਗੀ, ਮੋਨਿਕਾ ਉਪਲ, ਡਿੰਪਲ ਜੋਸ਼ੀ, ਸੋਨੀਆ ਚੇੜਾ, ਦਿਲਾਵਰ ਚਹਿਲ, ਦਰਸ਼ਨ ਔਜਲਾ, ਜਸਪਾਲ ਸੈਣੀ, ਸੇਵਾ ਸਰਾ, ਕੰਵਰ ਸਰਾ, ਲਵੀ ਸਰਾ ਤੇ ਸੁੱਖੀ ਚੀਮਾ ਦੇ ਨਾਂ ਸ਼ਾਮਲ ਹਨ। ਰੌਸ਼ਨੀ ਵਿਵੇਕ ਪੋਪਲੀ ਦੀ ਅਤੇ ਧੁਨ ਕੰਟਰੋਲ ਇੰਦਰਜੀਤ ਸਿੰਘ ਦਾ ਹੈ।

ਇਸ ਨਾਟਕ ਵਿਚ ਕਾਮੇਡੀ ਪੱਖ ਵਿਚ ਇਕ ਖਾਸ ਅੰਦਾਜ਼ ਪਹਿਲੀ ਵਾਰ ਵੇਖਣ ਨੂੰ ਮਿਲੇਗਾ। ਇਸੇ ਲਈ ਕਈ ਥਾਂ ਲੱਗੇਗਾ ਕਿ ਇਹ ਨਾਟਕ ਸ਼ਾਇਦ ਹਾਸਰਸ ਵਿਚ ਨਿਬੜ ਜਾਵੇਗਾ, ਤੇ ਕਈ ਵਾਰ ਇੱਦਾਂ ਕਿ ਪਾਤਰਾਂ ਦਾ ਦਰਦ ਸ਼ਾਇਦ ਮੁੱਕੇ ਨਾ। ਇਕ ਖਾਸ ਤਰ੍ਹਾਂ ਦੇ ਪਰਵਾਸੀ, ਵਿਦੇਸ਼ੀ ਅਨੁਭਵਾਂ ਵਿਚ ਲਿਪਟਿਆ ਸੰਦੇਸ਼ ਜਦੋਂ ਦਰਸ਼ਕਾਂ ਦੇ ਪੱਲੇ ਵਿਚ ਡਿੱਗੇਗਾ, ਤਾਂ ਕਹਿਣਾ ਹੀ ਪਵੇਗਾ- 'ਵਾਹ ਧਨੋਆ ਸਾਹਿਬ! ਕਿਆ ਬਾਤ ਐ!!'

ਵਿਸਥਾਰ ਵਿਚ ਪਾਤਰਾਂ ਤੇ ਕਿਰਦਾਰਾਂ ਦੀ ਗੱਲ ਫੇਰ ਸਹੀ, ਫਿਲਹਾਲ ਮੁਬਾਰਕਾਂ ਤੇ ਸ਼ੁਭ ਕਾਮਨਾਵਾਂ ਹੀ ਭੇਟ ਕਰਨੀਆਂ ਉਚਿਤ ਸਮਝਾਂਗਾ। ਕਲਾ ਦੀ ਪ੍ਰਸ਼ੰਸਾ ਇਸ ਕਰ ਕੇ ਕੀਤੀ ਜਾਂਦੀ ਰਹੀ ਹੈ ਕਿਉਂਕਿ ਇਹ ਜ਼ਿੰਦਗੀ ਦੇ ਰੌਸ਼ਨੀ ਨਾਲ ਭਰੇ ਪੱਖ ਨੂੰ ਪੇਸ਼ ਕਰਦੀ ਰਹੀ ਹੈ। ਸੁਰਿੰਦਰ ਧਨੋਆ ਕਲਾ ਦੇ ਮਿਹਨਤੀ ਕਾਫ਼ਲੇ ਦਾ ਆਗੂ ਬਣ ਗਿਆ ਹੈ।

# ਓਬਾਮਾ-ਮੋਦੀ ਸੰਮੇਲਨ ਦੌਰਾਨ ਲੋਕ ਅਦਾਲਤ ਵਲੋਂ ਮੋਦੀ ਦੋਸ਼ੀ ਕਰਾਰ

**ਵਾਸ਼ਿੰਗਟਨ, ਡੀ ਸੀ (ਬਿਊਰੋ):** ਇਥੇ ਲੈਫੀਏਟ ਪਾਰਕ ਵਿਚ ਸੈਂਕੜੇ ਦੀ ਗਿਣਤੀ ਵਿਚ ਪੁੱਜੇ ਸਿੱਖ ਭਾਰਤ ਵਿਚ ਧਾਰਮਿਕ ਘੱਟਗਿਣਤੀਆਂ ਨੂੰ ਵਧ ਰਹੇ ਖਤਰੇ ਖਿਲਾਫ ਰੋਸ ਪ੍ਰਦਰਸ਼ਨ ਕਰ ਰਹੇ ਸਨ। 'ਮੋਦੀ ਇਕ ਕਾਤਲ' ਦੇ ਨਾਅਰਿਆਂ ਦਰਮਿਆਨ ਸਿੱਖਸ ਫਾਰ ਜਸਟਿਸ ਵਲੋਂ ਬੁਲਾਈ ਗਈ ਲੋਕ ਅਦਾਲਤ ਨੇ 2002 ਵਿਚ ਮੁਸਲਮਾਨਾਂ 'ਤੇ ਨਸਲਕੁਸ਼ੀ ਹਮਲਿਆਂ ਵਿਚ ਮੋਦੀ ਦੀ ਭੂਮਿਕਾ ਲਈ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਨੂੰ ਦੋਸ਼ੀ ਕਰਾਰ ਦਿੱਤਾ ਗਿਆ।




ਵੱਖ ਵੱਖ ਧਰਮਾਂ ਦੀ ਸ਼ਮੂਲੀਅਤ ਵਾਲੀ 23 ਮੈਂਬਰੀ ਜਿਊਰੀ ਨੇ ਸਰਬਸੰਮਤੀ ਨਾਲ ਫੈਸਲਾ ਦਿੰਦਿਆਂ ਪ੍ਰਧਾਨ ਮੰਤਰੀ ਮੋਦੀ ਨੂੰ ਨਸਲਕੁਸ਼ੀ, ਪਹਿਲੇ ਦਰਜੇ ਦੇ ਕਤਲ, ਬਲਾਤਕਾਰ ਤੇ ਜਿਸਮਾਨੀ ਸ਼ੋਸ਼ਣ, ਤਸ਼ੱਦਦ, ਸਬੂਤਾਂ ਨਾਲ ਛੇੜਛਾੜ, ਗਵਾਹਾਂ/ਪੀੜਤਾਂ ਤੇ ਸੂਹੀਆਂ ਨੂੰ ਧਮਕਾਉਣਾ ਅਤੇ ਅਪਰਾਧਕ ਜਾਂਚ ਵਿਚ ਅੜਿੱਕੇ ਡਾਹੁਣ ਲਈ ਦੋਸ਼ੀ ਕਰਾਰ ਦਿੱਤਾ ਹੈ।

ਸੰਸਥਾ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਨੇ ਕਿਹਾ ਕਿ ਓਬਾਮਾ ਨੂੰ ਹਿੰਦੂਆਂ ਦੀ ਪਵਿੱਤਰ ਗੀਤਾ ਭੇਟ ਕਰਨਾ ਪ੍ਰਧਾਨ ਮੰਤਰੀ ਮੋਦੀ ਦੀ ਹਿੰਦੂ ਧਰਮ ਪ੍ਰਤੀ ਕੱਟੜਤਾ ਤੇ ਹਿੰਦੂ ਧਰਮ ਨੂੰ ਸਰਬ ਉਚ ਮੰਨਣ ਅਤੇ ਭਾਜਪਾ ਤੇ ਆਰ ਐਸ ਐਸ ਦੀ ਹਿੰਦੂ ਦੇਸ਼ ਬਣਾਉਣ ਦੀ ਯੋਜਨਾ ਸਾਫ ਵਿਖਾਈ ਦਿੰਦੀ ਹੈ। ਸਿੱਖ ਰਾਇਸ਼ੁਮਾਰੀ ਲਈ ਕੇਸ ਨੂੰ ਪੇਸ਼ ਕਰਦਿਆਂ ਅਟਾਰਨੀ ਪੰਨੂ ਨੇ ਕਿਹਾ ਕਿ ਕਿਉਂਕਿ ਭਾਰਤੀ ਸਵਿਧਾਨ ਸਿੱਖ ਧਰਮ ਨੂੰ ਵਖਰਾ ਧਰਮ ਨਹੀਂ ਮੰਨਦਾ, ਇਸ ਲਈ 2020 ਵਿਚ ਸਮੁੱਚਾ ਸਿੱਖ ਭਾਈਚਾਰਾ ਸਿੱਖਸ ਫਾਰ ਜਸਟਿਸ ਵਲੋਂ ਆਯੋਜਿਤ ਰਾਇਸ਼ੁਮਾਰੀ ਵਿਚ ਸਿੱਖਾਂ ਦੇ ਖੁਦਮੁਖਤਿਆਰੀ ਦੇ ਅਧਿਕਾਰ ਦੇ ਸਵਾਲ 'ਤੇ ਵੋਟ ਪਾਏਗਾ।

ਸੰਸਥਾ ਦੇ ਡਾਇਰੈਕਟਰ ਅਮਰਦੀਪ ਸਿੰਘ ਪੁਰੇਵਾਲ, ਜਤਿੰਦਰ ਸਿੰਘ ਗਰੇਵਾਲ ਕੈਨੇਡਾ, ਤਜਿੰਦਰ ਕੌਰ ਨਿੱਝਰ ਵੈਨਕੂਵਰ ਅਨੁਸਾਰ ਉਤਰੀ ਅਮਰੀਕਾ ਦੇ ਸਮੁੱਚੇ ਸਿੱਖ ਮੋਦੀ ਨੂੰ 2002 ਦੇ ਨਸਲਕੁਸ਼ੀ ਅਪਰਾਧ ਲਈ ਦੋਸ਼ੀ ਠਹਿਰਾਉਣ ਲਈ ਵਾਈਟ ਹਾਊਸ ਵਿਖੇ ਇਕੱਠੇ ਹੋਏ ਸਨ ਕਿਉਂਕਿ ਸਿੱਖ ਖੁਦ 1984 ਵਿਚ ਨਸਲਕੁਸ਼ੀ ਦਾ ਸ਼ਿਕਾਰ ਹੋਏ ਹਨ। 2002 ਅਤੇ ਨਵੰਬਰ 1984 ਦੀ ਨਸਲਕੁਸ਼ੀ ਵਿਚ ਕਾਫੀ ਸਮਾਨਤਾਵਾਂ ਸਨ ਕਿਉਂਕਿ ਜਿਵੇਂ ਸਿੱਖ ਨਸਲਕੁਸ਼ੀ ਕਰਵਾਉਣ ਤੋਂ ਬਾਅਦ ਰਾਜੀਵ ਗਾਂਧੀ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਸਨ, ਉਸੇ ਤਰ੍ਹਾਂ ਮੋਦੀ ਪਹਿਲਾਂ ਗੁਜਰਾਤ ਦੇ ਮੁੜ ਮੁੱਖ ਮੰਤਰੀ ਬਣੇ ਤੇ ਹੁਣ ਦੇਸ਼ ਦੇ ਪ੍ਰਧਾਨ ਮੰਤਰੀ। ਇਸ ਰੋਸ ਪ੍ਰਦਰਸ਼ਨ ਦਾ ਆਯੋਜਨ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ ਸੀ।

# ਪ੍ਰਦੂਸ਼ਣ ਨੇ ਮੌਨਸੂਨੀ ਮੀਂਹ ਘਟਾਏ

**ਲੰਡਨ:** ਪਿਛਲੇ 50 ਸਾਲਾਂ ਦੌਰਾਨ ਮਨੁੱਖੀ ਨਕਲੋ-ਹਰਕਤ ਕਾਰਨ ਪੈਦਾ ਹੋਏ ਪ੍ਰਦੂਸ਼ਣ ਕਰਕੇ ਮੌਨਸੂਨੀ ਮੀਂਹਾਂ ਵਿਚ ਕਮੀ ਆਈ ਹੈ। ਭਾਰਤ ਸਮੇਤ ਬਹੁਤ ਸਾਰੇ ਦੇਸ਼ਾਂ ਦੀ ਜ਼ਿੰਦਗੀ ਮੌਨਸੂਨੀ ਸੂਤਰ ਨਾਲ ਜੁੜੀ ਹੋਈ ਹੈ। ਖੋਜਕਾਰਾਂ ਦਾ ਕਹਿਣਾ ਹੈ ਕਿ ਵੀਹਵੀਂ ਸਦੀ ਦੇ ਦੂਜੇ ਅੱਧ ਦੌਰਾਨ ਉੱਤਰੀ ਗੋਲਾਰਧ ਦੇ ਦੇਸ਼ਾਂ ਵਿਚ ਗਰਮ ਰੁੱਤ ਦੇ ਮੌਨਸੂਨੀ ਮੀਂਹਾਂ ਵਿਚ 10 ਫੀਸਦੀ ਕਮੀ ਦਰਜ ਕੀਤੀ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਆਲਮੀ ਪੱਧਰ 'ਤੇ ਮੀਂਹ ਦੇ ਪੈਟਰਨ ਵਿਚ ਆ ਰਹੀਆਂ ਤਬਦੀਲੀ ਦਾ ਮਨੁੱਖੀ ਸਿਹਤ ਤੇ ਖੇਤੀਬਾੜੀ ਉਪਰ ਭਾਰੀ ਅਸਰ ਪਵੇਗਾ।



ਵਿਗਿਆਨੀਆਂ ਨੇ ਪਾਇਆ ਹੈ ਕਿ ਇਨਸਾਨ ਵੱਲੋਂ ਬਣਾਏ ਸਰੋਤਾਂ ਤੋਂ ਬਣਨ ਵਾਲੇ ਹਵਾਈ ਕਣ ਜਿਨ੍ਹਾਂ ਨੂੰ ਐਂਥਰੋ ਪੋਜੈਨਿਕ ਏਅਰੋਸੋਲਜ਼ ਕਿਹਾ ਜਾਂਦਾ ਹੈ, ਹੀ ਇਸ (ਮੌਨਸੂਨੀ ਮੀਂਹਾਂ ਵਿਚ ਕਮੀ) ਦੇ ਮੁੱਖ ਕਾਰਨ ਹਨ। ਵਾਯੂਮੰਡਲ ਵਿਚ ਏਅਰੋਸੋਲਜ਼ ਦੀ ਭਾਰੀ ਮਾਤਰਾ ਕਾਰਨ ਸੂਰਜ ਦੀ ਗਰਮੀ ਪਰਤ ਕੇ ਪੁਲਾੜ ਵਿਚ ਜਾ ਰਹੀ ਹੈ। ਇਸ ਨਾਲ ਧਰਤੀ ਦੀ ਸਤ੍ਹਾ ਵਿਚ ਲੋੜੀਂਦੀ ਗਰਮਾਇਸ਼ ਨਾ ਆਉਣ ਕਾਰਨ ਮੀਂਹ ਘੱਟ ਪੈ ਰਹੇ ਹਨ। ਏਅਰੋਸੋਲਜ਼ ਦੀ ਮਾਤਰਾ ਵਿਚ ਵਾਧਾ 1950ਵਿਆਂ ਤੋਂ ਸ਼ੁਰੂ ਹੋਇਆ ਸੀ ਤੇ ਇਸ ਵਿਚ ਸਭ ਤੋਂ ਵੱਧ 'ਯੋਗਦਾਨ' ਬਿਜਲੀ ਘਰਾਂ ਤੇ ਕਾਰਾਂ ਦਾ ਹੈ।ਖੋਜ ਦਲ ਨੇ 1951 ਤੋਂ 2005 ਤੱਕ ਉੱਤਰੀ ਗੋਲਾਰਧ ਵਿਚ ਔਸਤਨ ਮੌਨਸੂਨੀ ਮੀਂਹ ਦਾ ਹਿਸਾਬ ਲਾਇਆ ਹੈ। ਉਨ੍ਹਾਂ ਨੇ ਇਸ ਅਰਸੇ ਦੌਰਾਨ ਏਅਰੋਸੋਲਜ਼ ਤੇ ਗਰੀਨ ਹਾਊਸ ਗੈਸਾਂ ਵਿਚ ਵਾਧੇ ਦੇ ਅਸਰ ਨੂੰ ਨਾਪਣ ਲਈ ਕੰਪਿਊਟਰ ਆਧਾਰਤ ਜਲਵਾਯੂ ਮਾਡਲਾਂ ਦੀ ਵਰਤੋਂ ਕੀਤੀ ਹੈ।

ਐਡਿਨਬਰਗ ਯੂਨੀਵਰਸਿਟੀ ਦੇ ਖੋਜਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਕਾਰਜ ਦੌਰਾਨ ਅਜਿਹੇ ਸਪਸ਼ਟ ਸਬੂਤ ਮਿਲੇ ਹਨ ਜਿਸ ਤੋਂ ਪਤਾ ਚੱਲਦਾ ਹੈ ਕਿ ਇਨਸਾਨੀ ਨਕਲੋ-ਹਰਕਤ ਕਾਰਨ ਮੀਂਹ ਘੱਟ ਪੈ ਰਹੇ ਹਨ। ਗਰਮ ਰੁੱਤ ਦੀ ਮੌਨਸੂਨ ਵਿਚ ਰੱਦੋਬਦਲ ਨਾਲ ਭਾਰਤ, ਦੱਖਣ ਪੂਰਬੀ ਏਸ਼ੀਆ ਤੇ ਅਫਰੀਕਾ ਦੇ ਕੁਝ ਹਿੱਸਿਆਂ ਵਿਚ ਵਸਦੇ ਅਰਬਾਂ ਲੋਕਾਂ ਦੇ ਜੀਵਨ 'ਤੇ ਡੂੰਘਾ ਅਸਰ ਪੈ ਸਕਦਾ ਹੈ।

**ਤੇਰੀਆਂ ਗਲੀਆਂ-12**



*'ਬਾਹਮਣਾਂ ਦਾ ਸੱਤ ਦੇਵ' ਵਿਚ ਪੱਤਰਕਾਰ ਦਲਬੀਰ ਸਿੰਘ ਨੇ ਪਿੰਡ ਦੇ ਇਕ ਟੱਬਰ ਨਾਲ ਸਬੰਧਤ ਗੱਲਾਂ ਛੋਹੀਆਂ ਹਨ। ਇਸ ਲੇਖ ਵਿਚ ਠਾਠਾਂ ਮਾਰਦਾ ਪੁਰਾਣਾ ਪਿੰਡ ਅੱਖਾਂ ਅੱਗੇ ਘੁੰਮਣ ਲਗਦਾ ਹੈ। ਮਰਹੂਮ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਦੀ ਇਹ ਸਵੈ-ਜੀਵਨੀ 'ਤੇਰੀਆਂ ਗਲੀਆਂ' ਕੋਈ ਸਵੈ-ਜੀਵਨੀ ਨਹੀਂ; ਇਹ ਉਹਦੇ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਹੀ ਗੱਲਾਂ ਹਨ। ਇਹ ਅਸਲ ਵਿਚ ਨੰਗਲ ਸ਼ਾਮਾ ਦੀਆਂ ਗੱਲਾਂ ਵੀ ਨਹੀਂ, ਇਹ ਤਾਂ ਸਗੋਂ ਸਮੁੱਚੇ ਪੰਜਾਬ ਦੇ ਪਿੰਡਾਂ, ਲੋਕਾਂ ਅਤੇ ਆਲੇ-ਦੁਆਲੇ ਬਾਰੇ ਬੜੀਆਂ ਸਿੱਧੀਆਂ ਅਤੇ ਸੂਖਮ ਬਾਤਾਂ ਹਨ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲੇ ਹਨ। -ਸੰਪਾਦਕ*

# ਬਾਹਮਣਾਂ ਦਾ ਸੱਤ ਦੇਵ

*ਮੈਂ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਗਲੀਆਂ, ਨਾਲੀਆਂ, ਖੇਤਾਂ, ਖੂਹਾਂ, ਖੰਡਰਾਂ, ਦਰਖਤਾਂ, ਫਸਲਾਂ, ਤੀਵੀਂਆਂ, ਬੰਦਿਆਂ, ਇਸ ਦੀ ਮਿੱਟੀ ਦੇ ਕਿਣਕਿਆਂ ਉਤੇ ਕਵਿਤਾ ਲਿਖਣੀ ਚਾਹੁੰਦਾ ਹਾਂ। ਮੈਂ ਪਿੰਡ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਮੈਨੂੰ ਕਵਿਤਾ ਨਾ ਲਿਖਣ ਦਾ ਸਰਾਪ ਹੈ। ਦਰਅਸਲ ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ; ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ (ਚੰਡੀਗੜ੍ਹ) ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ। -ਦਲਬੀਰ ਸਿੰਘ*

ਜ਼ਰੂਰੀ ਨਹੀਂ ਕਿ ਇਕੱਲੇ ਸੱਤ ਦੇਵ ਸ਼ਰਮਾ ਦੀ ਹੀ ਕਹਾਣੀ ਦੱਸੀ ਜਾਵੇ, ਕਿਉਂਕਿ ਬਾਹਮਣਾਂ ਦੇ ਪਰਿਵਾਰਾਂ ਵਿਚ ਸਿਰਫ ਇਹੋ ਹੀ 'ਨਿਵੇਕਲੀ ਚੀਜ਼' ਨਹੀਂ ਸੀ। ਇਨ੍ਹਾਂ ਨਿਵੇਕਲੀਆਂ ਸ਼ਖਸੀਅਤਾਂ ਵਿਚ ਇਸ ਦਾ ਬਜ਼ੁਰਗ ਮਲਾਵਾ ਵੀ ਸ਼ੁਮਾਰ ਸੀ। ਮਲਾਵੇ ਦੇ ਟੱਬਰ ਦਾ ਪੁਰਾਣਾ ਘਰ ਪਹਿਲਾਂ ਪਿੰਡ ਦੇ ਐਨ ਵਿਚਕਾਰ ਹੁੰਦਾ ਸੀ। ਮਗਰੋਂ ਸੱਤ ਦੇਵ ਤੇ ਰਮੇਸ਼ ਚੰਦ (ਮੇਸ਼ੀ) ਦੇ ਬਜ਼ੁਰਗਾਂ ਨੇ ਬਾਬਿਆਂ ਦੀ ਕੰਧ ਦੇ ਬਿਲਕੁਲ ਨਾਲ ਨਵੇਂ ਘਰ ਉਸਾਰ ਲਏ ਸਨ। ਸੱਤ ਦੇਵ ਦਾ ਘਰ ਤਾਂ ਉਥੇ ਹੀ ਸੀ ਜਿਥੋਂ ਕੰਧ ਸ਼ੁਰੂ ਹੁੰਦੀ ਸੀ, ਮੇਸ਼ੀ ਹੁਰਾਂ ਦਾ ਘਰ ਉਸ ਦੇ ਸਾਹਮਣੇ ਸੀ।

ਜਿਸ ਬਜ਼ੁਰਗ ਮਲਾਵੇ ਦਾ ਮੈਂ ਜ਼ਿਕਰ ਕੀਤਾ ਹੈ, ਉਸ ਨੂੰ ਛੋਟੀ ਉਮਰੇ ਹੀ ਦੇਖਿਆ ਸੀ। ਉਸ ਵੇਲੇ ਉਸ ਦੀ ਉਮਰ ਸੱਤਰਾਂ ਤੋਂ ਪਾਰ ਸੀ। ਉਹ ਇਕੋ ਇਕ ਪੰਡਤ ਸੀ ਜਿਹੜਾ ਦਿਨ ਤਿਉਹਾਰ ਉਤੇ ਹੀ ਨਹੀਂ, ਆਮ ਤੌਰ ਉਤੇ ਵੀ ਲਾਂਗੜ ਵਾਲੀ ਧੋਤੀ ਪਹਿਨਦਾ ਸੀ, ਤੇ ਜਿਸ ਨੂੰ ਵਿਆਹ ਸ਼ਾਦੀ ਜਾਂ ਮਰਨੇ ਪਰਨੇ ਉਤੇ ਬੋਲੇ ਜਾਂਦੇ ਸੰਸਕ੍ਰਿਤ ਦੇ ਸਲੋਕ ਆਉਂਦੇ ਸਨ। ਉਸ ਤੋਂ ਬਾਅਦ ਕਿਸੇ ਵੀ ਬਾਹਮਣ ਨੇ ਇਹ ਪਿਤਾ ਪੁਰਖੀ ਕਿੱਤਾ ਨਹੀਂ ਅਪਨਾਇਆ। ਇਸੇ ਲਈ ਜਦੋਂ ਤੱਕ ਹਾਲੇ ਪਿੰਡ ਦੇ ਲੋਕਾਂ ਨੇ ਸਰਾਧਾਂ ਦੇ ਮੌਕੇ ਪੰਡਤਾਂ ਦੀ ਥਾਂ ਭਾਈਆਂ ਨੂੰ 'ਬਿਠਾਉਣਾ' ਅਰਥਾਤ ਭੋਜਨ ਕਰਵਾਉਣਾ ਨਹੀਂ ਸੀ ਸ਼ੁਰੂ ਕਰ ਦਿੱਤਾ, ਭੋਜਨ ਖਾਣ ਦਾ ਬਹੁਤਾ ਕੰਮ ਮਲਾਵੇ ਨੂੰ ਹੀ ਕਰਨਾ ਪੈਂਦਾ ਸੀ।

ਇਸ ਮਲਾਵੇ ਬਾਰੇ ਪਿੰਡ ਦੇ ਉਸ ਦੇ ਹਾਣੀ ਕਹਾਣੀ ਸੁਣਾਉਂਦੇ ਹੁੰਦੇ ਸਨ। ਮਲਾਵੇ ਦੀ ਜਵਾਨੀ ਵੇਲੇ ਦੀ ਗੱਲ ਹੈ। ਉਹਦੇ ਘਰ ਖੂਹੀ ਹੁੰਦੀ ਸੀ। ਆਮ ਤੌਰ ਉਤੇ ਉਨ੍ਹੀਂ ਦਿਨੀਂ ਬਾਹਮਣਾਂ, ਤਰਖਾਣਾਂ, ਲੁਹਾਰਾਂ ਦੇ ਘਰੀਂ ਵੀ ਲਵੇਰੇ ਹੁੰਦੇ ਸਨ। ਜਿਨ੍ਹਾਂ ਦੇ ਨਹੀਂ ਸਨ ਹੁੰਦੇ, ਉਨ੍ਹਾਂ ਨੂੰ ਪਿੰਡ ਦੇ ਲੋਕ ਲੱਸੀ ਦੇ ਦਿਆ ਕਰਦੇ ਸਨ। ਲੱਸੀ ਮੰਗਣੀ ਵੈਸੇ ਵੀ ਉਨ੍ਹੀਂ ਦਿਨੀਂ ਕੋਈ ਮਾੜੀ ਗੱਲ ਨਹੀਂ ਸੀ ਸਮਝੀ ਜਾਂਦੀ।

ਅੱਜ ਕੱਲ੍ਹ ਚੰਡੀਗੜ੍ਹ ਵਰਗੇ ਸ਼ਹਿਰ ਤਾਂ ਕੀ, ਮੇਰੇ ਪਿੰਡ ਵਿਚ ਵੀ ਖੱਟੀ ਲੱਸੀ ਕਿਤੇ ਲੱਭਿਆ ਨਹੀਂ ਲੱਭਦੀ। ਕਈ ਸਾਲਾਂ ਤੱਕ ਸਾਡੇ ਘਰ ਜਿਹੜਾ ਦੋਧੀ ਦੁੱਧ ਪਾਉਣ ਆਉਂਦਾ ਰਿਹਾ, ਉਸ ਪਾਸੋਂ ਮਹੀਨੀਂ-ਦੋਂਹ ਮਹੀਨੀਂ ਮੈਂ ਡੋਲੂ ਮੰਗਵਾ ਲੈਂਦਾ ਹਾਂ ਤੇ ਬੋਤਲਾਂ ਵਿਚ ਭਰ ਕੇ ਫਰਿੱਜ ਵਿਚ ਰੱਖ ਲੈਂਦਾ ਹਾਂ। ਫਿਰ ਤੁਪਕਾ-ਤੁਪਕਾ ਕਰਕੇ ਪੀਂਦਾ ਸਾਂ। ਅੱਧਾ ਗਲਾਸ ਲੱਸੀ ਤੇ ਅੱਧਾ ਗਲਾਸ ਪਾਣੀ ਪਾ ਲੈਂਦਾ। ਇਸ ਨੂੰ ਲੱਸੀ ਵਧਾਉਣਾ ਕਹਿੰਦੇ ਹਨ। ਕਿਸੇ ਵੇਲੇ, ਜਦੋਂ ਹਾਲੇ ਮੈਂ ਪਿੰਡ ਹੀ ਰਹਿੰਦਾ ਸਾਂ ਅਤੇ ਘਰ ਵਿਚ ਲਵੇਰਾ ਹੁੰਦਾ ਸੀ, ਮੈਂ ਅਕਸਰ ਗਾੜ੍ਹੀ ਲੱਸੀ ਹੀ ਪੀਂਦਾ ਸਾਂ, ਪਰ ਹੁਣ ਵਧਾ ਕੇ ਪੀਂਦਾ ਹਾਂ।

ਮਲਾਵਾ ਵੀ ਕਹਿੰਦੇ, ਗਾੜ੍ਹੀ ਲੱਸੀ ਪੀਣ ਦਾ ਸ਼ੌਕੀਨ ਸੀ। ਇਕ ਦਿਨ ਲੱਸੀ ਥੋੜ੍ਹੀ ਸੀ ਅਤੇ ਮਲਾਵੇ ਦੀ ਮਾਂ ਨੇ ਲੱਸੀ ਵਧਾ ਕੇ ਪੀਣ ਲਈ ਕਹਿ ਦਿੱਤਾ। ਉਹਨੇ ਲੱਸੀ ਵਾਲੀ ਚਾਟੀ ਘਰ ਵਾਲੇ ਖੂਹ ਦੀ ਮੌਣ ਉਤੇ ਰੱਖ ਲਈ ਤੇ ਖੂਹ ਵਿਚੋਂ ਬਾਲਟੀਆਂ ਭਰ-ਭਰ ਉਸ ਵਿਚ ਉਲੱਦਣ ਲੱਗਾ। ਬਾਲਟੀਆਂ ਕੱਢੀ ਜਾਏ ਅਤੇ ਚਾਟੀ ਵਿਚ ਪਾਈ ਜਾਵੇ। ਲੱਸੀ ਪਤਲੀ ਹੋ ਕੇ ਨਾਲੀਆਂ ਵਿਚ ਵਹਿਣ ਤੁਰੀ। ਮਾਂ ਨੇ ਬਥੇਰੀਆਂ ਮਿੰਨਤਾਂ ਕੀਤੀਆਂ ਪਰ ਮਲਾਵਾ ਮੰਨਣ ਵਿਚ ਨਾ ਆਵੇ। ਇਸ ਤਰ੍ਹਾਂ ਦੀ ਕਹਾਣੀ ਸੁਣਨ ਕਾਰਨ ਅਸੀਂ ਨਿੱਕੇ ਨਿਆਣੇ ਉਸ ਦੇ ਗੁੱਸੇ ਭਰੇ ਸੁਭਾਅ ਕਾਰਨ ਅਕਸਰ ਉਸ ਤੋਂ ਡਰਦੇ ਰਹਿੰਦੇ ਸਾਂ।

ਸੱਤ ਦੇਵ ਸ਼ਰਮਾ ਭਾਵੇਂ ਮਲਾਵੇ-ਕਿਆਂ ਵਿਚੋਂ ਹੀ ਸੀ, ਪਰ ਉਸ ਦਾ ਸੁਭਾਅ ਬਿਲਕੁਲ ਵੱਖਰਾ ਸੀ। ਦੂਜੇ, ਉਹ ਭਾਵੇਂ ਸਾਡਾ ਹਾਣੀ ਨਹੀਂ ਸੀ, ਫਿਰ ਵੀ ਇੰਨਾ ਵੱਡਾ ਵੀ ਨਹੀਂ ਸੀ ਕਿ ਉਸ ਪਾਸੋਂ ਭੈਅ ਆਵੇ। ਉਹ ਮਸਾਂ ਸੱਤ-ਅੱਠ ਸਾਲ ਹੀ ਵੱਡਾ ਸੀ। ਫਿਰ ਵੀ ਉਹ ਪਿੰਡ ਦੇ ਸਾਡੇ ਸਾਰੇ ਹਾਣੀ ਮੁੰਡਿਆਂ ਲਈ ਦਿਲਚਸਪੀ ਦਾ ਕੇਂਦਰ ਸੀ। ਕਾਰਨ ਇਹ ਸੀ ਕਿ ਜਦੋਂ ਹਾਲੇ ਅਸੀਂ ਸੱਤਵੀਂ-ਅੱਠਵੀਂ ਵਿਚ ਪੜ੍ਹਦੇ ਸਾਂ, ਉਦੋਂ ਉਹ ਕੈਮਿਸਟਰੀ ਦੀ ਐਮ.ਐਸ.ਸੀ. ਕਰਨ ਲੱਗ ਪਿਆ ਸੀ।

ਪਹਿਲੀ ਗੱਲ ਤਾਂ ਇਹੀ ਸੀ ਕਿ ਹਾਲੇ ਤਕ ਸਾਡੇ ਪਿੰਡ ਵਿਚੋਂ ਹੋਰ ਕਿਸੇ ਨੇ ਐਮ.ਐਸ.ਸੀ. ਤਾਂ ਕੀ, ਐਮ.ਏ. ਵੀ ਨਹੀਂ ਸੀ ਕੀਤੀ। ਕੁਝ ਲੋਕਾਂ ਨੇ ਬੀ.ਏ. ਜ਼ਰੂਰੀ ਕੀਤੀ ਸੀ। ਨੰਬਰਦਾਰਾਂ ਦੇ ਗੁਰਦਿਆਲ ਸਿੰਘ ਲਾਲੀ ਨੇ ਆਰਕੀਟੈਕਚਰ ਦੀ ਇੰਜੀਨੀਅਰਿੰਗ ਡਿਗਰੀ ਤਾਂ ਕੀਤੀ ਸੀ, ਪਰ ਸਾਡੀ ਨਜ਼ਰ ਵਿਚ ਇਹ ਐਮ.ਏ. ਜਾਂ ਐਮ.ਐਸ.ਸੀ. ਵਰਗੀ ਡਿਗਰੀ ਨਹੀਂ ਸੀ।

ਉਸੇ ਸੱਤ ਦੇਵ ਸ਼ਰਮਾ ਦੇ ਪਰਿਵਾਰ ਵਿਚ ਰਮੇਸ਼ ਚੰਦਰ ਸ਼ਰਮਾ ਉਰਫ ਮੇਸ਼ੀ ਸਾਥੋਂ ਕੁਝ ਕੁ ਵਰ੍ਹੇ ਹੀ ਵੱਡਾ ਸੀ। ਬਹੁਤ ਸ਼ਰਾਰਤੀ ਅਤੇ ਗੱਲਾਬਾਤੀ, ਪਰ ਦਸਵੀਂ ਮਸਾਂ ਪਾਰ ਕਰ ਸਕਿਆ। ਖ਼ਬਰੇ ਦਸਵੀਂ ਵੀ ਪਾਸ ਨਹੀਂ ਸੀ ਕੀਤੀ। ਉਹ ਉਨ੍ਹੀਂ ਦਿਨੀਂ ਬਿਜਲੀ ਬੋਰਡ ਵਿਚ ਕੱਚਾ ਮੁਲਾਜ਼ਮ ਭਰਤੀ ਹੋ ਗਿਆ ਸੀ। ਬਾਬਿਆਂ ਦੀ ਕੰਧ ਉਤੇ ਜੁੜਦੇ ਪਿੰਡ ਦੇ ਨੌਜਵਾਨਾਂ ਦੀ ਸੱਥ ਵਿਚ ਉਹ ਸਭ ਤੋਂ 'ਚਾਲੂ ਚੀਜ਼' ਸੀ। ਕਬੱਡੀ ਦਾ ਵੀ ਚੰਗਾ ਖਿਡਾਰੀ ਸੀ ਤੇ ਅਕਸਰ ਉਸ ਬਿਨਾਂ ਸਾਡੇ ਪਿੰਡ ਦੀ ਕਬੱਡੀ ਦੀ ਟੀਮ ਪੂਰੀ ਨਹੀਂ ਸੀ ਹੁੰਦੀ। ਗੱਲਾਂ ਵਿਚੋਂ ਗੱਲ ਕੱਢ ਕੇ ਲਤੀਫੇਬਾਜ਼ੀ ਕਰਨਾ ਉਸ ਦੇ ਸੁਭਾਅ ਦਾ ਹਿੱਸਾ ਸੀ।

ਜਦੋਂ ਅਸੀਂ ਮੁੰਡੇ ਦਾਣੀਆਂ ਵਿਚ ਖੜ੍ਹੇ ਗੱਪਾਂ ਮਾਰ ਰਹੇ ਹੁੰਦੇ, ਤਾਂ ਨਾਲ ਦੇ ਮਕਾਨ ਵਿਚੋਂ ਸੱਤ ਦੇਵ ਨਿਕਲ ਕੇ, ਕਿਸੇ ਨਾਲ ਗੱਲ ਕਰਨੀ ਤਾਂ ਦੂਰ, ਨਜ਼ਰ ਵੀ ਮਿਲਾਏ ਬਿਨਾਂ, ਬਾਬਿਆਂ ਦੀ ਕੰਧ ਦੇ ਨਾਲ-ਨਾਲ ਜਾ ਕੇ ਖੱਬੇ ਪਾਸੇ ਖੇਤਾਂ ਵਲ ਮੁੜ ਜਾਂਦਾ। ਫਿਰ ਉਹ ਬਾਬਿਆਂ ਦੇ ਖੂਹ ਉਤੋਂ ਦੀ ਹੋ ਕੇ ਬਾਬਿਆਂ ਦੀ ਵੱਟ ਪਾਰ ਕਰ ਕੇ ਪਿੰਡੋਂ ਕਰੀਬ ਅੱਧਾ ਕਿਲੋਮੀਟਰ ਦੂਰ ਖਾਲੀ ਪਏ ਖੇਤਾਂ ਵਿਚ ਚਲਿਆ ਜਾਂਦਾ। ਉਹਨੇ ਆਪਣਾ ਸੱਜਾ ਹੱਥ ਸਦਾ ਹੀ ਉਪਰ ਚੁੱਕ ਕੇ ਆਪਣੀ ਗਰਦਨ ਦੇ ਪਿਛਲੇ ਪਾਸੇ ਰੱਖਿਆ ਹੁੰਦਾ। ਬਾਹਰ ਖੇਤਾਂ ਵਿਚ ਜਾ ਕੇ ਉਹ ਉਸੇ ਤਰ੍ਹਾਂ ਹੀ ਖੱਬਾ ਹੱਥ ਗਰਦਨ ਦੇ ਪਿਛਲੇ ਪਾਸੇ ਰੱਖ ਲੈਂਦਾ। ਇਸੇ ਅਦਾ ਵਿਚ ਹੀ ਅਸੀਂ ਉਸ ਨੂੰ ਅਕਸਰ ਦੇਖਿਆ ਸੀ। ਕਈ ਵਾਰੀ ਉਤਸੁਕਤਾ ਵੱਸ ਅਸੀਂ, ਸਣੇ ਬਾਹਮਣਾਂ ਦੇ ਮੇਸ਼ੀ ਦੇ, ਚੋਰੀ-ਚੋਰੀ ਇਹ ਦੇਖਣ ਜਾਂਦੇ ਕਿ ਉਹ ਕਿਸੇ ਵੇਲੇ ਬੋਲਦਾ ਵੀ ਹੈ! ਉਸ ਨੂੰ ਕਦੇ ਕਿਸੇ ਨਾਲ ਗੱਲ ਕਰਦੇ ਨਹੀਂ ਸੀ ਸੁਣਿਆ। ਖੇਤਾਂ ਵਿਚ ਅੱਧਾ ਪੌਣਾ ਘੰਟਾ ਉਹ ਆਪਣੇ ਆਪ ਨਾਲ ਹੀ ਗੱਲਾਂ ਕਰਦਾ। ਉਹ ਵੀ ਅਸੀਂ ਅੰਦਾਜ਼ਾ ਹੀ ਲਾਇਆ ਸੀ, ਕਿਉਂਕਿ ਉਸ ਦੀ ਆਵਾਜ਼ ਅਸੀਂ ਕਦੇ ਨਹੀਂ ਸੀ ਸੁਣੀ।

ਉਸ ਦੀ ਇਕ ਹੋਰ ਨਿਵੇਕਲੀ ਆਦਤ ਦਾ ਜ਼ਿਕਰ ਕਰਨ ਦੀ ਲੋੜ ਹੈ। ਉਹਦੇ ਘਰ ਵਿਚ ਨਿੰਮ ਦਾ ਦਰਖਤ ਸੀ। ਨਿੰਮ ਬਹੁਤ ਭਾਰੀ ਨਹੀਂ ਸੀ, ਕਿਉਂਕਿ ਬਹੁਤੀ ਪੁਰਾਣੀ ਨਹੀਂ ਸੀ। ਧਰਤੀ ਤੋਂ ਕਰੀਬ ਦਸ ਕੁ ਫੁੱਟ ਉਚਾਈ ਉਤੇ ਇਸ ਵਿਚੋਂ ਤਿੰਨ ਟਾਹਣੇ ਨਿਕਲਦੇ ਸਨ। ਇਸ ਥਾਂ ਉਤੇ ਉਸ ਨੇ ਇਕ ਕੁਰਸੀ ਟਿਕਾਈ ਹੁੰਦੀ ਸੀ। ਗਰਮੀਆਂ ਦੇ ਦਿਨੀਂ ਸ਼ਾਮ ਪੈਣ ਉਤੇ ਉਹ ਇਸ ਕੁਰਸੀ ਉਤੇ ਬੈਠ ਕੇ ਪੜ੍ਹਦਾ ਹੁੰਦਾ ਸੀ। ਅਸੀਂ ਬਾਬਿਆਂ ਦੀ ਕੰਧ ਉਤੇ ਬੈਠੇ ਕਿੰਨਾ ਵੀ ਰੌਲਾ ਕਿਉਂ ਨਾ ਪਾਈਏ, ਉਸ ਨੇ ਕਦੇ ਅੱਖ ਚੁਕ ਕੇ ਉਧਰ ਨਹੀਂ ਸੀ ਦੇਖਿਆ। ਜਿਵੇਂ ਅਕਸਰ ਹੁੰਦਾ ਹੈ, ਅਸੀਂ ਕੁਝ ਦੇਰ ਬਾਅਦ ਉਸ ਵੱਲ ਧਿਆਨ ਦੇਣਾ ਬੰਦ ਕਰ ਦਿੱਤਾ ਸੀ। ਫਿਰ ਵੀ ਇਹ ਜ਼ਰੂਰ ਸੋਚਦੇ ਰਹਿੰਦੇ ਸਾਂ ਕਿ ਇਹ ਕਿਸ ਤਰ੍ਹਾਂ ਦਾ ਨੌਜਵਾਨ ਹੈ ਜਿਹੜਾ ਬਿਲਕੁਲ ਨਹੀਂ ਬੋਲਦਾ।

ਐਮ.ਐਸ.ਸੀ. ਕਰਨ ਤੋਂ ਬਾਅਦ ਸੱਤ ਦੇਵ ਸ਼ਰਮਾ ਨੂੰ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਲੈਕਚਰਰ ਦੀ ਨੌਕਰੀ ਮਿਲ ਗਈ। ਫਿਰ ਕੁਝ ਸਾਲਾਂ ਮਗਰੋਂ ਉਸ ਦਾ ਵਿਆਹ ਵੀ ਹੋ ਗਿਆ। ਜਿਨ੍ਹੀਂ ਦਿਨੀਂ ਉਸ ਦਾ ਵਿਆਹ ਹੋਇਆ, ਉਨ੍ਹੀਂ ਦਿਨੀਂ ਸਾਡੀ ਕੱਚੀ ਉਤਲੀ ਮੰਡਲੀ ਵਿਚ ਚਰਚਾ ਦਾ ਵਿਸ਼ਾ ਇਹ ਹੁੰਦਾ ਸੀ ਕਿ ਸੱਤ ਦੇਵ ਨੂੰ ਵਿਆਹ ਦੇ ਅਸਲੀ ਮਤਲਬ ਦਾ ਵੀ ਪਤਾ ਹੈ ਕਿ ਨਹੀਂ। ਇਸ ਮਾਮਲੇ ਵਿਚ ਉਸ ਨੂੰ ਪਿੰਡ ਦੇ ਤਾਂ ਕਿਸੇ ਦੋਸਤ ਨੇ ਕੋਈ ਸਲਾਹ ਦਿੱਤੀ ਨਹੀਂ ਸੀ।

ਖੈਰ! ਸਾਲ ਦੇ ਅੰਦਰ-ਅੰਦਰ ਸੱਤ ਦੇਵ ਦੇ ਘਰ ਨਿੱਕਾ ਨਿਆਣਾ ਵੀ ਹੋ ਗਿਆ। ਇਹੀ ਨਹੀਂ, ਭਾਵੇਂ ਉਹ ਪਿੰਡ ਵਿਚ ਕਿਸੇ ਨਾਲ ਗੱਲ ਨਹੀਂ ਸੀ ਕਰਦਾ, ਪਰ ਲਾਇਲਪੁਰ ਖਾਲਸਾ ਕਾਲਜ ਵਿਚ ਉਹ ਸਫਲ ਅਧਿਆਪਕ ਸਾਬਤ ਹੋਇਆ। ਸੰਨ 1971 ਵਿਚ ਜਦੋਂ ਮੈਂ ਉਸੇ ਕਾਲਜ ਵਿਚ ਪੰਜਾਬੀ ਦੀ ਐਮ.ਏ. ਕਰਨ ਲਈ ਦਾਖਲ ਹੋਇਆ, ਤਾਂ ਸੱਤ ਦੇਵ ਸ਼ਰਮਾ ਉਸ ਵੇਲੇ ਕੈਮਿਸਟਰੀ ਵਿਭਾਗ ਦਾ ਮੁਖੀ ਬਣ ਚੁਕਾ ਸੀ। ਇਹ ਉਸ ਦੀ ਲਿਆਕਤ ਅਤੇ ਮਿਹਨਤ ਦਾ ਫਲ ਸੀ।

***ਐਮ.ਐਸ.ਸੀ. ਕਰਨ ਤੋਂ ਬਾਅਦ ਸੱਤ ਦੇਵ ਸ਼ਰਮਾ ਨੂੰ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਲੈਕਚਰਰ ਦੀ ਨੌਕਰੀ ਮਿਲ ਗਈ। ਪਿੰਡ ਵਿਚ ਭਾਵੇਂ ਉਹ ਕਿਸੇ ਨਾਲ ਗੱਲ ਨਹੀਂ ਸੀ ਕਰਦਾ, ਪਰ ਲਾਇਲਪੁਰ ਖਾਲਸਾ ਕਾਲਜ ਵਿਚ ਉਹ ਸਫਲ ਅਧਿਆਪਕ ਸਾਬਤ ਹੋਇਆ। ਸੰਨ 1971 ਵਿਚ ਜਦੋਂ ਮੈਂ ਉਸੇ ਕਾਲਜ ਕਾਲਜ ਵਿਚ ਪੰਜਾਬੀ ਦੀ ਐਮ.ਏ. ਕਰਨ ਲਈ ਦਾਖਲ ਹੋਇਆ, ਤਾਂ ਸੱਤ ਦੇਵ ਸ਼ਰਮਾ ਉਸ ਵੇਲੇ ਕੈਮਿਸਟਰੀ ਵਿਭਾਗ ਦਾ ਮੁਖੀ ਬਣ ਚੁਕਾ ਸੀ।***




*ਲਾਇਲਪੁਰ ਖਾਲਸਾ ਕਾਲਜ ਜਲੰਧਰ ਦਾ ਮੁੱਖ ਗੇਟ। ਇਸ ਕਾਲਜ ਵਿਚ ਦਲਬੀਰ ਦੇ ਪਿੰਡ ਦਾ ਬਾਹਮਣਾਂ ਦਾ ਸੱਤ ਦੇਵ ਪੜ੍ਹਾਉਂਦਾ ਹੁੰਦਾ ਸੀ।*

ਬਾਹਮਣਾਂ ਵਿਚੋਂ ਹੀ ਐਮ.ਏ. ਕਰਨ ਵਾਲਾ ਦੂਜਾ ਬੰਦਾ ਸੱਤ ਦੇਵ ਸ਼ਰਮਾ ਦੇ ਹੀ ਪਰਿਵਾਰ ਦਾ ਕੇਵਲ ਸ਼ਰਮਾ ਸੀ। ਉਹ ਮੈਥੋਂ ਦੋ ਸਾਲ ਅੱਗੇ ਪੜ੍ਹਦਾ ਹੁੰਦਾ ਸੀ। ਜਦੋਂ ਮੈਂ ਹਾਇਰ ਸੈਕੰਡਰੀ ਦੇ ਪਰਚੇ ਦੇ ਕੇ ਵਿਹਲਾ ਸਾਂ ਤਾਂ ਕੇਵਲ ਨੇ ਹੀ ਮੈਨੂੰ ਗੜ੍ਹੇ ਦੇ ਗੰਨਾ ਫਾਰਮ ਵਿਚ ਦਿਹਾੜੀਦਾਰ ਦੀ ਨੌਕਰੀ ਦਿਵਾਈ ਸੀ। ਇਸ ਨੂੰ 'ਡੇਲੀ ਪੇਡ ਲੇਬਰ' ਕਹਿੰਦੇ ਸਨ। ਅਸੀਂ ਪਿੰਡ ਆ ਕੇ ਕਹਿੰਦੇ ਸਾਂ ਕਿ ਅਸੀਂ ਉਤੇ 'ਡੀ.ਪੀ.ਐਲ. ਸਾਹਿਬ' ਲੱਗੇ ਹੋਏ ਹਾਂ। ਕੇਵਲ ਨੂੰ ਅਕਸਰ ਗੰਨਾ ਫਾਰਮ ਵਿਚ ਕਾਲੇ ਰੰਗ ਦੀਆਂ ਤਖ਼ਤੀਆਂ ਉਤੇ ਸਫੈਦ ਰੰਗ ਨਾਲ ਗੰਨੇ ਦੀਆਂ ਕਿਸਮਾਂ ਦੇ ਨਾਂ ਲਿਖਣ ਦਾ ਕੰਮ ਦਿਤਾ ਜਾਂਦਾ ਸੀ। ਉਸ ਦੀ ਮਿਹਰਬਾਨੀ ਸਦਕਾ ਕੁਝ ਦਿਨ ਮੈਨੂੰ ਵੀ ਇਹੀ ਕੰਮ ਮਿਲ ਗਿਆ ਸੀ।

ਇਕ ਹੋਰ ਗੱਲ ਚੇਤੇ ਆ ਗਈ... ਕਰੀਬ ਪੰਜਾਹ ਦਿਨ ਕੰਮ ਕਰਨ ਮਗਰੋਂ ਇਕ ਦਿਨ ਗੰਨਾ ਫਾਰਮ ਦੇ ਏ.ਐਸ. (ਅਸਿਸਟੈਂਟ ਐਗਰੀਕਲਚਰ ਇੰਸਪੈਕਟਰ) ਸਤਨਾਮ ਸਿੰਘ ਨੇ ਮੈਨੂੰ ਨਕੋਦਰ ਰੇਲਵੇ ਲਾਈਨ ਕੋਲ ਜਾ ਕੇ ਨੱਕੇ ਮੋੜਨ ਦਾ ਕੰਮ ਦਿੱਤਾ। ਇਸ ਥਾਂ ਉਤੇ ਅੱਜ ਕੱਲ੍ਹ ਮੋਤਾ ਸਿੰਘ ਨਗਰ ਵਸਿਆ ਹੋਇਆ ਹੈ। ਉਨ੍ਹਾਂ ਦਿਨਾਂ ਦੇ ਫੈਸ਼ਨ ਮੁਤਾਬਕ ਮੈਂ ਤੰਗ ਅਤੇ ਚਿੱਤੜ ਘੁਟਵੀਂ ਪਤਲੂਨ ਪਾਈ ਹੋਈ ਸੀ। ਕਹੀ ਚੁੱਕ ਕੇ ਹਾਲੇ ਕੁਝ ਕਦਮ ਹੀ ਤੁਰਿਆ ਸਾਂ ਕਿ ਸਤਨਾਮ ਸਿੰਘ ਨੇ ਆਵਾਜ਼ ਮਾਰ ਕੇ ਬੁਲਾ ਲਿਆ। ਉਸ ਨੇ ਗਾਲ੍ਹ ਕੱਢ ਕੇ ਇਹ ਕਹਿ ਕੇ ਕੰਮ ਤੋਂ ਫਾਰਗ ਕਰ ਦਿੱਤਾ ਕਿ 'ਚਿੱਤੜ ਘੁੱਟਵੀਂ ਪੈਂਟ ਪਾ ਕੇ ਦਿਹਾੜੀ ਕਰਨ ਆ ਜਾਂਦੇ ਨੇ।' ਮੈਂ ਕਹੀ ਉਥੇ ਰੱਖ ਕੇ ਇਹ ਪੁੱਛ ਕੇ ਵਾਪਸ ਆ ਗਿਆ ਕਿ ਪੈਸੇ ਕਿਸ ਦਿਨ ਲੈਣ ਆਵਾਂ? ਮਿੱਥੀ ਤਰੀਕ ਉਤੇ ਮੈਂ ਤਿੰਨ ਰੁਪਏ ਦਿਹਾੜੀ ਦੇ ਹਿਸਾਬ ਨਾਲ ਡੂਢ ਸੌ ਰੁਪਏ ਫੜੇ ਤੇ ਮਾਂ ਦੀ ਹਥੇਲੀ ਉਤੇ ਲਿਆ ਧਰੇ।

ਕਈ ਸਾਲਾਂ ਮਗਰੋਂ 1978 ਵਿਚ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਕੈਰੋਂ ਕਿਸਾਨ ਘਰ ਵਿਚ ਖੇਤੀਬਾੜੀ ਸਬ ਇੰਸਪੈਕਟਰਾਂ ਦਾ ਰਿਫਰੈਸ਼ਰ ਕੋਰਸ ਲੱਗਾ। ਮੈਂ ਉਨ੍ਹੀਂ ਦਿਨੀਂ ਉਥੇ ਖੇਤੀ ਪਸਾਰ ਵਿਭਾਗ ਦੀ ਪੱਤਰ ਸਿੱਖਿਆ ਯੂਨਿਟ ਵਿਚ ਕੰਮ ਕਰਦਾ ਸਾਂ। ਹੋਇਆ ਇਹ ਕਿ ਉਦਘਾਟਨ ਕਰਨ ਲਈ ਆਉਣ ਵਾਲੇ ਵਾਈਸ ਚਾਂਸਲਰ ਲੇਟ ਹੋ ਗਏ। ਖੇਤੀ ਪਸਾਰ ਵਿਭਾਗ ਵਾਲਿਆਂ ਮੈਨੂੰ ਇਹ ਕਹਿ ਕੇ ਸਟੇਜ ਉਤੇ ਚੜ੍ਹਾ ਦਿੱਤਾ ਕਿ ਉਨੀ ਦੇਰ ਤਕ ਮੈਂ ਇੱਧਰ-ਉਧਰ ਦੀਆਂ ਮਾਰ ਕੇ ਕਾਰਵਾਈ ਚੱਲਦੀ ਰੱਖਾਂ। ਇਹ ਕਾਰਵਾਈ ਕਰੀਬ ਇਕ ਘੰਟਾ ਮੈਨੂੰ ਚਲਾਉਣੀ ਪਈ। ਮਗਰੋਂ ਚਾਹ ਪੀਂਦੇ ਸਮੇਂ ਉਸੇ ਸਤਨਾਮ ਸਿੰਘ ਨੇ ਮੈਨੂੰ 'ਸਰ' ਕਹਿ ਕੇ ਕੋਈ ਗੱਲ ਪੁੱਛੀ। ਮੈਂ ਉਸ ਨੂੰ ਹਾਸੇ-ਹਾਸੇ ਵਿਚ 1966 ਵਾਲੀ ਗੱਲ ਸੁਣਾਈ। ਉਸ ਬੇਚਾਰੇ ਦੀ ਹਾਲਤ ਬਹੁਤ ਅਜੀਬ ਹੋ ਗਈ ਸੀ।

ਕੇਵਲ ਸ਼ਰਮਾ ਦਾ ਪਤਾ ਨਹੀਂ ਲੱਗਾ, ਕਿਥੇ ਹੈ। ਸੱਤ ਦੇਵ ਹਾਲੇ ਵੀ ਲਾਇਲਪੁਰ ਖਾਲਸਾ ਕਾਲਜ 'ਚ ਹੈ। ਮੇਸ਼ੀ ਕੀ ਕਰਦਾ ਹੋਵੇਗਾ? ਬਾਹਮਣਾਂ ਦੇ ਹੋਰ ਮੇਰੇ ਹਾਣੀ ਤੇ ਜਾਣੂੰ ਕਿਥੇ ਹਨ ਤੇ ਕੀ ਕਰਦੇ ਹਨ? ਇਹ ਮੈਂ ਨਹੀਂ ਜਾਣਦਾ। ਸਮੇਂ ਦੇ ਵਹਿਣ ਨੇ ਜਿਵੇਂ ਮੈਨੂੰ ਚੰਡੀਗੜ੍ਹ ਪਹੁੰਚਾ ਦਿੱਤਾ ਹੈ, ਉਵੇਂ ਉਨ੍ਹਾਂ ਨੂੰ ਵੀ ਰੁਜ਼ਗਾਰ ਖਾਤਰ ਕਿਤੇ ਨਾ ਕਿਤੇ ਪਹੁੰਚਾ ਦਿੱਤਾ ਹੋਵੇਗਾ। ਦੋਆਬੇ ਦੇ ਬੇਜ਼ਮੀਨੇ ਲੋਕਾਂ ਨੂੰ ਤਾਂ ਰੁਜ਼ਗਾਰ ਖਾਤਰ ਪਿੰਡ ਛੱਡਣ ਦਾ ਸੰਤਾਪ ਭੁਗਤਣਾ ਹੀ ਪੈਂਦਾ ਹੈ। ਜ਼ਮੀਨਾਂ ਵਾਲੇ ਵੀ, ਥੋੜ੍ਹੀਆਂ ਜ਼ਮੀਨਾਂ ਹੋਣ ਕਾਰਨ ਉਖੜ ਰਹੇ ਹਨ। ਹੁਣ ਤਾਂ ਜ਼ਮੀਨਾਂ ਹੀ ਨਹੀਂ ਰਹੀਆਂ, ਕਿਉਂਕਿ ਸ਼ਹਿਰ ਦਾ ਹਮਲਾ ਵਧ ਰਿਹਾ ਹੈ। ਇਸੇ ਲਈ ਤਾਂ ਪਿੰਡ ਦੇ ਘਰਾਂ ਵਿਚੋਂ ਬਹੁਤੇ ਘਰਾਂ ਵਿਚ ਓਪਰੇ ਬੰਦੇ ਆ ਕੇ ਵਸੇ ਹਨ। ਇਨ੍ਹਾਂ ਨੂੰ ਕੀ ਪਤਾ ਕਿ ਸੱਤ ਦੇਵ ਦੇ ਮਕਾਨ ਦੇ ਸਾਹਮਣੇ ਖੜ੍ਹ ਕੇ ਸੱਤ ਦੇਵ ਵਾਲੀ ਨਿੰਮ ਆਪਣੀ ਧੀ ਨੂੰ ਦਿਖਾ ਰਿਹਾ ਸ਼ਖ਼ਸ ਇਸੇ ਪਿੰਡ ਦੀ ਮਿੱਟੀ ਵਿਚੋਂ ਪੈਦਾ ਹੋਇਆ ਤੇ ਇਸ ਮਿੱਟੀ ਵਿਚ ਪਲਿਆ, ਪਰ ਪਰਦੇਸਾਂ ਦਾ ਸਰਾਪ ਲੈ ਕੇ ਇਸ ਧਰਤੀ ਉਤੇ ਆਇਆ ਸ਼ਖ਼ਸ ਹੈ।

(ਚਲਦਾ)

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਸੋਨਾ ਕੁੱਟੇ ਲੁਹਾਰ

ਉਂ ਘਰ ਦਾ ਬਾਗ ਆਬਾਦ ਹੈ ਫਿਰ ਵੀ ਮਾਂ ਉਦਾਸ।
ਕੌਣ ਬੁਝਾਰਤਾਂ ਬੁੱਝ ਲਏ ਗੱਲ ਹੈ ਕਿਹੜੀ ਖਾਸ।
ਮੂੰਹ 'ਤੇ ਝਗੜਨ ਲਾਲੀਆਂ ਕੋਠੇ ਜਿੱਡਾ ਪੁੱਤ।
ਮੌਸਮ ਬੜਾ ਖਰਾਬ ਹੈ ਨਹੀਂ ਸੁਹਾਵਣੀ ਰੁੱਤ।
ਹਾਕਮ ਜ਼ਹਿਰਾਂ ਵੇਚਦੇ ਚਮਚੇ, ਦੱਲੇ, ਚੋਰ।
ਵਰਦੀ ਹੇਠਾਂ ਜੁਰਮ ਦਾ ਪੈਂਦਾ ਪੂਰਾ ਸ਼ੋਰ।
ਮਾਰ ਦੁਹੱਥੜਾਂ ਪਿੱਟਦੀ ਦੋ ਪੁੱਤਾਂ ਦੀ ਮਾਂ।
ਚਿੜੀ ਘੜੀਸੀ ਜਾ ਰਿਹੈ ਹਲਕਿਆ ਕਾਲਾ ਕਾਂ।
ਓਸੇ ਫਿਰ ਇਤਿਹਾਸ ਦਾ ਮੁੜ ਤੋੜਿਆ ਲੱਕ।
ਝੂਠੇ ਹੋਏ ਮੁਕਾਬਲੇ ਸੱਚ ਦਾ ਵੱਢਿਆ ਨੱਕ।
ਕੁੱਖਾਂ ਵਿਲਕਣ ਲੱਗੀਆਂ ਮਮਤਾ ਜੋੜੇ ਹੱਥ।
ਲੇਲੇ ਤਾਂ ਨੂੰ ਪੈਣੀ 'ਭੌਰੇ' ਬਘਿਆੜਾਂ ਦੇ ਨੱਥ।
ਘੁੱਟ ਕੇ ਲੱਗ ਜਾ ਹਿੱਕ ਨਾਲ ਨਾ ਜਾਵੀਂ ਪੁੱਤ ਬਾਹਰ।
ਸੋਨਾ ਕੁੱਟਣ ਲੱਗਿਆ ਘਣ ਦੇ ਨਾਲ ਲੁਹਾਰ।

# ਆਸਾ ਸਿੰਘ ਮਸਤਾਨਾ ਨਾਲ ਯਾਦਾਂ ਦੀ ਪੀਂਘ

## ਨੋਕ-ਝੋਕ



ਐਸ. ਅਸ਼ੋਕ ਭੌਰਾ

ਜਿਸ ਦਾ ਵੀ ਜੀਵਨ ਬਿਰਤਾਂਤ ਸੰਗੀਤਕ ਰਿਹਾ ਹੋਵੇ, ਉਹ ਢਹਿੰਦੀ ਕਲਾ ਵੱਲ ਸੋਚ ਕਦੇ ਨਹੀਂ ਘੁਮਾ ਸਕਦਾ, ਕਿਉਂਕਿ ਸੁਰਾਂ ਦੀ ਜ਼ਿੰਦਗੀ ਹੈ ਹੀ ਐਸੀ ਕਿ ਹਰ ਪਲ ਆਸ ਬਣੀ ਰਹਿੰਦੀ ਹੈ ਕਿ ਕੋਈ ਨਵਾਂ ਕ੍ਰਿਸ਼ਮਾ ਹੁਣੇ ਹੀ ਹੋ ਜਾਵੇਗਾ, ਤੇ ਆਸ ਵਾਲਾ ਇਨਸਾਨ ਮੂੰਹੋਂ ਕਦੇ ਵੀ 'ਹਾਏ ਮਰ ਗਏ' ਨਹੀਂ ਕਹਿੰਦਾ। ਕੁਝ ਗੱਲਾਂ ਵੱਲ ਅਸੀਂ ਕਈ ਵਾਰ ਗੰਭੀਰ ਚਿੱਤ ਨਹੀਂ ਹੁੰਦੇ, ਤੇ ਕਈ ਨਾਂ ਤਾਂ ਸਾਡੇ ਚੇਤੇ ਵਿਚ ਹੁੰਦੇ ਹਨ ਪਰ ਉਹ ਸੰਕੇਤ ਕੀ ਦਿੰਦੇ ਹਨ, ਇਹ ਸੋਚਿਆ ਹੀ ਨਹੀਂ ਹੋਣਾ।

ਉਸ ਵਕਤ ਮੈਂ ਉਮਰ ਵਿਚ ਵੀਹਾਂ ਤੋਂ ਵੀ ਘੱਟ ਸਾਂ ਜਦੋਂ ਆਸਾ ਸਿੰਘ ਮਸਤਾਨਾ ਨੂੰ ਮੈਂ ਦਿੱਲੀ ਵਿਚ ਉਹਦੀ ਗ੍ਰੀਨ ਪਾਰਕ ਵਾਲੀ ਰਿਹਾਇਸ਼ 'ਤੇ ਮਿਲਿਆ। ਉਹਨੂੰ ਪਹਿਲਾ ਸਵਾਲ ਜਿਹੜਾ ਕੀਤਾ ਸੀ, ਉਹ ਇਹ ਸੀ, "ਤੁਸੀਂ ਆਸਾ ਸਿੰਘ ਤਾਂ ਸੀ, ਨਾਲ ਮਸਤਾਨਾ ਕਿਉਂ ਜੋੜ ਲਿਆ?" ਉਹਦਾ ਜਵਾਬ ਦੇਖੋ, "ਨਾਂ ਨਾਲ ਲੱਗਾ ਤਖੱਲੁਸ ਜੇ ਤੁਹਾਡੇ ਅੰਦਰ ਕੋਈ ਕਲਾ ਹੈ, ਤਾਂ ਦੁਨੀਆਂ ਦੀ ਭੀੜ ਵਿਚੋਂ ਤੁਹਾਨੂੰ ਅਲਹਿਦਾ ਕਰ ਦੇਵੇਗਾ, ਤੇ ਊਂ ਵੀ ਆਸ ਨਾਲ ਜਿਉਣ ਵਾਲੇ ਬੰਦੇ ਮਸਤਾਨੇ ਹੀ ਹੁੰਦੇ ਹਨ।" ਉਹਦੀ ਗਾਉਣ ਵਰਗੀ ਅਦਾ ਵਾਲੀ ਇਹ ਆਵਾਜ਼ ਮੇਰੇ ਦਿਲ ਅੰਦਰ ਧੜਕਣ ਵਾਂਗ ਹੁਣ ਤੱਕ ਉਵੇਂ ਹੀ ਵੱਜ ਰਹੀ ਹੈ।

ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ, ਮੁਟਿਆਰੇ ਜਾਣਾ ਦੂਰ ਪਿਆ, ਕਾਲੀ ਤੇਰੀ ਗੁੱਤ 'ਤੇ ਪਰਾਂਦਾ ਤੇਰਾ ਲਾਲ ਨੀ, ਡੋਲੀ ਚੜ੍ਹਦਿਆਂ ਮਾਰੀਆਂ ਚੀਕਾਂ, ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ... ਅਜਿਹੇ ਗੀਤ ਹਨ ਜਿਹੜੇ ਉਮਰਾਂ ਜਿਉਣ ਲਈ ਨਹੀਂ, ਯੁੱਗਾਂ ਤੱਕ ਜਿਉਣ ਦਾ ਮਾਹੌਲ ਸਿਰਜਦੇ ਹਨ। ਇਹ ਗੀਤ ਕਦੇ ਨਹੀਂ ਮਰਨਗੇ, ਤੇ ਫਿਰ ਇਹ ਵੀ ਕਹਿਣਾ ਪਵੇਗਾ ਕਿ ਆਸਾ ਸਿੰਘ ਮਸਤਾਨਾ ਕਦੇ ਵੀ ਸਾਡੇ ਚੇਤਿਆਂ ਵਿਚੋਂ ਨਹੀਂ ਜਾਵੇਗਾ। ਤੂੰ ਭੂਆ ਕੋਲ ਪੜ੍ਹਦੀ ਸੀ, ਮੈਂ ਨਾਨਕੀਂ ਰਹਿੰਦਾ ਸੀ, ਅਠਾਈ ਇੰਚ ਲੱਕ, ਤੈਨੂੰ ਮਿਲਣ ਆਉਂਦੀ ਭਿੱਜ ਗਈ... ਗਾਉਣ ਵਾਲਿਆਂ ਨੂੰ ਕਿਥੇ ਪਤਾ ਕਿ ਅਮਰ ਹੋਣ ਲਈ ਵਿਰਾਸਤੀ ਕਦਰਾਂ-ਕੀਮਤਾਂ ਨੂੰ ਜਿਉਂਦਿਆਂ ਕਿਵੇਂ ਰੱਖਣਾ ਹੁੰਦਾ ਹੈ ਤੇ ਪੈਸਿਆਂ ਦੀ ਖਾਤਰ ਮਾਂ ਬੋਲੀ ਦੇ ਸਿਰ ਤੋਂ ਚੁੰਨੀ ਨਹੀਂ ਉਤਾਰਦੀ ਹੁੰਦੀ।

ਮਸਤਾਨੇ ਨਾਲ ਮੇਰੀ ਆਖਰੀ ਮੁਲਾਕਾਤ 1997 ਦੇ ਨਵੰਬਰ ਮਹੀਨੇ ਦੇ ਅੱਧ ਕੁ ਵਿਚ ਹੋਈ ਹੋਵੇਗੀ। ਉਹ ਉਦੋਂ ਢਿੱਲਾ-ਮੱਠਾ ਤਾਂ ਸੀ, ਪਰ ਬਹੁਤਾ ਨਹੀਂ। ਉਹਦੇ ਸੌਣ ਵਾਲੇ ਕਮਰੇ ਵਿਚ ਹੀ ਚਾਹ ਦਾ ਕੱਪ ਪੀਤਾ, ਤਾਂ ਉਹ ਭਾਵੁਕ ਹੋ ਗਿਆ, "ਹੁਣ ਚਲੇ ਹੀ ਜਾਣਾ ਚਾਹੀਦੈ, ਪਰਸੋਂ ਸੁਰਿੰਦਰ ਵੀ ਆਈ ਸੀ... ਮੈਂ ਉਹਨੂੰ ਵੀ ਆਖਿਆ, ਗਾਇਕ ਹੁਣ ਸਿਰਫ ਪੈਸੇ ਦੇ ਪੁੱਤ ਬਣ ਗਏ ਆ... ਜੋ ਉਹ ਗਾ ਰਹੇ ਆ, ਸਾਡੀ ਬਰਦਾਸ਼ਤ ਤੋਂ ਬਾਹਰ ਹੈ। ਮੈਂ ਨਵਿਆਂ ਵਿਚੋਂ ਹੁਣ ਸਿਰਫ ਕੁਲਦੀਪ ਮਾਣਕ ਨੂੰ ਹੀ ਸੁਣ ਲੈਨਾਂ... ਗੀਤ ਸਮਾਜ ਨੂੰ ਰਾਹ ਦਿੰਦੇ ਆ, ਗਾਉਣ ਵਾਲਿਆਂ ਨੂੰ ਜ਼ਿੰਮੇਵਾਰੀ ਸਮਝਦਿਆਂ ਹੋਸ਼-ਹਵਾਸ਼ ਕਾਇਮ ਰੱਖਣੇ ਚਾਹੀਦੇ ਹਨ।" ...ਪਰ ਮਸਤਾਨਾ ਚਲੇ ਗਿਆ, ਹੁਣ ਹੁੰਦਾ ਤਾਂ ਪਤਾ ਲੱਗਣਾ ਸੀ ਕਿ ਹੋਸ਼-ਹਵਾਸ਼ ਨੂੰ ਤਾਂ ਛੱਡੋ, ਹੁਣ ਤਾਂ ਇਹ ਬਿਨਾਂ ਜ਼ਮੀਰ ਤੋਂ ਹੀ ਗਾ ਰਹੇ ਹਨ।

ਫਰਵਰੀ 1986 ਵਿਚ ਮੈਂ ਉਹਨੂੰ ਮਿਲਣ ਗਿਆ ਤਾਂ ਉਹ ਮੈਨੂੰ ਰਿਜ਼ਰਵ ਬੈਂਕ ਦੀ ਵੱਡੀ ਬਿਲਡਿੰਗ ਵਿਚ ਘੁਮਾ ਕੇ ਲਿਆਇਆ। ਉਹ ਥਾਂ ਅਤੇ ਕੁਰਸੀ ਵੀ ਵਿਖਾਈ ਜਿਥੇ ਬਹਿ ਕੇ ਉਸ ਨੇ ਸੇਵਾ ਮੁਕਤ ਹੋਣ ਤੱਕ ਕੰਮ ਕੀਤਾ। ਫਿਰ ਉਹ ਮੇਰੇ ਨਾਲ ਐਚ.ਐਮ.ਵੀ. ਦੇ ਦਫਤਰ ਗਿਆ, ਜ਼ਹੀਰ ਨੂੰ ਮਿਲਾਇਆ। ਉਨ੍ਹਾਂ ਦਿਨਾਂ ਵਿਚ ਕੰਪਨੀ ਦਾ ਮਾਰਕਾ ਨਵੇਂ ਰੰਗ ਦਾ ਹੋਣ ਨੂੰ ਫਿਰਦਾ ਸੀ। ਰਾਮ ਪ੍ਰਕਾਸ਼ ਗੋਇਨਕਾ ਨੇ ਕੰਪਨੀ ਲੈ ਲਈ ਸੀ,



*ਆਸਾ ਸਿੰਘ ਮਸਤਾਨਾ*

ਬਿਰਲਾ ਗਰੁਪ ਸੰਗੀਤਕ ਖੇਤਰ ਵਿਚ ਪ੍ਰਵੇਸ਼ ਹੋ ਗਿਆ ਸੀ। ਮਸਤਾਨੇ ਦੇ ਘਰੇ ਉਦੋਂ ਵੀ 'ਅਜੀਤ' ਅਖ਼ਬਾਰ ਆਉਂਦੀ ਹੁੰਦੀ ਸੀ। ਕਹਿਣ ਲੱਗਾ, "ਅਸ਼ੋਕ, ਗਾਇਕਾਂ ਬਾਰੇ ਤਾਂ ਤੂੰ ਲਿਖਦੈਂ, ਸੰਗੀਤਕ ਹਲਕਿਆਂ ਬਾਰੇ ਵੀ ਲਿਖ।" ਫਿਰ ਮੈਂ ਕੁਝ ਦੇਰ 'ਅਜੀਤ' ਦੇ 'ਜਨ-ਜੀਵਨ' ਅੰਕ ਵਿਚ 'ਦਿੱਲੀ ਡਾਇਰੀ' ਦੇ ਨਾਂ ਹੇਠ ਲਿਖਦਾ ਰਿਹਾ। ਫਿਰ 'ਅਜੀਤ' ਨੇ ਉਥੇ ਬਲਵਿੰਦਰ ਸੋਢੀ ਆਪਣਾ ਪੱਕਾ ਪ੍ਰਤੀਨਿਧ ਰੱਖ ਲਿਆ ਸੀ, ਪਰ ਜਿਸ ਗੱਲ ਦਾ ਮੈਂ ਮਾਣ ਕਰਦਾ ਰਹਾਂਗਾ, ਉਹ ਇਹ ਸੀ ਕਿ ਦਿੱਲੀ ਦੇ ਸਾਹਿਤਕ ਹਲਕਿਆਂ ਤੇ ਸੰਗੀਤਕ ਖੇਤਰ ਵਿਚ ਨਿਰੋਲ ਪੇਂਡੂ ਹੋਣ ਦੇ ਬਾਵਜੂਦ ਮੇਰੇ ਪੈਰ ਟਿਕ ਗਏ ਸਨ। ਐਚ.ਐਮ.ਵੀ. ਦੇ ਜਿਸ ਅੱਖੜ ਮੈਨੇਜਰ ਜ਼ਹੀਰ ਅਹਿਮਦ ਨਾਲ ਗਾਇਕ ਹੱਥ ਮਿਲਾਉਣ ਵਿਚ ਮਾਣ ਸਮਝਦੇ ਸਨ, ਉਹਦੇ ਨਾਲ ਮੈਂ ਬੈਠ ਕੇ ਚਾਹ ਪੀਣ ਜੋਗਾ ਹੋ ਗਿਆ ਸਾਂ। ਸੁਰਿੰਦਰ ਕੌਰ ਦੇ ਘਰੇ ਆਉਣਾ-ਜਾਣਾ ਬਣ ਗਿਆ ਸੀ। ਚਰਨਜੀਤ ਆਹੂਜਾ ਭਰਾਵਾਂ ਵਾਂਗ ਮਿਲਣ ਲੱਗਾ ਸੀ, ਕੇਸਰ ਸਿੰਘ ਨਰੂਲਾ ਵੀ। ਕੇਸਰ ਸਿੰਘ ਨੇ ਤਾਂ ਮੋਹਣੀ ਨਰੂਲਾ ਨਾਲ ਸੱਤ ਸੌ ਚੁਰੰਜਾ, ਝੀਲ ਕੁਰੰਜਾ ਵਾਲੇ ਘਰ ਵਿਚ ਬੈਠਿਆਂ ਦੱਸਿਆ ਸੀ ਕਿ 'ਮੇਰੀ ਬੇਟੀ ਜਸਪਿੰਦਰ ਵੀ ਗਾਉਣ ਲੱਗ ਪਈ ਹੈ', ਤੇ ਜਸਪਿੰਦਰ ਬਾਰੇ ਸਭ ਤੋਂ ਪਹਿਲੀਆਂ ਸਤਰਾਂ 'ਅਜੀਤ' ਵਿਚ ਲਿਖਣ ਦਾ ਮਾਣ ਵੀ ਮੇਰੇ ਖਾਤੇ ਵਿਚ ਰਹੇਗਾ। ਤਬਲਾਵਾਦਕ ਯੂਸਫ ਨਾਲ ਵੀ ਮੈਂ ਘੁਲ-ਮਿਲ ਗਿਆ ਸਾਂ ਤੇ ਸੰਗੀਤਕਾਰ ਪੰਨਾ ਲਾਲ ਤੇ ਮੋਟੇ ਸੋਹਣ ਲਾਲ ਨਾਲ ਵੀ, ਤੇ ਇਹ ਸਾਰੀ ਵਲਗਣ ਆਸਾ ਸਿੰਘ ਮਸਤਾਨਾ ਕਰ ਕੇ ਹੀ ਵੱਜੀ ਸੀ।




*29 ਅਪਰੈਲ 1988 ਨੂੰ 'ਸੁਰ ਸੱਜਣਾਂ ਦੀ' ਤਹਿਤ ਛਪਿਆ 'ਅਜੀਤ' ਵਿਚ ਉਹ ਲੇਖ ਜਿਸ ਵਿਚ ਦੋਹਾਂ ਦੀ ਇਕੱਠੀ ਫੋਟੋ ਦੋ ਥਾਂ ਵੰਡੀ ਗਈ ਸੀ।*

ਸਾਲ 1988 ਵਿਚ ਮੈਂ ਪੱਕੇ ਪੈਰੀਂ ਹੋ ਗਿਆ, ਜਦੋਂ 'ਅਜੀਤ' ਵਿਚ 'ਸੁਰ ਸੱਜਣਾਂ ਦੀ' ਕਾਲਮ ਲਗਤਾਰ ਛਪਣ ਲੱਗ ਪਿਆ। ਇਹਦੇ ਵਿਚ ਮੈਂ ਗਾਇਕਾਂ ਦੀਆਂ ਪਤਨੀਆਂ ਨਾਲ ਉਨ੍ਹਾਂ ਦੇ ਮੂੰਹੋਂ ਇਨ੍ਹਾਂ ਬਾਰੇ ਕਿੰਨਾ ਕੁਝ ਕਹਾ ਜਾਂਦਾ ਸੀ। ਆਸਾ ਸਿੰਘ ਮਸਤਾਨਾ ਦੀ ਪਤਨੀ ਸੁਸ਼ੀਲਾ ਚੰਗੀ ਬਹੁਤ ਸੀ। ਮੈਂ ਨਹੀਂ, ਜਿਹੜਾ ਵੀ ਉਹਦੇ ਘਰ ਜਾਂਦਾ ਸੀ, ਉਹ ਉਸ ਨੂੰ ਮਾਂ ਵਾਂਗ ਹੀ ਪੂਜਦਾ ਸੀ। ਜਦੋਂ ਉਹਦੇ ਨਾਲ ਗੱਲਾਂ ਕਰਨ ਲੱਗਾ ਤਾਂ ਪਹਿਲਾਂ ਤਾਂ ਉਹ ਝਿਜਕੇ, ਪਰ ਮਲਕ ਦੇਣੀ ਮਸਤਾਨਾ ਪਾਨ ਖਾਂਦਾ-ਖਾਂਦਾ ਵਿਚੋਂ ਖਿਸਕ ਗਿਆ।

ਸੁਸ਼ੀਲਾ ਕੀ ਆਖਦੀ ਸੀ ਉਸ ਦਿਨ... ਨਿਚੋੜ ਦੇਖੋ... "ਸਾਲ 1950 ਵਿਚ ਸਾਡਾ ਵਿਆਹ ਹੋਇਆ। ਵਿਆਹ ਤੋਂ ਵੀ ਵੱਡੀ ਖਾਸ ਗੱਲ ਇਹ ਸੀ ਕਿ ਇਹ ਗਾਉਣ ਵਿਚ ਪੂਰੇ ਮਸ਼ਹੂਰ ਹੋ ਚੁੱਕੇ ਸਨ। ਇਹ ਉਦੋਂ ਪਾਕਿਸਤਾਨ ਵਿਚੋਂ ਉਜੜ ਕੇ ਆਏ ਸਾਂ। ਮੈਂ ਹਿੰਦੂਆਂ ਦੀ ਧੀ ਹਾਂ ਤੇ ਮੇਰਾ ਪਿਛੋਕੜ ਅੰਮ੍ਰਿਤਸਰ ਨਾਲ ਜੁੜਦਾ ਹੈ। ਮੇਰੇ ਪਿਤਾ ਗੁਰੂ ਰਾਮ ਦਾਸ ਖਾਲਸਾ ਹਾਈ ਸਕੂਲ ਵਿਚ ਮੁੱਖ ਅਧਿਆਪਕ ਸਨ। ਘਰ ਵਿਚ ਧਾਰਮਿਕ ਮਾਹੌਲ ਸੀ। ਮੈਂ ਗੁਰਬਾਣੀ ਪੜ੍ਹਦੀ ਸਾਂ। ਸਵੇਰੇ ਸ਼ਾਮ ਗੁਰਦੁਆਰੇ ਜਾਂਦੀ ਸਾਂ, ਐਤਵਾਰ ਨੂੰ ਸ੍ਰੀ ਹਰਿਮੰਦਰ ਸਾਹਿਬ। ਹਿੰਦੂ ਮਾਹੌਲ ਵਿਚ ਪੈਦਾ ਹੋ ਕੇ ਵੀ ਮੇਰੀ ਦਿੱਲੀ ਇੱਛਾ ਸੀ ਕਿ ਮੇਰਾ ਵਿਆਹ ਸਿੰਘ ਨਾਲ ਹੋਵੇ...।" ਤੇ ਉਹ ਉਚੀ ਦੇਣੀ ਹੱਸ ਕੇ ਕਹਿਣ ਲੱਗੀ, "ਵੇਖੋ ਨਾ... ਹੋ ਗਿਆ ਫਿਰ। ਸਿੱਖ ਤੇ ਉਹ ਵੀ ਸਿਰੇ ਦਾ ਗਾਇਕ, ਤੇ ਅੱਗੇ ਗੱਲ ਹੋਰ ਵੀ ਚੰਗੀ ਇਹ ਹੋਈ ਕਿ ਮੇਰਾ ਬੇਟਾ ਪਰਮਜੀਤ ਤੇ ਬੇਟੀ ਰਮਨਦੀਪ ਗਾਉਣ ਵਾਲੇ ਵੀ ਨਾ ਬਣ ਸਕੇ ਹੋਣ, ਬਾਪੂ ਕਰ ਕੇ ਸਿੱਖ ਬਣ ਗਏ ਹਨ।"

ਇਹ ਲੰਮੀ ਮੁਲਾਕਾਤ ਤਾਂ ਚਲੋ 'ਅਜੀਤ' ਵਿਚ ਛਪ ਗਈ, ਪਰ ਇਹਦੇ ਨਾਲ ਜਿਹੜੀ ਸੁਸ਼ੀਲਾ ਦੀ ਫੋਟੋ ਛਾਪੀ, ਉਹ ਮਸਤਾਨਾ ਆਪਣੇ ਬੈਡਰੂਮ ਵਿਚ ਲੱਗੇ ਫਰੇਮ ਵਿਚੋਂ ਕੱਢ ਕੇ ਲਿਆਇਆ, ਤਾਂ ਕਹਿਣ ਲੱਗਾ, "ਇਹ ਸਾਡੀ ਜ਼ਿੰਦਗੀ ਦੇ ਜੋਬਨ ਦੀ ਫੋਟੋ ਹੈ, ਵਾਅਦਾ ਕਰ ਕਿ ਵਾਪਿਸ ਦਿਆਂਗਾ।" ... ਤੇ ਮੈਂ ਵਾਅਦਾ ਕਰ ਲਿਆ।

ਆਸਾ ਸਿੰਘ ਮਸਤਾਨਾ ਪੀਣ ਦਾ ਬੜਾ ਸ਼ੌਕੀਨ ਸੀ। ਲੈਰੀ ਉਮਰ ਕਰ ਕੇ ਮੈਂ ਤਾਂ ਉਦੋਂ ਨਹੀਂ ਸੀ ਪੀਂਦਾ, ਪਰ ਉਹਨੂੰ ਪੀਂਦਿਆਂ ਬੜੀ ਵਾਰ ਦੇਖਿਆ ਸੀ। ਪੀਣ ਵਾਲਿਆਂ ਦੀਆਂ ਪਤਨੀਆਂ ਜਿਵੇਂ ਖਿਝ ਕੇ ਨਿਹੋਰੇਬਾਜ਼ ਵਿਖਾਵਾ ਕਰਦੀਆਂ ਹੀ ਹਨ ਗੁੱਸੇ ਹੋਣ ਦਾ, ਇਵੇਂ ਸੁਸ਼ੀਲਾ ਵੀ ਕਰਦੀ ਸੀ।

ਇਕ ਵਾਰ ਮੈਂ ਦੇਰ ਰਾਤ ਉਹਦੇ ਘਰ ਗਿਆ। ਉਹਨੇ ਪੀਤੀ ਹੋਈ ਸੀ, ਪਰ ਹੋਰ ਪੀਣ ਨੂੰ ਉਹਦਾ ਦਿਲ ਕਰਦਾ ਸੀ। ਇਤਫਾਕਨ ਘਰ ਵਿਚ ਕੋਟਾ ਖਤਮ ਹੋ ਗਿਆ ਸੀ। ਉਹ ਮੇਰੇ ਕੰਨ ਵਿਚ ਕਹਿਣ ਲੱਗਾ, "ਆਹ ਫੜ ਸੌ ਦਾ ਨੋਟ, ਹੇਠੋਂ ਬੋਤਲ ਲਿਆ। ਪਿਛਲੀ ਗਲੀ ਵਿਚ ਜਾਈਂ, ਸਾਹਮਣੇ ਠੇਕਾ ਦਿਸ ਪਵੇਗਾ, ਪਰ ਲਿਆਵੀਂ 'ਰੈਡ ਨਾਈਟ', ਤੇ ਇਕ ਅੱਜ ਝੂਠ ਬੋਲੀਂ ਕਿ ਤੂੰ ਹੁਣ ਪੀਣ ਲੱਗ ਪਿਆ ਏਂ। ਤੇਰੇ ਕਰ ਕੇ ਮੈਨੂੰ ਸੁਸ਼ੀਲਾ ਪੀਣ ਦੇਵੇਗੀ।" ...ਤੇ ਫਿਰ ਉਹ ਮੇਰੇ ਵਾਲਾ ਪੈਗ ਵੀ ਅੱਖ ਬਚਾ ਕੇ ਚੁੱਕੀ ਗਿਆ। ਉਹਨੂੰ ਜਾਣਨ ਵਾਲੇ ਜਾਣਦੇ ਹਨ ਕਿ ਉਹ ਸਿਰੇ ਦਾ ਪਿਆਕੜ ਸੀ।


ਅਗਲੇ ਦਿਨ ਜਦੋਂ ਮੈਂ ਜਾਣ ਲੱਗਾ ਤਾਂ ਉਹ ਹੇਠਾਂ ਤੱਕ ਮੇਰੇ ਨਾਲ ਆਇਆ। ਕੱਥੇ ਵਾਲੇ ਪਾਨ ਨਾਲ ਉਹਨੇ ਮੂੰਹ ਭਰਿਆ ਹੋਇਆ ਸੀ। ਮੈਨੂੰ ਵਿਦਾ ਹੋਣ ਵੇਲੇ ਕੁਝ ਕਹਿਣ ਤੋਂ ਪਹਿਲਾਂ ਜਦੋਂ ਉਹਨੇ ਮੂੰਹ ਵਿਚੋਂ ਲਾਲ ਰੰਗ ਦੀ ਪਿਚਕਾਰੀ ਮਾਰੀ ਤਾਂ ਮੇਰਾ ਮਨ ਖਰਾਬ ਹੋ ਗਿਆ। ਕਿਹਾ ਤਾਂ ਮੈਂ ਸਹਿਜ ਸੁਭਾਅ ਸੀ, "ਇਹ ਪਾਨ ਬਿਨਾਂ ਸਰਦਾ ਨ੍ਹੀਂ, ਸਾਰੇ ਦੰਦ ਖਰਾਬ ਹੋ ਰਹੇ ਆ। ਲੋਕੀ ਤੁਹਾਡੇ ਗਾਉਣ ਵੇਲੇ ਨੱਕ ਵੀ ਵੱਟਦੇ ਹੋਣੇ ਆਂ?"... ਉਹ ਲੋਹਾ-ਲਾਖਾ ਹੋ ਗਿਆ। ਆਖਣ ਲੱਗਾ, "ਤੇਰੇ ਵਰਗੇ ਹੋਰ ਵੀਹ ਮੇਰੇ ਘਰ ਆਉਂਦੇ ਨੇ। ਤੂੰ ਕੱਲ੍ਹ ਦਾ ਛੋਕਰਾ ਮੈਨੂੰ ਮੱਤਾਂ ਦੇਣ ਲੱਗ ਪਿਐਂ। ਮਸਤਾਨੇ ਨੇ ਮਸਤੀ ਨਾਲ ਆਪਣੀ ਜ਼ਿੰਦਗੀ ਆਪਣੇ ਢੰਗ ਨਾਲ ਜੀਵੀ ਐ। ਆਪਣੀ ਸਿਆਣਪ ਕੋਲ ਰੱਖ।" ਉਹ ਪਿੱਠ ਘੁਮਾ ਕੇ ਅੰਦਰ ਚਲੇ ਗਿਆ। ਤੇ ਮੈਨੂੰ ਦੁੱਖ ਸੀ ਕਿ ਹੁਣ ਸਾਡੀ ਟੁੱਟ ਗਈ ਹੈ ਤੇ ਰਾਜੀਵ-ਲੌਂਗੋਵਾਲ ਸਮਝੌਤੇ ਵਾਂਗ ਹੁਣ ਕੋਈ ਵੀ ਮੱਦ ਅਮਲ ਵਿਚ ਨਹੀਂ ਆਵੇਗੀ।

ਫਿਰ ਮੈਂ 1992 ਤੱਕ ਅਨੇਕਾਂ ਵਾਰ ਦਿੱਲੀ ਗਿਆ, ਪਰ ਮਸਤਾਨੇ ਦੇ ਘਰ ਤਾਂ ਕੀ, ਮੁੜ ਕੇ ਗ੍ਰੀਨ ਪਾਰਕ ਵੱਲ ਹੀ ਮੂੰਹ ਨਹੀਂ ਕੀਤਾ। ਅਚਾਨਕ ਸੁਰਿੰਦਰ ਕੌਰ ਐਚ.ਐਮ.ਵੀ. ਦੀਆਂ ਪੌੜੀਆ ਵਿਚ ਮਿਲ ਗਈ। ਉਹਨੇ ਬੜੇ ਠਰੰਮੇ ਨਾਲ ਕਿਹਾ, ਜਿਵੇਂ ਕਦੇ ਕੋਈ ਗੱਲ ਹੀ ਨਾ ਹੋਈ ਹੋਵੇ। ਕਹਿਣ ਲੱਗੀ, "ਅਸ਼ੋਕ, ਮਸਤਾਨਾ ਜੀ ਕਹਿੰਦੇ ਸਨ, ਹੁਣ ਉਹ ਮੁੰਡਾ ਕਦੇ ਆਇਆ ਹੀ ਨਹੀਂ। ਸਾਡੀ ਫੋਟੋ ਮੋੜਨ ਵੀ ਨਹੀਂ ਆਇਆ। ਲਾਰਾ ਜਿਹਾ ਲਾ ਦਿੰਦੇ, ਆਂਹਦਾ ਸੀ... ਚਿੱਠੀ ਵੀ ਪਾਈ ਸੀ। ਉਹਦਾ ਜੁਆਬ ਨ੍ਹੀਂ ਦਿੱਤਾ। ਘਰੇ ਆਏ ਨੂੰ ਤਾਂ ਮੈਂ ਸੋਚਿਆ ਚਲੋ ਕੀ ਪੁੱਛਣਾ...।" ਉਹ ਕਿੰਨਾ ਕੁਝ ਕਹਿ ਗਈ, ਪਰ ਮੈਨੂੰ ਇੰਦਾਂ ਲਗਦਾ ਸੀ ਕਿ ਪਾਨ ਦਾ ਗੁੱਸਾ ਤਾਂ ਹੈ ਹੀ ਨਹੀਂ, ਗਿਲਾ ਫੋਟੋ ਦਾ ਹੈ।

ਸ਼ੌਂਕੀ ਮੇਲੇ 'ਤੇ ਮਸਤਾਨੇ ਨੂੰ ਬੁਲਾਉਣ ਤੇ ਸਨਮਾਨ ਕਰਨ ਦੀ ਮੇਰੀ ਰੀਝ ਪੂਰੀ ਤਾਂ ਨਹੀਂ ਹੋ ਸਕੀ, ਕਿਉਂਕਿ ਕਰੀਬ ਅੱਠ-ਨੌਂ ਸਾਲ ਮਿਲਦਿਆਂ ਰਹਿਣ ਦੇ ਬਾਵਜੂਦ ਮੈਂ ਉਹਦੇ ਸੁਭਾਅ ਨੂੰ ਜਾਣ ਨਹੀਂ ਸਾਂ ਸਕਿਆ।

ਮਸਤਾਨੇ ਦੀ ਇਹ ਸਰੀਰਕ ਦਿੱਖ ਤਾਂ ਕਰੀਬ ਸਾਰੇ ਜਾਣਦੇ ਹਨ ਕਿ ਉਮਰ ਦੇ ਆਖਰੀ ਵੀਹ ਵਰ੍ਹਿਆਂ ਵਿਚ ਜਾਂ ਤਾਂ ਉਹ ਲੰਬਾ ਕੁੜਤਾ ਤੇ ਤੰਗ ਪਜਾਮੀ ਪਹਿਨਦਾ ਸੀ, ਤੇ ਜਾਂ ਫਿਰ ਮੋਢਿਆਂ ਤੋਂ ਉਪਰ ਦੀ ਪੈਂਟ ਨੂੰ ਅੱਗਿਓਂ-ਪਿਛਿਓਂ ਖਿੱਚ ਪਾਉਣ ਵਾਲੀ ਬੱਧਰੀਆਂ ਵਾਲੀ ਵੱਡੇ ਘੇਰੇ ਵਾਲੀ ਪੈਂਟ; ਕਿਉਂਕਿ ਸਰੀਰ ਮੁਤਾਬਿਕ ਢਿੱਡ ਵਧੇਰੇ ਵੱਡਾ ਹੋ ਗਿਆ ਸੀ, ਤੇ ਪੈਂਟ ਕਿਤੇ ਵੀ ਟਿਕਦੀ ਨਹੀਂ ਸੀ।

ਸੁਰਿੰਦਰ ਕੌਰ ਨਾਲ ਮੈਂ ਉਹਦੇ ਘਰ ਗਿਆ, ਡਰਾਇੰਗ ਰੂਮ ਵਿਚ ਬੈਠ ਗਏ। ਉਹ ਨਹਾ ਰਿਹਾ ਸੀ। ਕੁਝ ਦਿਨ ਪਹਿਲਾਂ ਕੁਝ ਹੀ ਲੋਕਾਂ ਨੂੰ ਪਤਾ ਸੀ ਕਿ ਇਕ ਘਟਨਾ ਹੋ ਕੇ ਹਟੀ ਹੈ ਇਕ ਮਹਾਂਵਿਦਿਆਲੇ ਦੇ ਵੱਡੇ ਹਾਲ ਵਿਚ। ਘਟਨਾ ਇਹ ਸੀ ਕਿ ਪਾੜ੍ਹਿਆਂ ਤੇ ਪੜ੍ਹਾਕਣਾਂ ਅੱਗੇ ਸਟੇਜ 'ਤੇ ਹੀਰ ਗਾਉਣ ਵੇਲੇ ਜਦੋਂ ਹੇਕ ਲਾ ਕੇ ਸਾਹ ਛੱਡਿਆ ਤਾਂ ਵੱਡਾ ਢਿੱਡ ਹੋਰ ਫੁੱਲਣ ਨਾਲ ਪੈਂਟ ਨੂੰ ਲੱਗੀਆਂ ਦੋਵੇਂ ਬੱਧਰਾਂ ਖੁੱਲ੍ਹ ਗਈਆਂ, ਤੇ ਪੈਂਟ ਹੇਠਾਂ ਜਾ ਪਈ। ਵਿਦਿਆਰਥੀਆਂ ਨੇ ਹੀਰ ਲਈ ਤਾਲੀਆਂ ਘੱਟ, ਫੁੱਲਾਂ ਵਾਲੇ ਕਛਹਿਰੇ ਲਈ ਵੱਧ ਮਾਰੀਆਂ ਸਨ। ਜਦੋਂ ਉਹ ਆ ਕੇ ਬੈਠਾ ਤਾਂ ਉਹਨੇ ਹਾਲੇ ਚਾਹ ਦਾ ਘੁੱਟ ਹੀ ਭਰਿਆ ਸੀ, ਮੈਂ ਪੁੱਛ ਬੈਠਾ, "ਉੱਦਣ ਕੀ ਹੋਇਆ ਸੀ?" ਉਹ ਲੋਹਾ-ਲਾਖਾ ਤਾਂ ਕੀ, ਪੂਰਾ ਲਾਲ ਹੋ ਗਿਆ। ਚਾਹ ਦਾ ਕੱਪ ਹੇਠਾਂ ਰੱਖ ਕੇ ਬੋਲਿਆ, "ਮਸਤਾਨੇ ਦੀ ਜ਼ਿੰਦਗੀ ਵਿਚ ਬੜਾ ਕੁ ਵਾਪਰਿਆ, ਸਾਰਾ ਚੰਗੇ ਦਾ ਚੰਗਾ; ਪਰ ਤੁਹਾਨੂੰ ਉਹੋ ਕੁਝ ਹੀ ਦੀਂਹਦਾ। ਭਲਵਾਨ ਜਾਂਗੀਏ ਬੰਨ੍ਹ ਕੇ ਘੁਲਦੇ ਆ, ਉਹ ਜ਼ੋਰ ਦਾ ਪ੍ਰਦਰਸ਼ਨ ਕਰਦੇ ਨੇ, ਤੇ ਮੈਂ ਗਾਉਣ ਦਾ। ਅਸ਼ੋਕ ਤੂੰ ਚੁਭਵੀਆਂ ਗੱਲਾਂ ਨਾ ਕਰਿਆ ਕਰ।" ਸੁਰਿੰਦਰ ਕੌਰ ਨੇ ਗੱਲ ਟਾਲੀ ਵੀ, ਪਰ ਉਹ ਗੁੱਸੇ ਤੋਂ ਹਲਕਾ ਨਾ ਹੋਇਆ।



*ਉਹ ਚਿੱਠੀ ਜੋ ਮੇਰੇ ਲਈ ਪੰਜਾਬੀ ਗਾਇਕੀ ਦੇ ਖੇਤਰ ਦਾ ਉਹੀ ਇਤਿਹਾਸਕ ਦਸਤਾਵੇਜ਼ ਹੈ, ਜਿਵੇਂ ਨਪੋਲੀਅਨ ਬੋਨਾਪਾਰਟ ਆਪਣੀ ਮਹਿਬੂਬਾ ਜੋਸਫਨ ਨੂੰ ਹਰ ਰੋਜ਼ ਪੱਤਰ ਲਿਖਦਾ ਸੀ।*

ਫਿਰ ਮੈਂ 6 ਸਾਲ ਚੁੱਪ ਹੋ ਗਿਆ। ਇਕ ਤਰ੍ਹਾਂ ਨਾਲ ਸਾਡੀ ਪੂਰੀ ਦੀ ਪੂਰੀ ਜਿਵੇਂ ਟੁੱਟ ਗਈ ਹੋਵੇ।

ਉਹਦੀ ਫੋਟੋ ਦਾ ਖਿਆਲ ਮੈਨੂੰ ਬੜੀ ਵਾਰ ਆਇਆ। ਚਿੱਠੀ ਵਿਚ ਉਹਦਾ ਦਰਦ ਤੇ ਤਰਲਾ ਤਾਂ ਸੀ, ਪਰ ਆਸ ਵੀ; ਪਰ ਜ਼ਿੰਦਗੀ ਭਰ ਮੈਨੂੰ ਦੁੱਖ ਰਹੇਗਾ ਕਿ ਮੈਂ ਉਹਦੇ ਨਾਲ ਫੋਟੋ ਵਾਪਸ ਕਰਨ ਦਾ ਵਾਅਦਾ ਵਫਾ ਨਾ ਕਰ ਸਕਿਆ। ਕਾਰਨ ਕੀ ਸੀ, ਉਹ ਵੀ ਮੈਂ ਖੋਲ੍ਹ ਦੇਣਾ ਚਾਹੁੰਨਾ। ਅਸਲ ਵਿਚ ਉਦੋਂ ਨਾ ਹੀ 'ਈ-ਮੇਲ' ਹੁੰਦੀ ਸੀ ਤੇ ਨਾ ਅਖਬਾਰੀ ਦੁਨੀਆਂ ਵਿਚ ਕੋਈ ਹੋਰ ਵਿਗਿਆਨਕ ਢੰਗ। ਫੋਟੋਆਂ ਅਸਲੀ ਹੀ ਭੇਜਣੀਆਂ ਪੈਂਦੀਆਂ ਸਨ। ਛਾਪਣ ਤੋਂ ਬਾਅਦ ਫੋਟੋ ਅਖਬਾਰ ਦੀ ਲਾਇਬ੍ਰੇਰੀ ਦਾ ਸ਼ਿੰਗਾਰ ਬਣ ਜਾਂਦੀ ਸੀ। ਦੁੱਖ ਇਹ ਵੀ ਸੀ ਕਿ 'ਅਜੀਤ' ਦੇ ਮੈਗਜ਼ੀਨ ਐਡੀਟਰ ਪਰਮਜੀਤ ਵਿਰਕ ਨੇ ਇਸ ਦਸਤਾਵੇਜ਼ੀ ਫੋਟੋ ਨੂੰ ਵਿਚਾਲਿਓਂ ਕੱਟ ਕੇ ਦੋ ਹਿੱਸਿਆਂ ਵਿਚ ਵੰਡ ਦਿੱਤਾ ਸੀ। ਤੇ ਇਹ ਫੋਟੋ ਮੈਨੂੰ ਫਿਰ ਮਿਲ ਨਾ ਸਕੀ। ਹੋਰ ਵੀ ਅਨੇਕਾਂ ਫੋਟੋਆਂ ਜੋ ਹੁਣ ਇਤਿਹਾਸਕ ਬਣ ਗਈਆਂ ਹਨ, 'ਅਜੀਤ' ਦੀ ਲਾਇਬ੍ਰੇਰੀ ਵਿਚ ਹੀ ਹੋਣਗੀਆਂ। ਕੁਲਦੀਪ ਮਾਣਕ ਦੀ ਮੌਤ ਤੋਂ ਬਾਅਦ ਜਿਹੜੀਆਂ ਵਿਆਹ ਦੀਆਂ ਫੋਟੋਆਂ ਛਾਪੀਆਂ ਗਈਆਂ ਸਨ, ਉਹ ਵੀ ਕਿਸੇ ਵੇਲੇ ਮੇਰੇ ਹੱਥੋਂ ਹੀ ਗਈਆਂ ਸਨ।

ਪੰਜਾਬੀ ਗਾਇਕੀ ਨੂੰ ਸਹੀ ਅਰਥਾਂ ਵਿਚ ਲੰਮੀਆਂ ਉਮਰਾਂ ਦੇਣ ਵਾਲੇ ਆਸਾ ਸਿੰਘ ਮਸਤਾਨਾ ਨੂੰ ਪਦਮਸ੍ਰੀ ਅਵਾਰਡ ਭਾਰਤ ਸਰਕਾਰ ਨੇ 1985 ਵਿਚ ਦਿੱਤਾ, ਤੇ ਇਸ ਤੋਂ ਅਗਲੇ ਵਰ੍ਹੇ ਹੀ ਤਤਕਾਲੀਨ ਰਾਸ਼ਟਰਪਤੀ ਆਰ. ਵੈਂਕਟਰਮਨ ਨੇ ਸੰਗੀਤ ਨਾਟਕ ਅਕਾਦਮੀ ਅਵਾਰਡ ਵੀ। ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਨਾਲ ਉਹਨੇ ਰੱਜ ਕੇ ਗਾਇਆ। 1960ਵਿਆਂ ਤੋਂ ਬਾਅਦ ਅਕਾਸ਼ਵਾਣੀ ਦੇ ਸਾਰੇ ਪ੍ਰੋਗਰਾਮਾਂ ਵਿਚ ਉਹਦੇ ਗੀਤ ਸਭ ਤੋਂ ਵੱਧ ਵੱਜਦੇ ਰਹੇ। ਵਾਰਸ ਤੋਂ ਬਾਅਦ ਉਹਦੇ ਨਾਲ ਇਹ ਅਲੰਕਾਰ ਵੀ ਜੁੜ ਗਿਆ ਸੀ... ਜਦੋਂ ਸੁਣਨ ਵਾਲੇ ਆਖਦੇ ਸਨ- "ਮਸਤਾਨੇ ਦੀ ਹੀਰ ਸੁਣਨੀ ਆ।"

'ਮੇਲੇ ਨੂੰ ਚੱਲ ਮੇਰੇ ਨਾਲ ਕੁੜੇ' ਗੀਤ ਵਿਚ 'ਓ ਹੋ' ਕਹਿਣ ਦਾ ਅੰਦਾਜ਼ ਸਿਰਫ ਉਹਦਾ ਹੀ ਸੀ। 'ਨਿੱਕੀ ਜਿੰਨੀ ਗੱਲ ਦਾ ਖਲਾਰ ਪੈ ਗਿਆ' ਤੇ ਸੁਰਿੰਦਰ ਕੌਰ ਨਾਲ 'ਪੰਡਿਤ ਜੀ ਕੀ ਏ ਲਾਲ ਮੇਰਾ' ਉਹਦੇ ਅਮਰ ਗੀਤ ਹਨ ਤੇ ਰਹਿਣਗੇ ਵੀ; ਕਿਉਂਕਿ ਜਦੋਂ ਵੀ ਕੁਝ ਲੱਭੇਗਾ ਤਾਂ ਸਿਆਣਿਆਂ ਦੇ ਕਹਿਣ ਵਾਂਗ, ਪੁਰਾਣੀਆਂ ਥਾਂਵਾਂ ਵਿਚੋਂ ਹੀ ਲੱਭੇਗਾ।

1927 ਵਿਚ 22 ਅਗਸਤ ਨੂੰ ਜਨਮਿਆ ਆਸਾ ਸਿੰਘ ਮਸਤਾਨਾ 23 ਅਗਸਤ 1999 ਨੂੰ ਸਾਥੋਂ ਵਿਛੜ ਗਿਆ। ਉਹਦੀ ਗੱਲ ਮੁਕਾਉਣ ਨੂੰ ਜੀਅ ਤਾਂ ਨਹੀਂ ਕਰਦਾ, ਪਰ ਇਕ ਚੀਸ ਜ਼ਿੰਦਗੀ ਵਿਚ ਦਰਦ ਬਣ ਕੇ ਰਹੇਗੀ। ਉਹ ਮੇਰੇ ਨਾਲ ਭਾਵੇਂ ਕਈ ਵਾਰ ਰੁੱਸਿਆ, ਅਨੇਕਾਂ ਵਾਰ ਹੱਸਿਆ, ਪਰ ਆਖਰੀ ਮੁਲਾਕਾਤ ਵਿਚ ਉਹਨੇ ਇਕ ਸਤਰ ਬੋਲੀ ਸੀ, "ਅਸ਼ੋਕ ਫੋਟੋ ਫਿਰ ਲਿਆਇਆ ਨ੍ਹੀਂ।"

ਮੈਨੂੰ ਲਗਦੈ... ਜਾਨ ਨਿਕਲਣ ਵੇਲੇ ਵੀ ਉਹ ਮੈਨੂੰ ਫਟਕਾਰ ਪਾ ਕੇ ਗਿਆ ਹੋਵੇਗਾ।

# ਜਨ ਨਾਨਕੁ ਦੇਖਿ ਵਿਗਸਿਆ ਹਰਿ ਕੀ ਵਡਿਆਈ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਰਾਮਦਾਸ ਸਾਹਿਬ ਨੇ ਹਰਿ ਦੇ ਭਗਤ ਅਤੇ ਹਰਿ ਦੇ ਨਿੰਦਕਾਂ ਵਿਚਲੇ ਫਰਕ ਬਾਰੇ ਦੱਸਿਆ ਹੈ ਕਿ ਪਰਮਾਤਮਾ ਦੇ ਭਗਤ ਹਰ ਰੋਜ਼ ਹਰਿ ਦੀ ਅਰਾਧਨਾ ਕਰਦੇ ਹਨ, ਉਸ ਨੂੰ ਸਿਮਰਦੇ ਹਨ, ਉਸ ਦੀ ਸਿਫ਼ਤਿ-ਸਾਲਾਹ ਕਰਦੇ ਹਨ। ਭਗਤ ਸਦਾ ਹੀ ਅਕਾਲ ਪੁਰਖ ਦਾ ਕੀਰਤਨ ਕਰਦੇ ਹਨ ਅਤੇ ਆਤਮਕ ਸੁੱਖ ਦੇਣ ਵਾਲਾ ਅਕਾਲ ਪੁਰਖ ਦਾ ਨਾਮ ਜਪਦੇ ਹਨ। ਜਿਹੜੇ ਹਰਿ ਦੇ ਭਗਤ ਹਨ ਉਨ੍ਹਾਂ ਦੀ ਭਗਤੀ ਦੇ ਗੁਣ ਕਾਰਨ ਅਕਾਲ ਪੁਰਖ ਉਨ੍ਹਾਂ ਨੂੰ ਨਾਮ ਦੀ ਵਡਿਆਈ ਦੀ ਬਖਸ਼ਿਸ਼ ਕਰਦਾ ਹੈ ਜਿਸ ਕਾਰਨ ਉਨ੍ਹਾਂ ਦਾ ਨਾਮ ਜਪਣ, ਭਗਤੀ ਕਰਨ ਦਾ ਗੁਣ ਦਿਨੋਂ ਦਿਨ ਹੋਰ ਦੂਣ-ਸਵਾਇਆ ਵਧਦਾ ਜਾਂਦਾ ਹੈ। ਅਕਾਲ ਪੁਰਖ ਆਪਣਾ ਵਿਰਦ ਪਾਲਦਾ ਹੈ ਅਤੇ ਆਪਣੇ ਭਗਤਾਂ ਦੇ ਹਿਰਦਿਆਂ ਨੂੰ ਟਿਕਾਉ, ਅਡੋਲਤਾ ਅਤੇ ਰੱਬ ਦੀ ਹਜ਼ੂਰੀ ਦੀ ਬਖਸ਼ਿਸ਼ ਕਰਦਾ ਹੈ ਜਿਸ ਕਰਕੇ ਉਨ੍ਹਾਂ ਦੀ ਮਾਇਆ ਦੀ ਭਟਕਣ ਮੁੱਕ ਜਾਂਦੀ ਹੈ,

ਹਰਿ ਭਗਤਾਂ ਹਰਿ ਆਰਾਧਿਆ
ਹਰਿ ਕੀ ਵਡਿਆਈ॥
ਹਰਿ ਕੀਰਤਨੁ ਭਗਤ ਨਿਤ ਗਾਂਵਦੇ
ਹਰਿ ਨਾਮੁ ਸੁਖਦਾਈ॥
ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ
ਬਖਸੀਅਨੁ ਨਿਤ ਚੜੈ ਸਵਾਈ॥
ਹਰਿ ਭਗਤਾਂ ਨੋ ਥਿਰੁ ਘਰੀ ਬਹਾਲਿਅਨੁ
ਅਪਣੀ ਪੈਜ ਰਖਾਈ॥

ਹਰਿ ਦੀ ਨਿੰਦਿਆ ਕਰਨ ਵਾਲਿਆਂ ਦੀ ਗੱਲ ਕਰਦਿਆਂ ਗੁਰੂ ਜੀ ਫਰਮਾਉਂਦੇ ਹਨ ਕਿ ਨਿੰਦਕਾਂ ਪਾਸੋਂ ਉਨ੍ਹਾਂ ਦੇ ਕੀਤੇ ਨਿੰਦਿਆ ਵਰਗੇ ਮੰਦੇ ਕੰਮਾਂ ਕਾਰਨ ਅਕਾਲ ਪੁਰਖ ਹਿਸਾਬ ਮੰਗੇਗਾ ਅਤੇ ਕੀਤੇ ਕਰਮਾਂ ਅਨੁਸਾਰ ਬਹੁਤ ਸਜਾ ਵੀ ਮਿਲੇਗੀ। ਇਹ ਕੁਦਰਤਿ ਦਾ ਅਸੂਲ ਹੈ ਕਿ ਮਨੁੱਖ ਜਿਹੋ ਜਿਹਾ ਬੀ ਬੀਜਦਾ, ਉਸ ਨੂੰ ਉਹੋ ਜਿਹਾ ਹੀ ਫਲ ਮਿਲਦਾ ਹੈ। ਇਸ ਲਈ ਨਿੰਦਕ ਵੀ ਜਿਹੋ ਜਿਹੀ ਕਮਾਈ ਕਰਦੇ ਹਨ, ਜਿਸ ਕਿਸਮ ਦੇ ਕਰਮਾਂ-ਰੂਪੀ ਬੀ ਬੀਜਦੇ ਹਨ, ਉਹੋ ਜਿਹਾ ਹੀ ਫਲ ਪਾਉਂਦੇ ਹਨ। ਮਨੁੱਖ ਭਾਵੇਂ ਅੰਦਰ ਵੜ ਕੇ ਕੋਈ ਕਰਮ ਕਰੇ ਪਰ ਇੱਕ ਦਿਨ ਉਹ ਜ਼ਰੂਰ ਸਾਹਮਣੇ ਆ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਅਕਾਲ ਪੁਰਖ ਦਾ ਭਗਤ ਅਕਾਲ ਪੁਰਖ ਦੀ ਵਡਿਆਈ ਦੇਖ ਕੇ ਖੁਸ਼ ਹੁੰਦਾ ਹੈ,

ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ
ਬਹੁ ਦੇਇ ਸਜਾਈ॥
ਜੇਹਾ ਨਿੰਦਕ ਅਪਣੈ ਜੀਇ ਕਮਾਵਦੇ
ਤੇਹੋ ਫਲੁ ਪਾਈ॥
ਅੰਦਰਿ ਕਮਾਣਾ ਸਰਪਰ ਉਘੜੈ
ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥
ਜਨ ਨਾਨਕੁ ਦੇਖਿ ਵਿਗਸਿਆ
ਹਰਿ ਕੀ ਵਡਿਆਈ॥੨॥ (ਪੰਨਾ ੩੧੬)

ਅੱਗੇ ਪਉੜੀ ਮਹਲਾ ਪੰਜਵਾਂ ਦੀ ਹੈ ਜਿਸ ਵਿਚ ਰੱਬ ਦੇ ਭਗਤਾਂ ਅਤੇ ਦੂਸਰੇ ਪਾਪ ਕਰਨ ਵਾਲਿਆਂ ਵੱਲੋਂ ਕੀਤੇ ਜਾਣ ਵਾਲੇ ਅਲੱਗ ਅਲੱਗ ਕਿਸਮ ਦੇ ਕਰਮਾਂ ਅਤੇ ਉਨ੍ਹਾਂ ਦੇ ਫਲ ਦੀ ਗੱਲ ਕੀਤੀ ਹੈ। ਦੱਸਿਆ ਗਿਆ ਹੈ ਕਿ ਆਪਣੇ ਭਗਤਾਂ ਦੀ ਹਰ ਤਰ੍ਹਾਂ ਨਾਲ ਰੱਖਿਆ ਕਰਨ ਵਾਲਾ ਅਕਾਲ ਪੁਰਖ ਆਪ ਹੈ, ਇਸ ਲਈ ਪਾਪ ਚਿਤਵਨ ਵਾਲਾ ਉਨ੍ਹਾਂ ਦਾ ਕੀ ਵਿਗਾੜ ਸਕਦਾ ਹੈ। ਭਾਵ ਜਦੋਂ ਭਗਤਾਂ ਦੀ ਰੱਖਿਆ ਕਰਨ ਵਾਲਾ ਹਰਿ ਆਪ ਹੈ, ਫਿਰ ਪਾਪੀ ਕਿਸਮ ਦਾ ਮਨੁੱਖ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਕਰ ਸਕਦਾ। ਅਹੰਕਾਰੀ ਮਨੁੱਖ ਮੂਰਖ ਹਨ ਅਤੇ ਅਹੰਕਾਰ ਕਰਦੇ ਹਨ, ਅਹੰਕਾਰ-ਰੂਪੀ ਜ਼ਹਿਰ ਖਾ ਕੇ ਮਰ ਜਾਂਦੇ ਹਨ। ਉਹ ਜਿਸ ਜ਼ਿੰਦਗੀ ਦਾ ਅਹੰਕਾਰ/ਮਾਣ ਕਰਦੇ ਹਨ, ਉਹ ਬੜੀ ਥੋੜ੍ਹੀ ਹੈ ਅਤੇ ਮੁੱਕ ਜਾਣੀ ਹੈ ਜਿਵੇਂ ਪੱਕੀ ਹੋਈ ਫਸਲ ਦੇ ਖੇਤ ਨੂੰ ਕੱਟ ਲਿਆ ਜਾਂਦਾ ਹੈ। ਮਨੁੱਖ ਜਿਸ ਤਰ੍ਹਾਂ ਦੇ ਕੰਮ ਕਰਦਾ ਹੈ, ਉਹ ਉਸੇ ਤਰ੍ਹਾਂ ਦਾ ਜਾਣਿਆ ਜਾਂਦਾ ਹੈ ਅਤੇ ਜੋ ਮਨੁੱਖ ਅਹੰਕਾਰ ਦੇ ਕੰਮ ਕਰਦੇ ਹਨ, ਰੱਬ ਦੀ ਦਰਗਾਹ ਵਿਚ ਅਹੰਕਾਰੀ ਕਰਕੇ ਹੀ ਜਾਣੇ ਜਾਂਦੇ ਹਨ। ਉਹ ਅਕਾਲ ਪੁਰਖ ਸਭ ਦਾ ਸੁਆਮੀ ਹੈ ਅਤੇ ਸਭ ਤੋਂ ਵੱਡਾ ਹੈ ਅਤੇ ਆਪਣੇ ਭਗਤਾਂ ਦੀ ਰਾਖੀ ਆਪ ਕਰਦਾ ਹੈ,

ਭਗਤ ਜਨਾਂ ਕਾ ਰਾਖਾ ਹਰਿ ਆਪਿ ਹੈ
ਕਿਆ ਪਾਪੀ ਕਰੀਐ॥
ਗੁਮਾਨੁ ਕਰਹਿ ਮੂੜ ਗੁਮਾਨੀਆ
ਵਿਸੁ ਖਾਧੀ ਮਰੀਐ॥
ਆਇ ਲਗੇ ਨੀ ਦਿਹ ਥੋੜੜੇ
ਜਿਉ ਪਕਾ ਖੇਤੁ ਲੁਣੀਐ॥
ਜੇਹੇ ਕਰਮ ਕਮਾਵਦੇ ਤੇਵੇਹੋ ਭਣੀਐ॥
ਜਨ ਨਾਨਕ ਕਾ ਖਸਮੁ ਵਡਾ ਹੈ
ਸਭਨਾ ਦਾ ਧਣੀਐ॥੩੦॥ (ਪੰਨਾ ੩੧੬)

ਅਗੇ ਸਲੋਕ ਵਿਚ ਗੁਰੂ ਰਾਮਦਾਸ ਸਾਹਿਬ ਮਨ-ਮਤੀਏ ਮਨੁੱਖ ਦੀ ਗੱਲ ਕਰ ਰਹੇ ਹਨ ਕਿ ਅਜਿਹੇ ਮਨੁੱਖ ਲਾਲਚ, ਲੋਭ ਅਤੇ ਅਹੰਕਾਰ ਦੇ ਕਾਰਨ ਸਤਿਗੁਰੂ ਤੋਂ ਭੁੱਲੇ ਹੋਏ ਮਨੁੱਖ ਮੂਲ ਤੋਂ ਹੀ ਭੁੱਲੇ ਹੋਏ ਹਨ। ਅਜਿਹੇ ਮਨੁੱਖ ਦਿਨ-ਰਾਤ ਲਾਲਚ, ਲੋਭ ਅਤੇ ਅਹੰਕਾਰ ਸਬੰਧੀ ਝਗੜਾ ਕਰਦਿਆਂ ਹੀ ਸਾਰੀ ਉਮਰ ਗੁਜ਼ਾਰ ਦਿੰਦੇ ਹਨ ਅਤੇ ਗੁਰੂ ਦੇ ਦੱਸੇ ਸ਼ਬਦ ਦੀ ਵਿਚਾਰ ਨਹੀਂ ਕਰਦੇ। ਅਜਿਹੇ ਮਨੁੱਖਾਂ ਦੀ ਹੋਸ਼, ਬੁੱਧੀ, ਅਕਲ ਆਦਿ ਅਕਾਲ ਪੁਰਖ ਨੇ ਖੋਹ ਲਈ ਹੈ ਅਤੇ ਨਿਰਾ ਵਿਕਾਰ ਹੀ ਬੋਲਦੇ ਹਨ। ਉਨ੍ਹਾਂ ਨੂੰ ਕੋਈ ਵੀ ਦਾਤ ਪ੍ਰਾਪਤ ਹੋ ਜਾਵੇ, ਰੱਜਦੇ ਨਹੀਂ ਅਰਥਾਤ ਉਨ੍ਹਾਂ ਦਾ ਮਨ ਤ੍ਰਿਪਤਦਾ ਨਹੀਂ ਹੈ, ਕਿਉਂਕਿ ਉਨ੍ਹਾਂ ਦੇ ਮਨ ਵਿਚ ਸੰਤੋਖ ਨਹੀਂ ਹੈ ਬਲਕਿ ਤ੍ਰਿਸ਼ਨਾ, ਅਗਿਆਨ ਅਤੇ ਹਨੇਰਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਅਜਿਹੇ ਮਨਮੁਖ ਮਨੁੱਖਾਂ ਨਾਲੋਂ ਸਬੰਧ ਟੁੱਟਿਆ ਹੋਇਆ ਹੀ ਚੰਗਾ ਹੈ, ਜਿਨ੍ਹਾਂ ਨੂੰ ਮਾਇਆ ਨਾਲ ਹੀ ਮੋਹ ਅਤੇ ਪਿਆਰ ਹੈ,

ਮਨਮੁਖ ਮੂਲਹੁ ਭੁਲਿਆ
ਵਿਚਿ ਲਬੁ ਲੋਭੁ ਅਹੰਕਾਰੁ॥
ਝਗੜਾ ਕਰਦਿਆਂ ਅਨਦਿਨੁ ਗੁਦਰੈ
ਸਬਦਿ ਨ ਕਰਹਿ ਵੀਚਾਰੁ॥
ਸੁਧਿ ਮਤਿ ਕਰਤੈ ਸਭ ਹਿਰਿ ਲਈ
ਬੋਲਨਿ ਸਭੁ ਵਿਕਾਰੁ॥
ਦਿਤੈ ਕਿਤੈ ਨ ਸੰਤੋਖੀਅਹਿ
ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ॥
ਨਾਨਕ ਮਨਮੁਖਾ ਨਾਲੋ ਤੁਟੀ ਭਲੀ
ਜਿਨ ਮਾਇਆ ਮੋਹ ਪਿਆਰੁ॥੧॥
(ਪੰਨਾ ੩੧੬)

ਅਗਲੇ ਸਲੋਕ ਵਿਚ ਗੁਰੂ ਰਾਮਦਾਸ ਸਾਹਿਬ ਮਨਮੁਖਿ ਅਤੇ ਗੁਰਮੁਖਿ ਵਿਚਲਾ ਫਰਕ ਕਰਦਿਆਂ ਦੱਸਦੇ ਹਨ ਕਿ ਜਿਸ ਦੇ ਅੰਦਰ ਦੂਸਰਾ ਭਾਉ ਅਰਥਾਤ ਮਾਇਆ ਨਾਲ ਪ੍ਰੇਮ ਹੁੰਦਾ ਹੈ, ਉਸ ਦੇ ਮਨ ਵਿਚ ਗੁਰੂ ਵੱਲ ਮੂੰਹ ਕਰਕੇ ਤੁਰਨ ਅਰਥਾਤ ਗੁਰੂ ਦੇ ਦੱਸੇ ਰਸਤੇ 'ਤੇ ਤੁਰਨ ਦਾ ਪ੍ਰੇਮ ਨਹੀਂ ਹੁੰਦਾ, ਉਹ ਗੁਰੂ ਦੇ ਸਨਮੁਖ ਨਹੀਂ ਰਹਿੰਦਾ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਹ ਜਨਮ-ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ ਅਤੇ ਸੁਪਨੇ ਵਿਚ ਵੀ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ (ਕਿਉਂਕਿ ਮਨ ਵਿਚ ਤ੍ਰਿਸ਼ਨਾ ਲੱਗੀ ਰਹਿੰਦੀ ਹੈ)। ਉਹ ਝੂਠ ਦੀ ਕਮਾਈ ਕਰਦਾ ਹੈ, ਝੂਠ ਹੀ ਮੂੰਹ ਤੋਂ ਬੋਲਦਾ ਹੈ ਅਤੇ ਕੂੜ ਦੇ ਨਾਲ ਲੱਗ ਕੇ ਆਪ ਵੀ ਕੂੜ ਦਾ ਹੀ ਰੂਪ ਹੋ ਜਾਂਦਾ ਹੈ। ਮਾਇਆ ਦਾ ਮੋਹ ਦੁੱਖ ਦਾ ਕਾਰਨ ਹੈ ਇਸ ਲਈ ਅਜਿਹਾ ਮਨੁੱਖ ਦੁੱਖ ਵਿਚ ਹੀ ਮੁੱਕ ਜਾਂਦਾ ਹੈ ਅਤੇ ਦੁੱਖ ਦਾ ਹੀ ਰੋਣਾ ਰੋਂਦਾ ਰਹਿੰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਭਾਵੇਂ ਹਰ ਮਨੁੱਖ ਰੱਬ ਨਾਲ ਪ੍ਰੇਮ ਦੀ ਤਾਂਘ ਕਰੇ ਪਰ ਮਾਇਆ ਅਤੇ ਪਰਮਾਤਮਾ- ਦੋਹਾਂ ਦਾ ਆਪਸ ਵਿਚ ਮੇਲ ਨਹੀਂ ਹੈ। ਜਿਨ੍ਹਾਂ ਦੇ ਪੱਲੇ ਵਿਚ ਪਿਛਲੇ ਕੀਤੇ ਹੋਏ ਚੰਗੇ ਕਰਮਾਂ ਦੇ ਕਾਰਨ ਪੁੰਨ ਅਰਥਾਤ ਚੰਗੇ ਸੰਸਕਾਰ ਪਏ ਹਨ, ਉਹ ਸਤਿਗੁਰ ਦਾ ਸ਼ਬਦ ਸੁਣਦੇ ਅਤੇ ਉਸ ਦੇ ਅਨੁਸਾਰੀ ਹੋ ਕੇ ਚੱਲਦੇ ਹਨ ਅਤੇ ਸੁੱਖ ਦੀ ਪ੍ਰਾਪਤੀ ਕਰਦੇ ਹਨ,

ਜਿਨਾ ਅੰਦਰਿ ਦੂਜਾ ਭਾਉ ਹੈ
ਤਿਨ੍ਾ ਗੁਰਮੁਖਿ ਪ੍ਰੀਤਿ ਨ ਹੋਇ॥
ਓਹੁ ਆਵੈ ਜਾਇ ਭਵਾਈਐ
ਸੁਪਨੈ ਸੁਖੁ ਨ ਕੋਇ॥
ਕੂੜੁ ਕਮਾਵੈ ਕੂੜੁ ਉਚਰੈ
ਕੂੜਿ ਲਗਿਆ ਕੂੜਿ ਹੋਇ॥
ਮਾਇਆ ਮੋਹੁ ਸਭੁ ਦੁਖੁ ਹੈ
ਦੁਖਿ ਬਿਨਸੈ ਦੁਖੁ ਰੋਇ॥
ਨਾਨਕ ਧਾਤੁ ਲਿਵੈ ਜੋੜੁ ਨ ਆਵਈ
ਜੇ ਲੋਚੈ ਸਭੁ ਕੋਇ॥
ਜਿਨ ਕਉ ਪੋਤੈ ਪੁੰਨੁ ਪਇਆ ਤਿਨਾ
ਗੁਰ ਸਬਦੀ ਸੁਖੁ ਹੋਇ॥੨॥ (ਪੰਨਾ ੩੧੬)

ਅਗਲੀ ਪਉੜੀ ਵੀ ਮਹਲਾ ਪੰਜਵਾਂ ਦੀ ਹੈ ਪਰ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਇਹ ਪਉੜੀ ਚਉਥੀ ਪਾਤਸ਼ਾਹੀ ਦੀ ਕਰਕੇ ਪਿੱਛੇ ਆ ਚੁੱਕੀ ਹੈ (ਪਉੜੀ ੧੨)। ਗੁਰੂ ਸਾਹਿਬ ਆਪਣੇ ਆਪ ਨੂੰ ਸੰਬੋਧਨ ਕਰਦੇ ਹਨ ਕਿ ਹੇ ਨਾਨਕ! ਰੱਬ ਦੇ ਭਗਤ ਅਤੇ ਮੁਨੀ ਜਨ ਆਪਣੀ ਵਿਚਾਰ ਦੱਸਦੇ ਹਨ ਅਤੇ ਚਾਰੇ ਵੇਦ ਆਦਿ ਪੁਰਾਤਨ ਧਾਰਮਿਕ ਪੁਸਤਕ ਵੀ ਇਹ ਆਖਦੇ ਹਨ ਕਿ ਰੱਬ ਦੇ ਭਗਤ ਜੋ ਬਚਨ ਆਪਣੇ ਮੁੱਖ ਤੋਂ ਉਚਾਰਦੇ ਹਨ, ਉਹ ਸਹੀ ਹੁੰਦੇ ਹਨ। ਪਰਮਾਤਮਾ ਦੀ ਭਗਤੀ ਕਰਨ ਵਾਲੇ ਸਾਰੇ ਸੰਸਾਰ ਵਿਚ ਪ੍ਰਤੱਖ ਪ੍ਰਸਿੱਧ ਹੁੰਦੇ ਹਨ ਅਤੇ ਉਨ੍ਹਾਂ ਦੀ ਵਡਿਆਈ ਸਾਰੀ ਲੋਕਾਈ ਸੁਣਦੀ ਹੈ। ਜਿਹੜੇ ਮੂਰਖ ਲੋਕ ਅਜਿਹੇ ਭਗਤ ਜਨਾਂ ਨਾਲ ਝਗੜਾ ਕਰਦੇ ਹਨ, ਵੈਰ ਕਮਾਉਂਦੇ ਹਨ, ਉਹ ਸੁਖ ਨਹੀਂ ਪਾਉਂਦੇ। ਉਹ ਭਗਤ ਜਨਾਂ ਦੇ ਗੁਣ ਪ੍ਰਾਪਤ ਕਰਨ ਲਈ ਤਰਸਦੇ ਹਨ ਪਰ ਉਹ ਗੁਣ ਪ੍ਰਾਪਤ ਕਰਨ ਦੀ ਥਾਂ ਆਪਣੇ ਅਹੰਕਾਰ ਵਿਚ ਸੜਦੇ ਰਹਿੰਦੇ ਹਨ। ਉਹ ਤਰਸ ਦੇ ਪਾਤਰ ਹਨ ਜਦਕਿ ਕੀਤੇ ਹੋਏ ਮੰਦੇ ਕਰਮ ਕਰਨ ਦੇ ਕਾਰਨ ਧੁਰ ਤੋਂ ਹੀ ਉਨ੍ਹਾਂ ਦੇ ਮਾੜੇ ਭਾਗ ਲਿਖੇ ਹਨ, ਉਨ੍ਹਾਂ ਨੂੰ ਮਾੜੇ ਸੰਸਕਾਰ ਮਿਲੇ ਹਨ। ਜੋ ਮਨੁੱਖ ਰੱਬ ਵੱਲੋਂ ਮੋਏ ਹੋਏ ਹਨ, ਉਹ ਹੋਰ ਕਿਸੇ ਦੇ ਵੀ ਨਹੀਂ ਹੋ ਸਕਦੇ। ਜਿਹੜੇ ਮਨੁੱਖ ਨਿਰਵੈਰਾਂ (ਜਿਨ੍ਹਾਂ ਦੇ ਮਨ ਵਿਚ ਕਿਸੇ ਲਈ ਵੈਰ ਨਹੀਂ ਹੁੰਦਾ) ਨਾਲ ਹੀ ਵੈਰ ਕਰਦੇ ਹਨ, ਉਹ ਰੱਬ ਦੇ ਧਰਮ ਨਿਆਂ ਅਨੁਸਾਰ ਦੁਖੀ ਹੁੰਦੇ ਹਨ। ਭਾਵ ਧਰਮ ਦਾ ਇਹ ਨਿਆਉਂ ਹੈ ਕਿ ਨਿਰਵੈਰ ਪੁਰਸ਼ ਨਾਲ ਵੈਰ ਕਰਕੇ ਮਨੁੱਖ ਸੁਖ ਪ੍ਰਾਪਤ ਨਹੀਂ ਕਰ ਸਕਦਾ। ਜੋ ਮਨੁੱਖ ਰੱਬ ਦੇ ਭਗਤਾਂ ਵੱਲੋਂ ਫਿਟਕਾਰੇ ਹੋਏ ਹਨ, ਉਹ ਭਟਕਦੇ ਫਿਰਦੇ ਹਨ। ਇਹ ਕੁਦਰਤਿ ਦਾ ਨਿਯਮ ਹੈ ਕਿ ਜੋ ਦਰੱਖਤ ਮੁੱਢੋਂ ਹੀ ਕੱਟਿਆ ਜਾਵੇ ਤਾਂ ਉਸ ਦੇ ਟਾਹਣ ਸੁੱਕ ਜਾਂਦੇ ਹਨ,

ਨਾਨਕ ਵੀਚਾਰਹਿ ਸੰਤ ਮੁਨਿ ਜਨਾਂ
ਚਾਰਿ ਵੇਦ ਕਹੰਦੇ॥
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥
ਪਰਗਟ ਪਾਹਾਰੈ ਜਾਪਦੇ
ਸਭਿ ਲੋਕ ਸੁਣੰਦੇ॥
ਸੁਖੁ ਨ ਪਾਇਨਿ ਮੁਗਧ ਨਰ
ਸੰਤ ਨਾਲਿ ਖਹੰਦੇ॥
ਓਇ ਲੋਚਨਿ ਓਨਾ ਗੁਣੈ ਨੋ
ਓਇ ਅਹੰਕਾਰਿ ਸੜੰਦੇ॥
ਓਇ ਵੇਚਾਰੇ ਕਿਆ ਕਰਹਿ
ਜਾਂ ਭਾਗ ਧੁਰਿ ਮੰਦੇ॥
ਜੋ ਮਾਰੇ ਤਿਨਿ ਪਾਰਬ੍ਰਹਮਿ
ਸੇ ਕਿਸੈ ਨ ਸੰਦੇ॥
ਵੈਰੁ ਕਰਨਿ ਨਿਰਵੈਰ ਨਾਲਿ
ਧਰਮਿ ਨਿਆਇ ਪਚੰਦੇ॥
ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ॥
ਪੇਡੁ ਮੁੰਢਾਹੂ ਕਟਿਆ
ਤਿਸੁ ਡਾਲ ਸੁਕੰਦੇ॥੩੧॥ (ਪੰਨਾ ੩੧੬)

ਅਗਲਾ ਸਲੋਕ ਪੰਚਮ ਪਾਤਿਸ਼ਾਹ ਦਾ ਹੈ ਜਿਸ ਵਿਚ ਉਹ ਕਹਿੰਦੇ ਹਨ ਕਿ ਉਹ ਅਕਾਲ ਪੁਰਖ ਜੋ ਸਭ ਸਰੀਰਾਂ ਨੂੰ ਬਣਾਉਣ ਅਤੇ ਢਾਹੁਣ ਦੇ ਸਮਰੱਥ ਹੈ, ਗੁਰੂ ਨੇ ਉਸ ਦਾ ਨਾਮ ਸਾਡੇ ਹਿਰਦੇ ਵਿਚ ਦ੍ਰਿੜ ਕਰਵਾ ਦਿੱਤਾ ਹੈ, ਇਸ ਲਈ ਹੁਣ ਸਾਡੇ ਸਾਰੇ ਦੁੱਖ ਦੂਰ ਹੋ ਗਏ ਹਨ। ਉਹ ਅੱਗੇ ਦੱਸਦੇ ਹਨ ਕਿ ਹੇ ਮਿੱਤਰ, ਭਾਈ ਜੇ ਤੂੰ ਵੀ ਉਸ ਅਕਾਲ ਪੁਰਖ ਦੇ ਨਾਮ ਨੂੰ ਧਿਆਵੇਂ, ਉਸ ਦਾ ਸਿਮਰਨ ਕਰੇਂ ਤਾਂ ਤੇਰੇ ਵੀ ਸਭ ਦੁੱਖ ਦੂਰ ਹੋ ਜਾਣ,

ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ
ਭੰਨਣ ਘੜਣ ਸਮਰਥੁ॥
ਪ੍ਰਭੁ ਸਦਾ ਸਮਾਲਹਿ ਮਿਤ੍ਰ ਤੂ
ਦੁਖੁ ਸਬਾਇਆ ਲਥੁ॥੧॥(ਪੰਨਾ ੩੧੭)

ਅਗਲਾ ਸਲੋਕ ਵੀ ਗੁਰੂ ਅਰਜਨ ਦੇਵ ਜੀ ਦਾ ਹੈ ਜਿਸ ਵਿਚ ਉਹ ਦੱਸਦੇ ਹਨ ਕਿ ਜਿਸ ਤਰ੍ਹਾਂ ਭੁੱਖੇ ਮਨੁੱਖ ਲਈ ਆਦਰ ਭਾਵ ਸਤਿਕਾਰ ਜਾਂ ਨਿਰਾਦਰ ਅਰਥਾਤ ਬੇਇੱਜ਼ਤੀ ਦੇ ਮੰਦੇ ਬੋਲਾਂ ਦਾ ਕੋਈ ਅਰਥ ਨਹੀਂ ਹੁੰਦਾ ਕਿਉਂਕਿ ਭੁੱਖਾ ਹੋਣ ਕਰਕੇ ਉਸ ਦੀ ਲੋੜ ਰੋਟੀ ਹੁੰਦੀ ਹੈ ਅਤੇ ਉਹ ਬਿਨਾ ਕਿਸੇ ਪਰਵਾਹ ਦੇ ਰੋਟੀ ਦੀ ਮੰਗ ਕਰਦਾ ਹੈ। ਇਸੇ ਤਰ੍ਹਾਂ ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਹ ਅਕਾਲ ਪੁਰਖ ਦੇ ਨਾਮ ਦੀ ਦਾਤ ਮੰਗਦੇ ਹਨ ਅਤੇ ਉਹ ਮਿਹਰ ਕਰਕੇ ਆਪਣਾ ਮਿਲਾਪ ਬਖਸ਼ੇ,

ਖੁਧਿਆਵੰਤੁ ਨ ਜਾਣਈ
ਲਾਜ ਕੁਲਾਜ ਕੁਬੋਲੁ॥
ਨਾਨਕੁ ਮਾਂਗੈ ਨਾਮੁ ਹਰਿ
ਕਰਿ ਕਿਰਪਾ ਸੰਜੋਗੁ॥੨॥ (ਪੰਨਾ ੩੧੭)

ਗੁਰਮਤਿ ਦਰਸ਼ਨ ਵਿਚ ਵਿਚਾਰ ਨੂੰ, ਤਰਕ ਨੂੰ ਬਹੁਤ ਮਹੱਤਵ ਪੂਰਨ ਸਥਾਨ ਪ੍ਰਾਪਤ ਹੈ। ਜੋ ਵਿਸ਼ਵਾਸ ਮਨੁੱਖ ਨੇ ਸੋਚ ਸਮਝ ਕੇ ਗ੍ਰਹਿਣ ਕੀਤਾ ਹੁੰਦਾ ਹੈ, ਉਹ ਉਸ ਦੇ ਵਿਅਕਤਿਤਵ ਦਾ ਹਿੱਸਾ ਬਣ ਜਾਂਦਾ ਹੈ। ਇਥੇ ਵੀ ਗੁਰੂ ਸਾਹਿਬ ਇਸ ਤੱਥ ਦਾ ਤਰਕ ਸਿਰਜਦੇ ਹਨ ਕਿ ਮਨੁੱਖ ਜਿਸ ਕਿਸਮ ਦਾ ਕਰਮ ਕਰਦਾ ਹੈ, ਜਿਸ ਕਿਸਮ ਦਾ ਬੀ ਬੀਜਦਾ ਹੈ, ਉਸ ਦਾ ਫਲ, ਉਸ ਦੀ ਫਸਲ ਵੀ ਉਹੋ ਜਿਹੀ ਹੀ ਪ੍ਰਾਪਤ ਕਰਦਾ ਹੈ। ਗੁਰੂ ਸਾਹਿਬ ਉਦਾਹਰਣ ਦਿੰਦੇ ਹਨ ਕਿ ਜੇ ਕੋਈ ਮਨੁੱਖ ਗਰਮ ਲੋਹਾ ਚੱਬਣ ਦੀ ਕੋਸ਼ਿਸ਼ ਕਰਦਾ ਹੈ ਤਾਂ ਇਹ ਸਪਸ਼ਟ ਹੈ ਕਿ ਉਹ ਉਸ ਦੇ ਸੰਘ ਵਿਚ ਜ਼ਰੂਰ ਚੁਭੇਗਾ (ਲੋਹਾ ਭੋਜਨ ਨਹੀਂ ਹੈ, ਖਾਣ ਲਈ ਨਹੀਂ ਬਣਿਆ ਇਸ ਲਈ ਇਸ ਦਾ ਉਲਟ ਨਤੀਜਾ ਤਾਂ ਆਵੇਗਾ ਹੀ)। ਇਸੇ ਤਰ੍ਹਾਂ ਮੰਦੇ ਕਰਮ ਕਰਨ 'ਤੇ ਜਮਦੂਤ ਗਲ ਵਿਚ ਰੱਸਾ ਪਾ ਕੇ ਅੱਗੇ ਲਾ ਲੈਂਦਾ ਹੈ। ਕਹਿਣ ਤੋਂ ਭਾਵ ਹੈ ਕਿ ਮੰਦੇ ਕਰਮਾਂ ਕਾਰਨ ਨਿਰਾਦਰ ਤਾਂ ਸਹਿਣਾ ਹੀ ਪਵੇਗਾ। ਜਦੋਂ ਮਨੁੱਖ ਦੂਸਰਿਆਂ ਦੀ ਨਿੰਦਾ ਕਰਕੇ ਪਰਾਏ ਪਾਪ ਆਪਣੇ ਸਿਰ 'ਤੇ ਲੈਂਦਾ ਹੈ ਤਾਂ ਉਸ ਦੀ ਕੋਈ ਵੀ ਆਸ ਪੂਰੀ ਨਹੀਂ ਹੁੰਦੀ ਅਤੇ ਉਹ ਆਪਣਾ ਇਹ ਲੋਕ ਅਤੇ ਪਰਲੋਕ ਦੋਵੇਂ ਗੁਆ ਬੈਠਦਾ ਹੈ। ਅਕ੍ਰਿਤਘਣ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਹੁੰਦਾ ਅਤੇ ਉਹ ਉਪਕਾਰ ਨਹੀਂ ਮੰਨਦਾ ਕਿ ਕਰਤਾਰ ਨੇ ਉਸ ਨੂੰ ਮਨੁੱਖਾ ਜਨਮ ਦਿੱਤਾ ਹੈ, ਇਸ ਲਈ ਰੱਬ ਨੂੰ ਯਾਦ ਨਾ ਰੱਖਣ ਕਰਕੇ ਉਹ ਜੂਨਾਂ ਵਿਚ ਭਟਕਦਾ ਰਹਿੰਦਾ ਹੈ। ਜਦੋਂ ਉਸ ਦੇ ਸਾਰੇ ਤਾਣ ਮੁੱਕ ਜਾਂਦੇ ਹਨ ਤਾਂ ਅਕਾਲ ਪੁਰਖ ਉਸ ਨੂੰ ਧਰਤੀ ਤੋਂ ਚੁੱਕ ਲੈਂਦਾ ਹੈ। ਜਦੋਂ ਇਸ ਤਰ੍ਹਾਂ ਦਾ ਅਕ੍ਰਿਤਘਣ ਬੰਦਾ ਝਗੜਿਆਂ ਨੂੰ ਮੁੱਕਣ ਨਹੀਂ ਦਿੰਦਾ ਤਾਂ ਕਰਤਾ ਪੁਰਖ ਉਸ ਨੂੰ ਉਠਾ ਲੈਂਦਾ ਹੈ। ਜੋ ਮਨੁੱਖ ਹਉਮੈ ਕਰਦੇ ਹਨ, ਅਹੰਕਾਰ ਕਰਦੇ ਹਨ ਉਹ ਅੰਤ ਵਿਚ ਜ਼ਮੀਨ 'ਤੇ ਡਿਗਦੇ ਹਨ। ਕਹਿਣ ਤੋਂ ਭਾਵ ਹੈ ਕਿ ਚੰਗੇ ਕਰਮ ਕਰਕੇ ਮਨੁੱਖ ਇਸ ਸੰਸਾਰ 'ਤੇ ਵੀ ਸ਼ੋਭਾ ਖੱਟਦਾ ਹੈ ਅਤੇ ਅਕਾਲ ਪੁਰਖ ਦੇ ਦਰਵਾਜ਼ੇ 'ਤੇ ਵੀ ਉਸ ਨੂੰ ਸਤਿਕਾਰ ਮਿਲਦਾ ਹੈ। ਮੰਦੇ ਕਰਮ ਕਰਕੇ ਮਨੁੱਖ ਆਪਣੇ ਇਸ ਮਨੁੱਖਾ ਜਨਮ ਨੂੰ ਵੀ ਵਿਗਾੜਦਾ ਹੈ ਅਤੇ ਇਸ ਸੰਸਾਰ 'ਤੇ ਨਿਰਾਦਰ ਖੱਟਦਾ ਹੈ ਤੇ ਅਗਲੇ ਸੰਸਾਰ ਵਿਚ ਵੀ ਨਿਰਾਦਰ ਸਹਿੰਦਾ ਹੈ,

ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ॥
ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ॥
ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲ ਤੇ॥
ਕਾਈ ਆਸ ਨ ਪੁੰਨੀਆ
ਨਿਤ ਪਰ ਮਲੁ ਹਿਰਤੇ॥
ਕੀਆ ਨ ਜਾਣੈ ਅਕਿਰਤਘਣੁ
ਵਿਚਿ ਜੋਨੀ ਫਿਰਤੇ॥
ਸਭੇ ਧਿਰਾਂ ਨਿਖੁਟੀਅਸੁ ਹਿਰਿ ਲਈਅਸੁ ਧਰਤੇ॥
ਵਿਣਸ ਕਲਹ ਨ ਦੇਵਦਾ ਤਾਂ ਲਇਆ ਕਰਤੇ॥
ਜੋ ਜੋ ਕਰਤੇ ਅਹੰਮੇਉ
ਝੜਿ ਧਰਤੀ ਪੜਤੇ॥੩੨॥ (ਪੰਨਾ ੩੧੭)

## ਬਹੁ ਰੰਗ ਮਾਇਆ ਬਹੁ ਬਿਧਿ ਪੇਖੀ

ਗੁਰਬਾਣੀ ਗਿਆਨ

**ਗਉੜੀ ਗੁਆਰੇਰੀ ਮਹਲਾ ੫**

ਬਹੁ ਰੰਗ ਮਾਇਆ ਬਹੁ ਬਿਧਿ ਪੇਖੀ॥
ਕਲਮ ਕਾਗਦ ਸਿਆਨਪ ਲੇਖੀ॥
ਮਹਰ ਮਲੂਕ ਹੋਇ ਦੇਖਿਆ ਖਾਨ॥
ਤਾ ਤੇ ਨਾਹੀ ਮਨੁ ਤ੍ਰਿਪਤਾਨ॥੧॥
ਸੋ ਸੁਖੁ ਮੋ ਕਉ ਸੰਤ ਬਤਾਵਹੁ॥
ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ॥੧॥ ਰਹਾਉ॥
ਅਸੁ ਪਵਨ ਹਸਤਿ ਅਸਵਾਰੀ॥
ਚੋਆ ਚੰਦਨੁ ਸੇਜ ਸੁੰਦਰਿ ਨਾਰੀ॥
ਨਟ ਨਾਟਿਕ ਆਖਾਰੇ ਗਾਇਆ॥
ਤਾ ਮਹਿ ਮਨਿ ਸੰਤੋਖੁ ਨ ਪਾਇਆ॥੨॥
ਤਖਤੁ ਸਭਾ ਮੰਡਨ ਦੋਲੀਚੇ॥
ਸਗਲ ਮੇਵੇ ਸੁੰਦਰ ਬਾਗੀਚੇ॥
ਆਖੇੜ ਬਿਰਤਿ ਰਾਜਨ ਕੀ ਲੀਲਾ॥
ਮਨੁ ਨ ਸੁਹੇਲਾ ਪਰਪੰਚੁ ਹੀਲਾ॥੩॥
ਕਰਿ ਕਿਰਪਾ ਸੰਤਨ ਸਚੁ ਕਹਿਆ॥
ਸਰਬ ਸੂਖ ਇਹੁ ਆਨੰਦੁ ਲਹਿਆ॥
ਸਾਧਸੰਗਿ ਹਰਿ ਕੀਰਤਨੁ ਗਾਈਐ॥
ਕਹੁ ਨਾਨਕ ਵਡਭਾਗੀ ਪਾਈਐ॥੪॥
ਜਾ ਕੈ ਹਰਿ ਧਨੁ ਸੋਈ ਸੁਹੇਲਾ॥
ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ॥੧॥ਰਹਾਉ ਦੂਜਾ॥

ਪੰਜਵੇਂ ਗੁਰਦੇਵ ਪਿਤਾ ਜੀ ਉਪਦੇਸ਼ ਕਰਦੇ ਹਨ- ਹੇ ਭਾਈ! ਅਸੀਂ ਵੇਖਿਆ ਹੈ ਕਿ ਇਹ ਜੋ ਬਹੁ-ਰੰਗੀ ਮਾਇਆ ਹੈ, ਇਹ ਜਗਤ ਦੇ ਜੀਵਾਂ ਨੂੰ ਕਈ ਤਰੀਕਿਆਂ ਨਾਲ ਮੋਹ ਰਹੀ ਹੈ; ਕਲਮ ਕਾਗਦ ਸਿਆਨਪ ਲੇਖੀ, ਕਈ ਵਿਦਵਾਨਾਂ ਨੇ ਕਾਗਦ ਤੇ ਕਲਮ ਲੈ ਕੇ ਅਣਗਿਣਤ ਵਿਦਵਤਾ ਭਰਪੂਰ ਲੇਖ ਲਿਖੇ ਹਨ, ਮਾਇਆ ਉਨ੍ਹਾਂ ਨੂੰ ਵਿਦਵਤਾ ਦੇ ਰੂਪ ਵਿਚ ਮੋਹ ਰਹੀ ਹੈ ਅਤੇ ਕਈਆਂ ਨੇ ਚੌਧਰੀ, ਸੁਲਤਾਨ, ਖਾਨ ਬਣ ਕੇ ਵੀ ਵੇਖ ਲਿਆ ਹੈ, ਪਰ ਮਾਇਆ ਦੇ ਰੰਗਾਂ ਨਾਲ ਕਿਸੇ ਦਾ ਮਨ ਵੀ ਤ੍ਰਿਪਤ ਨਹੀਂ ਹੋਇਆ।

ਸੋ ਸੁਖੁ ਮੋ ਕਉ ਸੰਤ ਬਤਾਵਹੁ॥
ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ॥੧॥ ਰਹਾਉ॥

ਬਾਣੀ ਦੇ ਬੋਹਿਥ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਪ੍ਰਭੂ ਦੇ ਪਿਆਰਿਆਂ ਨੂੰ ਬੇਨਤੀ ਕਰਦੇ ਹਨ- ਹੇ ਮੇਰੇ ਪ੍ਰਭੂ ਕੇ ਪਿਆਰੇ ਸੰਤ ਜਨ ਜੀਉ! ਕਿਰਪਾ ਕਰ ਕੇ ਮੈਨੂੰ ਉਹ ਸੁੱਖ ਦੱਸੋ, ਆਨੰਦ ਦੱਸੋ, ਜਿਸ ਨਾਲ ਮੇਰੀ ਮਾਇਆ ਰੂਪੀ ਵਿਕਾਰਾਂ ਦੀ ਸਾਰੀ ਤ੍ਰਿਸ਼ਨਾ ਹੀ ਮੁੱਕ ਜਾਵੇ। ਹੇ ਪ੍ਰਭੂ ਦੇ ਪਿਆਰਿਓ! ਜਿਸ ਸੁੱਖ ਨਾਲ ਮੇਰੀ ਆਤਮਾ ਨੂੰ ਸੰਤੋਖ ਮਿਲ ਜਾਵੇ ਅਤੇ ਮੈਂ ਸਦਾ ਲਈ ਹੀ ਤ੍ਰਿਪਤ ਹੋ ਜਾਵਾਂ।

ਅਸੁ ਪਵਨ ਹਸਤਿ ਅਸਵਾਰੀ॥
ਚੋਆ ਚੰਦਨੁ ਸੇਜ ਸੁੰਦਰਿ ਨਾਰੀ॥
ਨਟ ਨਾਟਿਕ ਆਖਾਰੇ ਗਾਇਆ॥
ਤਾ ਮਹਿ ਮਨਿ ਸੰਤੋਖੁ ਨ ਪਾਇਆ॥੨॥

ਗੁਰਦੇਵ ਜੀ ਆਖਦੇ ਹਨ- ਹੇ ਭਾਈ! ਕਈਆਂ ਨੇ ਹਾਥੀਆਂ ਅਤੇ ਹਵਾ ਵਾਂਗ ਤੇਜ਼ ਦੌੜਨ ਵਾਲੇ ਘੋੜਿਆਂ ਦੀ ਸਵਾਰੀ ਵੀ ਕਰ ਕੇ ਵੇਖ ਲਈ ਹੈ; ਭਾਂਤ-ਭਾਂਤ ਇਤਰ ਤੇ ਚੰਦਨ ਦੀ ਵਰਤਿਆ ਹੈ ਅਤੇ ਸੁੰਦਰ ਇਸਤਰੀ ਦੀ ਸੇਜ ਵੀ ਮਾਣ ਕੇ ਵੇਖੀ ਹੈ, ਭਾਈ ਅਸਾਂ ਰੰਗ ਭੂਮੀ ਵਿਚ ਨਟਾਂ ਦੇ ਨਾਟਕ ਵੀ ਵੇਖੇ ਹਨ ਅਤੇ ਉਨ੍ਹਾਂ ਦੇ ਗਾਏ ਗੀਤ ਵੀ ਸੁਣੇ ਹਨ ਪਰ ਇਨ੍ਹਾਂ ਸਭ ਚੀਜ਼ਾਂ ਵਿਚ ਰਹਿ ਕੇ ਵੀ ਮਨ ਨੂੰ ਸੰਤੋਖ ਨਹੀਂ ਮਿਲਦਾ।

ਤਖਤੁ ਸਭਾ ਮੰਡਨ ਦੋਲੀਚੇ॥
ਸਗਲ ਮੇਵੇ ਸੁੰਦਰ ਬਾਗੀਚੇ॥
ਆਖੇੜ ਬਿਰਤਿ ਰਾਜਨ ਕੀ ਲੀਲਾ॥
ਮਨੁ ਨ ਸੁਹੇਲਾ ਪਰਪੰਚੁ ਹੀਲਾ॥੩॥

ਗੁਰਦੇਵ ਪਿਤਾ ਜੀ ਆਖਦੇ ਹਨ- ਹੇ ਭਾਈ! ਰਾਜ ਦਰਬਾਰ ਵਿਚ ਤਖਤ 'ਤੇ ਬੈਠਣਾ, ਭਰਪੂਰ ਸਜਾਵਟਾਂ, ਸੁੰਦਰ ਗਲੀਚਿਆਂ ਦੇ ਵਿਛਾਉਣੇ; ਸਭ ਕਿਸਮਾਂ ਦੇ ਫੁੱਲ ਤੇ ਮੇਵੇ, ਸੁੰਦਰ ਬਾਗ ਬਗੀਚੇ; ਆਖੇੜ ਬਿਰਤਿ ਰਾਜਨ ਕੀ ਲੀਲਾ, ਭਾਵ ਰਾਜਿਆਂ ਦੀ ਸ਼ਿਕਾਰ ਖੇਡਣ ਦੀ ਬਿਰਤੀ, ਰਾਜਿਆਂ ਦੀਆਂ ਮਨ ਪ੍ਰਚਾਵੇ ਦੀਆਂ ਸਭ ਖੇਡਾਂ; ਮਨੁ ਨ ਸੁਹੇਲਾ ਪਰਪੰਚੁ ਹੀਲਾ, ਪਰ ਹੇ ਭਾਈ! ਇਨ੍ਹਾਂ ਸਾਰੀਆਂ ਦਿਖਾਵੇ ਦੀਆਂ ਚੀਜ਼ਾਂ ਨਾਲ ਭੀ ਮਨ ਨੂੰ ਸੁਖ ਪ੍ਰਾਪਤ ਨਹੀਂ ਹੁੰਦਾ।

ਕਰਿ ਕਿਰਪਾ ਸੰਤਨ ਸਚੁ ਕਹਿਆ॥
ਸਰਬ ਸੂਖ ਇਹੁ ਆਨੰਦੁ ਲਹਿਆ॥
ਸਾਧਸੰਗਿ ਹਰਿ ਕੀਰਤਨੁ ਗਾਈਐ॥
ਕਹੁ ਨਾਨਕ ਵਡਭਾਗੀ ਪਾਈਐ॥੪॥

ਗੁਰਦੇਵ ਪਿਤਾ ਬਖਸ਼ਿਸ਼ ਕਰਦੇ ਹਨ- ਹੇ ਭਾਈ! ਝੂਠੇ ਤਮਾਸ਼ਿਆਂ ਵਿਚ ਭਟਕੇ ਹੋਏ ਜੀਵ ਉਤੇ ਮਿਹਰ ਕਰ ਕੇ ਸੰਤਾਂ ਨੇ ਸੱਚ ਦਾ ਰਸਤਾ ਦੱਸਿਆ ਕਿ ਸਾਰੇ ਸੁਖਾਂ ਦੀ ਪ੍ਰਾਪਤੀ ਤਾਂ ਸਾਧ ਸੰਗਤ ਵਿਚ ਬੈਠ ਕੇ ਹੀ ਹੁੰਦੀ ਹੈ, ਇਸ ਲਈ ਹੇ ਭਾਈ! ਸਾਧ ਸੰਗਤ ਵਿਚ ਬੈਠ ਕੇ ਜੁੜ ਕੇ ਉਸ ਮਿਹਰਵਾਨ ਪ੍ਰਭ ਦਾ ਕੀਰਤਨ ਅਤੇ ਉਸ ਦੇ ਗੁਣ ਗਾਉਣੇ ਚਾਹੀਦੇ ਹਨ। ਨਾਨਕ ਆਖਦਾ ਹੈ, ਸਿਫ਼ਤ ਸਾਲਾਹ ਦੀ ਦਾਤ ਵੀ ਵੱਡੇ ਭਾਗਾਂ ਨਾਲ ਹੀ ਮਿਲਦੀ ਹੈ।

ਜਾ ਕੈ ਹਰਿ ਧਨੁ ਸੋਈ ਸੁਹੇਲਾ॥
ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ॥੧॥ਰਹਾਉ ਦੂਜਾ॥

ਭਾਈ! ਜਿਸ ਜੀਵ ਦੇ ਅੰਦਰ ਉਸ ਮਿਹਰਵਾਨ ਪ੍ਰਭੂ ਦੇ ਨਾਮ ਧਨ ਦਾ ਖਜ਼ਾਨਾ ਹੈ, ਉਸ ਦਾ ਜੀਵਨ ਹੀ ਸੁਹੇਲਾ ਸੁਖਾਲਾ ਹੈ ਅਤੇ ਹੇ ਭਾਈ! ਸਾਧ ਸੰਗਤ ਵਿਚ ਮਿਲ ਕੇ ਬੈਠਣਾ ਵੀ ਪ੍ਰਭੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸਿੱਖ ਕੌਮ ਲਈ ਭਾਈ ਸੁੱਖੇ-ਜਿੰਦੇ ਦੀ ਲਾਸਾਨੀ ਸ਼ਹੀਦੀ

**ਸ਼ਹੀਦੀ ਦਿਨ 'ਤੇ ਵਿਸ਼ੇਸ਼**

***ਆਪ੍ਰੇਸ਼ਨ ਬਲਿਊ ਸਟਾਰ ਰਾਹੀਂ ਸ੍ਰੀ ਅਕਾਲ ਤਖਤ ਨੂੰ ਤਬਾਹ ਕਰਨ ਵਾਲੇ ਜਨਰਲ ਵੈਦਿਆ ਨੂੰ ਸੋਧਣ ਦੀ ਸਜ਼ਾ ਵਜੋਂ 9 ਅਕਤੂਬਰ 1992 ਨੂੰ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਉਨ੍ਹਾਂ ਦੇ ਸਾਥੀ ਭਾਈ ਸੁਖਦੇਵ ਸਿੰਘ ਸੁੱਖਾ ਨੂੰ ਫਾਂਸੀ ਦੀ ਸਜ਼ਾ ਦੇ ਦਿਤੀ ਗਈ। ਦੋਹਾਂ ਜੋਧਿਆਂ ਨੇ ਹੱਸਦਿਆਂ ਫਾਂਸੀ ਦਾ ਰੱਸਾ ਚੁੰਮਿਆ। ਹਕੂਮਤ ਦੀਆਂ ਨਜ਼ਰਾਂ ਵਿਚ ਉਹ ਭਾਵੇਂ ਕਿੱਡੇ ਵੀ ਵੱਡੇ ਅਪਰਾਧੀ ਹੋਣ, ਸਿੱਖ ਕੌਮ ਲਈ ਉਨ੍ਹਾਂ ਦੀ ਸ਼ਹੀਦੀ ਲਾਸਾਨੀ ਹੀ ਰਹੇਗੀ। ਇਥੇ ਅਸੀਂ ਭਾਈ ਸੁੱਖੇ ਅਤੇ ਭਾਈ ਜਿੰਦੇ ਨੂੰ ਸ਼ਰਧਾਂਜਲੀ ਵਜੋਂ ਪ੍ਰਭਜੋਤ ਸਿੰਘ ਦਾ ਇਹ ਲੇਖ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। -ਸੰਪਾਦਕ***

**ਪ੍ਰਭਜੋਤ ਸਿੰਘ**

ਸ਼ਹੀਦੀ ਦੀ ਪਵਿੱਤਰ ਪਰੰਪਰਾ ਸਿੱਖ ਇਤਿਹਾਸ ਨਾਲ ਨਹੁੰ-ਮਾਸ ਵਾਂਗ ਜੁੜੀ ਹੋਈ ਹੈ। ਸਿੱਖ ਲਹਿਰ ਅਧੀਨ ਜਿਸ ਨਵੇਂ ਮਨੁੱਖ ਦੀ ਸਿਰਜਣਾ ਦਾ ਕਾਰਜ ਅਰੰਭਿਆ ਗਿਆ ਸੀ ਉਸ ਵਿਚ ਸ਼ਹੀਦੀ ਦੀ ਅਟੱਲਤਾ ਨੂੰ ਪਹਿਲਾਂ ਹੀ ਸਵੀਕਾਰ ਕਰ ਲਿਆ ਗਿਆ ਸੀ। ਸਿੱਖ ਫਲਸਫੇ (ਗੁਰਬਾਣੀ) ਵਿਚ ਵੀ ਪ੍ਰੇਮ ਦੀ ਇਸ ਗਲੀ ਵਿਚ ਆਉਣ ਲਈ ਸਿਰ ਨੂੰ ਤਲੀ ਉਤੇ ਧਰਨ ਦੀ ਸ਼ਰਤ ਲਗਾਈ ਗਈ ਹੈ। ਗੁਰੂ ਨਾਨਕ ਦੇਵ ਜੀ ਦੀ ਅੰਤਰੀਵੀ ਦ੍ਰਿਸ਼ਟੀ ਨੇ ਸਿੱਖ ਲਹਿਰ ਦੇ ਭਵਿੱਖ ਵਿਚ ਬਿਪਰਧਾਰਾ ਅਤੇ ਵਕਤ ਦੇ ਹਾਕਮਾਂ ਨਾਲ ਹੋਣ ਵਾਲੇ ਟਕਰਾਅ ਨੂੰ ਸਹਿਜੇ ਹੀ ਵੇਖ ਲਿਆ। ਸਿੱਖ ਸ਼ਹੀਦੀ ਪਰੰਪਰਾ ਨੂੰ ਆਮ ਸੰਸਾਰ ਦੀ ਪਰੰਪਰਾ ਨਾਲੋਂ ਪਵਿੱਤਰ ਬਣਾਉਣ ਲਈ ਉਨ੍ਹਾਂ ਗੁਰਮੁਖ ਦੀ ਸਿਰਜਣਾ ਲਈ ਇਕ ਰੂਹਾਨੀ ਜੀਵਨ ਜਾਬਤਾ ਤਿਆਰ ਕਰ ਦਿੱਤਾ ਸੀ। ਗੁਰੂ ਨਾਨਕ ਇਹ ਗੱਲ ਹੋਰ ਸਾਰਿਆਂ ਨਾਲੋਂ ਚੰਗੀ ਤਰ੍ਹਾਂ ਮਹਿਸੂਸ ਕਰਦੇ ਸਨ ਕਿ ਉਚੇ ਇਖਲਾਕ ਵਾਲੇ ਹੀ ਸ਼ਹੀਦੀ ਦੀ ਸਿੱਖ ਪਰੰਪਰਾ ਨੂੰ ਮਾਣ-ਮੱਤੀਆਂ ਉਚਾਈਆਂ 'ਤੇ ਪਹੁੰਚਾ ਸਕਦੇ ਹਨ। ਉਨ੍ਹਾਂ ਦੀ ਇਸ ਅੰਤਰੀਵੀ ਦਿਬ ਦ੍ਰਿਸ਼ਟੀ ਨੂੰ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਾਂਤਮਈ ਢੰਗ ਨਾਲ ਅਡੋਲ ਰਹਿੰਦਿਆਂ ਸ਼ਹੀਦੀ ਦੇ ਕੇ ਸਾਕਾਰ ਕਰ ਦਿੱਤਾ ਸੀ। ਸਿੱਖ ਇਤਿਹਾਸ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਿੱਖ ਸਿਦਕ ਦੀ ਪਹਿਲੀ ਪਰਖ ਸੀ। ਗੁਰੂ ਸਾਹਿਬ ਦੀ ਅਡੋਲਤਾ ਨੇ ਥੱਕੀ ਹੋਈ ਅਕਲ ਦੀਆਂ ਸਾਰੀਆਂ ਗਿਣਤੀਆਂ-ਮਿਣਤੀਆਂ ਨੂੰ ਪਲਟਾ ਕੇ ਰੱਖ ਦਿੱਤਾ। ਇਸ ਪੈਗੰਬਰੀ ਸ਼ਹੀਦੀ ਦੀਆਂ ਰਮਜ਼ਾਂ ਅੰਦਰ ਹੀ ਸਿੱਖ ਇਖਲਾਕ ਦਾ ਪਵਿੱਤਰ ਰੂਪ ਉਸਰ ਰਿਹਾ ਸੀ। ਗੁਰੂ ਤੇਗ਼ ਬਹਾਦਰ ਜੀ, ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਨੇ ਸ਼ਹੀਦੀ ਦੀ ਇਸ ਸਿੱਖ ਪਰੰਪਰਾ ਨੂੰ ਸੁੱਚੀ ਇਬਾਦਤ ਵਿਚ ਪਲਟ ਦਿੱਤਾ ਅਤੇ ਪੰਥਕ ਲਿਵ ਦੇ ਚਸ਼ਮਿਆਂ ਨੂੰ ਫੁੱਟਣ ਦਾ ਰਾਹ ਬਖਸ਼ ਦਿੱਤਾ।

ਸਿੱਖ ਸਿਧਾਂਤਕਾਰ ਸ. ਅਜਮੇਰ ਸਿੰਘ ਅਨੁਸਾਰ ਸਿੱਖ ਇਤਿਹਾਸ ਵਿਚ ਸ਼ਹੀਦੀ ਪਰੰਪਰਾ ਦੀਆਂ ਵੀ ਦੋ ਧਾਰਾਵਾਂ ਵਹਿੰਦੀਆਂ ਰਹਿੰਦੀਆਂ ਹਨ। ਇਕ ਵੰਨਗੀ ਉਨ੍ਹਾਂ ਸ਼ਹੀਦਾਂ ਦੀ ਹੈ ਜਿਨ੍ਹਾਂ ਨੇ ਕਦੇ ਵੀ ਤੇਗ਼ ਨਹੀਂ ਚੁੱਕੀ ਅਤੇ ਜੋ ਮਹਾਨ ਅਡੋਲਤਾ ਵਿਚ ਹੀ ਸ਼ਹੀਦੀ ਦੇ ਕੇ ਗੁਰੂ ਲਿਵ ਵਿਚ ਅਭੇਦ ਹੋ ਗਏ। ਦੂਜੀ ਵੰਨਗੀ ਉਨ੍ਹਾਂ ਸਿੱਖ ਸ਼ਹੀਦਾਂ ਦੀ ਹੈ ਜੋ ਜੰਗੇ-ਮੈਦਾਨ ਵਿਚ ਸ਼ਮਸ਼ੀਰਾਂ ਦੇ ਜੌਹਰ ਵਿਖਾਉਂਦੇ ਹੋਏ ਗੁਰੂ ਜੀ ਦੀ ਗੋਦ ਵਿਚ ਜਾ ਬਿਰਾਜੇ। ਪਹਿਲੀ ਵੰਨਗੀ ਦੇ ਸ਼ਹੀਦਾਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ, ਭਾਈ ਮਤੀ ਦਾਸ ਸੀ, ਭਾਈ ਮਨੀ ਸਿੰਘ ਜੀ, ਭਾਈ ਦਿਆਲਾ ਜੀ ਅਤੇ ਬਹੁਤ ਸਾਰੇ ਸਿੱਖ ਆਉਂਦੇ ਹਨ, ਦੂਜੀ ਵੰਨਗੀ ਵਿਚ ਬਾਬਾ ਦੀਪ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ ਆਦਿ ਸ਼ਹੀਦਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।

ਸ਼ਹੀਦੀ ਦੀ ਇਹ ਪਰੰਪਰਾ ਵਕਤ ਬੀਤਣ ਨਾਲ ਭਾਵੇਂ ਆਪਣੇ ਰੂਪ ਵਟਾਉਂਦੀ ਰਹੀ ਹੈ ਪਰ ਸ਼ਹੀਦ ਹੋਣ ਵਾਲੇ ਸਿੱਖਾਂ ਦੀਆਂ ਰੂਹਾਂ ਵਿਚ ਹਮੇਸ਼ਾਂ ਹੀ ਗੁਰੂ ਲਿਵ ਨਾਲ ਅਭੇਦ ਹੋਣ ਦੀ ਪ੍ਰੀਤ ਪਲਮਦੀ ਰਹੀ ਹੈ। ਨੀਹਾਂ ਵਿਚ ਚਿਣੇ ਜਾਂਦੇ ਮਾਸੂਮ ਬੱਚੇ ਅਤੇ ਦਿੱਲੀ ਵਿਚ ਕੋਹੇ ਜਾ ਰਹੇ ਬਾਬਾ ਬੰਦਾ ਸਿੰਘ ਬਹਾਦਰ ਦੀ ਗੁਰੂ-ਲਿਵ ਦਾ ਪੱਧਰ ਇਕੋ ਕਿਸਮ ਦਾ ਸੀ। ਖਾੜਕੂ ਸਿੱਖ ਲਹਿਰ ਦੇ ਵਰਤਮਾਨ ਸ਼ਹੀਦਾਂ ਵਿਚੋਂ ਭਾਈ ਕੇਹਰ ਸਿੰਘ ਨੂੰ ਪਹਿਲੀ ਵੰਨਗੀ ਦੇ ਸ਼ਹੀਦਾਂ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ ਉਨ੍ਹਾਂ ਪੰਥ ਦੇ ਦਰਦ ਦੀ ਪੀੜ ਨੂੰ ਸ਼ਿੱਦਤ ਨਾਲ ਮਹਿਸੂਸ ਕਰਦਿਆਂ ਪੂਰੀ ਅਡੋਲਤਾ ਨਾਲ ਅਤੇ ਸਿੱਖੀ ਸਪਿਰਟ ਨੂੰ ਅੰਗ-ਸੰਗ ਰੱਖਦਿਆਂ ਸ਼ਹੀਦੀ ਦਿੱਤੀ। ਸਿੱਖ ਖਾੜਕੂ ਲਹਿਰ ਦੇ ਉਹ ਦਰਵੇਸ਼ ਸ਼ਹੀਦ ਹਨ ਉਨ੍ਹਾਂ



ਵੀਹਵੀਂ ਸਦੀ ਵਿਚ ਸਿੱਖ ਸ਼ਹੀਦੀ ਦੀ ਮਾਸੂਮ ਪਰੰਪਰਾ ਨੂੰ ਇਕ ਵਾਰ ਫਿਰ ਪ੍ਰਜਵਲਿਤ ਕੀਤਾ। ਦੂਜੇ ਪਾਸੇ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਹਨ ਜਿਨ੍ਹਾਂ ਦੀ ਉਚੀ ਸੁਰਤ ਮੋਹ ਦੇ ਕੰਢਿਆਂ 'ਤੇ ਪਹੁੰਚ ਕੇ ਧਰਮਯੁੱਧ ਵਿਚ ਲੜਦੀ ਰਹੀ ਅਤੇ ਅੰਤ ਨੂੰ ਉਹ ਬਾਦਸ਼ਾਹੀਆਂ ਦੇ ਕਹਿਰ ਮੂਹਰੇ ਵਿਛ ਕੇ ਸ਼ਹੀਦੀ ਦੀ ਪਰੰਪਰਾ ਤੋਂ ਡੋਲੇ ਨਹੀਂ ਸਗੋਂ ਸ਼ਹੀਦੀ ਵਾਲੇ ਦਿਨ ਉਨ੍ਹਾਂ ਦਾ ਪੰਥਕ ਜਜ਼ਬਾ ਮੌਤ ਦੀਆਂ ਵਾਦੀਆਂ ਤੱਕ ਛੱਲਾਂ ਮਾਰਨ ਲੱਗ ਪਿਆ ਸੀ।

ਇਤਿਹਾਸ ਅੰਦਰ ਚੱਲੀ ਹਰ ਖਾੜਕੂ ਅਤੇ ਇਨਕਲਾਬੀ ਲਹਿਰ ਅੰਦਰ ਨਾ ਤਾਂ ਜਾਂਬਾਜ਼ ਸੂਰਮਿਆਂ ਦੀ ਕਮੀ ਹੁੰਦੀ ਹੈ ਅਤੇ ਨਾ ਹੀ ਸ਼ਹੀਦਾਂ ਦੀ। ਹਰ ਇਨਕਲਾਬੀ ਲਹਿਰ ਦੇ ਆਪਣੇ ਸਿਧਾਂਤਕ ਰਹਿਬਰ ਅਤੇ ਸ਼ਹੀਦ ਹੁੰਦੇ ਹਨ। ਸਿਧਾਂਤਕ ਰਹਿਬਰਾਂ ਅਤੇ ਸ਼ਹੀਦਾਂ ਉਤੇ ਮਾਣ ਕਰਨ ਵਾਲੀਆਂ ਕੌਮਾਂ ਹੀ ਭਵਿੱਖ ਵਿਚ ਪੈਦਾ ਹੋਣ ਵਾਲੇ ਖਤਰਿਆਂ ਦੇ ਸਨਮੁਖ ਕੌਮ ਨੂੰ ਅਤੀਤ ਦੇ ਇਤਿਹਾਸ ਵਿਚੋਂ ਅਗਵਾਈ ਦੇ ਸਕਦੀਆਂ ਹਨ ਕਿਉਂਕਿ ਜਦੋਂ ਵੀ ਵਰਤਮਾਨ ਦੀ ਤਾਰ ਅਤੀਤ ਦੇ ਇਤਿਹਾਸ ਨਾਲ ਜੁੜਦੀ ਹੈ ਤਾਂ ਜਾਂਬਾਜ਼ ਕੌਮਾਂ ਵਕਤ ਦੇ ਰੰਗਮੰਚ ਉਤੇ ਕ੍ਰਿਸ਼ਮਈ ਦ੍ਰਿਸ਼ ਪੇਸ਼ ਕਰਦੀਆਂ ਹਨ। ਘੱਟੋ-ਘੱਟ ਸਿੱਖ ਕੌਮ ਬਾਰੇ ਤਾਂ ਇਹ ਗੱਲ ਹਿੱਕ ਥਾਪੜ ਕੇ ਕਹੀ ਜਾ ਸਕਦੀ ਹੈ।

ਸਿਰਫ ਲੰਮੇ ਸਮੇਂ ਦੀ ਖਾਮੋਸ਼ੀ ਕੌਮ ਦੇ ਭਵਿੱਖ ਲਈ ਸੋਚਣ ਵਾਲਿਆਂ ਨੂੰ ਉਦਾਸ ਜ਼ਰੂਰ ਕਰ ਦਿੰਦੀ ਹੈ ਪਰ ਵਕਤ ਆਉਣ 'ਤੇ ਸਿੱਖ ਕੌਮ ਫਿਰ ਬਾਬਾ ਬੋਤਾ ਸਿੰਘ ਅਤੇ ਬਾਬਾ ਗਰਜਾ ਸਿੰਘ ਵਰਗੇ ਸੂਰਬੀਰ ਇਤਿਹਾਸ ਨੂੰ ਪ੍ਰਦਾਨ ਕਰ ਹੀ ਦਿੰਦੀ ਹੈ।

ਭਾਈ ਹਰਜਿੰਦਰ ਸਿੰਘ ਜਿੰਦਾ ਦਾ ਰਾਜਸੀ ਵਿਕਾਸ ਵੀ ਸਿੱਖ ਇਤਿਹਾਸ ਦੀਆਂ ਤਿੱਖੜ ਦੁਪਹਿਰਾਂ ਦੇ ਸਮਿਆਂ ਨਾਲ ਜੁੜਿਆ ਹੋਇਆ ਹੈ ਜਦੋਂ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਦਾ ਇਤਿਹਾਸ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਵਿਚ ਦੁਹਰਾਇਆ ਗਿਆ ਤਾਂ ਹਰਜਿੰਦਰ ਸਿੰਘ ਜਿੰਦਾ ਦੀ ਜ਼ਿੰਦਗੀ ਵੀ ਇਤਿਹਾਸ ਦੇ ਉਸ ਚੁਰਾਹੇ ਉਤੇ ਆ ਖੜ੍ਹਾ ਹੋਈ ਸੀ ਜਿਵੇਂ ਇਕ ਰਾਹ ਜੰਗ ਅਤੇ ਸ਼ਹੀਦੀ ਦੀ ਅਗੰਮੀ ਗੋਦ ਵੱਲ ਜਾਂਦਾ ਸੀ ਅਤੇ ਦੂਜਾ ਖੁਦਕੁਸ਼ੀ ਵੱਲ। ਹਰਜਿੰਦਰ ਸਿੰਘ ਜਿੰਦਾ ਨੇ ਖੁਦਕੁਸ਼ੀ ਨਾਲੋਂ ਸ਼ਹੀਦੀ ਕਾਫਲੇ ਦਾ ਰਾਹ ਚੁਣਿਆ। ਹਜ਼ਾਰਾਂ ਸਿੱਖ ਨੌਜਵਾਨਾਂ ਵਾਂਗ ਉਹ ਵੀ ਪੰਥ ਪਿਆਰੇ ਦੀ ਤੜਫ ਦਾ ਇਕ ਅਗੰਮੀ ਕੇਂਦਰ ਬਣ ਗਿਆ। ਖਾੜਕੂ ਸਿੱਖ ਲਹਿਰ ਵਿਚ ਬਹੁਤ ਸਾਰੇ ਨੌਜਵਾਨਾਂ ਨੇ ਆਪਣਾ ਬਣਦਾ ਹਿੱਸਾ ਪਾਇਆ ਅਤੇ ਸ਼ਹੀਦੀਆਂ ਦਿੱਤੀਆਂ ਪਰ ਹਰਜਿੰਦਰ ਸਿੰਘ ਜਿੰਦਾ ਸੁਖਦੇਵ ਸਿੰਘ ਸੁੱਖਾ ਨਾ ਕੇਵਲ ਆਪਣੀਆਂ ਜੁਝਾਰੂ ਕਾਰਵਾਈਆਂ ਕਾਰਨ ਸਿੱਖ ਲਹਿਰ ਦੇ ਵਿਲੱਖਣ ਪਾਤਰ ਬਣੇ ਰਹੇ ਬਲਕਿ ਉਨ੍ਹਾਂ ਜਿਸ ਦ੍ਰਿੜ੍ਹਤਾ ਅਤੇ ਦਲੇਰੀ ਨਾਲ ਸ਼ਹੀਦੀ ਦਿੱਤੀ ਉਹ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਦੀ ਲਖਾਇਕ ਬਣ ਗਈ। ਹਰਜਿੰਦਰ ਸਿੰਘ ਜਿੰਦਾ ਅਤੇ ਉਨ੍ਹਾਂ ਦੀ ਪੂਰੀ ਟੀਮ ਦਾ ਸਿੱਖ ਖਾੜਕੂ ਲਹਿਰ ਵਿਚ ਦਾਖਲਾ ਮਹਿਜ਼ ਬਦਲੇ ਦੀ ਭਾਵਨਾ ਨਾਲ ਹੀ ਨਹੀਂ ਸੀ ਹੋਇਆ। ਸਿੱਖ ਇਤਿਹਾਸ ਦੀ ਅਮੋੜ ਪੀੜ ਨੇ ਉਨ੍ਹਾਂ ਨੂੰ ਰਾਜਸੀ ਤੌਰ 'ਤੇ ਸੁਚੇਤ ਅਤੇ ਇਤਿਹਾਸਕ ਤੌਰ 'ਤੇ ਚੌਕੰਨੇ ਵੀ ਕਰ ਦਿੱਤਾ ਸੀ। ਉਹ ਸਿੱਖ ਇਤਿਹਾਸ ਵਿਚ ਜੰਗ ਦੀਆਂ ਰਮਜ਼ਾਂ ਨੂੰ ਸਮਝਦੇ ਹੀ ਨਹੀਂ ਬਲਕਿ ਜੰਗ ਦੀ ਪਵਿੱਤਰ ਥਰਥਰਾਹਟ ਨੂੰ ਮਹਿਸੂਸ ਵੀ ਕਰਦੇ ਸਨ। ਇਤਿਹਾਸ ਦੇ ਘਟਨਾਕ੍ਰਮ ਤੋਂ ਉਨ੍ਹਾਂ ਇਹ ਗੱਲ ਚੰਗੀ ਤਰ੍ਹਾਂ ਸਿੱਖ ਲਈ ਹੋਈ ਸੀ ਕਿ ਸਿੱਖ ਖਾੜਕੂ ਲਹਿਰ ਦਾ ਨਿਸ਼ਾਨਾ ਕੀ ਹੈ ਅਤੇ ਇਸ ਨਿਸ਼ਾਨੇ ਦੀ ਪ੍ਰਾਪਤੀ ਦੇ ਪਵਿੱਤਰ ਰਾਹ ਕਿਹੜੇ ਹਨ। ਉਨ੍ਹਾਂ ਨੂੰ ਪਤਾ ਸੀ ਕਿ ਜੰਗ ਲੜਨੀ ਹੈ। ਇਸ ਲਈ ਇਤਿਹਾਸ ਦੇ ਉਦਾਸ ਦਿਨਾਂ ਵਿਚ ਵੀ ਉਨ੍ਹਾਂ ਦੀ ਮਾਨਸਿਕਤਾ ਕਦੇ ਮੁਰਝਾਈ ਨਹੀਂ ਅਤੇ ਨਾ ਹੀ ਉਨ੍ਹਾਂ ਦੀ ਅੱਖ ਕਦੇ ਆਪਣੇ ਨਿਸ਼ਾਨੇ ਤੋਂ ਪਰ੍ਹਾਂ ਹੋਈ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਕੀਤਾ ਗਿਆ ਹਮਲਾ ਸਿੱਖਾਂ ਲਈ ਬਹੁਤ ਇਤਿਹਾਸਕ ਮਹੱਤਵਾ ਰੱਖਦਾ ਸੀ ਅਤੇ ਇਸਦੇ ਪ੍ਰਤੀਕਰਮ ਵੀ ਇਤਿਹਾਸ ਨਾਲ ਜੁੜੇ ਸਨ। ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਉਨ੍ਹਾਂ ਦੀ ਟੀਮ ਇਤਿਹਾਸ ਦੇ ਇਸ ਵਹਿਣ ਤੋਂ ਸੁਚੇਤ ਰੂਪ ਵਿਚ ਜਾਣੂ ਸੀ। ਇਤਿਹਾਸ ਨੇ ਇਸ ਟੀਮ ਨੂੰ ਜੋ ਜ਼ਿੰਮੇਵਾਰੀ ਸੌਂਪੀ ਸੀ ਉਹ ਉਸ ਜ਼ਿੰਮੇਵਾਰੀ ਦੇ ਅਹਿਸਾਸ ਨੂੰ ਆਪਣੀ ਮਾਨਸਿਕਤਾ ਦੀਆਂ ਧੁਰ ਡੂੰਘਾਈਆਂ ਤੱਕ ਮਹਿਸੂਸ ਕਰਦੇ ਸਨ। ਭਾਰਤੀ ਫੌਜ, ਪੁਲਿਸ ਅਤੇ ਸੂਹੀਆਂ ਏਜੰਸੀਆਂ ਦੇ ਵੱਡੇ ਦਬਾਅ ਅਤੇ ਜ਼ਬਰ ਦੇ ਬਾਵਜੂਦ ਨਾ ਤਾਂ ਉਹ ਆਪਣੇ ਨਿਸ਼ਾਨੇ ਤੋਂ ਡੋਲੇ ਅਤੇ ਨਾ ਹੀ ਛੁਪੇ ਰਹਿਣ ਦੀ ਅਗੰਮੀ ਚਾਹਤ ਦਾ ਹੀ ਉਨ੍ਹਾਂ ਪੱਲਾ ਛੱਡਿਆ। ਜਦੋਂ ਖਾੜਕੂ ਲਹਿਰ ਦੇ ਇਕ ਹਿੱਸੇ ਵਿਚ ਨੈਤਿਕ ਗਿਰਾਵਟ ਦੀਆਂ ਅਲਾਮਤਾਂ ਪ੍ਰਗਟ ਹੋਣ ਲੱਗ ਪਈਆਂ ਸਨ, ਉਦੋਂ ਵੀ ਉਨ੍ਹਾਂ ਆਪਣੀ ਨੈਤਿਕਤਾ ਦੀਆਂ ਉਚ ਕਦਰਾਂ-ਕੀਮਤਾਂ ਨੂੰ ਹਮੇਸ਼ਾਂ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਕੇ ਰੱਖਿਆ। ਲੱਖਾਂ ਦੁਸ਼ਵਾਰੀਆਂ ਵਿਚ ਵੀ ਪੰਥ ਖਾਲਸੇ ਦਾ ਦਰਦ ਉਨ੍ਹਾਂ ਤੋਂ ਇਕ ਪਲ ਲਈ ਵੀ ਵੱਖ ਨਹੀਂ ਹੋਇਆ। ਨੈਤਿਕ ਕਦਰਾਂ ਕੀਮਤਾਂ ਦੀ ਇਸ ਮਹਾਨ ਉਚਤਾ ਕਾਰਨ ਹੀ ਉਨ੍ਹਾਂ ਸਿੱਖ ਸੰਘਰਸ਼ ਵਿਚ ਟੀਸੀ ਦੇ ਬੇਰ ਤੋੜਨ ਵਾਲੇ ਕਾਰਨਾਮੇ ਕੀਤੇ ਅਤੇ ਅਜਿਹੇ ਮਹਾਨ ਕਾਰਨਾਮੇ ਕਰਦਿਆਂ ਵੀ ਉਨ੍ਹਾਂ ਦਾ ਮਾਨਸਿਕ ਤਵਾਜ਼ਨ ਕਦੇ ਗੜਬੜਾਇਆ ਨਹੀਂ ਸੀ।

ਸਿੱਖ ਇਤਿਹਾਸ ਵਲੋਂ ਉਨ੍ਹਾਂ ਸਿਰ ਲਾਈ ਗਈ ਜ਼ਿੰਮੇਵਾਰੀ ਨੂੰ ਹਰਜਿੰਦਰ ਸਿੰਘ ਜਿੰਦਾ ਅਤੇ ਸੁਖਦੇਵ ਸਿੰਘ ਸੁੱਖਾ ਨੇ ਆਪਣੀ ਪੂਰੀ ਟੀਮ ਨਾਲ ਸਿਰੇ ਚਾੜ੍ਹਿਆ। ਅਜਿਹਾ ਕਰਦਿਆਂ ਉਹ ਹਮੇਸ਼ਾਂ ਅਨੇਕਾਂ ਸ਼ਹੀਦੀਆਂ ਨੂੰ ਆਪਣੀ ਚਿਰੰਜੀਵ ਚੇਤਨਾ ਵਿਚ ਵਸਾ ਕੇ ਰੱਖਦੇ ਸਨ। ਇਸੇ ਲਈ ਗੁਰੂ ਸਾਹਿਬ ਦੀ ਬਖਸ਼ਿਸ਼ ਦੇ ਨਕਸ਼ ਅੰਤ ਤੱਕ ਉਨ੍ਹਾਂ ਦੇ ਅੰਗ ਸੰਗ ਰਹੇ।

ਖਾੜਕੂ ਸਿੱਖ ਲਹਿਰ ਨੇ ਡੇਢ ਦੋ ਦਹਾਕਿਆਂ ਦੇ ਆਪਣੇ ਇਤਿਹਾਸ ਦੌਰਾਨ ਅਨੇਕਾਂ ਝੱਖੜ ਹੰਢਾਏ, ਅਣਗਿਣਤ ਕੁਰਬਾਨੀਆਂ ਨਾਲ ਮੱਥਾ ਲਾਇਆ ਅਤੇ ਕਈ ਵਾਰ ਵੱਡੇ ਖਾੜਕੂ ਜਰਨੈਲਾਂ ਦੀ ਮੌਤ ਕਾਰਨ ਲਹਿਰ ਨੇ ਝਟਕੇ ਹੰਢਾਏ ਪਰ ਸਮੁੱਚੀ ਲਹਿਰ ਦੌਰਾਨ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਉਨ੍ਹਾਂ ਦੀ ਟੀਮ ਨੇ ਸ਼ਹੀਦੀਆਂ ਦੇ ਇਸ ਆਲਮ ਵਿਚ ਹਮੇਸ਼ਾਂ ਸੁੱਚੇ ਇਖਲਾਕ ਦਾ ਪੱਲਾ ਫੜ੍ਹ ਕੇ ਰੱਖਿਆ। ਇਖਲਾਕ ਦੀ ਇਸ ਸੁੱਚਤਾ ਕਾਰਨ ਹੀ ਉਹ ਸ਼ਹੀਦੀ ਦੀ ਸਿੱਖ ਪਰੰਪਰਾ ਨੂੰ ਨਵੇਂ ਅਰਥ ਦੇਣ ਦੇ ਕਾਬਲ ਬਣ ਸਕੇ। ਜੇ ਇਹ ਦੋਵੇਂ ਨੌਜਵਾਨ ਇਖਲਾਕੀ ਉਚਤਾ ਦੇ ਸਿੱਖ ਅਸੂਲਾਂ ਨੂੰ ਪ੍ਰਨਾਏ ਨਾ ਹੁੰਦੇ, ਉਨ੍ਹਾਂ ਦੀ ਸ਼ਹਾਦਤ ਵੀ ਇੰਨੀ ਵਿਲੱਖਣ ਨਾ ਹੁੰਦੀ। ਇਖਲਾਕੀ ਤੌਰ 'ਤੇ ਸਾਧਿਆ ਹੋਇਆ ਮਨੁੱਖ ਹੀ ਅੰਤਲੀ ਘੜੀ ਉਤੇ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕ ਸਕਦਾ ਹੈ।

ਜਿਵੇਂ ਅਸੀਂ ਪਹਿਲਾਂ ਹੀ ਜ਼ਿਕਰ ਕੀਤਾ ਹੈ ਕਿ ਹਰ ਖਾੜਕੂ ਲਹਿਰ ਵਿਚ ਹਜ਼ਾਰਾਂ ਸ਼ਹੀਦ ਹੁੰਦੇ ਹਨ ਅਤੇ ਲਹਿਰ ਵਿਚ ਸ਼ਹੀਦ ਹੋਏ ਲੋਕਾਂ ਦੀ ਕਦੇ ਵੀ ਦਰਜਾ-ਬਦਰਜੀ ਨਹੀਂ ਕੀਤੀ ਜਾਇਆ ਕਰਦੀ। ਕਿਉਂਕਿ ਹਰ ਨੌਜਵਾਨ ਇਕੋ ਸਾਂਝੇ ਨਿਸ਼ਾਨੇ ਦੀ ਪ੍ਰਾਪਤੀ ਲਈ ਹੀ ਸ਼ਹੀਦ ਹੋਇਆ ਹੁੰਦਾ ਹੈ ਪਰ ਖਾੜਕੂ ਲਹਿਰਾਂ ਦੇ ਇਤਿਹਾਸ ਵਿਚ ਕਈ ਸ਼ਹੀਦੀਆਂ ਇੰਨੀਆਂ ਪਵਿੱਤਰ ਹੁੰਦੀਆ ਹਨ ਕਿ ਉਹ ਇਕ ਖਾਸ ਕਿਸਮ ਦੀ ਵਿਲੱਖਣਤਾ ਹਾਸਲ ਕਰ ਲੈਂਦੀਆਂ ਹਨ। ਜਿਵੇਂ ਹਿੰਦੁਸਤਾਨ ਦੀ ਆਜ਼ਾਦੀ ਦੇ ਸੰਘਰਸ਼ ਵਿਚ ਅਨੇਕਾਂ ਲੋਕ ਸ਼ਹੀਦ ਹੋਏ ਪਰ ਭਗਤ ਸਿੰਘ ਸ਼ਹੀਦੀ ਦਾ ਇਕ ਵਿਲੱਖਣ ਚਿੰਨ੍ਹ ਬਣ ਗਿਆ। ਕੁਝ ਸ਼ਹੀਦੀਆਂ ਹਮੇਸ਼ਾਂ ਹੀ ਪੂਰੀ ਖਾੜਕੂ ਲਹਿਰ ਨੂੰ ਸਿੰਬੋਲਾਇਜ਼ ਕਰਦੀਆਂ ਹਨ। ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਸ਼ਹੀਦੀ ਖਾੜਕੂ ਲਹਿਰ ਦਾ ਇਕ ਮੀਲ ਪੱਥਰ ਹੈ। ਉਨ੍ਹਾਂ ਆਪਣੇ ਖਾੜਕੂ ਜੀਵਨ ਦੌਰਾਨ ਵੀ ਕਾਰਵਾਈਆਂ ਅਤੇ ਇਖਲਾਕ ਦੀ ਉਚਤਾ ਨੂੰ ਕਾਇਮ ਰੱਖਿਆ ਅਤੇ ਆਪਣੀ ਸ਼ਹੀਦੀ ਵੇਲੇ ਵੀ ਉਹ ਮੌਤ ਨਾਲ ਅਠਖੇਲੀਆਂ ਕਰਦੇ ਰਹੇ। ਉਹ ਖਾੜਕੂ ਸਿੱਖ ਲਹਿਰ ਦਾ ਵਿਲੱਖਣ ਵਰਤਾਰਾ ਸਨ। ਪੁੱਜ ਕੇ ਜਾਂਬਾਜ਼, ਸਿਆਸੀ ਤੌਰ 'ਤੇ ਸੁਚੇਤ ਅਤੇ ਅਣਖੀਲੇ ਸ਼ਹੀਦ। ਪੰਥ ਦੇ ਸ਼ਹੀਦਾਂ ਦੀ ਇਬਾਰਤ ਨਾਲ ਅੰਗ-ਸੰਗ ਹੋਣ ਕਰਕੇ ਉਨ੍ਹਾਂ ਨੇ ਹਰ ਸਿੱਖ ਦੇ ਮਨ ਵਿਚ ਥਾਂ ਬਣਾ ਲਈ ਹੈ। ਪਹਿਲਾਂ ਆਪਣੇ ਜੁਝਾਰੂ ਕਾਰਨਾਮਿਆਂ ਨਾਲ ਉਹ ਇਕ ਤਰ੍ਹਾਂ ਨਾਲ ਖਾਮੋਸ਼ ਸਿੱਖ ਅਰਦਾਸ ਦਾ ਹਿੱਸਾ ਬਣ ਗਏ ਅਤੇ ਫਿਰ ਜਿਸ ਮੜਕ ਅਤੇ ਸਜ-ਧਜ ਨਾਲ ਉਨ੍ਹਾਂ ਸ਼ਹੀਦੀ ਦਿੱਤੀ ਉਸ ਨੇ ਸ਼ਹੀਦੀ ਦੀ ਅਣਖੀਲੀ ਸਿੱਖ ਪਰੰਪਰਾ ਨੂੰ ਚਾਰ ਚੰਨ੍ਹ ਲਾ ਦਿੱਤੇ। ਸੱਚਮੁੱਚ ਹੀ ਇਨ੍ਹਾਂ ਦੋਵਾਂ ਸ਼ਹੀਦਾਂ ਬਾਰੇ ਇਹ ਗੱਲ ਬੇਧੜਕ ਕਹੀ ਜਾ ਸਕਦੀ ਹੈ:

ਜਿਸ ਧਜ ਸੇ ਕੋਈ ਮਕਤਲ ਮੇਂ ਗਯਾ
ਵੋ ਸ਼ਾਨ ਸਲਾਮਤ ਰਹਿਤੀ ਹੈ
ਯੇ ਜਾਂ ਤੋ ਆਨੀ ਜਾਨੀ ਹੈ
ਇਸ ਜਾਂ ਕੀ ਕੋਈ ਬਾਤ ਨਹੀਂ।

> ***ਇਤਿਹਾਸ ਅੰਦਰ ਚੱਲੀ ਹਰ ਖਾੜਕੂ ਅਤੇ ਇਨਕਲਾਬੀ ਲਹਿਰ ਅੰਦਰ ਨਾ ਤਾਂ ਜਾਂਬਾਜ਼ ਸੂਰਮਿਆਂ ਦੀ ਕਮੀ ਹੁੰਦੀ ਹੈ ਅਤੇ ਨਾ ਹੀ ਸ਼ਹੀਦਾਂ ਦੀ। ਹਰ ਇਨਕਲਾਬੀ ਲਹਿਰ ਦੇ ਆਪਣੇ ਸਿਧਾਂਤਕ ਰਹਿਬਰ ਅਤੇ ਸ਼ਹੀਦ ਹੁੰਦੇ ਹਨ। ਸਿਧਾਂਤਕ ਰਹਿਬਰਾਂ ਅਤੇ ਸ਼ਹੀਦਾਂ ਉਤੇ ਮਾਣ ਕਰਨ ਵਾਲੀਆਂ ਕੌਮਾਂ ਹੀ ਭਵਿੱਖ ਵਿਚ ਪੈਦਾ ਹੋਣ ਵਾਲੇ ਖਤਰਿਆਂ ਦੇ ਸਨਮੁਖ ਕੌਮ ਨੂੰ ਅਤੀਤ ਦੇ ਇਤਿਹਾਸ ਵਿਚੋਂ ਅਗਵਾਈ ਦੇ ਸਕਦੀਆਂ ਹਨ ਕਿਉਂਕਿ ਜਦੋਂ ਵੀ ਵਰਤਮਾਨ ਦੀ ਤਾਰ ਅਤੀਤ ਦੇ ਇਤਿਹਾਸ ਨਾਲ ਜੁੜਦੀ ਹੈ ਤਾਂ ਜਾਂਬਾਜ਼ ਕੌਮਾਂ ਵਕਤ ਦੇ ਰੰਗਮੰਚ ਉਤੇ ਕ੍ਰਿਸ਼ਮਈ ਦ੍ਰਿਸ਼ ਪੇਸ਼ ਕਰਦੀਆਂ ਹਨ। ਘੱਟੋ-ਘੱਟ ਸਿੱਖ ਕੌਮ ਬਾਰੇ ਤਾਂ ਇਹ ਗੱਲ ਹਿੱਕ ਥਾਪੜ ਕੇ ਕਹੀ ਜਾ ਸਕਦੀ ਹੈ।***

## ਦਹਿਸ਼ਤ

ਰੁੱਤ ਬਦਲੇ ਦਹਿਸ਼ਤ ਦੀ
ਪਤਝੜ ਦਾ ਸੋਗ ਲਿਖ।
ਇਖਲਾਕ ਦੀ ਗੱਲ ਕਰ
ਭਾਵੇਂ ਜਜ਼ਬੇ ਦਾ ਲੋਰ ਲਿਖ।

ਕਹਿਰ ਦੀ ਸ਼ਾਮ ਵਿਚ
ਟਿਮ-ਟਿਮਾਉਂਦੇ ਦੀਵਿਆ,
ਆਪਣਾ ਪਰਛਾਵਾਂ ਛੱਡ
ਚਾਨਣ ਦੇ ਬੋਲ ਲਿਖ।

ਪਲ ਦੋ ਪਲ ਬੋਲ ਕੇ
ਜੁੱਗ ਬਦਲਣ ਦਾ ਕਰੇਂ ਦਾਅਵਾ
ਬਦਲੇ ਰੁਖ ਹਵਾ ਦਾ
ਕੁਝ ਐਸਾ ਹੋਰ ਲਿਖ।

ਕੰਨਾਂ 'ਚ ਗੂੰਜਦੀਆਂ
ਚੀਕਾਂ ਆਹਾਂ ਤੇ ਗੋਲੀਆਂ,
ਕਰ ਗਿਣਤੀ ਸਿਤਮਾਂ ਦੀ
ਨਾ ਘੁੱਗੀਆਂ ਤੇ ਮੋਰ ਲਿਖ।

ਘੇਰਾ ਧਰਮਾਂ ਮਜ਼੍ਹਬਾਂ ਦਾ
ਖੜੋਤ ਹੈ ਜ਼ਿੰਦਗੀ ਦੀ,
ਤੂੰ ਇਕ ਪਾਂਧੀ ਏਂ
ਰਾਹਾਂ ਦੀ ਤੋਰ ਲਿਖ।


ਪੈ ਗਏ ਕੁਰਾਹੇ ਜੋ
ਮੰਜ਼ਿਲ ਦੇ ਪੁਜਾਰੀ ਸਨ,
'ਗੁਰਾਇਆ' ਮੁੜ ਆਉਣ ਘਰੀਂ
ਖਤ ਐਸਾ ਜੋੜ ਲਿਖ।

***-ਦੇਵਿੰਦਰ ਕੌਰ ਗੁਰਾਇਆ***
***ਫੋਨ: 571-315-9543***

# ਸੁਜੱਗ ਤੇ ਸਾਕਰਮਕ ਗੰਗਾ ਸਿੰਘ ਢਿੱਲੋਂ

*ਨਨਕਾਣਾ ਸਾਹਿਬ ਫਾਊਂਡੇਸ਼ਨ ਦੇ ਕਰਤਾ-ਧਰਤਾ ਸ. ਗੰਗਾ ਸਿੰਘ ਢਿੱਲੋਂ ਦੇ ਵਿਛੋੜੇ ਨੇ ਸਿੱਖ ਮਸਲਿਆਂ ਬਾਰੇ ਇਕ ਵਾਰ ਫਿਰ ਚਰਚਾ ਛੇੜੀ ਹੈ। ਉਨ੍ਹਾਂ ਦੀ ਸਿੱਖੀ ਬਾਰੇ ਕਿਸੇ ਨੂੰ ਭੋਰਾ ਭਰ ਵੀ ਕਦੀ ਕੋਈ ਸ਼ੱਕ ਨਹੀਂ ਸੀ, ਪਰ ਰੰਗ-ਬਰੰਗੀ ਸਿਆਸਤ ਨੂੰ ਉਹ ਸਦਾ ਦੋ ਕਦਮ ਦੂਰ ਹੀ ਰੱਖਦੇ ਸਨ। ਬਤੌਰ ਸਿੱਖ ਉਨ੍ਹਾਂ ਹਰ ਉਸ ਤੱਥ ਨਾਲ ਆਪਣਾ ਨਾਤਾ ਜੋੜਿਆ ਜਿਸ ਨੂੰ ਉਹ ਦਿਲੋਂ ਸਵੀਕਾਰ ਕਰਦੇ ਸਨ। ਅਸੀਂ ਪ੍ਰੋ. ਬਲਕਾਰ ਸਿੰਘ ਦਾ ਲੇਖ ਛਾਪ ਰਹੇ ਹਾਂ ਤਾਂ ਕਿ ਉਨ੍ਹਾਂ ਬਾਰੇ ਪ੍ਰਚਲਿਤ ਆਮ-ਫਹਿਮ ਗੱਲਾਂ ਦੀ ਹਕੀਕਤ ਤੋਂ ਜਾਣੂ ਹੋਇਆ ਜਾ ਸਕੇ। -ਸੰਪਾਦਕ*

ਆਪਣੇ ਸਮਕਾਲ ਨਾਲ ਲੀਹਾਂ ਪਾੜ ਕੇ ਤੁਰਨ ਵਾਲੀਆਂ ਸ਼ਖਸੀਅਤਾਂ ਆਪਣਾ ਥਾਂ ਆਪ ਬਣਾਉਂਦੀਆਂ ਹਨ ਅਤੇ ਸ. ਗੰਗਾ ਸਿੰਘ ਢਿੱਲੋਂ (1928-2014) ਇਹੋ ਜਿਹਾ ਹੀ ਸੀ। ਉਸ ਨੇ ਸਿੱਖ ਭਾਈਚਾਰੇ ਵਿਚ ਆਪਣੀ ਥਾਂ ਆਪਣੀ ਸੁਜੱਗਤਾ ਅਤੇ ਸਾਕਰਮਕਤਾ ਕਰਕੇ ਬਣਾਈ ਸੀ। ਨਿਰਪੁਰਾ ਸਿਆਸਤਦਾਨ ਉਹ ਕਦੇ ਵੀ ਨਹੀਂ ਸੀ ਅਤੇ ਇਸੇ ਕਰਕੇ ਉਸ ਦਾ ਕੋਈ ਸਿਆਸੀ ਰੋਲ-ਮਾਡਲ ਨਹੀਂ ਸੀ ਅਤੇ ਨਾ ਹੀ ਉਸ ਨੂੰ ਕਿਸੇ ਨੇ ਸਿਆਸੀ ਰੋਲ-ਮਾਡਲ ਮੰਨਿਆ ਸੀ।




ਅਸਲ ਵਿਚ ਉਹ ਪੱਕਾ ਸਿੱਖ ਸੀ ਅਤੇ ਸਿੱਖੀ ਨਾਲ ਜੁੜੀ ਹੋਈ ਹਰ ਗੱਲ ਵਿਚ ਦਿਲਚਸਪੀ ਲੈਂਦਾ ਸੀ। ਉਸ ਦਾ ਨਾਮ ਸਿੱਖਾਂ ਅਤੇ ਸਿੱਖ-

ਬਲਕਾਰ ਸਿੰਘ (ਪ੍ਰੋ.) ਪਟਿਆਲਾ
ਫੋਨ: 91-93163-01328

ਵਿਰੋਧੀਆਂ ਵਿਚ ਉਸ ਵੇਲੇ ਮਸ਼ਹੂਰ ਹੋ ਗਿਆ ਸੀ, ਜਦੋਂ ਉਸ ਨੇ 1981 ਵਿਚ ਚੰਡੀਗੜ੍ਹ ਵਿਖੇ ਚੀਫ ਖਾਲਸਾ ਦੀਵਾਨ ਵਲੋਂ ਕਰਵਾਈ ਗਈ ਸਿੱਖ ਐਜੂਕੇਸ਼ਨਲ ਕਾਨਫਰੰਸ ਵਿਚ ਪੂਰੇ ਜ਼ੋਰ-ਸ਼ੋਰ ਨਾਲ ਇਹ ਭਾਸ਼ਣ ਦਿੱਤਾ ਸੀ ਕਿ ਸਿੱਖ ਇਕ ਵੱਖਰੀ ਕੌਮ ਹਨ। ਇਹ ਕੋਈ ਨਵਾਂ ਵਿਸ਼ਾ ਨਹੀਂ ਸੀ ਕਿਉਂਕਿ ਸਿੱਖ ਸਾਹਿਤ ਵਿਚੋਂ ਇਸ ਦੇ ਸਮਰਥਨ ਵਾਸਤੇ ਹਵਾਲੇ ਆਮ ਮਿਲ ਜਾਂਦੇ ਹਨ ਅਤੇ ਸਿੱਖਾਂ ਨੇ ਵੱਖਰੀ ਕੌਮ ਵਜੋਂ ਆਪਣਾ ਸਿੱਕਾ ਇਤਿਹਾਸ ਕੋਲੋਂ ਵੀ ਮੰਨਵਾਇਆ ਹੋਇਆ ਹੈ। 'ਖਾਲਿਸਤਾਨ' ਅਤੇ 'ਸਿੱਖ ਇਕ ਵਖਰੀ ਕੌਮ' ਨੂੰ ਇਕ ਦੂਜੇ ਨਾਲ ਉਲਝਾ ਕੇ ਵੇਖਣ ਨਾਲ ਬਹੁਤ ਸਾਰੀਆਂ ਦੁਸ਼ਵਾਰੀਆਂ ਪੈਦਾ ਹੁੰਦੀਆਂ ਰਹੀਆਂ ਹਨ ਅਤੇ ਸ. ਢਿੱਲੋਂ ਇਸ ਰਲਗੱਡ ਨੂੰ ਬਹੁਤ ਚੰਗੀ ਤਰ੍ਹਾਂ ਸਮਝਦਾ ਸੀ। ਖਾਲਿਸਤਾਨੀ ਇਸ ਫਰਕ ਨੂੰ ਨਹੀਂ ਸਮਝਣਾ ਚਾਹੁੰਦੇ ਸਨ ਕਿਉਂਕਿ ਉਹ ਇਨ੍ਹਾਂ ਦੋਹਾਂ ਨੂੰ ਇਕੋ ਅਰਥ ਵਿਚ ਲੈਂਦੇ ਸਨ ਅਤੇ ਇਹੀ ਉਨ੍ਹਾਂ ਦੀ ਸਿਆਸਤ ਨੂੰ ਠੀਕ ਬੈਠਦਾ ਸੀ। ਪਰ ਜਦੋਂ ਮੌਕਾ ਮਿਲਦਾ ਸ. ਢਿੱਲੋਂ ਇਸ ਫਰਕ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ। ਇਸੇ ਆਧਾਰ 'ਤੇ ਕਹਿਣਾ ਚਾਹੁੰਦਾ ਹਾਂ ਕਿ 'ਖਾਲਿਸਤਾਨ' ਸ਼ਬਦ ਸ. ਢਿੱਲੋਂ ਨੇ ਉਸ ਤਰ੍ਹਾਂ 1981 ਵਾਲੇ ਭਾਸ਼ਣ ਵਿਚ ਵੀ ਨਹੀਂ ਵਰਤਿਆ ਸੀ, ਜਿਵੇਂ ਉਸ ਦੇ ਨਾਮ ਨਾਲ ਜੁੜ ਗਿਆ ਹੈ ਜਾਂ ਜੋੜ ਦਿੱਤਾ ਗਿਆ ਸੀ। ਖਾਲਿਸਤਾਨ ਦੇ ਨਾਮ ਤੇ ਕੌਮ ਵਿਚ ਵੰਡੀਆਂ ਪਾਉਣ ਦੇ ਉਹ ਬਿਲਕੁਲ ਹੱਕ ਵਿਚ ਨਹੀਂ ਸੀ। ਖਾਲਿਸਤਾਨੀਆਂ ਪ੍ਰਤੀ ਉਸ ਦਾ ਵਤੀਰਾ ਕੌਮੀ ਬਜ਼ੁਰਗ ਵਾਲਾ ਸੀ ਅਤੇ ਖਾਲਿਸਤਾਨੀਆਂ ਨੂੰ ਉਹ ਆਪਣੇ ਸਿੱਖ ਪਰਿਵਾਰ ਦਾ ਹਿੱਸਾ ਹੀ ਸਮਝਦਾ ਸੀ। ਉਸ ਨੂੰ ਪਤਾ ਸੀ ਕਿ ਜਿਹੋ ਜਿਹੇ ਖਾਲਿਸਤਾਨ ਦੀ ਸਿਆਸਤ ਕੀਤੀ ਜਾ ਰਹੀ ਹੈ, ਉਸ ਦੀਆਂ ਸੰਭਾਵਨਾਵਾਂ ਨਾਂਹ ਦੇ ਬਰਾਬਰ ਹਨ। ਇਸ ਵਾਸਤੇ ਦਿੱਤੀ ਜਾ ਰਹੀ ਕੀਮਤ, ਸਿੱਖਾਂ ਵਰਗੀ ਘਟ ਗਿਣਤੀ ਕੌਮ ਨੂੰ ਬਿਲਕੁਲ ਵਾਰਾ ਨਹੀਂ ਖਾਂਦੀ। ਮੌਕਾ ਮਿਲਣ 'ਤੇ ਉਹ ਇਸ ਬਾਰੇ ਟਿਪਣੀਆਂ ਅੰਦਰ ਬਹਿ ਕੇ ਕਰਦਾ ਰਹਿੰਦਾ ਸੀ। ਖਾਲਿਸਤਾਨ ਬਾਰੇ ਉਚੀ ਬੋਲਣ ਵਾਲਿਆਂ ਨਾਲ ਉਸ ਨੂੰ ਹਮਦਰਦੀ ਵੀ ਸੀ ਅਤੇ ਇਤਰਾਜ਼ ਵੀ ਸਨ। ਇਸ ਦੀ ਕੀਮਤ ਉਸ ਨੂੰ ਇਕਲਿਆਂ ਚੱਲ ਕੇ ਲਗਾਤਾਰ ਦੇਣੀ ਪਈ ਸੀ।

ਉਸ ਨੂੰ ਮਿਲਦਿਆਂ ਮੇਰੇ ਲਈ ਇਹ ਗੱਲ ਪੱਕੀ ਹੁੰਦੀ ਗਈ ਸੀ ਕਿ ਉਹ ਪੰਥਕ ਰੰਗ ਵਿਚ ਰੰਗਿਆ ਹੋਇਆ ਗੁਰੂ ਦਾ ਲਾਡਲਾ ਸਿੱਖ ਸੀ। ਸਿੱਖ-ਸਿਆਸਤ ਦੇ ਪ੍ਰਾਪਤ ਪੱਕੇ ਰੰਗਾਂ ਵਿਚੋਂ ਉਸ ਨੂੰ ਕਿਸੇ ਇਕ ਰੰਗ ਨਾਲ ਨਹੀਂ ਬੰਨ੍ਹਿਆ ਜਾ ਸਕਦਾ ਸੀ। ਅਕਾਲੀ ਸਿਆਸਤ ਵਿਚੋਂ ਉਸ ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਪਸੰਦ ਸੀ। ਪਰ ਦੁਖਾਂਤ ਇਹ ਸੀ ਕਿ ਜਥੇਦਾਰ ਟੌਹੜਾ ਨੇ ਉਸ 'ਤੇ ਉਸ ਤਰ੍ਹਾਂ ਭਰੋਸਾ ਕਦੇ ਨਹੀਂ ਕੀਤਾ ਸੀ, ਜਿਵੇਂ ਉਹ ਜਥੇਦਾਰ ਟੌਹੜਾ 'ਤੇ ਕਰਦਾ ਸੀ। ਇਸ ਦੇ ਬਾਵਜੂਦ ਉਹ ਕਿਸੇ ਸਿੱਖ ਸਿਆਸਤਦਾਨ ਨਾਲ ਟਕਰਾਉ ਵਿਚ ਨਹੀਂ ਆਉਂਦਾ ਸੀ। ਅਸਲ ਵਿਚ ਉਸ ਵਰਗੇ ਖਾਂਦੇ-ਪੀਂਦੇ ਸਿੱਖ ਘਰਾਂ ਦੇ





ਪੜ੍ਹੇ-ਲਿਖੇ ਮੁੰਡੇ, ਸਿੱਖ-ਸਿਆਸਤ ਵੱਲ ਜਦੋਂ ਵੀ ਪਰਤਦੇ ਸਨ ਤਾਂ ਪੰਥਕ-ਨਾਬਰੀ ਵਾਲੀ ਸਿਆਸਤ ਹੀ ਕਰਦੇ ਸਨ। ਸ. ਢਿੱਲੋਂ ਦਾ ਸਿਆਸੀ ਸਫਰ, ਇਸੇ ਰੰਗ ਵਿਚ ਦੇਸ਼ ਦੀ ਵੰਡ (1947) ਵੇਲੇ ਸ਼ੁਰੂ ਹੋਇਆ ਸੀ। ਪਾਕਿਸਤਾਨ ਬਣਨਾ ਜਦੋਂ ਤੈਅ ਜਾਪਣ ਲੱਗ ਪਿਆ ਸੀ ਤਾਂ ਸਿੱਖ ਸਿਆਸਤਦਾਨਾਂ ਅੰਦਰ ਵੀ 'ਸਿੱਖ ਸਟੇਟ' ਦੀ ਸਿਆਸਤ ਅੰਗੜਾਈਆਂ ਲੈਣ ਲੱਗ ਪਈ ਸੀ। ਪ੍ਰੋ. ਗੁਰਬਚਨ ਸਿੰਘ ਤਾਲਿਬ ਅਤੇ ਗਿਆਨੀ ਲਾਲ ਸਿੰਘ ਨੇ ਸਿੱਖ-ਸਟੇਟ ਬਾਰੇ ਇਕ ਪੁਸਤਕ 1942 ਵਿਚ ਲਿਖੀ ਸੀ। ਅਸਲ ਵਿਚ ਸਿੱਖ-ਭਾਈਚਾਰੇ ਵਿਚ 'ਸਿੱਖ-ਸਟੇਟ' ਦੇ ਬੀਜ ਬੀਜਣ ਦੀ ਸਿਆਸਤ ਇਕ-ਪਰਤੀ ਨਹੀਂ ਸੀ। ਇਹ ਹਾਲਾਤ ਵਿਚੋਂ ਪੈਦਾ ਹੋਈ ਸਿਆਸਤ ਸੀ ਅਤੇ ਪਾਕਿਸਤਾਨ ਬਣਨ ਦੇ ਰਾਹ ਵਿਚ ਅੜਿੱਕਾ ਲਾਉਣ ਵਾਸਤੇ ਵੀ ਕੀਤੀ ਜਾ ਰਹੀ ਸੀ ਅਤੇ ਪੰਜਾਬ ਨੂੰ ਵੰਡੇ ਜਾਣ ਤੋਂ ਬਚਾਉਣ ਵਾਸਤੇ ਵੀ ਕੀਤੀ ਜਾ ਰਹੀ ਸੀ। ਇਸ ਵਿਚਾਰ ਉਤੇ ਕਿਸੇ ਸਿੱਖ ਸਿਆਸਤਦਾਨ ਨੇ ਉਸ ਤਰ੍ਹਾਂ ਪਹਿਰਾ ਨਹੀਂ ਦਿੱਤਾ ਸੀ, ਜਿਵੇਂ ਮੁਸਲਮਾਨਾਂ ਦਾ ਲੀਡਰ ਮੁਹੰਮਦ ਅਲੀ ਜਿਨਾਹ (ਕਾਇਦੇ ਆਜ਼ਮ) ਪਾਕਿਸਤਾਨ ਦੀ ਵਿਚਾਰਧਾਰਾ 'ਤੇ ਪਹਿਰਾ ਦੇ ਰਿਹਾ ਸੀ। ਇਸ ਪ੍ਰਸੰਗ ਵਿਚ ਸਿੱਖ-ਸਿਆਸਤ ਦਾ ਵਕਤੀ ਤੇ ਜਜ਼ਬਾਤੀ ਰੰਗ ਉਸ ਵੇਲੇ ਸਾਹਮਣੇ ਆਇਆ, ਜਦੋਂ ਮਾਸਟਰ ਤਾਰਾ ਸਿੰਘ ਨੇ ਝੰਡਾ ਵੱਢ ਕੇ ਇਹ ਦੱਸ ਦਿੱਤਾ ਸੀ ਕਿ ਸਿੱਖ, ਪੰਜਾਬ ਦੀ ਵੰਡ ਨੂੰ ਇਕ ਹੱਦ ਤੋਂ ਅੱਗੇ ਸਹਿਣ ਨਹੀਂ ਕਰਨਗੇ। ਮੁੱਛ-ਫੁੱਟ ਗੱਭਰੂ ਗੰਗਾ ਸਿੰਘ ਢਿੱਲੋਂ ਇਸੇ ਸਿਆਸੀ ਉਭਾਰ ਦਾ ਹਿੱਸਾ ਹੋ ਕੇ ਜੇਲ੍ਹ ਗਿਆ ਸੀ। ਇਹ ਸਮਾਂ ਸਿਆਸੀ ਘੜਮੱਸ ਦਾ ਸੀ ਅਤੇ ਬਸਤੀ ਆਬਾਦੀ-ਸਿਆਸਤ, ਮਜ਼੍ਹਬੀ-ਸਿਆਸਤ ਅਤੇ ਆਜ਼ਾਦੀ ਦੀ ਸਿਆਸਤ ਆਪਣੇ-ਆਪਣੇ ਹਿਤਾਂ ਦੇ ਵਹਿਣ ਵਿਚ ਵਹਿ ਕੇ ਬੇਮੁਹਾਰੀ-ਸਿਆਸਤ ਦਾ ਸ਼ਿਕਾਰ ਹੋਈ ਪਈ ਸੀ। ਇਹੋ ਜਿਹੇ ਮਾਹੌਲ ਨਾਲ ਜਿਹੋ ਜਿਹੀਆਂ ਸ਼ਰੀਟਾਂ ਵਿਚੋਂ ਸਾਹਿਬ ਦੀ ਮਾਨਸਿਕਤਾ ਤੇ ਪੈ ਗਈਆਂ ਸਨ ਅਤੇ ਉਹੀ ਮੌਕਾ ਮਿਲਣ ਤੇ ਚਸਕਦੀਆਂ ਰਹੀਆਂ ਸਨ। ਇਸੇ ਕਰਕੇ ਉਹ ਖਾਲਿਸਤਾਨ ਦੇ ਵਿਰੋਧੀਆਂ ਨੂੰ ਵਧ ਖਾਲਿਸਤਾਨੀ ਅਤੇ ਹਮਾਇਤੀਆਂ ਨੂੰ ਘੱਟ ਖਾਲਿਸਤਾਨੀ ਲੱਗਣ ਲੱਗ ਪਏ ਸਨ।

ਸ. ਗੰਗਾ ਸਿੰਘ ਢਿੱਲੋਂ ਨੂੰ ਕੂਟਨੀਤਕ-ਸਿਆਸਤ ਦੀ ਬਹੁਤ ਸਮਝ ਸੀ, ਪਰ ਇਸ ਦੇ ਬਾਵਜੂਦ ਉਹ ਸਿਆਸਤਦਾਨ ਨਹੀਂ ਬਣ ਸਕਿਆ। ਮੌਕਾ ਮਿਲਣ 'ਤੇ ਉਹ ਹਰ ਰੰਗ ਦੇ ਸਿੱਖ-ਸਿਆਸਤਦਾਨ ਨੂੰ ਦਿਆਨਤਦਾਰੀ ਨਾਲ ਰਾਇ ਦਿੰਦਾ। ਪਰ ਉਸ ਦੀ ਰਾਇ ਨੂੰ ਕਿਸੇ ਸਿੱਖ-ਸਿਆਸਤਦਾਨ ਨੇ ਨਾ ਵਰਤਿਆ। ਢਿੱਲੋਂ ਸਾਹਿਬ ਦੀ 'ਸਿੱਖ ਇਕ ਸੁਤੰਤਰ-ਕੌਮ' ਦੀ ਰੀਝ ਨੂੰ 'ਖਾਲਿਸਤਾਨ' ਦੇ ਅਰਥਾਂ ਵਿਚ ਕਿਉਂ ਵਰਤ ਲਿਆ ਗਿਆ, ਇਸ ਬਾਰੇ ਨਿੱਠ ਕੇ ਸੰਵਾਦ ਕਦੇ ਹੋਇਆ ਹੀ ਨਹੀਂ। ਜਿਹੜਾ ਲਫ਼ਜ਼ ਵਰਤਿਆ ਹੀ ਨਹੀਂ ਗਿਆ ਸੀ, ਉਸ ਨੂੰ ਲੈ ਕੇ ਉਸ ਦਾ ਭਾਰਤ ਵਿਚ ਦਾਖਲਾ ਬੰਦ ਕਰ ਦਿੱਤਾ ਗਿਆ ਸੀ। ਉਸ ਨੂੰ ਉਸ ਵੇਲੇ ਅਮਰੀਕਾ ਦੀ ਨਾਗਰਿਕਤਾ ਮਿਲ ਚੁੱਕੀ ਸੀ ਅਤੇ ਇਸ ਕਰਕੇ ਉਸ ਨੂੰ ਕੈਦ ਕਰਕੇ ਮੁਕੱਦਮਾ ਨਹੀਂ ਚਲਾਇਆ ਗਿਆ ਸੀ। ਉਹ ਮਰਜੀ ਨਾਲ ਜਿਵੇਂ ਬਹੁਤ ਪਹਿਲਾਂ 1960 ਵਿਚ ਅਮਰੀਕਾ ਵਿਖੇ ਹਿਜਰਤ ਕਰ ਗਿਆ ਸੀ, ਉਵੇਂ ਹੀ ਆਪਣੀ ਮਰਜ਼ੀ ਨਾਲ 1981 ਵਿਚ ਵੀ ਆਪਣੀ ਗੱਲ ਕਹਿਣ ਤੋਂ ਬਾਅਦ ਵਾਪਸ ਅਮਰੀਕਾ ਪਰਤ ਗਿਆ। ਪਰ ਭਾਰਤ ਸਰਕਾਰ ਦੇ ਫੈਸਲੇ ਨੇ ਉਸ ਅੰਦਰ ਭਾਰਤ ਪ੍ਰਤੀ ਕੁੜੱਤਣ ਭਰ ਦਿੱਤੀ। ਭਾਰਤ ਨਾ ਆ ਸਕਣ ਦਾ ਉਦਰੇਵਾਂ ਉਸ ਕੋਲੋਂ ਲੁਕਾਇਆਂ ਨਹੀਂ ਸੀ ਲੁਕਦਾ। ਭਾਰਤ ਆਉਣ ਦਾ ਜਦੋਂ ਵੀ ਕੋਈ ਮੌਕਾ ਬਣਦਾ, ਉਹ ਆਪ ਹੀ ਪਿਛਾਂਹ ਹਟ ਜਾਂਦਾ। ਸ਼ਰਤਾਂ ਨਾਲ ਭਾਰਤ-ਵਾਪਸੀ ਉਸ ਨੂੰ ਪਸੰਦ ਨਹੀਂ ਸੀ ਅਤੇ ਬਿਨਾਂ ਸ਼ਰਤ ਭਾਰਤ-ਵਾਪਸੀ ਸੰਭਵ ਨਾ ਹੋ ਸਕੀ। ਉਹ ਬਹਾਦਰ ਸ਼ਾਹ ਜ਼ਫ਼ਰ ਵਾਂਗ ਜਲਾਵਤਨ ਨਹੀਂ ਹੋਇਆ ਸੀ, ਪਰ ਆਪਣੀ ਜਨਮ-ਭੂਮੀ ਬਾਰੇ ਉਹ ਬਹਾਦਰ ਸ਼ਾਹ ਜ਼ਫ਼ਰ ਵਾਂਗ ਹੀ ਤਰਸਦਾ

(ਬਾਕੀ ਅਗਲੇ ਸਫੇ 'ਤੇ)

# ਗਿਆਨੀ ਤੀਰਥ ਸਿੰਘ ਤੇ ਗੰਗਾ ਸਿੰਘ ਢਿੱਲੋਂ ਦੇ ਤੁਰ ਜਾਣ 'ਤੇ


## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਨਵੀਂ ਦਿੱਲੀ ਵਿਚ ਗਿਆਨੀ ਤੀਰਥ ਸਿੰਘ ਤੇ ਵਾਸ਼ਿੰਗਟਨ ਡੀ ਸੀ (ਅਮਰੀਕਾ) ਵਿਚ ਗੰਗਾ ਸਿੰਘ ਢਿੱਲੋਂ ਦੇ ਅਕਾਲ ਚਲਾਣੇ ਨੇ ਮੈਨੂੰ 1978-1979 ਦਾ ਲੁਧਿਆਣਾ ਚੇਤੇ ਕਰਵਾ ਦਿੱਤਾ ਹੈ। ਇਹ ਦੋ ਵਰ੍ਹੇ ਮੈਂ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਸੰਚਾਰ ਕੇਂਦਰ ਦਾ ਮੁਖੀ ਸਾਂ। ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਵੇਖਣ ਆਏ ਖੇਤੀ ਵਿਗਿਆਨੀਆਂ ਤੇ ਵੱਡੇ ਜ਼ਿਮੀਦਾਰਾਂ ਦੀ ਦੇਖ-ਭਾਲ ਤੇ ਸਾਂਭ-ਸੰਭਾਲ ਵੀ ਮੇਰੇ ਜਿੰਮੇ ਸੀ। 1979 ਵਿਚ ਅਮਰੀਕਾ ਦੀ ਫਾਰਮ ਬਿਊਰੋ ਫੈਡਰੇਸ਼ਨ ਦੇ ਦੋ ਦਰਜਨ ਕਿਸਾਨਾਂ ਦਾ ਟੋਲਾ ਗੰਗਾ ਸਿੰਘ ਢਿੱਲੋਂ ਲੈ ਕੇ ਆਇਆ ਸੀ। ਚੰਡੀਗੜ੍ਹ ਤੋਂ ਲੁਧਿਆਣਾ ਤੱਕ ਉਨ੍ਹਾਂ ਨੂੰ ਮੈਂ ਗਾਇਡ ਕਰਨਾ ਸੀ। ਢਿੱਲੋਂ ਦੀ ਮੰਗ ਉਤੇ ਮੈਂ ਉਨ੍ਹਾਂ ਨੂੰ ਫਤਿਹਗੜ੍ਹ ਸਾਹਿਬ, ਬਸੀ ਪਠਾਣਾਂ ਤੇ ਖੰਨਾ ਮੰਡੀ ਰਾਹੀਂ ਲੈ ਕੇ ਗਿਆ। ਅਸਲ ਵਿਚ ਢਿੱਲੋਂ ਨੇ ਉਨ੍ਹਾਂ ਨੂੰ ਆਪਣਾ ਜੱਦੀ ਪਿੰਡ ਬਸੀ ਪਠਾਣਾਂ ਦਿਖਾਉਣਾ ਸੀ ਜਿਥੇ ਸਿਮਰਨਜੀਤ ਸਿੰਘ ਮਾਨ ਦੇ ਪਿਤਾ ਜੋਗਿੰਦਰ ਸਿੰਘ ਮਾਨ ਨੇ ਸਾਡੇ ਖਾਣੇ ਦਾ ਪ੍ਰਬੰਧ ਕੀਤਾ ਹੋਇਆ ਸੀ।

ਫਤਿਹਗੜ੍ਹ ਸਾਹਿਬ ਨਾਲ ਸਬੰਧਤ ਗੁਰਧਾਮਾਂ ਦੇ ਦਰਸ਼ਨ ਕਰਾਉਂਦੇ ਸਮੇਂ ਢਿੱਲੋਂ ਗੁਰੂ ਸਾਹਿਬਾਨ ਨਾਲ ਗੁਰੂ/ਪਾਤਸ਼ਾਹ ਦਾ ਵਿਸ਼ੇਸ਼ਣ ਲਾਉਣ ਦੀ ਥਾਂ ਉਨ੍ਹਾਂ ਨੂੰ ਪਹਿਲਾ, ਪੰਜਵਾਂ ਜਾਂ ਦਸਵਾਂ ਮਾਸਟਰ ਕਹਿ ਰਿਹਾ ਸੀ ਅਤੇ ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਜ਼ਿਕਰ ਕਰਦੇ ਸਮੇਂ ਆਪਣੇ ਬੋਲਾਂ ਵਿਚ ਰੋਣ ਭਰ ਲੈਂਦਾ ਸੀ। ਮੈਂ ਵੇਖਿਆ ਕਿ ਉਸ ਦੀ ਵਿਆਖਿਆ ਦੇ ਪ੍ਰਭਾਵ ਥੱਲੇ ਅਮਰੀਕਨ ਟੋਲਾ ਓਨਾ ਚਿਰ ਮੰਤਰ ਮੁਗਧ ਰਿਹਾ ਜਦੋਂ ਤੱਕ ਰਸਤੇ ਵਿਚ ਇੱਕ ਹਾਥੀ ਨਹੀਂ ਦਿਖਾਈ ਦਿੱਤਾ। ਉਹ ਊਠ, ਹਾਥੀ, ਗੰਨੇ ਪੀੜਨ ਵਾਲੀ ਘਲਾੜੀ ਤੇ ਟਿੰਡਾਂ ਰਾਹੀਂ ਖੂਹ ਦਾ ਪਾਣੀ ਨਿਕਲਦਾ ਵੇਖ ਕੇ ਵਧੇਰੇ ਖੁਸ਼ ਹੋਏ। ਇਨ੍ਹਾਂ ਦੀ ਬਣਤਰ, ਵਰਤੋਂ ਤੇ ਰੋਲ ਦਾ ਵਿਸਤਾਰ ਮੈਂ ਕੀਤਾ ਸੀ। ਐਨ ਓਸੇ ਤਰ੍ਹਾਂ ਜਿਵੇਂ ਲੁਧਿਆਣਾ ਪਹੁੰਚ ਕੇ ਯੂਨੀਵਰਸਿਟੀ ਦੀਆਂ ਨਵੀਆਂ ਕਾਢਾਂ, ਨੇੜੇ-ਤੇੜੇ ਤੋਂ ਜਗਜੀਤ ਹਾਰਾ ਤੇ ਮਹਿੰਦਰ ਸਿੰਘ ਵਰਗੇ ਵੱਡੇ ਕਿਸਾਨਾਂ ਵੱਲੋਂ ਅਪਨਾਈਆਂ ਨਵੀਨ



*ਗਿਆਨੀ ਤੀਰਥ ਸਿੰਘ*

ਖੇਤੀ ਤਕਨੀਕਾਂ ਦਾ। ਇਹ ਟੋਲਾ ਮੇਰੀ ਸੰਗਤ ਅਤੇ ਵਿਹਾਰ ਤੋਂ ਏਨਾ ਖੁਸ਼ ਹੋਇਆ ਕਿ ਉਨ੍ਹਾਂ ਨੇ ਵਾਪਸ ਅਮਰੀਕਾ ਜਾ ਕੇ ਮੈਨੂੰ ਉਥੋਂ ਦੀ ਖੇਤੀ ਦੇਖਣ ਦਾ ਤਿੰਨ ਹਫਤੇ ਦਾ ਸੱਦਾ ਹੀ ਨਹੀਂ ਭਿਜਵਾਇਆ ਸਗੋਂ ਹਰ ਸਥਾਨ ਉਤੇ ਮੈਨੂੰ ਫੁੱਲਾਂ ਵਾਂਗ ਸਾਂਭਣ ਦਾ ਪ੍ਰਬੰਧ ਵੀ ਕੀਤਾ। ਮੈਂ ਹਰ ਥਾਂ ਗਿਆ ਸਿਵਾਏ ਗੰਗਾ ਸਿੰਘ ਢਿੱਲੋਂ ਦੇ ਨਿਵਾਸ ਅਸਥਾਨ ਉਤੇ। ਢਿੱਲੋਂ ਅਮਰੀਕੀ ਮਾਇਆ ਨਾਲ ਪਾਕਿਸਤਾਨੀ ਅਤਿਵਾਦੀਆਂ ਦੀ ਪੂਛ ਫੜ ਕੇ ਭਾਰਤ ਵਿਚ ਖਾਲਸਾ ਪੰਥ ਦੀ ਪੱਖਰੀ ਹੋਂਦ ਦਾ ਝੰਡਾ ਝੁਲਾਉਣ ਲਈ ਪੱਬਾਂ ਭਾਰ ਹੋ ਚੁੱਕਾ ਸੀ। ਅੰਤ ਵਿਚ ਉਸ ਨੇ ਹੋਰ ਕੁਝ ਨਾ ਹੁੰਦਾ ਵੇਖ ਪਾਕਿਸਤਾਨ ਵਿਚ ਨਨਕਾਣਾ ਸਾਹਿਬ ਫਾਉਂਡੇਸ਼ਨ ਦੀ ਸਥਾਪਨਾ ਕਰਵਾ ਕੇ ਆਪਣਾ ਮਨ ਵਰਚਾ ਲਿਆ। ਭਾਰਤ ਸਰਕਾਰ ਨੇ ਉਸ ਦੇ ਭਾਰਤ ਆਉਣ 'ਤੇ ਰੋਕ ਲਾ ਦਿੱਤੀ ਸੀ।

ਮੇਰੇ ਲੁਧਿਆਣਾ ਜਾਣ ਤੋਂ ਮੇਰੇ ਕੋਲੋਂ ਦਿੱਲੀ ਦੀ ਮਿੱਤਰ ਮੰਡਲੀ ਛੁਡਵਾ ਦਿੱਤੀ ਜਿਸ ਦਾ ਇਕ ਗੜ੍ਹ ਕਰੋਲ ਬਾਗ ਵਿਚ ਡਾ. ਹਰਿਭਜਨ ਸਿੰਘ ਦਾ ਟਿਕਾਣਾ ਸੀ। ਉਥੇ ਮੇਰੀ ਥਾਂ ਅਲੀਗੜ੍ਹ ਤੋਂ ਪੜ੍ਹ ਕੇ ਦਿੱਲੀ ਆਏ ਜਸਪਾਲ ਸਿੰਘ ਨਾਂ ਦੇ ਨੌਜਵਾਨ ਨੇ ਮੱਲ ਲਈ ਸੀ। ਉਹ ਮੇਰੇ ਨਾਲੋਂ ਵਧੇਰੇ ਮਿਲਣਸਾਰ, ਆਗਿਆਕਾਰੀ ਤੇ ਸਲੀਕੇ ਵਾਲਾ ਸੀ। ਹਰਿਭਜਨ ਸਿੰਘ ਉਸ ਦੇ ਪਿਤਾ ਤੀਰਥ ਸਿੰਘ ਤੋਂ ਵਧੇਰੇ ਪ੍ਰਭਾਵਤ ਸੀ ਜਿਹੜਾ ਅਲੀਗੜ੍ਹ ਵਿਚ ਗੁਰਧਾਮਾਂ ਦੀ ਉਸਾਰੀ ਤੇ ਸਾਂਭ-ਸੰਭਾਲ ਵਿਚ ਰੁੱਝੇ ਰਹਿਣ ਤੋਂ ਬਿਨਾ ਗੁਰਦੁਆਰਿਆਂ ਵਿਚੋਂ ਜਾਤ-ਪਾਤ ਦੇ ਭਿੰਨ-ਭੇਦ ਨੂੰ ਮਿਟਾਉਣ ਦਾ ਕੰਮ ਕਰਦਾ ਰਿਹਾ ਸੀ। ਜਸਪਾਲ ਸਿੰਘ ਡਾ. ਹਰਿਭਜਨ ਸਿੰਘ ਦੀ ਨਿਗਰਾਨੀ ਹੇਠ ਡਾਕਟਰੇਟ ਕਰ ਰਿਹਾ ਸੀ ਜਾਂ ਕਰਨ ਦੀ ਸੋਚ ਰਿਹਾ ਸੀ। ਮੇਰੀ ਉਸ ਨਾਲ ਈਰਖਾ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਇਹ ਵਾਲੀ ਵਿੱਥ ਮੇਰੇ ਲੁਧਿਆਣਾ ਯੂਨੀਵਰਸਿਟੀ ਜਾਣ ਦੇ ਲਾਲਚ ਨਾਲ ਪੈਦਾ ਹੋਈ ਸੀ।

ਗਿਆਨੀ ਜੀ ਤੇ ਢਿੱਲੋਂ ਦਾ ਇਕੋ ਜਿੰਨੀ ਉਮਰਾਂ ਭੋਗ ਕੇ ਇਕੱਠੇ ਤੁਰ ਜਾਣ ਤਾਂ ਇੱਕ ਸਬੱਬ ਹੈ ਪਰ ਉਪਰ ਵਾਲਾ ਇਸ ਨੂੰ ਕਿਵੇਂ ਲੈਂਦਾ ਹੈ, ਉਹੀਓ ਜਾਣੇ। ਮੈਂ ਤਾਂ ਏਨਾ ਹੀ ਜਾਣਦਾ ਹਾਂ ਕਿ ਗੰਗਾ ਸਿੰਘ ਢਿੱਲੋਂ ਨੇ ਆਪਣੀਆਂ ਠੀਕ ਜਾਂ ਗਲਤ ਗਤੀਵਿਧੀਆਂ ਨਾਲ ਆਪਣਾ ਭਾਰਤ ਪਰਵੇਸ਼ ਬੰਦ ਕਰਾ ਲਿਆ ਸੀ। ਇਥੋਂ ਤੱਕ ਕਿ ਉਸ ਨੂੰ ਆਪਣੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਮੱਥਾ ਟੇਕਣ ਦੀ ਅੰਤਮ ਰੀਝ ਵੀ ਆਪਣੇ ਮਨ ਵਿਚ ਹੀ ਲੈ ਕੇ ਜਾਣਾ ਪਿਆ। ਇਸ ਦੇ ਉਲਟ ਗਿਆਨੀ ਤੀਰਥ ਸਿੰਘ ਦੀ ਸਹਿਜ ਪਹੁੰਚ ਕਾਰਨ ਉਨ੍ਹਾਂ ਦੇ ਸ਼ਰਧਾਂਜਲੀ ਸਮਾਰੋਹ ਸਮੇਂ ਕਈ ਸਿਆਸੀ ਤੇ ਧਾਰਮਿਕ ਆਗੂ ਪਹੁੰਚੇ। ਜਿੱਥੋਂ ਤੱਕ ਮੇਰੇ ਨਿੱਜ ਦਾ ਸਵਾਲ ਹੈ ਮੇਰੇ ਮਨ ਵਿਚ ਵਿਰੋਧੀ ਪਹੁੰਚ ਰਾਹੀਂ ਸੰਤੁਲਨ ਪੈਦਾ ਕਰਨ ਵਾਲੇ ਵੀ ਸਾਢੇ ਤਿੰਨ ਦਹਾਕੇ ਪਹਿਲਾਂ ਵਾਲੇ ਉਹੀਓ ਦੋ ਵਰ੍ਹੇ ਸਨ। ਤੇ ਇਹ ਮੈਨੂੰ ਸੰਤੁਲਨ ਬੜਾ ਰਾਸ ਆਇਆ ਹੈ, ਪੰਜਾਬੀ ਯੂਨੀਵਰਸਿਟੀ-ਪਟਿਆਲਾ ਵਿਚ ਪ੍ਰੋਫੈਸਰ ਆਫ ਐਮੀਨੈਂਸ ਦੀ ਉਪਾਧੀ 'ਤੇ ਪਹੁੰਚਣ ਤੱਕ। ਮੈਂ ਦੋਵੇਂ ਆਤਮਾਵਾਂ ਨੂੰ ਨਤਮਸਤਕ ਹਾਂ।

**ਸ਼ਿਵ ਬਟਾਲਵੀ ਦੀ ਪ੍ਰਥਮ ਪੁਸਤਕ ਤੋਂ ਪਹਿਲਾਂ ਤੇ ਪਿੱਛੋਂ:** ਸ਼ਿਵ ਕੁਮਾਰ ਨੇ 8 ਅਕਤੂਬਰ ਨੂੰ 77 ਸਾਲ ਦਾ ਹੋ ਜਾਣਾ ਸੀ। ਜੁਲਾਈ 1960 ਵਿਚ 'ਪੀੜਾਂ ਦਾ ਪਰਾਗਾ' ਛਪਣ ਤੋਂ ਪਹਿਲਾਂ ਉਹ ਆਪਣੇ ਗੀਤ ਤੇ ਗ਼ਜ਼ਲਾਂ ਤਰੰਨੁਮ ਵਿਚ ਗਾ ਕੇ ਸੁਣਾਉਣ ਕਾਰਨ ਬੇਹਦ ਹਰਮਨ ਪਿਆਰਾ ਹੋ ਚੁੱਕਾ ਸੀ। ਜਦੋਂ ਦਿੱਲੀ ਤੋਂ ਬਣਿਆ ਮੇਰਾ ਮਿੱਤਰ ਹਰਚਰਨ ਸਿੰਘ ਬਾਠ ਉਸ ਨੂੰ ਪੜ੍ਹਾਉਣ ਹਿੱਤ ਨਾਭਾ ਵਾਲੇ ਉਸ ਸਰਕਾਰੀ ਕਾਲਜ ਵਿਚ ਲੈ ਆਇਆ ਜਿੱਥੇ ਉਹ ਖੁਦ ਅਧਿਆਪਕ ਸੀ ਤਾਂ ਕੁਝ ਹੀ ਦਿਨਾਂ ਪਿੱਛੋਂ ਕਾਲਜ ਦੇ ਪ੍ਰਿੰਸੀਪਲ ਨੇ ਉਸ ਨੂੰ ਆਪਣੇ ਕਮਰੇ ਵਿਚ ਸੱਦ ਕੇ ਉਲਾਂਭਾ ਦਿੱਤਾ, "ਤੂੰ ਜਿਸ ਮੁੰਡੇ ਨੂੰ ਏਥੇ ਦਾਖਲ ਕਰਵਾਇਆ ਹੈ ਉਸ ਨੂੰ ਉਸ ਦੀਆਂ ਜਮਾਤਣ ਕੁੜੀਆਂ ਆਪਣੇ ਸਾਈਕਲਾਂ 'ਤੇ ਬਿਠਾ ਕੇ ਲਿਜਾਂਦੀਆਂ ਹਨ।" ਬਾਠ ਦੇ ਪੁੱਛਣ ਉਤੇ ਕਿ ਉਸ ਨੂੰ ਕੀ ਸਜ਼ਾ ਦੇਈਏ, ਪ੍ਰਿੰਸੀਪਲ ਕੋਲ ਕੋਈ ਉਤਰ ਨਹੀਂ ਸੀ।

'ਪੀੜਾਂ ਦਾ ਪਰਾਗਾ' ਦਾ ਮੁਖਬੰਧ ਸ਼ਿਵ ਨੂੰ ਭਜਦੇ ਸਮੇਂ ਅੰਮ੍ਰਿਤਾ ਪ੍ਰੀਤਮ ਨੇ ਉਸ ਨੂੰ ਲਿਖਿਆ ਸੀ, "ਤੇਰੀਆਂ ਕਵਿਤਾਵਾਂ ਨੇ ਮੇਰੇ ਕੋਲੋਂ ਏਨਾ ਲਿਖਵਾਇਆ ਨਹੀਂ, ਜਿੰਨਾ ਰੁਲਾਇਆ ਹੈ। ਇਹ ਦਰਦ ਸਦਾ ਜਿਉਂਦਾ ਰਹੇ।" ਪਤਾ ਨਹੀਂ ਇਹ ਵਰ ਹੈ ਕਿ ਸਰਾਪ! ਜੇ ਬਾਹਰੋਂ ਸਰਾਪ ਦਿਸਦਾ ਹੋਵੇ ਤਾਂ ਵੀ ਇਹਦੇ ਵਿਚ ਵਰ ਛੁਪਿਆ ਹੋਇਆ ਹੈ। ਏਸ 'ਵਰ' ਨੂੰ ਪਾਲਦਾ ਸ਼ਿਵ ਕੁਮਾਰ (1937-1973) ਜੋਬਨ ਰੁੱਤੇ ਤੁਰ ਗਿਆ ਸੀ। ਉਸ ਦੀ ਰੂਹ ਨੂੰ ਹਰਚਰਨ ਸਿੰਘ ਬਾਠ ਦਾ ਤੇ ਮੇਰਾ ਸਲਾਮ!

**ਅੰਤਿਕਾ:** (ਸ਼ਿਵ ਕੁਮਾਰ ਬਟਾਲਵੀ)
ਜੇ ਡਾਚੀ ਸਹਿਕਦੀ ਸੱਸੀ ਨੂੰ
ਪੁੰਨੂ ਥੀਂ ਮਿਲਾ ਦੇਂਦੀ
ਤਾਂ ਤੱਤੀ, ਮਾਣ ਸੱਸੀ ਦਾ
ਉਹ ਮਿੱਟੀ ਵਿਚ ਰੁਲਾ ਦੇਂਦੀ
ਵਸਲ ਦਾ ਸਵਾਦ ਤਾਂ ਇਕ ਪਲ
ਦੋ ਪਲ ਦੀ ਮੌਜ ਤੋਂ ਵੱਧ ਨਹੀਂ
ਜੁਦਾਈ ਹਸ਼ਰ ਤੀਕਣ
ਆਦਮੀ ਨੂੰ ਹੈ ਨਸ਼ਾ ਦੇਂਦੀ।

## ਪੰਜਾਬੀ ਦਾ ਭਵਿੱਖ-7

# ਪਰਦੇਸਾਂ 'ਚ ਪੰਜਾਬੀ ਦਾ ਪਰਚਮ!



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਪੰਜਾਬੀ ਦੀ ਕਥਿਤ ਤੇਜ਼-ਕਦਮ ਤਰੱਕੀ ਅਤੇ ਅਮਰਤਾ ਦੀ ਇਕ ਹੋਰ ਦਲੀਲ ਬੜੇ ਮਾਣ ਨਾਲ ਇਹ ਦਿੱਤੀ ਜਾਂਦੀ ਹੈ ਕਿ "ਪੰਜਾਬੀ ਪਰਵਾਸੀਆਂ ਨੇ ਦੁਨੀਆਂ ਦੇ ਅਨਗਿਣਤ ਦੇਸਾਂ ਵਿਚ ਇਹਦੇ ਝੰਡੇ ਗੱਡ ਦਿੱਤੇ ਹਨ ਅਤੇ ਕਈ ਦੇਸਾਂ ਵਿਚ ਇਹਨੂੰ ਸਰਕਾਰੀ ਮਾਨਤਾ ਦੁਆ ਲਈ ਹੈ। ਇਉਂ ਪੰਜਾਬੀ ਤਾਂ ਹੁਣ ਕੌਮਾਂਤਰੀ ਭਾਸ਼ਾ ਬਣ ਕੇ ਖ਼ਤਰਿਆਂ-ਖ਼ੁਤਰਿਆਂ ਤੋਂ ਉਪਰ ਹੋ ਗਈ ਹੈ।" ਅਸਲੀਅਤ ਇਹ ਹੈ ਕਿ ਅਨੇਕ ਦੇਸ ਅਜਿਹੇ ਹਨ ਜਿਨ੍ਹਾਂ ਵਿਚ ਕਿਸੇ ਭਾਸ਼ਾ ਲਈ ਸਥਾਨ ਪ੍ਰਾਪਤ ਕਰਨਾ ਕੋਈ ਅਲੋਕਾਰ ਜਾਂ ਔਖਾ ਕੰਮ ਨਹੀਂ। ਸਗੋਂ ਭਾਰਤ ਦੇ ਮੁਕਾਬਲੇ ਬਹੁਤ ਸੌਖਾ ਹੈ ਕਿਉਂਕਿ ਉਥੇ ਭਾਸ਼ਾ ਨੂੰ ਭਾਸ਼ਾ ਵਜੋਂ ਦੇਖਿਆ ਜਾਂਦਾ ਹੈ, ਭਾਰਤ ਵਾਂਗ ਕਿਸੇ ਧਾਰਮਿਕ, ਭੂਗੋਲਕ ਜਾਂ ਰਾਜਨੀਤਕ ਤੁਅੱਸਬ ਨਾਲ ਨਹੀਂ। ਪਰ ਇਹ ਸਭ ਗੱਲਾਂ ਸੱਚ ਹੋਣ ਦੇ ਬਾਵਜੂਦ ਕਿਸੇ ਵੀ ਬੇਗਾਨੇ ਦੇਸ 'ਚ ਪੰਜਾਬੀ ਦਾ ਜੀਵਤ ਰਹਿਣਾ ਸੰਭਵ ਨਹੀਂ।

ਸਾਨੂੰ ਭਾਸ਼ਾ ਦੀ ਗਤੀ ਦੇ ਅਤੇ ਸਮਾਜ ਤੇ ਭਾਸ਼ਾ ਦੇ ਨਾਤੇ ਦੇ ਨੇਮਾਂ ਤੋਂ ਅਜਿਹੀ ਅਗਿਆਨਤਾ ਨਹੀਂ ਦਿਖਾਉਣੀ ਚਾਹੀਦੀ। ਪਰਦੇਸਾਂ ਵਿਚ ਪੰਜਾਬੀ ਨਾਲ ਕੇਵਲ ਉਹ ਲੋਕ ਜੁੜੇ ਹੋਏ ਹਨ ਜੋ ਉਮਰ ਦਾ ਪਹਿਲਾ ਹਿੱਸਾ ਇਧਰ (ਪੰਜਾਬ) ਬਿਤਾ ਕੇ ਗਏ ਹਨ। ਉਨ੍ਹਾਂ ਦੇ ਧੀਆਂ-ਪੁੱਤ ਉਨ੍ਹਾਂ ਨਾਲ ਵਾਹ ਕਾਰਨ ਪੰਜਾਬੀ ਸਮਝ ਤਾਂ ਲੈਂਦੇ ਹਨ, ਬੋਲਦੇ ਖਿੜਕ ਕੇ ਹਨ ਅਤੇ ਪੜ੍ਹਨ-ਲਿਖਣ ਦਾ ਤਾਂ ਸਵਾਲ ਹੀ ਨਹੀਂ। ਅੱਗੋਂ ਉਨ੍ਹਾਂ ਦੇ ਪੋਤੀਆਂ-ਪੋਤੇ ਤੇ ਦੋਹਤੀਆਂ-ਦੋਹਤੇ ਪੰਜਾਬੀ ਨਾਲੋਂ ਬਿਲਕੁਲ ਟੁੱਟ ਜਾਂਦੇ ਹਨ। ਇਹ ਕੋਈ ਅਣਹੋਣੀ ਨਹੀਂ, ਭਾਸ਼ਾ ਦਾ ਦਸਤੂਰ ਹੀ ਇਹ ਹੈ। ਅਮਰੀਕਾ ਵਿਚ ਚਾਰ ਕੁ ਮਹੀਨੇ ਠਹਿਰਨ ਸਮੇਂ ਇਹ ਵਰਤਾਰਾ ਮੈਂ ਲੇਖਕ-ਪਾਠਕ ਮਿੱਤਰਾਂ ਅਤੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਅੱਖਾਂ ਖੁੱਲ੍ਹੀਆਂ ਰੱਖ ਕੇ ਆਪ ਦੇਖਿਆ ਹੋਇਆ ਹੈ।

ਪਰਦੇਸਾਂ ਵਿਚ ਛਪਦੇ ਜਿਨ੍ਹਾਂ ਦਰਜਨਾਂ ਵੱਡੇ ਵੱਡੇ ਖ਼ੂਬਸੂਰਤ ਪੰਜਾਬੀ ਹਫ਼ਤਾਵਾਰਾਂ ਅਤੇ ਪੰਜਾਬੀ ਰੇਡੀਓ ਤੇ ਟੀ.ਵੀ. ਦੀ ਮਿਸਾਲ ਦਿੱਤੀ ਜਾਂਦੀ ਹੈ, ਉਹ ਸਿਰਫ਼ ਪਹਿਲੀ ਪੀੜ੍ਹੀ ਹੀ ਪੜ੍ਹਦੀ, ਸੁਣਦੀ ਤੇ ਦੇਖਦੀ ਹੈ। ਸਟੋਰਾਂ ਤੇ ਗੁਰਦੁਆਰਿਆਂ ਵਿਚ ਇਨ੍ਹਾਂ ਅਖ਼ਬਾਰਾਂ ਦਾ ਮੁਫ਼ਤ ਮਿਲਦੇ ਹੋਣਾ ਇਨ੍ਹਾਂ ਦੀ ਪਾਠਕ-ਗਿਣਤੀ ਵਿਚ ਵਾਧਾ ਕਰਦਾ ਹੈ। ਇਹਦੇ ਨਾਲ ਹੀ ਦੇਸ ਬਾਰੇ ਜਾਣਨ ਦੀ ਇੱਛਾ ਵੀ ਹੁੰਦੀ ਹੈ ਤੇ ਸਮਾਂ ਲੰਘਾਉਣ ਦੀ ਸਮੱਸਿਆ ਵੀ ਹੁੰਦੀ ਹੈ। ਜੇ ਇਹੋ ਜਿਹੇ ਪੰਜਾਬੀ ਮਾਈ-ਭਾਈ ਗੁੱਸਾ ਨਾ ਕਰਨ ਤਾਂ ਮੈਂ ਇਹ ਵੀ ਕਹਾਂਗਾ ਕਿ ਰੱਬ ਦਾ ਸ਼ੁਕਰ ਹੈ, ਅਮਰੀਕਾ-ਕੈਨੇਡਾ ਵਿਚ ਰੱਦੀ ਨਹੀਂ ਵਿਕਦੀ। ਨਹੀਂ ਤਾਂ ਅਜਿਹੇ ਪੰਜਾਬੀ 'ਪਾਠਕਾਂ' ਦੀ ਵੀ ਕੋਈ ਘਾਟ ਨਹੀਂ ਕਿ ਕਿਸੇ ਇਕੋ ਨੇ ਹੀ ਉਹ ਸਾਰੇ ਚੁੱਕ ਕੇ ਲੈ ਜਾਇਆ ਕਰਨੇ ਸਨ।

ਪਰਦੇਸਾਂ ਵਿਚ ਛਪਦੇ ਮੇਰੇ ਲੇਖ ਪੜ੍ਹ ਕੇ ਬਹੁਤ ਸਾਰੇ ਮਿਹਰਬਾਨ ਪਾਠਕ ਫੋਨ ਕਰਦੇ ਹਨ। ਗੱਲਾਂ ਗੱਲਾਂ ਵਿਚ ਮੈਂ ਉਨ੍ਹਾਂ ਨੂੰ ਵਿਸ਼ੇਸ਼ ਕਰਕੇ ਪੁਛਦਾ ਹਾਂ ਕਿ ਤੁਹਾਡੇ ਘਰ-ਪਰਿਵਾਰ ਵਿਚ ਮੇਰੇ ਇਹ ਲੇਖ ਕੌਣ ਕੌਣ ਪੜ੍ਹਦਾ ਹੈ? ਸਭ ਦੇ ਜਵਾਬਾਂ ਵਿਚ ਸਾਂਝੀ ਗੱਲ ਇਹੋ ਹੁੰਦੀ ਹੈ ਕਿ ਇਧਰੋਂ ਗਏ ਪਤੀ-ਪਤਨੀ ਤੇ ਕੋਈ ਕੋਈ ਇਧਰੋਂ ਗਿਆ ਨੂੰਹ-ਪੁੱਤਰ ਹੀ ਪੜ੍ਹਦੇ ਹਨ। ਜੇ ਉਧਰ ਜੰਮੇ ਬੱਚਿਆਂ ਬਾਰੇ ਪੁੱਛੀਏ, ਜਵਾਬ ਮਿਲਦਾ ਹੈ, "ਵਾਹਿਗੁਰੂ ਵਾਹਿਗੁਰੂ ਕਰੋ ਜੀ! ਉਹ ਤਾਂ ਪੰਜਾਬੀ ਪੜ੍ਹਨੀ ਤਾਂ ਦੂਰ, ਇਸ ਵੱਲ ਝਾਕਦੇ ਵੀ ਨਹੀਂ!"

ਕਿਸੇ ਦੇਸ ਦੇ ਭਾਸ਼ਾਈ-ਸਭਿਆਚਾਰਕ ਸਮੁੰਦਰ ਵਿਚ ਬਾਹਰੋਂ ਜਾ ਕੇ ਪਈ ਪੰਜਾਬੀ ਦੀ ਛੋਟੀ ਜਿਹੀ ਨਦੀ ਤੋਂ ਸਦਾ ਵਾਸਤੇ ਆਪਣੀ ਵੱਖਰੀ ਪਛਾਣ ਬਣਾਈ ਰੱਖਣ ਦੀ ਆਸ ਕਰਨਾ ਕਿਧਰਲੀ ਸਿਆਣਪ ਹੈ! ਭਾਸ਼ਾ ਵਾਂਗ ਹੀ ਪੰਜਾਬੀ ਔਲਾਦਾਂ ਦਾਦੇ-ਦਾਦੀਆਂ ਨਾਲ ਮਿਲ ਕੇ ਦਿਵਾਲੀ, ਵਿਸਾਖੀ ਤੇ ਗੁਰਪੁਰਬ ਮਨਾਉਣ ਨਾਲੋਂ ਸਥਾਨਕ ਹਾਣੀਆਂ ਨਾਲ ਮਿਲ ਕੇ ਕ੍ਰਿਸਮਿਸ ਤੇ ਹੈਲੋਵੀਨ ਮਨਾਉਣ ਦਾ ਵਧੇਰੇ ਉਤਸ਼ਾਹ ਦਿਖਾਉਂਦੀਆਂ ਹਨ। ਸਥਾਨਕ ਲੋਕਾਂ ਨੂੰ ਵਿੰਗੇ-ਟੇਢੇ ਲਗਦੇ ਉਚਾਰਨ ਸੌਖੇ ਕਰਨ ਵਾਸਤੇ ਜਗਜੀਤ ਜੈਗ, ਹਰਭਜਨ ਹੈਰੀ ਤੇ ਸੁਖਮੰਦਰ ਸੈਮ ਹੋ ਜਾਂਦੇ ਹਨ। ਪੰਜਾਬੀਆਂ ਦੀ ਤੀਜੀ ਪੀੜ੍ਹੀ ਮਾਪਿਆਂ ਦੀ ਇੱਛਾ ਅਨੁਸਾਰ ਵਿਆਹ ਕਰਾਉਣ ਤੋਂ ਪੂਰੀ ਤਰ੍ਹਾਂ ਇਨਕਾਰੀ ਹੁੰਦਿਆਂ ਸਥਾਨਕ ਗੋਰੇ-ਕਾਲੇ ਮੁੰਡੇ-ਕੁੜੀਆਂ ਨਾਲ ਵਿਆਹ ਕਰ ਕੇ ਪੰਜਾਬੀਅਤ ਤੋਂ ਪੱਕੇ ਤੌਰ ਉਤੇ ਦੂਰ ਹੁੰਦੀ ਜਾਣ ਦੇ ਰਾਹ ਪੈ ਜਾਂਦੀ ਹੈ।

ਦਸੰਬਰ 2012 ਵਿਚ ਥਾਈਲੈਂਡ ਦਾ ਰੱਖਿਆ ਮੰਤਰੀ ਸੁਕੁਮਪੋਲ ਸੁਵਾਨਤਾਤ ਭਾਰਤ ਆਇਆ ਤਾਂ ਸਾਡੇ ਉਸ ਸਮੇਂ ਦੇ ਰੱਖਿਆ ਮੰਤਰੀ ਏ. ਕੇ. ਐਂਟਨੀ ਨੇ ਸਰਕਾਰੀ ਗੱਲਬਾਤ ਤੋਂ ਪਹਿਲਾਂ ਕੈਮਰਿਆਂ ਵਾਸਤੇ ਹੱਥ ਘੁੱਟ ਕੇ ਸਦਭਾਵੀ ਗੱਲਾਂ ਕਰਦਿਆਂ ਕਿਹਾ, "ਥਾਈਲੈਂਡ ਤੇ ਭਾਰਤ ਦੇ ਲੋਕਾਂ ਦਾ ਦੋਸਤੀ ਦਾ ਪੁਰਾਣਾ ਨਾਤਾ ਹੈ।" ਥਾਈ ਨਾਂ, ਨੁਹਾਰ ਅਤੇ ਦਿੱਖ ਵਾਲੇ ਮੰਤਰੀ ਨੇ ਹੱਸ ਕੇ ਉਤਰ ਦਿੱਤਾ, "ਮੇਰਾ ਭਾਰਤ ਨਾਲ ਇਸ ਤੋਂ ਵੀ ਸੰਘਣਾ ਨਾਤਾ ਹੈ; ਮੇਰਾ ਦਾਦਾ ਪੰਜਾਬੀ ਸਿੱਖ ਸੀ।"

ਸ਼ਹੀਦ ਗਹਿਲ ਸਿੰਘ ਛੱਜਲਵੱਡੀ ਦੇ ਤਾਏ ਦੇ ਪੁੱਤ ਭਰਾ ਦਲੀਪ ਸਿੰਘ ਸੌਂਦ ਨੇ ਸਭ ਰੋਕਾਂ-ਹੱਦਾਂ ਭੰਨ ਕੇ 1956 ਵਿਚ ਅਮਰੀਕੀ ਪਾਰਲੀਮੈਂਟ ਦਾ ਪਹਿਲਾ ਏਸ਼ੀਆਈ ਮੈਂਬਰ ਬਣਨ ਦਾ ਕ੍ਰਿਸ਼ਮਾ ਕਰਦਿਆਂ ਦੁਨੀਆਂ ਨੂੰ ਦੰਗ ਕਰ ਦਿੱਤਾ ਅਤੇ ਆਪਣੀ ਕਾਰਗੁਜ਼ਾਰੀ ਨਾਲ ਬਹੁਤ ਨਾਂ ਕਮਾਇਆ। 7 ਨਵੰਬਰ 2007 ਨੂੰ ਅਮਰੀਕੀ ਸੰਸਦ ਭਵਨ ਵਿਚ ਇਤਿਹਾਸ-ਸਿਰਜਕ ਮੈਂਬਰਾਂ ਦੀ ਲੜੀ ਵਿਚ ਲਾਏ ਗਏ ਉਹਦੇ ਚਿਤਰ ਤੋਂ ਪਰਦਾ ਸਿਖਰੀ ਅਮਰੀਕੀ ਹਸਤੀਆਂ ਦੀ ਹਾਜ਼ਰੀ ਵਿਚ ਉਹਦੀ ਛੇ ਸਾਲ ਦੀ ਪੜਪੋਤੀ ਨੇ ਹਟਾਇਆ। ਸੌਂਦ ਦੇ ਪੁੱਤਾਂ-ਧੀਆਂ ਦੇ ਪਰਿਵਾਰਾਂ ਦੇ ਦਰਜਨਾਂ ਜੀਅ ਹਾਜ਼ਰ ਸਨ। ਪੁੱਤਾਂ ਵਾਲੇ ਪਾਸੇ ਅਮਰੀਕੀ ਨਾਂਵਾਂ ਨਾਲ ਸੌਂਦ ਹੋਣ ਤੋਂ ਇਲਾਵਾ ਉਥੇ ਦੋਵਾਂ ਪਾਸਿਆਂ ਦੇ ਪਰਿਵਾਰਾਂ ਵਿਚ ਪੰਜਾਬੀ ਅਤੇ ਪੰਜਾਬੀਅਤ ਦਾ ਰੰਗ ਕਿਤੇ ਰਾਈ-ਮਾਤਰ ਵੀ ਨਹੀਂ ਸੀ।

ਇਕ ਦਿਲਚਸਪ ਵਾਰਤਾ ਹੋਰ ਸੁਣੋ। ਨਾਮਧਾਰੀ ਆਪਣੇ ਗੁਰੂਆਂ ਦੇ ਗੁਰਮੁਖੀ ਸਿੱਖਣ ਦੇ ਹੁਕਮਨਾਮਿਆਂ ਉਤੇ ਸੱਚੇ ਦਿਲੋਂ ਫੁੱਲ ਚੜ੍ਹਾਉਂਦੇ ਹਨ ਤਾਂ ਜੋ ਪੰਜਾਬੀ ਪੜ੍ਹ-ਲਿਖ ਸਕਣ। ਕੋਈ ਇਕ ਸਾਲ ਪਹਿਲਾਂ ਦੀ ਗੱਲ ਹੈ, 22 ਅਗਸਤ 2013 ਦੇ ਨਾਮਧਾਰੀ ਅਖ਼ਬਾਰ ਵਿਚ ਖ਼ਬਰ ਛਪੀ ਕਿ ਇੰਗਲੈਂਡ ਵਿਚ ਬਰਮਿੰਘਮ ਦੇ ਨਾਮਧਾਰੀ ਗੁਰਦੁਆਰੇ ਵਿਖੇ "ਸਤਿਗੁਰੂ ਜੀ ਨੂੰ ਬੇਨਤੀ ਕੀਤੀ ਗਈ ਕਿ ਬੱਚਿਆਂ ਦੀ ਇੱਛਾ ਹੈ ਕਿ ਆਪ ਅੰਗਰੇਜ਼ੀ ਵਿਚ ਕਿਰਪਾ ਕਰੋ" ਅਤੇ "ਉਨ੍ਹਾਂ ਵਾਸਤੇ ਇਸ ਤੋਂ ਵੱਡਾ ਕਮਾਲ ਦਾ ਕੰਮ ਹੋਰ ਕੀ ਹੋ ਸਕਦਾ ਸੀ ਕਿ ਸਤਿਗੁਰੂ ਜੀ ਉਨ੍ਹਾਂ ਦੀ ਅਰਜ਼ ਨੂੰ ਬੜਾ ਸੌਖਾ, ਉਨ੍ਹਾਂ ਦੇ ਨੇੜੇ ਦੀ ਭਾਸ਼ਾ ਅੰਗਰੇਜ਼ੀ ਵਿਚ ਸਮਝਾ ਰਹੇ ਸਨ।"




ਇਸ ਲਈ ਅਤੀਤ ਨੂੰ ਸਿਮਰਦਿਆਂ, ਅਨੁਵਾਦ ਉਤੇ ਟੇਕ ਰਖਦਿਆਂ ਜਾਂ ਪਰਦੇਸਾਂ ਵਿਚ ਉਚੇ ਝੂਲਦੇ ਪਰਚਮਾਂ ਦੀ ਕਲਪਨਾ ਕਰਦਿਆਂ ਪੰਜਾਬੀ ਦਾ ਉਜਲਾ ਭਵਿੱਖ ਚਿਤਵਣਾ ਮਨ ਨੂੰ ਝੂਠੀ ਤਸੱਲੀ ਦੇਣ ਵਾਲੀ ਗੱਲ ਹੈ। ਪੰਜਾਬੀ ਦਾ ਭਵਿੱਖ ਚਾਨਣਾ ਕਰਨ ਵਾਸਤੇ ਇਹਦਾ ਪਰਚਮ ਪੰਜਾਬ ਵਿਚ ਹੀ ਬੁਲੰਦ ਕਰਨਾ ਪਵੇਗਾ। ਇਸ ਉਦੇਸ਼ ਦੀ ਪ੍ਰਾਪਤੀ ਵਾਸਤੇ ਤਿੰਨ ਗੱਲਾਂ ਜ਼ਰੂਰੀ ਹਨ।

ਪਹਿਲੀ, ਪੰਜਾਬੀ ਭਾਈਚਾਰੇ ਲਈ ਪੰਜਾਬੀ ਭਾਸ਼ਾ ਦੀ ਮਹੱਤਤਾ ਨੂੰ ਸਮਝਣ ਵਾਲੇ ਲੇਖਕ, ਅਧਿਆਪਕ, ਵਿਦਵਾਨ ਇਨ੍ਹਾਂ ਸਮੱਸਿਆਵਾਂ ਦੇ ਹੱਲ ਵੱਲ ਜਜ਼ਬਾਤੀ ਪਹੁੰਚ ਦੀ ਥਾਂ ਭਾਸ਼ਾ-ਵਿਗਿਆਨਕ ਪਹੁੰਚ ਅਪਨਾਉਣ ਅਤੇ ਪੰਜਾਬੀ ਦੇ ਵਿਕਾਸ ਦੇ ਰਾਹ ਦੀਆਂ ਸਭ ਰੋਕਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਨੂੰ ਦੂਰ ਕਰਨ ਦੇ ਗੰਭੀਰ ਉਪਰਾਲੇ ਸ਼ੁਰੂ ਕਰਨ।

ਦੂਜੀ, ਪੰਜਾਬ ਵਿਚ ਪੰਜਾਬੀ ਨੂੰ ਕਾਗਜ਼ੀ ਦੀ ਥਾਂ ਸਹੀ ਅਰਥਾਂ ਵਿਚ ਰਾਜਭਾਸ਼ਾ ਦਾ ਸਥਾਨ ਮਿਲਣਾ ਚਾਹੀਦਾ ਹੈ। ਇਸ ਕਾਨੂੰਨ ਵਿਚ ਜੋ ਕਮਜ਼ੋਰੀਆਂ ਹਨ, ਉਹ ਸੋਧਾਂ ਕਰ ਕੇ ਤੁਰਤ ਦੂਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਖ਼ਾਤਰ ਸਮਾਜਕ-ਰਾਜਨੀਤਕ ਚੇਤਨਾ ਅਤੇ ਲਾਮਬੰਦੀ ਦੀ ਲੋੜ ਹੈ। ਸਾਡੇ ਬਹੁਤ ਸਾਰੇ ਪੜ੍ਹੇ-ਲਿਖੇ ਸਮਾਜਕ ਅਤੇ ਰਾਜਨੀਤਕ ਆਗੂ ਵੀ ਭਾਸ਼ਾ ਦੀ ਮਹੱਤਤਾ ਸਮਝਣ ਦੇ ਪੱਖੋਂ ਅਨਪੜ੍ਹ ਹੀ ਹਨ। ਰਾਜਭਾਸ਼ਾ ਕਾਨੂੰਨ ਦੀਆਂ ਤਰੁਟੀਆਂ ਦੂਰ ਕਰਵਾਉਣ ਲਈ ਸੋਧਾਂ ਤੋਂ ਪੰਜਾਬ ਸਰਕਾਰ ਦੇ ਲਗਾਤਾਰ ਇਨਕਾਰ ਕਾਰਨ ਪੰਜਾਬੀ ਲੇਖਕਾਂ ਅਤੇ ਹੋਰ ਹਿਤੈਸ਼ੀਆਂ ਨੂੰ ਵਾਰ ਵਾਰ ਚੰਡੀਗੜ੍ਹ ਵਿਚ ਧਰਨਿਆਂ ਤੇ ਅੰਦੋਲਨਾਂ ਦਾ ਰਾਹ ਫੜਨਾ ਪੈਂਦਾ ਹੈ। ਪਰ ਇਹ ਸਭ ਯਤਨ ਅਨਸੁਣਦੀ ਸਰਕਾਰ ਦੀ ਚੁੱਪ ਕਾਰਨ ਅਜੇ ਤੱਕ ਅਸਫਲ ਰਹਿੰਦੇ ਆਏ ਹਨ।

ਤੀਜੀ, ਪੰਜਾਬੀ ਦੇ ਵਿੱਦਿਅਕ-ਅਕਾਦਮਿਕ ਖੇਤਰ ਦੀ ਸੰਪੂਰਨ ਨਵਿਆਈ ਬੇਹੱਦ ਜ਼ਰੂਰੀ ਹੈ। ਪਹਿਲੇ ਕਦਮ ਵਜੋਂ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਕੇਵਲ ਅਜਿਹੇ ਅਧਿਆਪਕ ਰੱਖੇ ਜਾਣ ਜਿਨ੍ਹਾਂ ਨੂੰ ਪੰਜਾਬੀ ਠੀਕ ਬੋਲਣੀ ਤੇ ਲਿਖਣੀ ਆਉਂਦੀ ਹੋਵੇ ਅਤੇ ਜਿਨ੍ਹਾਂ ਦੀ ਵਿਦਵਤਾ ਦਾ ਆਧਾਰ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਤੇ ਸਮਾਜ ਦੀ ਸਮਝ ਹੋਵੇ। ਹੋਰ ਭਾਸ਼ਾਵਾਂ ਤੋਂ ਪ੍ਰਾਪਤ ਹੁੰਦਾ ਗਿਆਨ ਉਨ੍ਹਾਂ ਦੇ ਇਸ ਆਧਾਰ ਨੂੰ ਅਮਰਵੇਲ ਵਾਂਗ ਸੋਕ-ਨਿਚੋੜ ਕੇ ਪੂਰੀ ਤਰ੍ਹਾਂ ਕਜਦਿਆਂ ਆਪ ਹੀ ਨਾ ਛਾ ਜਾਵੇ ਸਗੋਂ ਦੀਵੇ ਕੋਲ ਦੀਵਾ ਜਗਣ ਵਾਂਗ ਉਸ ਦੀ ਜੋਤ ਵਿਚ ਵਾਧਾ ਕਰੇ।




ਦੁਨੀਆਂ ਭਰ ਵਿਚ ਸੈਂਕੜੇ ਭਾਸ਼ਾਵਾਂ ਮਰੀਆਂ ਹਨ ਅਤੇ ਸੈਂਕੜੇ ਮਰ ਰਹੀਆਂ ਹਨ। ਸੰਸਾਰ ਦੀਆਂ ਭਾਸ਼ਾਵਾਂ ਦੀ ਸਹੀ ਗਿਣਤੀ ਪਤਾ ਕਰਨੀ ਤਾਂ ਸੰਭਵ ਨਹੀਂ, ਮੋਟੇ ਅੰਦਾਜ਼ੇ ਅਨੁਸਾਰ ਇਸ ਸਮੇਂ 6,000 ਭਾਸ਼ਾਵਾਂ ਮੰਨੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚੋਂ ਅੱਧੀਆਂ ਕੇਵਲ ਚਾਰ ਦੇਸਾਂ, ਭਾਰਤ, ਇੰਡੋਨੇਸ਼ੀਆ, ਨਾਈਜੇਰੀਆ ਅਤੇ ਪਾਪੂਆ ਨਿਊ ਗਿਨੀ ਵਿਚ ਬੋਲੀਆਂ ਜਾਂਦੀਆਂ ਹਨ। ਸਾਡੇ ਦੇਸ ਵਿਚ ਭਾਸ਼ਾਵਾਂ ਦੀ ਹਾਲਤ ਪਤਲੀ ਪੈਂਦੇ ਜਾਣ ਦਾ ਮੂਲ ਕਾਰਨ ਭਾਸ਼ਾਈ ਵੰਨਸੁਵੰਨਤਾ ਨੂੰ ਕਦਰਜੋਗ ਸਮਾਜਕ-ਸਭਿਆਚਾਰਕ ਸਰਮਾਏ ਦੀ ਥਾਂ ਵਾਧੂ ਖਿਲਾਰਾ ਅਤੇ ਬੋਝ ਸਮਝੇ ਜਾਣਾ ਹੈ। ਭਾਸ਼ਾ ਦੇ ਸਿਆਣਿਆਂ ਦਾ ਅੰਦਾਜ਼ਾ ਅਤੇ ਫ਼ਿਕਰ ਹੈ ਕਿ ਇਨ੍ਹਾਂ ਵਿਚੋਂ 4,000 ਇਸ ਸਦੀ ਦੇ ਅੰਤ ਤੱਕ ਲੋਪ ਹੋ ਜਾਣਗੀਆਂ ਅਤੇ ਬਾਕੀ ਬਚੀਆਂ 2,000 ਵਿਚੋਂ ਵੀ ਕੁਝ ਸੈਂਕੜੇ ਹੀ ਆਪਣੀ ਪੂਰੀ ਆਭਾ ਕਾਇਮ ਰੱਖ ਸਕਣਗੀਆਂ।

ਜੇ ਪੰਜਾਬੀ ਭਾਈਚਾਰਾ ਪੰਜਾਬੀ ਦੀਆਂ ਅਕਾਦਮਿਕ ਅਤੇ ਰਾਜਨੀਤਕ ਸਮੱਸਿਆਵਾਂ ਦੇ ਹੱਲ ਵਾਸਤੇ ਇਕਮੁੱਠ ਅਤੇ ਜਾਗ੍ਰਿਤ ਨਾ ਹੋਇਆ ਤਾਂ ਯੂਨੈਸਕੋ ਨੇ ਪੰਜਾਹ ਸਾਲਾਂ ਵਿਚ ਪੰਜਾਬੀ ਦੇ ਖ਼ਾਤਮੇ ਦੀ ਭਵਿੱਖਵਾਣੀ ਤੋਂ ਭਾਵੇਂ ਇਨਕਾਰ ਕਰ ਦਿੱਤਾ ਹੋਵੇ ਪਰ ਖ਼ਤਰੇ ਦੀ ਲਕੀਰ ਲੰਘ ਚੁੱਕੀਆਂ 197 ਬੋਲੀਆਂ ਵਾਲੇ ਭਾਰਤ ਨੂੰ ਪਹਿਲਾ ਸਥਾਨ ਦੇਣ ਵਾਲੀ ਉਹਦੀ ਸੂਚੀ ਕਾਇਮ ਹੈ! ਪੰਜਾਬੀ ਦੀ ਅਜਿਹੀ ਹੋਣੀ ਦੀ ਸੰਭਾਵਨਾ ਤੋਂ ਅੱਖਾਂ ਬੰਦ ਨਹੀਂ ਕੀਤੀਆਂ ਜਾ ਸਕਦੀਆਂ। ਪੰਜਾਹ ਸਾਲ ਨਾ ਸਹੀ, ਸੌ ਸਹੀ, ਦੋ ਸੌ ਸਹੀ, ਪਰ ਤਿਲ੍ਹਕਦੀ ਜਾਂਦੀ ਭਾਸ਼ਾ ਆਖ਼ਰ ਕਦੀ ਤਾਂ ਥੱਲੇ ਜਾ ਹੀ ਪਹੁੰਚੇਗੀ। ...ਤੇ ਜਦੋਂ ਕੋਈ ਭਾਸ਼ਾ ਮਰਦੀ ਹੈ, ਨਾਲ ਹੀ ਉਸ ਭਾਈਚਾਰੇ ਦੀ ਸਦੀਆਂ ਦੌਰਾਨ ਸਿਰਜੀ ਗਈ ਸਭਿਆਚਾਰਕ ਵਿਰਾਸਤ, ਇਕੱਤਰ ਕੀਤੀ ਗਈ ਸੂਝ-ਸਿਆਣਪ, ਵਿਕਸਿਤ ਕੀਤੀ ਗਈ ਜੀਵਨ-ਜਾਚ ਅਤੇ ਨਤੀਜੇ ਵਜੋਂ ਨਿਵੇਕਲੀ-ਨਿਆਰੀ ਵੱਖਰੀ ਹੋਂਦ ਵੀ ਮਰ ਜਾਂਦੀ ਹੈ।

***(ਸਮਾਪਤ)***

# ਸੁਜੱਗ ਤੇ ਸਾਕਰਮਕ ਗੰਗਾ ਸਿੰਘ ਢਿੱਲੋਂ

***(ਪਿਛਲੇ ਸਫੇ ਦੀ ਬਾਕੀ)***

ਰਿਹਾ ਸੀ। ਇਸ ਤਰਸੇਵੇਂ ਨੂੰ ਉਸ ਨੇ ਪਾਕਿਸਤਾਨ ਵਿਚ ਵਾਰ-ਵਾਰ ਜਾ ਕੇ ਘਟਾਉਣ ਦੀ ਕੋਸ਼ਿਸ਼ ਕੀਤੀ, ਪਰ ਇਸ ਵਿਚ ਸਫਲ ਨਹੀਂ ਸੀ ਹੋ ਸਕਿਆ। 'ਨਨਕਾਣਾ ਸਾਹਿਬ ਫਾਊਂਡੇਸ਼ਨ' (1970) ਰਾਹੀਂ ਉਹ ਆਪਣੇ ਵਿਰਾਸਤੀ-ਉਦਰੇਵੇਂ ਨਾਲ ਜੂਝਦਾ ਰਿਹਾ ਸੀ। ਇਸੇ ਪਲੇਟਫਾਰਮ ਤੋਂ ਉਸ ਨੇ ਸਿੱਖਾਂ ਦੀ ਅਰਦਾਸ ਵਿਚਲੇ ਇਨ੍ਹਾਂ ਬੋਲਾਂ- 'ਜਿਨ੍ਹਾਂ ਗੁਰਦੁਆਰਿਆਂ ਗੁਰਧਾਮਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਤਿਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਖਾਲਸਾ ਜੀ ਨੂੰ ਬਖਸ਼ੋ' ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦਾ ਰਿਹਾ। ਉਸ ਨੂੰ ਪਤਾ ਸੀ ਕਿ ਭਾਰਤ ਅਤੇ ਪਾਕਿਸਤਾਨ ਦੀਆਂ ਸਿਆਸੀ ਮਜਬੂਰੀਆਂ ਇਸ ਦੇ ਰਾਹ ਵਿਚ ਰੁਕਾਵਟ ਰਹਿਣਗੀਆਂ। ਉਸ ਨੇ ਪਾਕਿਸਤਾਨੀ ਸਰਕਾਰ ਨੂੰ ਇਹ ਮਨਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਉਥੋਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਪਾਕਿਸਤਾਨ ਵਿਚਲੇ ਸਿੱਖਾਂ ਨੂੰ ਸੌਂਪਣ ਵਾਸਤੇ 'ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ' ਬਣਾ ਦੇਣੀ ਚਾਹੀਦੀ ਹੈ। ਇਸ ਵਾਸਤੇ ਉਸ ਨੇ ਜ਼ਿਆਉਲ ਹੱਕ ਵਰਗੇ ਕੱਟੜ ਸਿਆਸਤਦਾਨ ਦੀ ਮਦਦ ਵੀ ਲਈ ਸੀ ਅਤੇ ਇਸ ਮੁਹਿੰਮ ਨੂੰ 1999 ਵਿਚ ਬੂਰ ਪੈ ਗਿਆ ਸੀ।

ਸ. ਗੰਗਾ ਸਿੰਘ ਢਿੱਲੋਂ ਨਾਲ ਮੇਰੀ ਪਹਿਲੀ ਮੁਲਾਕਾਤ ਸੁਰਜੀਤ ਸਿੰਘ ਥੇਹੜੀ ਨੇ ਕਰਵਾਈ ਅਤੇ ਉਸ ਤੋਂ ਬਾਅਦ ਮੇਰਾ ਸੰਪਰਕ ਉਸ ਨਾਲ ਲਗਾਤਾਰ ਬਣਿਆ ਰਿਹਾ। ਸਿੱਖ-ਸਿਆਸਤ ਵਿਚ ਉਹ ਲਗਾਤਾਰ ਦਿਲਚਸਪੀ ਲੈਂਦਾ ਰਿਹਾ ਅਤੇ ਪੰਜਾਬ ਦੀਆਂ ਸਿਆਸੀ ਗਤੀਵਿਧੀਆਂ ਨਾਲ ਮਾਨਸਿਕ ਤੌਰ 'ਤੇ ਜੁੜਿਆ ਰਹਿੰਦਾ। ਪੜ੍ਹਨ-ਲਿਖਣ ਦਾ ਸ਼ੌਕੀਨ ਢਿੱਲੋਂ ਸੁਚੇਤ ਵੀ ਸੀ ਅਤੇ ਸਾਕਰਮਕ ਵੀ। ਪੱਛਮ ਵਿਚ ਸਿੱਖੀ ਬਾਰੇ ਹੋਣ ਵਾਲੇ ਸਾਰੇ ਹੀ ਸੈਮੀਨਰਾਂ ਵਿਚ ਹਿੱਸਾ ਲੈਣ ਲਈ ਉਹ ਉਚੇਚ ਨਾਲ ਪਹੁੰਚਦਾ। ਕਹਿਣ ਅਤੇ ਸੁਣਨ ਦੀ ਸ਼ਕਤੀ ਦਾ ਮਾਲਕ ਢਿੱਲੋਂ ਸਬੱਬ ਨਾਲ ਇਕੱਠੇ ਹੋਏ ਵਿਦਵਾਨਾਂ ਨਾਲ ਗੱਲਬਾਤ ਕਰਦਾ ਰਹਿੰਦਾ ਸੀ। ਲੁਕਾ ਕੇ ਗੱਲ ਕਰਨ ਦੀ ਉਸ ਨੂੰ ਆਦਤ ਨਹੀਂ ਸੀ। ਮੈਂ ਉਸ ਨੂੰ ਖਾਲਿਸਤਾਨੀਆਂ ਅਤੇ ਗੈਰ-ਖਾਲਿਸਤਾਨੀਆਂ ਵਿਚਕਾਰ ਪੁਲ ਵਾਂਗ ਭੂਮਿਕਾ ਨਿਭਾਉਂਦਿਆਂ ਵੇਖਿਆ ਹੈ। ਉਹੀ ਤਾਂ ਸੀ ਜਿਸ ਕੋਲ ਕਿਸੇ ਵੀ ਰੰਗ ਦਾ ਸਿੱਖ ਬਿਨਾ ਝਿਜਕ ਆਪਣੀ ਗੱਲ ਕਹਿ ਸਕਦਾ ਸੀ। ਅਕਾਲ ਚਲਾਣੇ ਉਪਰੰਤ ਉਸ ਨਾਲ ਸਬੰਧਤ ਛਪੀਆਂ ਖਬਰਾਂ ਵਿਚ ਜਿਵੇਂ ਉਸ ਨੂੰ 'ਖਾਲਿਸਤਾਨੀ ਸਿਧਾਂਤਕਾਰ' ਦੱਸਿਆ ਜਾ ਰਿਹਾ ਹੈ, ਉਸ ਦੀ ਪੰਥਕ ਛਬੀ ਨਾਲ ਨਿਆਂ ਨਹੀਂ ਹੈ। ਜਿਵੇਂ ਮੈਂ ਉਸ ਦੀ ਸ਼ਖਸੀਅਤ ਨੂੰ ਠੱਪਾਬੰਦੀ ਤੋਂ ਮੁਕਤ ਕਰਕੇ ਵੇਖਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਇਸ ਤਰ੍ਹਾਂ ਉਸ ਨੇ ਆਪ ਵੀ ਸ਼ਾਇਦ ਕਦੇ ਨਹੀਂ ਕੀਤਾ ਕਿਉਂਕਿ ਉਹ ਸਿੱਖ-ਕੌਮ ਦੇ ਨਾਨਤਵ ਨੂੰ ਨਾਲ ਲੈ ਕੇ ਤੁਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਦਾ ਕਾਰਣ ਮੈਨੂੰ ਇਹ ਵੀ ਨਜ਼ਰ ਆਉਂਦਾ ਹੈ ਕਿ ਉਸ ਵਾਸਤੇ ਹਰ ਸਿੱਖ ਉਸ ਦਾ ਗੁਰਭਾਈ ਸੀ ਅਤੇ ਹਰ ਸਿੱਖ ਸਿਆਸਤਦਾਨ, ਸਿੱਖ-ਕੌਮ ਦਾ ਇਕ ਰੰਗ ਸੀ। ਆਪਣੀ ਧੁਨ ਦਾ ਉਹ ਪੱਕਾ ਸੀ ਅਤੇ ਕਿਸੇ ਹੋਰ ਨੂੰ ਧੁਨ ਦਾ ਪੱਕਾ ਹੋਣ ਤੋਂ ਉਹ ਕਿਵੇਂ ਰੋਕ ਸਕਦਾ ਸੀ। ਉਸ ਵਰਗੇ ਕੌਮੀ-ਬਜ਼ੁਰਗ ਵਾਸਤੇ ਸਿੱਖ ਪ੍ਰਸੰਗ ਵਿਚ ਮਧਮਾਰਗੀ ਹੋ ਜਾਣਾ ਕੁਦਰਤੀ ਸੀ। ਸਾਰਿਆਂ ਨੂੰ ਨਾਲ ਲੈ ਕੇ ਤੁਰਨ ਦਾ ਰਾਹ ਉਹ ਸਾਰੀ ਉਮਰ ਪੱਧਰਾ ਕਰਦਾ ਰਿਹਾ। ਉਸ ਦੀ ਇਹ ਪਹੁੰਚ ਉਸ ਦੇ ਨਾਲ ਦਫਨ ਹੋ ਗਈ ਲੱਗਦੀ ਹੈ ਕਿਉਂਕਿ ਉਸ ਦੀ ਇਸ ਪਹੁੰਚ ਵਿਚ ਸੰਵਾਦ, ਸੰਤੋਖ ਅਤੇ ਸਹਿਜ ਸ਼ਾਮਲ ਸਨ। ਇਹ ਗੁਣ ਸਿਆਸਤ ਦੇ ਬੋਲਬਾਲਿਆਂ ਦੀ ਭੇਟ ਚੜ੍ਹ ਗਏ ਹਨ। ਉਹ ਸਦਾ ਇਹ ਆਸ ਕਰਦਾ ਰਿਹਾ ਸੀ ਕਿ ਸਿੱਖ-ਕੌਮ ਦੇ ਵਾਰਸ ਪੰਥਕ ਸੁਰ ਵਿਚ ਪੰਥਕ-ਮਾਰਗ ਉਤੇ ਤੁਰਨ ਦੀ ਜਾਚ, ਜਿੰਨੀ ਛੇਤੀ ਸਿੱਖ ਲੈਣ, ਚੰਗਾ ਹੈ।

ਪੰਜਾਬ ਦੀਆਂ ਲੋਕ-ਕਥਾਵਾਂ ਵਿਚ ਪ੍ਰਚਲਿਤ ਇਹ ਭਾਵਨਾ ਕਿ ਬੰਦਾ ਮਰ ਕੇ ਤਾਰਾ ਬਣ ਜਾਂਦਾ ਹੈ, ਦੇ ਹਵਾਲੇ ਨਾਲ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਸ. ਗੰਗਾ ਸਿੰਘ ਢਿੱਲੋਂ ਪੰਥਕ-ਖਿੱਤੀ ਦਾ ਹਿੱਸਾ ਹੋ ਗਿਆ ਹੈ। ਇਸ ਮਾਮਲੇ ਵਿਚ ਮੈਂ ਅਕਾਲ ਚਲਾਣਾ ਕਰ ਗਏ ਉਨ੍ਹਾਂ ਸਾਰੇ ਚੇਤੰਨ ਸਿੱਖਾਂ ਨੂੰ ਸ਼ਾਮਲ ਮੰਨਦਾ ਹਾਂ, ਜਿਨ੍ਹਾਂ ਨੇ ਆਪਣੀਆਂ ਜ਼ੁੰਮੇਵਾਰੀਆਂ ਨਿਭਾਉਣ ਦੇ ਨਾਲ-ਨਾਲ ਸਿੱਖ ਭਾਈਚਾਰੇ ਨੂੰ ਜਗਾਈ ਰਖਣ ਵਾਸਤੇ ਯਤਨ ਕੀਤੇ ਹਨ। ਗੰਗਾ ਸਿੰਘ ਅਮਰੀਕਾ ਵਿਚ 1960 ਵਿਚ ਗਿਆ ਅਤੇ 1975 ਵਿਚ ਉਸ ਨੇ 'ਨਨਕਾਣਾ ਸਾਹਿਬ ਫਾਊਂਡੇਸ਼ਨ' ਇਸ ਮੰਤਵ ਨਾਲ ਬਣਾ ਲਈ ਸੀ ਕਿ ਸਿੱਖ ਮੁੱਦਿਆਂ ਤੇ ਜੱਦੋਜਹਿਦ ਕਰਨ ਵਾਸਤੇ ਪਲੇਟਫਾਰਮ ਦੀ ਲੋੜ ਪੈਣੀ ਹੈ। ਇਸੇ ਪਲੇਟਫਾਰਮ ਤੋਂ ਉਸ ਨੇ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆ ਨੂੰ ਸਿੱਖਾਂ ਦੇ ਪ੍ਰਬੰਧ ਹੇਠ ਲਿਆਉਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਸੀ (ਇਸ ਦਾ ਹਵਾਲਾ ਉਪਰ ਆ ਗਿਆ ਹੈ)।

ਸ. ਗੰਗਾ ਸਿੰਘ ਢਿੱਲੋਂ ਦੇ ਚਲਾਣੇ ਨਾਲ ਇਹ ਪ੍ਰਸ਼ਨ ਸਾਹਮਣੇ ਆ ਗਿਆ ਹੈ ਕਿ ਕੋਈ ਵੀ ਸਿੱਖ ਆਪਣੀ ਮੁਖ-ਧਾਰਾ ਨਾਲੋਂ ਵਿਛੜ ਕੇ ਨਹੀਂ ਵਿਚਰਨਾ ਚਾਹੁੰਦਾ। ਕਿਸੇ ਵੀ ਕਿਸਮ ਦੀ ਸਿਆਸਤ ਕਾਰਨ ਜਿਨ੍ਹਾਂ ਸਿੱਖਾਂ ਨੂੰ ਮੁਖ-ਧਾਰਾ ਨਾਲੋਂ ਵਿਛੜ ਕੇ ਤੁਰਨਾ ਪੈਂਦਾ ਰਿਹਾ ਹੈ ਜਾਂ ਪੈ ਰਿਹਾ ਹੈ, ਉਸ ਬਾਰੇ ਨਿੱਠ ਕੇ ਵਿਚਾਰ ਹੋਣੀ ਚਾਹੀਦੀ ਹੈ। ਇਹੀ ਗੱਲ ਕਹਿੰਦਾ-ਕਹਿੰਦਾ ਸ. ਢਿੱਲੋਂ ਤੁਰ ਗਿਆ ਹੈ ਅਤੇ ਇਸ ਗੱਲ ਦੇ ਹੱਲ ਦੀ ਉਡੀਕ ਵਿਚ ਬਹੁਤ ਸਾਰੇ ਸਿੱਖ ਬਦੇਸ਼ੀ ਧਰਤੀਆਂ ਦੇ ਬਿਰਖ ਹੋ ਗਏ ਹਨ। ਸਿਆਸਤ ਦੇ ਮਸਲੇ ਸਿਆਸਤ ਨਾਲ ਹੱਲ ਹੁੰਦੇ ਹੋਣਗੇ, ਪਰ ਸਿੱਖਾਂ ਦੇ ਮਸਲੇ ਸਿਆਸਤ ਨਾਲ ਹੱਲ ਹੁੰਦੇ ਨਜ਼ਰ ਨਹੀਂ ਆਉਂਦੇ। ਸਿੱਖ-ਮਸਲਿਆਂ ਦੇ ਹੱਲ ਵਾਸਤੇ ਸਿੱਖਾਂ ਦੇ ਵਿਰਾਸਤੀ-ਪ੍ਰਸੰਗ ਨੂੰ ਧਿਆਨ ਵਿਚ ਰਖਣਾ ਪਵੇਗਾ। ਸਿੱਖ, ਜੇ ਦੁਨੀਆਂ ਦੇ ਕਿਸੇ ਵੀ ਮਾਹੌਲ ਨਾਲ ਨਿਭ ਸਕਦੇ ਹਨ ਤਾਂ ਆਪਣੇ ਦੇਸ਼ ਦੇ ਮਾਹੌਲ ਨਾਲ ਕਿਉਂ ਨਹੀਂ ਨਿਭ ਸਕਦੇ? ਲੋੜ ਸਿਆਸਤੀ-ਵਿਚੋਲਗੀ ਤੋਂ ਉਪਰ ਉਠ ਕੇ ਵਿਚਰਨ ਦੀ ਹੈ। ਮੈਨੂੰ ਤਾਂ ਸ. ਗੰਗਾ ਸਿੰਘ ਢਿੱਲੋਂ ਦੀਆਂ ਇਹੋ ਜਿਹੀਆਂ ਗੱਲਾਂ ਚੰਗੀਆਂ ਲਗਦੀਆਂ ਹੁੰਦੀਆਂ ਸਨ।

ਪੰਜ ਅਕਤੂਬਰ ਦੇ ਦਿਨ ਪੰਜ ਭੂਤਕ ਮਜਬੂਰੀਆਂ ਤੋਂ ਮੁਕਤ ਹੋ ਗਏ ਸਰਦਾਰ ਢਿੱਲੋਂ ਨੂੰ ਸਿਆਸੀ-ਠੱਪੇਬੰਦੀਆਂ ਤੋਂ ਮੁਕਤ ਕਰਕੇ ਹੀ ਅਲਵਿਦਾ ਕਹਿਣਾ ਚਾਹੀਦਾ ਹੈ। ਗੁਰਮਤਿ ਦੀ ਮਰਯਾਦਾ ਵਿਚ ਸੰਭਵ ਵੀ ਇਹੀ ਹੈ।

#

# ਮੇਰਾ ਯਾਰ ਹਲਵਾਰਵੀ

## ਉਹ ਅੰਬਰੀਂ ਲਾਉਂਦਾ ਟਾਕੀਆਂ...

***ਪੰਜਾਬੀ ਕਹਾਣੀ ਦੇ ਆਹਲਾ ਰਚਨਾਕਾਰ ਵਰਿਆਮ ਸਿੰਘ ਸੰਧੂ ਵੱਲੋਂ ਮਰਹੂਮ ਸ਼ਾਇਰ, ਸੰਪਾਦਕ ਅਤੇ ਸਾਬਕਾ ਇਨਕਲਾਬੀ ਹਰਭਜਨ ਹਲਵਾਰਵੀ ਬਾਰੇ ਲਿਖਿਆ ਰੇਖਾ ਚਿੱਤਰ 'ਮੇਰਾ ਯਾਰ ਹਲਵਾਰਵੀ' ਕਈ ਪੱਖਾਂ ਤੋਂ ਅਹਿਮ ਹੈ। ਇਕ ਤਾਂ ਇਹ 1960ਵਿਆਂ ਦੇ ਅਖੀਰ ਵਿਚ ਉਠੀ ਯੁੱਗ-ਪਲਟਾਊ ਲਹਿਰ (ਨਕਸਲੀ ਅੰਦੋਲਨ) ਉਤੇ ਹਲਕੀ ਜਿਹੀ ਝਾਤੀ ਮਾਰਦਾ ਹੈ, ਦੂਜੇ ਵਰਿਆਮ ਸਿੰਘ ਸੰਧੂ ਦੇ ਖੁਦ ਦੇ ਕਹਾਣੀ ਸਫਰ ਬਾਰੇ ਨਿੱਗਰ ਚਰਚਾ ਵੀ ਇਸ ਵਿਚ ਦਰਜ ਹੋਈ ਹੈ, ਹਲਵਾਰਵੀ ਬਾਰੇ ਵੇਰਵੇ ਤਾਂ ਇਸ ਵਿਚ ਹੈਨ ਹੀ। ਇਸ ਲੇਖ ਦਾ ਇਕ ਦਿਲਚਸਪ ਨੁਕਤਾ ਇਹ ਵੀ ਹੈ ਕਿ ਇਕ ਦੋਸਤ ਆਪਣੇ ਨੇੜਲੇ ਸਾਥੀ ਨੂੰ ਕਿਨ੍ਹਾਂ ਝੀਤਾਂ ਵਿਚੋਂ ਦੇਖਣ-ਵਾਚਣ ਦਾ ਯਤਨ ਕਰ ਰਿਹਾ ਹੈ। ਇਹ ਝੀਤਾਂ ਉਨ੍ਹਾਂ ਸ਼ਖਸਾਂ ਲਈ ਬਹੁਤ ਅਹਿਮ ਹਨ ਜਿਨ੍ਹਾਂ ਨੇ ਵਰਿਆਮ ਅਤੇ ਹਲਵਾਰਵੀ ਦਾ ਸਾਥ ਮਾਣਿਆ ਹੈ। ਵਰਿਆਮ ਦੀ ਇਸ ਲਿਖਤ ਵਿਚ ਬਹੁਤ ਸਾਰੀਆਂ ਗੱਲਾਂ ਅਣਕਹੀਆਂ ਹਨ ਅਤੇ ਜਾਣੂ ਸੱਜਣ ਇਨ੍ਹਾਂ ਅਣਕਹੀਆਂ ਗੱਲਾਂ ਦੀਆਂ ਝੀਤਾਂ ਵਿਚੋਂ ਝਾਕ ਕੇ ਹਰਭਜਨ ਅਤੇ ਵਰਿਆਮ- ਦੋਹਾਂ ਦੇ ਮਨਾਂ ਅੰਦਰ ਝਾਕ ਸਕਣਗੇ। ਅਸੀਂ ਇਹ ਲੰਮਾ ਲੇਖ ਹਰਭਜਨ ਹਲਵਾਰਵੀ ਦੀ 9 ਅਕਤੂਬਰ ਨੂੰ ਬਰਸੀ ਮੌਕੇ ਲੜੀਵਾਰ ਛਾਪ ਰਹੇ ਹਾਂ। -ਸੰਪਾਦਕ***



**ਵਰਿਆਮ ਸਿੰਘ ਸੰਧੂ, ਕੈਨੇਡਾ**
**ਫੋਨ: 647-918-5212**

ਹਰਭਜਨ ਹਲਵਾਰਵੀ ਮੇਰੇ ਉਨ੍ਹਾਂ ਰੂਹ ਵਾਲੇ ਯਾਰਾਂ ਵਿਚੋਂ ਸੀ ਜਿਨ੍ਹਾਂ ਦੀ ਗਿਣਤੀ ਪਹਿਲੀ ਉਂਗਲ ਦੇ ਪੋਟਿਆਂ ਤੱਕ ਮੁੱਕ ਜਾਂਦੀ ਹੈ। ਸੰਵੇਦਨਸ਼ੀਲ ਜੁਝਾਰੂ ਸ਼ਾਇਰ, ਨਕਸਲੀ ਆਗੂ ਤੇ ਫਿਰ ਪੱਤਰਕਾਰ ਵਜੋਂ ਬਹੁਰੰਗੇ ਤੇ ਵੱਡੇ ਰੁਤਬਿਆਂ ਵਾਲੇ ਲੋਕਾਂ ਨਾਲ ਉਹਦੇ ਸਬੰਧ ਰਹੇ। ਉਹ ਅਨੇਕਾਂ ਦੇ ਕਦੀ ਨੇੜੇ ਤੇ ਕਦੀ ਦੂਰ ਵੀ ਹੋਇਆ ਹੋਏਗਾ, ਪਰ ਮੇਰੇ ਲਈ ਹਲਵਾਰਵੀ ਸਦਾ ਮੇਰਾ ਆਪਣਾ ਰਿਹਾ। ਮੇਰੇ ਦਿਲ ਦੇ ਐਨ ਕਰੀਬ। ਮੇਰੀ ਰੂਹ ਦਾ ਹਾਣੀ।

ਦਿਲ ਦੀ ਇਹ ਨੇੜਤਾ ਪਹਿਲੀ ਮਿਲਣੀ ਸਮੇਂ ਈ ਹੋ ਗਈ ਸੀ। ਅਗਸਤ 1970 ਵਿਚ ਲੋਕ ਨਾਥ ਦੀ ਵਿਚੋਲਗੀ ਨਾਲ ਹਲਵਾਰਵੀ ਤੇ ਅਮਰਜੀਤ ਚੰਦਨ ਮੈਨੂੰ ਹਾਲ ਬਾਜ਼ਾਰ (ਅੰਮ੍ਰਿਤਸਰ) ਦੇ ਬਾਹਰ ਚਾਹ ਦੇ ਖੋਖੇ 'ਤੇ ਮਿਲੇ ਸਨ। ਮੈਂ ਉਨ੍ਹਾਂ ਦੋਵਾਂ ਦੇ ਅੰਡਰਗਰਾਊਂਡ ਹੋਣ, ਸਾਹਿਤਕ ਅਤੇ ਸਿਆਸੀ ਪਿੜ ਵਿਚ ਸਰਗਰਮ ਹੋਣ ਬਾਰੇ ਪਹਿਲਾਂ ਤੋਂ ਹੀ ਜਾਣਦਾ ਸਾਂ। ਉਨ੍ਹੀਂ ਦਿਨੀਂ ਤੱਤੇ ਖੂਨ ਵਾਲੇ ਨੌਜਵਾਨ ਤੇ ਲੇਖਕ-ਬੁੱਧੀਮਾਨ ਰਾਜਸੀ ਤਬਦੀਲੀ ਦੀ ਤੀਬਰ ਤਾਂਘ ਕਾਰਨ ਨਕਸਲੀ ਅੰਦੋਲਨ ਵੱਲ ਖਿੱਚੇ ਗਏ ਸਨ।

ਹਲਵਾਰਵੀ ਉਸ ਸਮੇਂ ਪਾਰਟੀ ਦੇ ਪਰਚੇ 'ਲੋਕ ਯੁੱਧ' ਦਾ ਸੰਪਾਦਕ ਸੀ ਤੇ ਸੂਬਾ ਕਮੇਟੀ ਦਾ ਮੈਂਬਰ। ਅਮਰਜੀਤ ਚੰਦਨ ਉਸ ਨਾਲ ਮਿਲ ਕੇ 'ਕਣ' ਵਾਲੇ ਕਵੀਆਂ ਤੇ ਲੇਖਕਾਂ ਨੂੰ ਲੱਭਣ ਅਤੇ ਆਪਣੇ ਨਾਲ ਜੋੜਨ ਲਈ ਤਤਪਰ ਸੀ। ਇਨ੍ਹਾਂ ਦੀ ਪ੍ਰੇਰਨਾ ਨਾਲ ਹੀ ਮਾਸਿਕ ਪੱਤਰ 'ਹੇਮ ਜਯੋਤੀ' ਦਾ ਸੰਪਾਦਕ ਸੁਰੇਂਦਰ ਵੀ 'ਲਾਲ' ਹੋ ਗਿਆ ਸੀ। 'ਹੇਮ ਜਯੋਤੀ' ਦੇ ਲੇਖਕਾਂ ਕੋਲੋਂ ਉਹ 'ਲਾਲਗੀ' ਵਰਗੀਆਂ ਲਿਖਤਾਂ ਦੀ ਮੰਗ ਕਰ ਕੇ 'ਵਕਤ ਦੇ ਸ਼ੇਰ ਦੀਆਂ ਅੱਖਾਂ ਵਿਚ ਅੱਖਾਂ ਪਾਉਣ ਲਈ ਵੰਗਾਰ ਰਿਹਾ ਸੀ।' ਉਹ ਪਾਸ਼ ਤੇ ਦਰਸ਼ਨ ਖਟਕੜ ਦੀਆਂ ਕਵਿਤਾਵਾਂ ਛਾਪਦਾ। ਮੇਰੀਆਂ ਕਹਾਣੀਆਂ 'ਕਾਲੀ ਧੁੱਪ', 'ਦੁਖਾਂਤ ਦਾ ਸਫਰ', 'ਜੇਬ ਕਤਰੇ' ਤੇ 'ਲੋਹੇ ਦੇ ਹੱਥ', 'ਹੇਮ ਜਯੋਤੀ' ਵਿਚ ਛਪ ਚੁੱਕੀਆਂ ਸਨ। ਇਨ੍ਹਾਂ ਕਹਾਣੀਆਂ ਵਿਚੋਂ ਸਥਾਪਤ ਨਜ਼ਾਮ ਪ੍ਰਤੀ ਮੇਰਾ ਰੋਹ ਪ੍ਰਤੱਖ ਨਜ਼ਰ ਆਉਂਦਾ ਸੀ। ਮੇਰੇ ਅੰਦਰਲੇ ਤਪੇ ਹੋਏ ਲੋਹੇ ਨੂੰ ਆਪਣੇ ਅਨੁਸਾਰ ਢਾਲਣ ਲਈ ਹੀ ਇਹ ਦੋਵੇਂ ਸ਼ਾਇਰ ਮੈਨੂੰ ਮਿਲੇ ਸਨ।

ਅਮਰਜੀਤ ਚੰਦਨ ਨੂੰ ਤਾਂ ਮੈਂ ਪਹਿਲਾਂ ਵੀ ਇਕ-ਦੋ ਵਾਰ ਮਿਲ ਚੁੱਕਾ ਸਾਂ, ਪਰ ਹਲਵਾਰਵੀ ਨੂੰ ਪਹਿਲੀ ਵਾਰ ਮਿਲਿਆ ਸਾਂ। ਅੰਗਰੇਜ਼ੀ ਦੇ 'ਯੂ' ਵਰਗਾ ਸਫ਼ਾਚੱਟ ਚਿਹਰਾ, ਸਿਰ 'ਤੇ ਛੋਟਾ ਜਿਹਾ ਗੰਜ, ਪਿੱਛੇ ਨੂੰ ਵਾਹੇ ਹੋਏ ਨਿੱਕੇ ਨਿੱਕੇ ਵਾਲ, ਅੱਖਾਂ ਵਿਚ ਘੁਲੀ ਹੋਈ ਅਪਣੱਤ ਤੇ ਟਹਿਕਦਾ ਕਪਾਹੀ ਹਾਸਾ ਹੱਸਦੇ ਦੰਦਾਂ ਵਿਚਲੀ ਸਾਹਮਣੀ ਵਿਰਲ। ਸਰਕਾਰ ਲਈ 'ਇਨਾਮ-ਯਾਫ਼ਤਾ ਖ਼ਤਰਨਾਕ ਭਗੌੜਾ' ਪਹਿਲੀ ਨਜ਼ਰੇ ਨਾ ਤਾਂ ਮੈਨੂੰ ਓਪਰਾ ਲੱਗਾ ਤੇ ਨਾ ਹੀ 'ਵਿਸ਼ੇਸ਼ਤਾ' ਦਾ ਭਾਰ ਚੁੱਕੀ ਫਿਰਦਾ ਕੋਈ ਗਹਿਰ-ਗੰਭੀਰ ਸਿਆਸੀ ਬੰਦਾ। ਉਹ ਤਾਂ ਬੜਾ ਹੀ ਤਰਲ ਬੰਦਾ ਲੱਗਾ। ਅਗਲੇ ਦੀ ਰੂਹ ਤੇ ਚੇਤਿਆਂ ਵਿਚ ਘੁਲ ਜਾਣ ਵਾਲਾ। ਬਿਲਕੁਲ ਹੀ ਆਪਣਾ।

ਉਹ ਗਾਹੇ-ਬ-ਗਾਹੇ ਮੇਰੇ ਪਿੰਡ ਆਉਣ ਲੱਗਾ। ਉਨ੍ਹਾਂ ਦਿਨਾਂ ਵਿਚ ਉਹਦਾ ਗੁਪਤ ਨਾਂ ਮਾਸਟਰ ਮਨੋਹਰ ਲਾਲ ਸੀ ਪਰ ਮੇਰੀ ਮਾਂ ਨੇ ਸ਼ਾਇਦ ਪਹਿਲੀ ਵਾਰ ਮਨੋਹਰ ਦੀ ਥਾਂ ਮੋਹਨ ਸਮਝ ਲਿਆ। ਉਹਨੇ ਉਹਨੂੰ ਮੋਹਨ ਦੇ ਨਾਂ ਨਾਲ ਹੀ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਫਿਰ ਜਿੰਨਾ ਚਿਰ ਮੇਰੇ ਮਾਂ-ਪਿਉ ਜਿਉਂਦੇ ਰਹੇ, ਉਹ ਉਨ੍ਹਾਂ ਲਈ ਉਨ੍ਹਾਂ ਦਾ ਲਾਡਲਾ ਮੋਹਨ ਹੀ ਰਿਹਾ।

ਜਦੋਂ ਆਉਂਦਾ ਤਾਂ ਕਈ-ਕਈ ਦਿਨ ਸਾਡੇ ਘਰ ਠਹਿਰਦਾ। ਉਹ ਘਰ ਦੇ ਜੀਆਂ ਵਾਂਗ ਹੀ ਵਿਚਰਦਾ। ਘਰ-ਪਰਿਵਾਰ ਦੇ ਨਿੱਕੇ-ਮੋਟੇ ਕੰਮਾਂ ਦੇ ਮਸਲਿਆਂ ਬਾਰੇ ਸੁਣਦਾ ਤੇ ਆਪਣੀ ਰਾਇ ਵੀ ਦਿੰਦਾ। ਬਿਲਕੁਲ ਇੰਜ ਜਿਵੇਂ ਇਹ ਉਹਦੇ ਆਪਣੇ ਘਰ ਦਾ ਮਸਲਾ ਹੁੰਦਾ ਹੈ। ਕਿਸੇ ਦਾ ਸਿਰ-ਪੀੜ, ਬੁਖ਼ਾਰ ਜਾਂ ਗਲਾ ਖਰਾਬ ਹੁੰਦਾ ਤਾਂ ਕਿਸੇ ਚਾਲੂ ਡਾਕਟਰ ਦੀ ਚਾਲੂ ਦਵਾਈ ਲੈਣ ਦੀ ਥਾਂ ਖਾਸ ਤਰ੍ਹਾਂ ਦੇ ਕੈਪਸੂਲ ਜਾਂ ਗੋਲੀਆਂ ਲਿਆਉਣ ਲਈ ਆਖਦਾ ਹੀ ਨਾ, ਸਗੋਂ ਮੇਰੇ ਨਾਲ ਬਜ਼ਾਰ ਨੂੰ ਤੁਰ ਪੈਂਦਾ। ਮੈਂ ਪੱਠੇ ਕੁਤਰਨ ਲੱਗਾ ਤੇ ਬੀਬੀ ਰੁੱਗ ਲਾਉਣ ਲੱਗੀ ਤਾਂ ਬੀਬੀ ਨੂੰ ਗਲਵੱਕੜੀ ਵਿਚ ਲੈ ਕੇ ਮੰਜੇ 'ਤੇ ਬਿਠਾ ਦਿੱਤਾ ਤੇ ਹੱਸਦਿਆਂ ਕਹਿੰਦਾ, "ਪੁੱਤਾਂ ਦੇ ਹੁੰਦਿਆਂ ਭਲਾ ਮਾਂਵਾਂ ਕਿਉਂ ਕੰਮ ਕਰਨ।" ਜੇ ਮੈਂ ਕਿਤੇ ਉਸ ਜਾਂ ਦੋਸਤਾਂ ਨਾਲ ਗੱਪਾਂ ਮਾਰ ਰਿਹਾ ਹੁੰਦਾ ਤੇ ਉਹ ਬੀਬੀ ਨੂੰ ਕੋਈ ਕੱਟਾ-ਵੱਛਾ ਕਿੱਲੇ ਤੋਂ ਖੋਲ੍ਹ ਕੇ ਧੁੱਪੇ-ਛਾਂਵੇਂ ਕਰਦਿਆਂ ਵੇਖਦਾ ਤਾਂ ਮੈਨੂੰ ਵੱਡੇ ਭਰਾਵਾਂ ਵਾਂਗ ਤਾੜਦਾ, "ਤੂੰ ਜਗੀਰਦਾਰਾਂ ਦੇ ਕਾਕੇ ਵਾਂਗ ਬੈਠਾਂ। ਤੈਨੂੰ ਬੀਬੀ ਕੰਮ ਕਰਦੀ ਨਹੀਂ ਦੀਂਹਦੀ? ਤੇਰੇ ਹੱਥਾਂ ਨੂੰ ਮਹਿੰਦੀ ਲੱਗੀ ਹੋਈ ਐ?...ਬੀਬੀ ਤੂੰ ਰਹਿਣ ਦੇ। ਆਉਂਦੈ ਇਹ ਵੱਡਾ ਸਰਦਾਰ। ਇਹਦੇ ਹੱਥ ਨਹੀਂ ਘਸ ਚੱਲੇ।" ਬੀਬੀ ਵੀ ਹੱਸਦੀ ਤੇ ਮੈਂ ਵੀ ਸ਼ਰਮਿੰਦਿਆਂ ਵਾਂਗ ਹੱਸਦਿਆਂ ਬੀਬੀ ਤੋਂ ਹੱਥਲਾ ਕੰਮ ਫੜ ਲੈਂਦਾ। ਆਪਣੀ ਮਾਂ ਤੋਂ ਦੂਰ ਹੋਇਆ ਉਹ ਮੇਰੀ ਮਾਂ ਵਿਚੋਂ ਆਪਣੀ ਮਾਂ ਲੱਭਦਾ। ਮੇਰੇ ਸਕੂਲ ਵਿਚ ਅੱਠ-ਦਸ ਸਾਲ ਦੀ ਗੋਲ-ਮਟੋਲ ਚਿਹਰੇ ਵਾਲੀ ਕੁੜੀ ਨੂੰ ਉਹ ਬੜੇ ਪਿਆਰ ਨਾਲ ਬੁਲਾਉਂਦਾ ਤੇ ਲਾਡ ਕਰਦਾ। ਮੈਂ ਉਸ ਕੁੜੀ ਬਾਰੇ ਉਹਦੇ ਮੋਹ-ਪ੍ਰਗਟਾਵੇ ਬਾਰੇ ਪੁੱਛਿਆ ਤਾਂ ਕਹਿੰਦਾ, "ਮੇਰੀ ਛੋਟੀ ਭੈਣ ਬਿਲਕੁਲ ਇਹਦੇ ਵਰਗੀ ਤੇ ਇਹਦੇ ਜਿੱਡੀ ਹੈ...।" ਅੰਡਰਗਰਾਊਂਡ ਵਿਚਰਨ ਕਰ ਕੇ ਉਹ ਮਾਂ-ਪਿਉ ਤੇ ਭੈਣ-ਭਰਾਵਾਂ ਤੋਂ ਵਿਛੁੰਨਿਆ ਗਿਆ ਸੀ। ਹੁਣ ਉਹ ਦੂਜਿਆਂ ਦੇ ਚਿਹਰਿਆਂ ਵਿਚੋਂ ਘਰ ਦੇ ਜੀਆਂ ਦੇ ਚਿਹਰੇ ਤਲਾਸ਼ਦਾ ਰਹਿੰਦਾ ਸੀ।


---

ਉਹ ਸੁਹਜ ਸਲੀਕੇ ਨਾਲ ਜੀਣ ਵਾਲਾ ਇਨਸਾਨ ਸੀ। ਘਰ ਵਿਚ ਹਰ ਚੀਜ਼ ਠੀਕ ਢੰਗ ਨਾਲ ਟਿਕਾਣੇ ਪਈ ਵੇਖਣ ਦਾ ਤਲਬਗਾਰ। ਮੇਰੇ ਘਰ ਵਿਚ ਪਿਆ ਕਿਤਾਬਾਂ ਤੇ ਕੱਪੜਿਆਂ ਦਾ ਖਿਲਾਰਾ ਵੇਖ ਕੇ ਉਹ ਖਿਝਦਾ ਨਾ, ਸਗੋਂ ਆਪ ਹੀ ਮੇਰੀਆਂ ਚੀਜ਼ਾਂ ਥਾਂ ਸਿਰ ਕਰ ਕੇ ਰੱਖਣ ਲੱਗਦਾ। ਉਸ ਦੇ ਕੱਪੜੇ, ਕਿਤਾਬਾਂ ਤੇ ਅਖਬਾਰਾਂ ਸਦਾ ਹੀ ਆਪਣੇ ਟਿਕਾਣੇ ਸਿਰ ਪਏ ਹੁੰਦੇ। ਚੰਡੀਗੜ੍ਹ ਵਿਚ ਉਹਦੇ ਘਰ ਅਖਬਾਰਾਂ ਦਾ ਥੱਬਾ ਆਉਂਦਾ। ਅਖਬਾਰ ਪੜ੍ਹਨ ਤੋਂ ਬਾਅਦ ਉਹ ਸਭ ਨੂੰ ਇੰਜ ਸਵਾਰ ਕੇ ਰੱਖਦਾ, ਜਿਵੇਂ ਹੁਣੇ ਹੀ ਪ੍ਰੈਸ ਵਿਚੋਂ ਤਹਿ ਵੱਜ ਕੇ ਆਈ ਹੋਵੇ।

ਸਾਡਾ ਸੁਰ ਸਿੰਘ ਵਾਲਾ ਘਰ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਪਿਛਲਾ ਅੱਧਾ ਘਰ ਰਿਹਾਇਸ਼ ਵਾਲਾ ਸੀ ਤੇ ਅਗਲਾ ਅੱਧਾ ਮਾਲ-ਡੰਗਰ ਦੀ ਹਵੇਲੀ। ਦੋਵਾਂ ਹਿੱਸਿਆਂ ਵਿਚ ਦਰਵਾਜ਼ਾ ਰੱਖ ਕੇ ਪੱਕੀ ਕੰਧ ਵੱਜੀ ਹੋਈ ਸੀ। ਰਿਹਾਇਸ਼ ਵਾਲੇ ਹਿੱਸੇ ਦੀ ਵਿਚਕਾਰਲੇ ਦਰਵਾਜ਼ੇ ਨੇੜਲੀ ਨੁੱਕਰ ਵਿਚ ਬਣੇ ਗੁਸਲਖਾਨੇ ਵਿਚੋਂ ਨਲਕੇ ਦਾ ਪਾਣੀ ਕੱਚੀ ਨਾਲੀ ਰਾਹੀਂ ਹਵੇਲੀ ਵਿਚੋਂ ਦੀ ਬਾਹਰ ਨੂੰ ਨਿਕਲਦਾ। ਨਾਲੀ ਕੱਚੀ ਹੋਣ ਕਰ ਕੇ ਚਿੱਕੜ ਜ਼ਿਆਦਾ ਹੁੰਦਾ। ਇਕ ਦਿਨ ਮੈਨੂੰ ਕਹਿੰਦਾ, "ਘਰ ਵਿਚ ਇੱਟਾਂ ਵੀ ਨੇ ਤੇ ਸੀਮਿੰਟ ਵੀ। ਇਹ ਨਾਲੀ ਪੱਕੀ ਕਰਨੀ ਐਂ...।" ਮੈਂ ਕਿਹਾ, "ਮਿਸਤਰੀ ਤੋਂ ਕਰਵਾ ਲੈਂਦੇ ਆਂ। ਤੇਰੇ ਅਗਲੀ ਵਾਰ ਆਉਣ ਤੱਕ ਪੱਕੀ ਹੋ ਜਾਊ।" ਪਰ ਉਹਨੂੰ ਮੇਰੀ 'ਚੁਸਤੀ' ਤੇ 'ਛੋਹਲੀਆਂ' ਦਾ ਪਤਾ ਸੀ। ਕਹਿੰਦਾ, "ਕਿਸੇ ਮਿਸਤਰੀ ਦੀ ਲੋੜ ਨਹੀਂ। ਤੂੰ ਕਹੀ ਫੜ ਤੇ ਨਾਲੀ ਲਈ ਥਾਂ ਪੁੱਟ। ਇੱਟਾਂ ਮੈਂ ਲਾਉਨਾਂ। ਇੱਕ-ਇੱਕ ਇੱਟ ਹੇਠਾਂ ਤੇ ਦੋ ਪਾਸੇ ਨੂੰ; ਸੀਮਿੰਟ ਲਾ ਕੇ ਲਾਈ ਜਾਣੀਆਂ... ਮਿਸਤਰੀ ਦੀ ਕੀ ਲੋੜ।" ਤੇ ਅਸੀਂ ਦੋ ਦਿਨ ਵਿਚ ਨਾਲੀ ਪੱਕੀ ਕਰ ਦਿੱਤੀ।

ਇਹ ਸਾਰੀਆਂ ਗੱਲਾਂ ਜਿੱਥੇ ਉਹਦੇ ਸੁਭਾਅ ਦੇ ਵਿਸ਼ੇਸ਼ ਪੱਖਾਂ 'ਤੇ ਰੌਸ਼ਨੀ ਪਾਉਂਦੀਆਂ, ਉਥੇ ਇਹ ਵੀ ਪਤਾ ਲੱਗਦਾ ਹੈ ਕਿ ਮੇਰਾ ਘਰ ਤੇ ਮੇਰੇ ਮਾਪੇ ਉਸ ਲਈ ਕਿੰਨੇ ਆਪਣੇ ਸਨ ਤੇ ਮੇਰੇ ਉਤੇ ਉਸ ਦਾ ਕਿਹੋ ਜਿਹਾ ਅਧਿਕਾਰ ਸੀ।

ਮੇਰਾ ਆਪਣੇ ਪਿਤਾ ਨਾਲ, ਉਹਦੇ ਵੱਧ ਸ਼ਰਾਬ ਪੀਣ ਕਰ ਕੇ ਕਦੀ-ਕਦੀ ਮਨ-ਮੁਟਾਵ ਹੋ ਜਾਂਦਾ। ਮੇਰਾ ਪਿਤਾ ਸਾਹਿਤ ਦਾ ਬੜਾ ਸਿਆਣਾ ਪਾਠਕ ਤੇ ਸੰਵੇਦਨਸ਼ੀਲ ਵਿਅਕਤੀ ਸੀ। ਅਸਲ ਵਿਚ ਸਾਹਿਤ ਪੜ੍ਹਨ ਦੀ ਚੇਟਕ ਮੈਨੂੰ ਲੱਗੀ ਹੀ ਉਸ ਕੋਲੋਂ ਸੀ। ਉਨ੍ਹੀਂ ਦਿਨੀਂ ਭਾਵੇਂ ਉਹ ਨਸ਼ੇ ਦੀ ਗ੍ਰਿਫ਼ਤ ਵਿਚ ਰਹਿਣ ਲੱਗਾ ਸੀ, ਤਦ ਵੀ ਉਸ ਨੂੰ ਹਲਵਾਰਵੀ ਦੀ ਸ਼ਖਸੀਅਤ ਅਤੇ ਉਸ ਤੇ ਉਹਦੇ ਸਾਥੀਆਂ ਵੱਲੋਂ ਵਿੱਢੀ ਲਹਿਰ ਨਾਲ ਅੰਦਰੂਨੀ ਹਮਦਰਦੀ ਸੀ। ਚੁੱਪ-ਚੁੱਪ ਰਹਿਣ ਵਿਚਰਨ ਵਾਲਾ ਅੰਤਰਮੁਖੀ ਬੰਦਾ ਸੀ। ਹਲਵਾਰਵੀ ਉਹਦੇ ਅੰਦਰ ਨੂੰ ਸਮਝਦਾ ਸੀ। ਉਹ 'ਚਾਚੇ' ਨੂੰ (ਅਸੀਂ ਆਪਣੇ ਪਿਉ ਨੂੰ 'ਚਾਚਾ' ਆਖਦੇ ਸਾਂ) ਪਿਆਰ ਕਰਦਾ। ਉਹਦੇ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਰਹਿੰਦਾ। ਇਕ ਦਿਨ ਮੈਂ ਤੇ ਮੇਰਾ ਪਿਉ ਆਪਸ ਵਿਚ ਝਗੜ ਪਏ। ਤਿੱਖੀ ਝੜਪ ਤੋਂ ਬਾਅਦ ਉਹ ਗੁੱਸੇ ਨਾਲ ਭਰਿਆ, "ਕੋਈ ਨਹੀਂ, ਮੈਂ ਤੈਨੂੰ ਪਤਾ ਦੱਸੂੰਗਾ", ਆਖਦਾ ਘਰੋਂ ਬਾਹਰ ਚਲਾ ਗਿਆ। ਹਲਵਾਰਵੀ ਪਰੇ ਬੈਠਕ ਵਿਚ ਬੈਠਾ ਸੀ।



*ਹਰਭਜਨ ਹਲਵਾਰਵੀ*

ਮੈਂ ਆਪਣੇ ਪਿਤਾ ਦੇ ਗੁੱਸੇ ਭਰੇ ਬੋਲਾਂ ਦੇ ਪਤਾ ਨਹੀਂ ਕਿਉਂ ਅਜੀਬ ਅਰਥ ਲੈ ਲਏ। ਹਲਵਾਰਵੀ ਨੂੰ ਕਿਹਾ ਕਿ ਆਪਾਂ ਬਾਹਰ ਫਿਰ ਤੁਰ ਆਈਏ। ਬਾਹਰ ਨੂੰ ਜਾਂਦਿਆਂ ਉਹਨੇ ਮੈਨੂੰ ਮੇਰੀ ਅਜੀਬ ਚੁੱਪ ਦਾ ਕਾਰਨ ਪੁੱਛਿਆ ਤਾਂ ਮੈਂ ਸਾਰੀ ਗੱਲ ਸੁਣਾ ਕੇ ਖਦਸ਼ਾ ਜ਼ਾਹਿਰ ਕੀਤਾ, "ਜਿਵੇਂ ਚਾਚਾ ਗੁੱਸੇ ਨਾਲ ਗਿਐ, ਕਿਤੇ ਪੁਲਿਸ ਨਾ ਲੈ ਆਵੇ।" ਅਸਲ ਵਿਚ ਹਲਵਾਰਵੀ ਪੁਲਿਸ ਲਈ ਲੋੜੀਂਦਾ ਹੋਣ ਕਰ ਕੇ ਮੈਨੂੰ ਹਰ ਵੇਲੇ ਇਹ ਧੁੜਕੂ ਲੱਗਾ ਰਹਿੰਦਾ ਸੀ ਕਿ ਉਹ ਕਿਤੇ ਮੇਰੇ ਕੋਲੋਂ ਫੜਿਆ ਨਾ ਜਾਵੇ। ਮੇਰੇ ਅਵਚੇਤਨ ਵਿਚ ਬੈਠੇ ਭੈਅ ਨੇ ਮੈਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਸੀ ਕਿ ਮੇਰੇ 'ਤੇ ਗੁੱਸਾ ਕੱਢਣ ਲਈ ਚਾਚਾ ਕਿਤੇ ਹਲਵਾਰਵੀ ਨੂੰ ਈ ਨਾ ਫੜਾ ਦਿੰਦਾ ਹੋਵੇ! ਮੇਰੀ ਗੱਲ ਸੁਣ ਕੇ ਹਲਵਾਰਵੀ ਖਿੜਖਿੜਾ ਕੇ ਹੱਸਿਆ, "ਐਵੇਂ ਬੱਚਿਆਂ ਵਾਲੀਆਂ ਗੱਲਾਂ ਨਾ ਕਰ...। ਚਾਚੇ ਨੂੰ ਤੂੰ ਏਨਾ ਕੁ ਈ ਜਾਣਦੈਂ? ਚੱਲ ਘਰ ਨੂੰ ਚੱਲੀਏ। ਮੈਂ ਸੋਚਿਆ ਪਤਾ ਨਹੀਂ ਕੀ ਗੱਲ ਹੋ ਗਈ?"

ਉਹਨੇ ਮੈਨੂੰ ਘਰ ਨੂੰ ਵਾਪਸ ਤੋਰ ਲਿਆ, ਪਰ ਮੇਰੀ ਖੁਤਖੁਤੀ ਦੂਰ ਨਹੀਂ ਹੋਈ। ਮੈਂ ਉਸ ਨੂੰ ਜ਼ੋਰ ਦੇ ਕੇ ਮਨਾ ਹੀ ਲਿਆ ਕਿ ਉਹ ਘਰੋਂ ਬਾਹਰ ਦੂਰ ਜਿਹੇ ਇਹਤਿਆਤ ਵਜੋਂ ਇਕ ਥਾਂ 'ਤੇ ਖਲੋਤਾ ਰਹੇ ਤੇ ਮੈਂ ਓਨੇ ਚਿਰ ਵਿਚ ਘਰ ਦੀ 'ਸੁੱਖ-ਸਾਂਦ' ਪਤਾ ਕਰ ਆਵਾਂ। ਸਭ ਕੁਝ ਠੀਕ-ਠਾਕ ਹੋਇਆ ਤਾਂ ਮੈਂ ਉਹਨੂੰ ਆ ਕੇ ਲੈ ਜਾਵਾਂਗਾ। ਉਹ ਪੈਰ ਮਲਦਾ ਮੇਰੇ ਦੱਸੇ ਥਾਂ 'ਤੇ ਖਲੋ ਗਿਆ। ਮੈਂ ਕਾਹਲੀ-ਕਾਹਲੀ ਘਰ ਨੂੰ ਵਧਿਆ, ਪਰ ਹਕੀਕਤ ਇਹ ਸੀ ਕਿ ਹਲਵਾਰਵੀ ਦਬਵੇਂ ਪੈਰੀਂ ਮੇਰੇ ਪਿੱਛੇ-ਪਿੱਛੇ ਹੀ ਆ ਰਿਹਾ ਸੀ।

ਚਾਚਾ ਮੇਰੇ ਅੱਗੇ-ਅੱਗੇ ਹੀ ਘਰ ਮੁੜਿਆ ਸੀ। ਬੀਬੀ ਉਸ ਨਾਲ ਝਗੜ ਰਹੀ ਸੀ। ਬਾਹਰ ਨੂੰ ਜਾਣ ਤੋਂ ਪਹਿਲਾਂ ਮੈਂ ਬੀਬੀ ਨਾਲ ਆਪਣਾ ਖਦਸ਼ਾ ਸਾਂਝਾ ਕਰ ਗਿਆ ਸਾਂ।

"ਚੰਗੀ ਕਰਤੂਤ ਕਰਨ ਗਿਆ ਸੈਂ?" ਬੀਬੀ ਦੇ ਤਿੱਖੇ ਬੋਲ ਸਨ।

"ਕਿਉਂ ਕੀ ਹੋ ਗਿਆ?" ਚਾਚਾ ਹੈਰਾਨ ਪਰੇਸ਼ਾਨ ਸੀ। ਜਦੋਂ ਬੀਬੀ ਨੇ ਉਹਦੇ ਪੁਲਿਸ ਵੱਲ ਜਾਣ ਬਾਰੇ ਆਖਿਆ ਤਾਂ ਚਾਚਾ ਪੱਥਰ ਹੋ ਗਿਆ। ਹੱਕਾ-ਬੱਕਾ ਹੋਇਆ ਉਹ ਕੁਝ ਵੀ ਬੋਲ ਨਾ ਸਕਿਆ।

"ਬੋਲ ਕੁਝ। ਹੁਣ ਮੂੰਹੋਂ ਫੁੱਟ ਵੀ।"

ਚਾਚੇ ਨੇ ਧਾਹ ਮਾਰਨ ਵਾਂਗ ਆਖਿਆ, "ਮੈਂ ਤਾਂ ਘੁੱਟ ਪੀਣ ਚਲਾ ਗਿਆ ਸਾਂ, ਗਮ ਗਲਤ ਕਰਨ। ਤੇਰਾ ਮੁੰਡਾ ਲੜਦਾ ਸੀ... ਤੂੰ ਮੈਨੂੰ ਏਨਾ ਈ ਗਰਕ ਗਿਆ ਸਮਝ ਲਿਆ। ਉਹ ਮੇਰਾ ਪੁੱਤ 'ਭਗਤ ਸਿੰਘ' ਤੇ ਮੈਂ ਉਹਨੂੰ ਫੜਾਉਣ ਲੱਗਾਂ? ਲੱਖ ਲਾਹਨਤ ਮੇਰੇ 'ਤੇ... ਜੋ ਤੁਸਾਂ ਮੇਰੇ ਬਾਰੇ ਇੰਜ ਸੋਚਿਆ ਤੇ ਦੁਰ-ਲਾਹਨਤ ਤੁਹਾਡੇ ਮਾਂ-ਪੁੱਤਾਂ ਦੇ।"

ਚਾਚੇ ਦੀਆਂ ਅੱਖਾਂ ਵਿਚ ਪਾਣੀ ਸੀ। ਹਲਵਾਰਵੀ ਜਿਹੜਾ ਮੇਰੇ ਪਿੱਛੇ ਖਲੋਤਾ ਸਭ ਗੱਲਾਂ ਸੁਣ ਰਿਹਾ ਸੀ, ਤੁਰੰਤ ਅੱਗੇ ਵਧਿਆ ਤੇ ਚਾਚੇ ਨੂੰ ਘੁੱਟ ਕੇ ਜੱਫੀ ਪਾ ਲਈ। ਹਲਵਾਰਵੀ ਦੇ ਗਲ ਲੱਗਦਿਆਂ ਹੀ ਚਾਚਾ ਫੁੱਟ-ਫੁੱਟ ਕੇ ਰੋਣ ਲੱਗ ਪਿਆ। ਹਲਵਾਰਵੀ ਨੇ ਬੜੇ ਪਿਆਰ ਨਾਲ ਹੌਸਲਾ ਦੇ ਕੇ ਉਸ ਨੂੰ ਮੰਜੇ 'ਤੇ ਬਿਠਾਇਆ।

"ਇਨ੍ਹਾਂ ਮੇਰੇ ਬਾਰੇ ਇਹ ਸੋਚ ਕਿਵੇਂ ਲਿਆ? ਮੇਰਾ ਪੁੱਤ ਹਲਵਾਰਵੀ... ਮੇਰਾ ਮੋਹਨ... ਮੇਰਾ ਭਗਤ ਸੁੰਹ... ਮੈਂ ਵੱਢਿਆ ਜਾਵਾਂ ਪੋਟਾ-ਪੋਟਾ... ਕਿਸੇ ਨੂੰ ਤੇਰੇ ਬਾਰੇ ਕੁਝ ਨਾ ਦੱਸਾਂ। ਤੇ ਇਹ ਮਾਂ-ਪੁੱਤ ਆਂਹਦੇ ਨੇ ਮੈਂ ਪੁਲਿਸ ਲੈਂਣ ਗਿਆਂ...?"

ਦੋਵੇਂ ਇਕ-ਦੂਜੇ ਨੂੰ ਘੁੱਟ ਰਹੇ ਸਨ। ਚਾਚਾ ਰੋਈ ਜਾ ਰਿਹਾ ਸੀ, "ਇਨ੍ਹਾਂ ਮੇਰੇ ਬਾਰੇ ਇੰਜ ਕਿਉਂ ਸੋਚਿਆ? ਮੇਰੇ ਇਸ ਸਿਆਣੇ ਪੁੱਤ ਨੇ... ਜਿਹਨੂੰ ਮੈਂ ਜੰਮਿਐਂ... ਜਿਹਦੇ 'ਚ ਮੇਰਾ ਖੂਨ ਐ... ਜਿਹੜਾ ਤੇਰਾ ਯਾਰ ਏ। ਇਸ ਖੂਨ ਨੂੰ ਇਹ ਸਮਝ ਨਾ ਆਈ ਕਿ ਇਹਦਾ ਪਿਉ ਇਹੋ ਜਿਹੀ ਗੱਦਾਰੀ ਕਿਵੇਂ ਕਰ ਲਏਗਾ!"

"ਚਾਚਾ! ਇਹ ਜੋ ਮਰਜ਼ੀ ਸਮਝੀ ਜਾਣ। ਮੈਂ ਤਾਂ ਇਨ੍ਹਾਂ ਦੀਆਂ ਗੱਲਾਂ 'ਤੇ ਇਕ ਪਲ ਵੀ ਇਤਬਾਰ ਨਹੀਂ ਕੀਤਾ। ਪੁੱਛ ਲੈ ਇਹਨੂੰ। ਮੈਨੂੰ ਪਤਾ ਸੀ ਮੇਰਾ ਚਾਚਾ... ਮੇਰਾ ਪਿਉ... ਕਿਸ ਹਸਤੀ ਦਾ ਮਾਲਕ ਐ। ਮੇਰੇ ਮਨ ਵਿਚ ਤਾਂ ਇਹੋ ਜਿਹਾ ਖਿਆਲ ਪਲ-ਛਿਣ ਲਈ ਵੀ ਨਹੀਂ ਆਇਆ। ਮੈਂ ਤਾਂ ਖੁਦ ਇਹਦੇ ਅਜਿਹਾ ਸੋਚਣ 'ਤੇ ਇਹਦੀ ਮੂਰਖਤਾ 'ਤੇ ਹੱਸਿਆ ਸਾਂ ਤੇ ਇਹਨੂੰ ਝਿੜਕਿਆ ਸੀ।"

ਚਾਚਾ ਲੇਟ ਗਿਆ ਤੇ ਛੋਟੇ ਬੱਚਿਆਂ ਵਾਂਗ ਹਲਵਾਰਵੀ ਨੂੰ ਆਪਣੀ ਹਿੱਕ 'ਤੇ ਲਿਟਾ ਲਿਆ।

"ਇਹਨੂੰ ਮੈਂ ਏਤਰਾਂ ਖਿਡਾਉਂਦਾ ਰਿਹਾਂ, ਹਿੱਕ 'ਤੇ ਪਾ ਕੇ। ਇਹ ਮੇਰਾ ਪੁੱਤ... ਤੂੰ ਮੇਰਾ ਪੁੱਤ... ਮੇਰਾ ਮੋਹਨ... ਮੇਰਾ ਹਲਵਾਰਵੀ... ਮੇਰਾ ਭਗਤ ਸੁੰਹ।" ਚਾਚਾ ਫਿਰ ਫਿੱਸ ਪਿਆ।

ਹਲਵਾਰਵੀ ਅੱਧੀ ਰਾਤ ਤੱਕ ਉਹਦੀ ਹਿੱਕ ਨਾਲ ਘੁੱਟਿਆ ਉਹਨੂੰ ਪਿਆਰ ਕਰਦਾ ਰਿਹਾ। ਮੈਂ ਤੇ ਮੇਰੀ ਮਾਂ ਨਮੋਸ਼ੀ ਵਿਚ ਗ਼ਰਕੇ ਚੁੱਪ-ਚਾਪ ਸੋਚ ਰਹੇ ਸਾਂ ਕਿ ਸਾਡੇ ਨਾਲੋਂ... ਮੇਰੇ ਨਾਲੋਂ ਚਾਚੇ ਦਾ 'ਮੋਹਨ' ਰਿਸ਼ਤਿਆਂ ਦੇ ਗੁਹਜ ਨੂੰ ਕਿਵੇਂ ਵੱਧ ਬਰੀਕੀ ਤੇ ਸੰਵੇਦਨਸ਼ੀਲਤਾ ਨਾਲ ਸਮਝਣ ਵਾਲਾ ਹੈ। ਇਕ ਪੁੱਤ ਆਪਣੇ ਪਿਉ ਬਾਰੇ ਇਸ ਤਰ੍ਹਾਂ ਸੋਚਣ ਦੀ ਭੁੱਲ ਕਰ ਸਕਦਾ ਹੈ ਪਰ ਜਿਸ ਉਪਰ ਪਿਉ ਦੇ (ਭਾਵੇਂ ਇਹ ਮੇਰੀ ਕੂੜ-ਕਲਪਨਾ ਹੀ ਸੀ) 'ਉਸ ਵੱਲੋਂ ਕੀਤੇ ਜਾਣ ਵਾਲੇ ਕੰਮ ਦਾ ਸਭ ਤੋਂ ਵੱਧ ਅਸਰ ਪੈਣਾ ਸੀ'... ਉਹਨੇ ਇਕ ਪਲ ਲਈ ਵੀ ਸਾਡੀ ਗੱਲ ਨੂੰ ਸੱਚ ਨਹੀਂ ਸੀ ਸਮਝਿਆ। ਮਨੁੱਖੀ ਮਨ ਦੀ ਧੁਰ ਅੰਦਰ ਤਕ ਥਾਹ ਪਾ ਸਕਣ ਦੀ ਸਮਰੱਥਾ ਨੇ ਮੈਨੂੰ ਉਸ ਦਾ ਹੋਰ ਵੀ ਕਾਇਲ ਕਰ ਦਿੱਤਾ।

ਮੈਂ ਉਨ੍ਹੀਂ ਦਿਨੀਂ ਨੇੜਲੇ ਪਿੰਡ ਪੂਹਲਾ ਭਾਈ ਤਾਰੂ ਸਿੰਘ ਵਿਚ ਪ੍ਰਾਇਮਰੀ ਸਕੂਲ ਵਿਚ ਪੜ੍ਹਾਉਂਦਾ ਸਾਂ। ਮੇਰੇ ਸਾਈਕਲ 'ਤੇ ਬੈਠ ਅਸੀਂ ਪੂਹਲਿਆਂ ਨੂੰ ਤੁਰ ਜਾਂਦੇ। ਸਾਰਾ ਦਿਨ ਜੱਗ-ਜਹਾਨ ਦੀਆਂ ਗੱਲਾਂ ਮਾਰਦੇ। ਪੱਕੀ ਸੜਕ ਤੋਂ ਉਤਰ ਕੇ ਪਹਿਲਾਂ ਨਵਾਬ ਕਪੂਰ ਸਿੰਘ ਦਾ ਪਿੰਡ ਸਿੰਘਪੁਰਾ ਆਉਂਦਾ। ਉਸ ਤੋਂ ਅੱਧਾ ਕੁ ਕਿਲੋਮੀਟਰ ਅੱਗੇ ਸੀ ਪੂਹਲਾ। ਸਿੰਘਪੁਰੇ ਵਿਚੋਂ ਲੰਘਦਿਆਂ ਸਾਨੂੰ ਉਥੋਂ ਦੇ ਪ੍ਰਾਇਮਰੀ ਸਕੂਲ ਕੋਲੋਂ ਲੰਘਣਾ ਪੈਂਦਾ।

ਇੱਕ ਵਾਰ ਮੈਂ ਤੇ ਹਲਵਾਰਵੀ ਮੇਰੇ ਸਕੂਲ ਨੂੰ ਜਾ ਰਹੇ ਸਾਂ ਕਿ ਸਿੰਘਪੁਰੇ ਦੇ ਸਕੂਲ ਕੋਲੋਂ ਲੰਘਦਿਆਂ ਸਕੂਲ ਦੀ ਘਾਟੀ ਤੋਂ ਉਤਰ ਕੇ ਸਕੂਲ ਦੇ ਮੁੰਡਿਆਂ ਨੇ ਸਾਨੂੰ ਰੋਕ ਲਿਆ।

"ਭਾ ਜੀ! ਭੈਣ ਜੀ ਸੱਦਦੇ ਨੇ।"

ਏਨੇ ਚਿਰ ਵਿਚ ਸਕੂਲ ਦੀ ਢਲਾਣ ਉਤਰ ਕੇ ਭੈਣ ਜੀ ਆ ਗਈ। ਇਹ ਪਹਿਲਾਂ ਮੇਰੇ ਨਾਲ ਹੀ ਪੜ੍ਹਾਉਂਦੀ ਸੀ। ਮੇਰੇ ਕੋਲੋਂ 'ਹੇਮ ਜਯੋਤੀ', 'ਪ੍ਰੀਤ ਲੜੀ' ਤੇ 'ਆਰਸੀ' ਵਗ਼ੈਰਾ ਲੈ ਕੇ ਪੜ੍ਹਨ ਵਾਲੀ ਇਹ ਬੀਬੀ ਮੇਰੇ ਵਿਚਾਰਾਂ ਤੋਂ, ਉਨ੍ਹੀਂ ਦਿਨੀਂ ਲੜੇ ਜਾ ਰਹੇ ਸੰਘਰਸ਼ ਤੋਂ, ਹੋ ਰਹੇ ਸੱਚੇ-ਝੂਠੇ ਮੁਕਾਬਲਿਆਂ ਤੋਂ ਜਾਣੂ ਸੀ। ਹੁਣ ਤਿੰਨ-ਚਾਰ ਮਹੀਨੇ ਤੋਂ ਬਦਲੀ ਕਰਵਾ ਕੇ ਇਸ ਸਕੂਲ ਵਿਚ ਆ ਗਈ ਸੀ। ਜਦੋਂ ਉਹ ਮੇਰੇ ਸਕੂਲ ਪੜ੍ਹਾਉਂਦੀ ਸੀ, ਉਦੋਂ ਹਲਵਾਰਵੀ ਉਹਨੂੰ ਮਿਲ ਚੁੱਕਾ ਸੀ।

ਮੈਨੂੰ ਕਹਿੰਦੀ, "ਭਾ ਜੀ ਗੱਲ ਸੁਣਿਓਂ।"

ਹਲਵਾਰਵੀ ਵੱਲ ਪਿੱਠ ਦਾ ਮਾੜਾ ਜਿਹਾ ਉਹਲਾ ਕਰ ਕੇ ਉਸ ਨੇ ਪੰਜਾਹ ਰੁਪਏ ਦਾ ਨੋਟ ਮੇਰੇ ਹੱਥ ਵਿਚ ਥਮ੍ਹਾ ਦਿੱਤਾ।

ਜਦੋਂ ਉਹ ਮੇਰੇ ਨਾਲ ਪੜ੍ਹਾਉਂਦੀ ਸੀ ਤਾਂ ਸਾਡੇ ਵਿਚ ਸਾਰੀ ਦਿਹਾੜੀ ਵਿਚ 'ਸਤਿ ਸ੍ਰੀ ਅਕਾਲ' ਤੋਂ ਇਲਾਵਾ ਇਕ ਦੋ ਵਾਰ ਹੀ ਗੁਫ਼ਤਗੂ ਹੁੰਦੀ। ਉਹ ਵੀ ਕਿਸੇ ਸਕੂਲੀ ਸਿਲਸਿਲੇ ਵਿਚ ਜਿਹੜੀ ਦੋ ਚਾਰ ਵਾਕਾਂ ਤੋਂ ਕਦੀ ਅੱਗੇ ਨਹੀਂ ਸੀ ਵਧੀ। ਸਾਡੇ ਵਿਚ ਦੁਵੱਲੇ ਅਦਬ-ਸਤਿਕਾਰ ਵਾਲਾ ਰਿਸ਼ਤਾ ਸੀ।

ਹਲਵਾਰਵੀ ਵੱਲ ਪੰਜਾਹ ਦਾ ਨੋਟ ਵਧਾਉਂਦਿਆਂ ਮੈਂ ਦੱਸਿਆ, "ਜਦੋਂ ਬੀਬੀ ਮੇਰੇ ਸਕੂਲੇ ਪੜ੍ਹਾਉਂਦੀ ਸੀ ਤਾਂ ਹਰ ਮਹੀਨੇ ਪਾਰਟੀ ਲਈ ਥੋੜ੍ਹਾ ਬਹੁਤਾ ਫੰਡ ਦਿੰਦੀ ਸੀ। ਅੱਜ ਵੀ ਆਹ ਪੰਜਾਹ ਰੁਪਏ ਉਹਨੇ ਆਪ ਆਵਾਜ਼ ਮਾਰ ਕੇ ਦਿੱਤੇ ਨੇ।"

ਹਲਵਾਰਵੀ ਇਹ ਗੱਲ ਜਾਣਦਾ ਤਾਂ ਪਹਿਲਾਂ ਹੀ ਸੀ ਪਰ ਜਦੋਂ ਮੈਂ ਭੈਣ ਜੀ ਵੱਲੋਂ ਆਵਾਜ਼ ਮਾਰ ਕੇ ਪਾਰਟੀ ਫੰਡ ਦੇਣ ਵਾਲੀ ਗੱਲ ਨੂੰ ਥੋੜ੍ਹਾ ਲਿਸ਼ਕਾ ਕੇ ਇਸ ਕਿਰਿਆ ਨੂੰ ਆਪਣੇ ਵਿਚਾਰਾਂ ਤੇ ਪਾਰਟੀ ਦੀ ਵਧ ਰਹੀ ਹਰਮਨ-ਪਿਆਰਤਾ ਦਾ ਸੂਚਕ ਬਣਾ ਕੇ ਪੇਸ਼ ਕੀਤਾ ਤਾਂ ਉਹ ਖਿੜਖਿੜਾ ਕੇ ਹੱਸ ਪਿਆ।

"ਭਲੇਮਾਣਸਾ! ਕਿਹੜੀ ਪਾਰਟੀ ਤੇ ਕਿਹੜੇ ਵਿਚਾਰ! ਉਹ ਪੈਸੇ ਕਿਸੇ ਪਾਰਟੀ ਜਾਂ ਵਿਚਾਰਧਾਰਾ ਨੂੰ ਨਹੀਂ ਦਿੰਦੀ, ਤੈਨੂੰ ਦਿੰਦੀ ਐ।"

ਜਿਹੜੀ ਗੱਲ ਮੈਂ ਮੰਨਣ ਜਾਂ ਆਖਣ ਤੋਂ ਝਿਜਕਦਾ ਸਾਂ, ਹਲਵਾਰਵੀ ਨੇ ਬੁੱਝ ਲਈ ਸੀ। ਇਹ ਨਹੀਂ ਕਿ ਇਹ ਅਸਲੋਂ ਹਕੀਕਤ ਹੀ ਹੋਵੇ। ਉਂਜ ਅੰਦਰੋਂ ਮੇਰਾ ਮਨ ਵੀ ਇਹੋ ਸਮਝਦਾ ਸੀ ਪਰ ਸਾਡੇ ਵਿਚਲੇ ਸਤਿਕਾਰ ਦੇ ਰਿਸ਼ਤੇ ਨੂੰ ਮੁੱਖ ਰੱਖਦਿਆਂ ਮੈਂ ਇਸ ਨੂੰ ਹੋਠਾਂ ਤੇ ਲਿਆਉਣ ਦਾ ਜੇਰਾ ਨਹੀਂ ਸਾਂ ਕਰ ਸਕਦਾ।

***(ਬਾਕੀ ਅਗਲੇ ਸਫੇ 'ਤੇ)***

# ਸਿੱਖੀ, ਸਿੱਖ ਤੇ ਸਿੱਖਿਆ

ਵਿਚਾਰ-ਚਰਚਾ

*ਸਿੱਖੀ ਬਾਰੇ ਵਿਚਾਰ-ਚਰਚਾ ਤਹਿਤ 'ਪੰਜਾਬ ਟਾਈਮਜ਼' ਦੇ ਪਾਠਕ ਹੁਣ ਤੱਕ ਪ੍ਰੋ. ਬਲਕਾਰ ਸਿੰਘ, ਬੀਬੀ ਰਾਜਬੀਰ ਕੌਰ ਢੀਂਡਸਾ, ਮਾਸਟਰ ਨਿਰਮਲ ਸਿੰਘ ਲਾਲੀ ਤੇ ਸ. ਸੰਪੂਰਨ ਸਿੰਘ ਦੀਆਂ ਲਿਖਤਾਂ ਪੜ੍ਹ ਚੁੱਕੇ ਹਨ। ਇਨ੍ਹਾਂ ਲਿਖਤਾਂ ਵਿਚ ਸਿੱਖੀ ਦੇ ਵੱਖ-ਵੱਖ ਪਹਿਲੂਆਂ ਅਤੇ ਇਨ੍ਹਾਂ ਬਾਰੇ ਸਾਡੀ ਪਹੁੰਚ ਦੇ ਕੁਝ ਅਹਿਮ ਪੱਖਾਂ ਤੋਂ ਵਿਚਾਰਾਂ ਹੋਈਆਂ। ਇਸ ਵਾਰ ਸਾਨੂੰ ਬੀਬੀ ਕਿਰਪਾਲ ਕੌਰ ਦਾ ਲੇਖ ਹਾਸਲ ਹੋਇਆ ਹੈ। ਇਸ ਲੇਖ ਵਿਚ ਉਨ੍ਹਾਂ ਉਹ ਗੱਲਾਂ ਸਾਡੇ ਸਾਹਮਣੇ ਲਿਆਂਦੀਆਂ ਹਨ ਜੋ ਇਕ ਆਮ ਸਿੱਖ ਸ਼ਰਧਾਲੂ ਅੱਜ ਕੱਲ੍ਹ ਸੋਚਦਾ ਹੈ ਅਤੇ ਮੌਕਾ ਮਿਲਣ 'ਤੇ ਸਵਾਲ ਵੀ ਕਰਦਾ ਹੈ। ਇਸ ਲਿਖਤ ਵਿਚ ਉਨ੍ਹਾਂ ਨੇ ਕੁਝ ਅਜਿਹੇ ਫਿਕਰ ਸਾਂਝੇ ਕੀਤੇ ਹਨ ਜੋ ਨਵੇਂ ਤਾਂ ਭਾਵੇਂ ਨਹੀਂ ਹਨ, ਪਰ ਇਨ੍ਹਾਂ ਬਾਰੇ ਨਿੱਠ ਕੇ ਵਿਚਾਰ-ਚਰਚਾ ਦੀ ਲੋੜ ਅੱਜ ਪਹਿਲਾਂ ਨਾਲੋਂ ਵੀ ਜ਼ਿਆਦਾ ਹੈ। -ਸੰਪਾਦਕ*

ਕਿਰਪਾਲ ਕੌਰ
ਫੋਨ: 815-356-9535

ਸਿੱਖੀ ਦਾ ਬੂਟਾ ਬਾਬੇ ਨਾਨਕ ਨੇ ਲਾਇਆ। ਉਨ੍ਹਾਂ ਦੀ ਪਹਿਲੀ ਸਿੱਖਿਆ ਸੀ- ੴ ਸਤਿਗੁਰ ਪ੍ਰਸਾਦਿ, ਭਾਵ ਸਾਰੀ ਕਾਇਨਾਤ ਦਾ ਕਰਤਾ ਇਕ ਹੈ। ਜਿੰਨਾ ਪਾਸਾਰਾ ਸਾਨੂੰ ਦਿਖਾਈ ਦਿੰਦਾ ਹੈ, ਇਸ ਦਾ ਕਰਤਾ ਕੇਵਲ ਇਕ ਹੀ ਸ਼ਕਤੀ ਹੈ। ਫਿਰ ਜਦ ਕਰਤਾ ਇਕ ਹੈ, ਉਸ ਦਾ ਕਰਮ ਵੀ ਸਾਰਾ ਇਕੋ ਜਿਹਾ ਹੈ। ਬੱਸ ਰੂਪ ਹੀ ਭਿੰਨ ਹਨ। ਸਭ ਦੇ ਅੰਦਰ ਉਹ ਇੱਕ ਹੈ। ਇਸੇ ਲਈ ਸਾਰੇ ਜੀਵ ਬਰਾਬਰ ਹਨ। ਕੋਈ ਮਨੁੱਖ ਉਚਾ-ਨੀਵਾਂ ਜਾਂ ਸੁੱਚਾ-ਜੂਠਾ ਨਹੀਂ। ਇਹ ਸਭ ਸਾਡੇ ਉਨ੍ਹਾਂ ਕਰਮਾਂ ਨਾਲ ਜੁੜਿਆ ਹੋਇਆ ਹੈ ਜੋ ਅਸੀਂ ਨਿੱਤ ਦਿਨ ਕਰਦੇ ਹਾਂ। ਠੱਗ ਅਤੇ ਸੱਜਣ ਅਲੱਗ ਨਹੀਂ ਬਣੇ, ਆਪਣੇ ਕਰਮਾਂ ਦੀ ਹੀ ਕਮਾਈ ਹੈ।

ਗੁਰੂ ਨਾਨਕ ਦਸ ਜਾਮਿਆਂ ਵਿਚ ਆਇਆ। ਹਰ ਵਾਰ ਏਕਤਾ, ਪਿਆਰ, ਸਾਂਝੀਵਾਲਤਾ ਤੇ ਪਿਆਰ ਦਾ ਸੁਨੇਹਾ ਦਿੱਤਾ। ਜੀਵਾਂ ਨਾਲ ਹੀ ਪਿਆਰ ਨਹੀਂ; ਹੋਰ ਜਿੰਨੇ ਜੰਗਲੀ ਜੀਵ ਹਨ; ਜਿੰਨੇ ਜੰਗਲ-ਪਹਾੜ ਜਾਂ ਕੁਦਰਤ ਦੀ ਕੋਈ ਦੇਣ ਹੈ; ਪਾਣੀ ਦੇ ਸ੍ਰੋਤ; ਸਭ ਨਾਲ ਪਿਆਰ ਤੇ ਸਾਂਝ। ਜੋ ਵੀ ਉਸ ਸਾਜਿਆ ਹੈ, ਹਰ ਇਕ ਵਸਤ ਦਾ ਆਪੋ-ਆਪਣਾ ਮਨੋਰਥ ਹੈ। ਇਸ ਲਈ ਲੋੜ ਅਨੁਸਾਰ ਉਨ੍ਹਾਂ ਦੀ ਦੇਖ-ਰੇਖ ਕਰਨੀ ਪਿਆਰ ਦਾ ਹੀ ਕੋਈ ਤਰੀਕਾ ਹੈ।

ਦਸਮੇ ਜਾਮੇ ਵਿਚ ਆ ਕੇ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਲੋਕਾਂ ਨੂੰ ਜੋ ਗੁਰੂ ਨਾਨਕ ਦੀ ਸਿੱਖਿਆ ਸਮਝਣ ਲੱਗ ਪਏ ਸਨ, ਪੂਰੇ ਅਨੁਸ਼ਾਸਨ ਵਿਚ ਰਹਿ ਕੇ, ਹਰ ਸੰਕਟ ਵਿਚ ਸੇਵਾ-ਸੰਭਾਲ ਲਈ ਤਿਆਰ ਰਹਿਣ, ਹਰ ਦੁਖੀ ਲੋੜਵੰਦ ਦਾ ਸੇਵਾਦਾਰ ਬਣਨ ਅਤੇ ਜ਼ੁਲਮ ਕਰਨ ਵਾਲੇ ਨਾਲ ਸਿੱਧਾ ਟੱਕਰਨ ਲਈ ਅੰਮ੍ਰਿਤ ਛਕਾਇਆ। ਨਾਲ ਹੀ ਇਨ੍ਹਾਂ ਨੂੰ ਨਵਾਂ ਨਾਂ ਦਿੱਤਾ- ਖਾਲਸਾ; ਭਾਵ ਤੁਸੀਂ ਤਨ, ਮਨ ਤੇ ਕਰਮ ਤੋਂ ਖਾਲਸ ਹੋ, ਸ਼ੁਧ ਹੋ ਅਤੇ ਰਹੋਗੇ। ਅੰਮ੍ਰਿਤ ਤਿਆਰ ਕਰਦੇ ਸਮੇਂ ਬਾਣੀ ਉਚਾਰੀ ਅਤੇ ਕਿਹਾ- ਬਾਣੀ ਦਾ ਪਾਠ ਹਮੇਸ਼ਾ ਸ਼ੁੱਧ ਹਿਰਦੇ ਨਾਲ ਕਰਨਾ। ਕਿਰਤ ਕਰਨੀ। ਨਾਮ ਜਪਣਾ। ਸੱਤ, ਸੰਤੋਖ, ਦਯਾ, ਸ਼ੀਲ ਤੇ ਮਿੱਠੇ ਬੋਲ ਬੋਲਣੇ। ਲੋੜਵੰਦ ਦੀ ਸਹਾਇਤਾ ਕਰਨੀ। ਮੜ੍ਹੀ ਮਸਾਣ ਨਹੀਂ ਪੂਜਣੇ।

ਅੱਜ ਵੀ ਅਜਿਹਾ ਪੂਰਨ ਖਾਲਸਾ ਤਾਂ ਹੈ, ਪਰ ਥੋੜ੍ਹਾ। ਅਸੀਂ ਆਪਣੇ ਗੁਰੂ ਅਤੇ ਬਾਣੀ ਦਾ ਉਪਦੇਸ਼ ਭੁੱਲ ਚੁੱਕੇ ਹਾਂ। ਬਾਣੀ ਤੇ ਗੁਰੂ ਨੂੰ ਭੁੱਲਣ ਵਾਲਿਆਂ ਦਾ ਹਾਲ ਇਹ ਹੈ, ਜਿਵੇਂ ਕੋਈ ਤੈਰਨਾ ਨਾ ਜਾਣਨ ਵਾਲਾ ਪਾਣੀ ਦੀ ਧਾਰ, ਦਰਿਆ ਜਾਂ ਕਿਸੇ ਹੋਰ ਥਾਂ ਗਿਰ ਜਾਵੇ, ਫਿਰ ਉਹ ਐਵੇਂ ਆਸੇ-ਪਾਸੇ ਹੱਥ-ਪੈਰ ਮਾਰਦਾ ਹੈ, ਤਿਣਕੇ ਦਾ ਸਹਾਰਾ ਭਾਲਦਾ ਹੈ। ਅੱਜ ਅਸੀਂ ਅਖੌਤੀ ਬਾਬਿਆਂ, ਪਖੰਡੀਆਂ, ਦੁਰਾਚਾਰੀਆਂ ਜੋ ਗਲਾਂ ਵਿਚ ਮਾਲਾ ਪਾ ਕੇ ਅਤੇ ਟੋਪੀਆਂ ਨੂੰ ਮਣੀਆਂ-ਮਣਕੇ ਲਾ ਕੇ ਸਿੰਘਾਸਨਾਂ ਉਪਰ ਬੈਠੇ ਹਨ, ਦਾ ਸਹਾਰਾ ਭਾਲਦੇ ਹਾਂ। ਉਹ ਤਾਂ ਆਪ ਪਾਪਾਂ ਦੀ ਦਲ-ਦਲ ਵਿਚ ਡੁਬੇ ਹੋਏ ਹਨ, ਉਨ੍ਹਾਂ ਹੋਰ ਕਿਸੇ ਨੂੰ ਕੀ ਤਾਰਨਾ ਹੈ!

ਇਹੀ ਨਹੀਂ, ਅਸੀਂ ਜਯੋਤਸ਼ੀਆਂ ਮਗਰ ਤੁਰ ਪਏ। ਰੱਬ ਦੇ ਬਣਾਏ ਦਿਨ, ਵਾਰ, ਮਹੂਰਤ, ਘੜੀਆਂ ਚੰਗੀਆਂ-ਮੰਦੀਆਂ ਮੰਨਣ ਲੱਗ ਪਏ। ਅਸੀਂ ਬਾਬੇ ਨਾਨਕ ਦਾ ਰਾਹ ਭੁੱਲ ਗਏ, ਗੁਰੂਆਂ ਦੀ ਬਾਣੀ ਭੁੱਲ ਗਏ ਕਿ ਹਰ ਮਹੀਨਾ, ਦਿਨ, ਵਾਰ ਭਲਾ ਹੈ। ਅਸੀਂ ਆਪੇ ਬਣਾ ਲਿਆ ਕਿ ਕਿਸੇ ਦੇ ਮਰਨ 'ਤੇ ਪਾਠ ਰਖਵਾਉਣਾ ਹੈ ਤਾਂ ਅਰੰਭ ਵੀ ਦੁਪਹਿਰ ਤੋਂ ਬਾਅਦ ਕਰਨਾ, ਭੋਗ ਵੀ ਦੁਪਹਿਰ ਤੋਂ ਬਾਅਦ ਪਾਉਣਾ ਹੈ। ਅਸੀਂ ਬਾਣੀ ਦੇ ਅਰਥ ਨਹੀਂ ਸਮਝ ਸਕੇ। ਬਾਣੀ ਨੂੰ ਪੰਡਿਤ ਦੀ ਪੱਤਰੀ ਬਣਾ ਲਿਆ। ਇਸ ਗ੍ਰਹਿ ਦਾ ਨਿਵਾਰਨ ਕਰਨਾ ਹੈ ਤਾਂ ਇੰਨੇ ਰੁਪਏ ਦਾ ਪਾਠ ਕਰਵਾ ਲਓ! ਪੰਡਿਤ ਵਾਂਗ ਅਸੀਂ ਵੀ ਪਾਠ ਧਰਾ ਦਿੱਤਾ, ਭੋਗ 'ਤੇ ਜਾ ਕੇ ਚੜ੍ਹਾਵਾ ਚੜ੍ਹਾਇਆ, ਅਰਦਾਸ ਹੋ ਗਈ। ਅਖੰਡ ਪਾਠ ਕਰਵਾਉਣ ਵਿਚ ਅਮੀਰੀ ਦੀ ਸ਼ਾਨ ਬਣ ਗਈ; ਪੰਜ ਕਰਵਾ ਲਏ, ਗਿਆਰਾਂ ਕਰਵਾ ਲਏ। ਕਿੰਨੇ ਦੁੱਖ ਦੀ ਗੱਲ ਹੈ ਕਿ ਮਨ ਨੇ ਇਕ ਸ਼ਬਦ ਵੀ ਨਹੀਂ ਮਨ ਵਿਚ ਬਿਠਾਇਆ। ਸਮੇਂ ਦੀ ਘਾਟ ਹੈ, ਇਸ ਲਈ ਪੰਜ ਮਿੰਟ ਬੈਠ ਕੇ ਪਾਠ ਨਹੀਂ ਸੁਣਿਆ। ਇਹ ਪਾਠ ਕਰਨੇ/ਕਰਵਾਉਣੇ ਗੁਰੂ ਨਾਨਕ ਜਾਂ ਦਸਵੇਂ ਗੁਰੂ ਦੇ ਖਾਲਸੇ ਦੀ ਨਿਸ਼ਾਨੀ ਨਹੀਂ ਹੈ। ਗੁਰੂਆਂ ਨੇ ਤਾਂ ਕਿਹਾ ਸੀ, ਜਿੰਨਾ ਵੀ ਪਾਠ ਕਰਨਾ ਹੈ, ਉਸ ਨੂੰ ਮਨ ਵਿਚ ਵਸਾਉਣਾ ਹੈ ਤਾਂ ਕਿ ਮਨ ਦੀ ਸ਼ੁੱਧੀ ਹੋਵੇ। ਮਨ ਹੀ ਤਾਂ ਹੈ ਜਿਸ ਨੂੰ ਸ਼ੁੱਧ ਕਰਨਾ ਹੈ; ਮਨ ਜੋ ਹਰ ਵੇਲੇ ਪਦਾਰਥਾਂ ਦੀ ਚਿਤਵਨਾ ਕਰਦਾ ਹੈ, ਨੂੰ ਗੁਰੂ/ਬਾਣੀ ਨਾਲ ਜੋੜ ਕੇ ਪਾਠ ਕਰਨ ਦਾ ਹੀ ਕੋਈ ਮਤਲਬ ਬਣਦਾ ਹੈ।

ਪਦਾਰਥਵਾਦੀ ਯੁੱਗ ਵਿਚ ਅਸੀਂ ਪਦਾਰਥਾਂ ਦੇ ਹੀ ਮਗਰ ਭਟਕ ਰਹੇ ਹਾਂ। ਗੁਰੂਆਂ ਦੇ ਦੱਸੇ ਰਾਹ ਭੁੱਲ ਗਏ ਹਾਂ। ਪਦਾਰਥਾਂ ਦੀ ਖੋਜ ਵਿਚ ਦੇਸ਼ ਛੱਡ ਕੇ ਪਰਦੇਸਾਂ ਵਿਚ ਆਣ ਵਸੇ। ਖੁਸ਼ੀ ਦੀ ਗੱਲ ਹੈ ਕਿ ਸਿੱਖ ਜਿਥੇ ਵੀ ਗਏ, ਬਾਣੀ ਨਾਲ ਲੈ ਕੇ ਗਏ; ਪਰ ਨਾਲ ਹੀ ਦੁੱਖ ਦੀ ਗੱਲ ਹੈ ਕਿ ਬਾਣਾ ਆਪਣੇ ਦੇਸ਼ ਵਿਚ ਵੀ ਛੱਡ ਦਿੱਤਾ, ਤੇ ਪਰਦੇਸ ਵਿਚ ਵੀ। ਬਾਣੀ ਦੇ ਪ੍ਰਕਾਸ਼ ਲਈ ਅਸੀਂ ਗੁਰਦੁਆਰੇ ਉਸਾਰੇ, ਉਹ ਵੀ ਵਿਸ਼ਾਲ। ਕੋਈ ਗੁਰਦੁਆਰਾ ਦੇਖ ਲਓ, ਸੰਗਮਰਮਰ ਦੇ ਫਰਸ਼, ਗਲੀਚੇ, ਸੋਨੇ ਦੇ ਗੁੰਬਦ; ਕੋਈ ਅੰਤ ਹੀ ਨਹੀਂ ਹੈ। ਹੁਣ ਬਾਣੀ ਦੇ ਬੋਹਿਥ ਗੁਰੂ ਗ੍ਰੰਥ ਸਾਹਿਬ ਨੂੰ ਸੌਣ ਲਈ ਵੱਖਰੀ ਵਿਸ਼ਰਾਮਗਾਹ ਦੀ ਲੋੜ ਪੈ ਗਈ ਹੈ; ਜਿਵੇਂ ਮੰਦਰਾਂ ਵਿਚ ਦੁਪਹਿਰ ਨੂੰ ਵੀ ਦੇਵੀ ਦੇਵਤੇ ਆਰਾਮ ਕਰਦੇ ਹਨ, ਰਾਤ ਨੂੰ ਵੀ। ਅਜਿਹੀਆਂ ਗੱਲਾਂ 'ਤੇ ਜਿੰਨਾ ਅਫ਼ਸੋਸ ਹੁੰਦਾ ਹੈ, ਉਨਾ ਆਪਣੀ ਮੂਰਖਤਾ 'ਤੇ ਹਾਸਾ ਵੀ ਆਉਂਦਾ ਹੈ। ਗਰਮੀਆਂ ਨੂੰ ਕਮਰੇ ਦੇ ਕੂਲਰ ਜਾਂ ਏ.ਸੀ. ਰਾਤ ਭਰ ਚੱਲਦੇ ਹਨ ਤਾਂ ਕਿ ਬਾਬੇ ਦੀ ਬੀੜ ਨੂੰ ਗਰਮੀ ਨਾ ਲੱਗੇ। ਸਰਦੀਆਂ ਵਿਚ ਉਪਰ ਰਜਾਈ ਕੰਬਲ ਦਿੱਤੇ ਜਾਂਦੇ ਹਨ। ਮੈਨੂੰ ਕਿਸੇ ਨੇ ਕਿਹਾ, ਫਿਰ ਇਸ਼ਨਾਨ ਵੀ ਕਰਵਾ ਦਿਆ ਕਰੋ... ਬੜੀ ਸ਼ਰਮ ਆਈ। ਇਸ ਅਡੰਬਰ ਨੂੰ ਰੋਕਣ ਲਈ ਗੁਰੂ ਨਾਨਕ ਨੇ ਫਿਰ-ਫਿਰ ਕੇ ਲੋਕਾਂ ਨੂੰ ਸਮਝਾਇਆ ਸੀ, ਪਰ ਅਸੀਂ ਫਿਰ ਅਡੰਬਰ ਕਰਨ ਲੱਗ ਪਏ। ਅੱਜ ਸਾਡਾ ਧਰਮ ਸਾਡੇ ਮਨ ਵਿਚ ਨਹੀਂ ਰਿਹਾ, ਅਸੀਂ ਧਰਮ ਨੂੰ ਗੁਰਦੁਆਰਿਆਂ ਦੀਆਂ ਇਮਾਰਤ ਅਤੇ ਇਨ੍ਹਾਂ ਉਤੇ ਸੋਨੇ ਦੇ ਕਲਸ ਚੜ੍ਹਾਉਣ ਵਿਚ ਘੋਲ ਦਿੱਤਾ। ਜਦ ਮੈਂ ਛੋਟੀ ਸੀ, ਪੰਜਾਬ ਵਿਚ ਹਰ ਪਿੰਡ ਗੁਰਦੁਆਰਾ ਨਹੀਂ ਸੀ ਹੁੰਦਾ। ਕਈ ਪਿੰਡਾਂ ਦਾ ਇਕ ਗੁਰਦੁਆਰਾ ਹੁੰਦਾ, ਉਹ ਵੀ ਕੁਝ ਕੱਚਾ, ਕੁਝ ਪੱਕਾ। ਗੁਰਪੁਰਬ 'ਤੇ ਸੰਗਤਾਂ ਨੇ ਲੋਹਾਂ ਲਾ ਕੇ ਪ੍ਰਸ਼ਾਦੇ ਪਕਾਉਣੇ। ਬੀਬੀਆਂ ਨੇ ਸ਼ਬਦ ਪੜ੍ਹਦੀਆਂ ਨੇ ਪੁੱਠੇ ਹੱਥ ਦੇ ਪਤਲੇ ਫੁਲਕੇ ਪਕਾਉਣੇ। ਇਕ ਬੱਸ, ਮਹਾਂ ਦੀ ਦਾਲ ਹੋਣੀ ਜਾਂ ਫਿਰ ਘਰਾਂ ਤੋਂ ਲੱਸੀ 'ਕੱਠੀ ਕਰ ਕੇ ਉਸ ਵਿਚ ਬੂੰਦੀ ਪਾ ਕੇ ਰਾਇਤਾ ਬਣਾ ਲੈਣਾ। ਪ੍ਰਸ਼ਾਦ ਸ਼ੁੱਧ ਦੇਸੀ ਘਿਓ ਦਾ।

ਹੁਣ ਗੱਲ ਇਹ ਕਿ ਅਸੀਂ ਰਾਹ ਕਿਥੇ ਭੁੱਲ ਗਏ ਹਾਂ? ਅਸੀਂ ਇਹ ਭੁੱਲ ਗਏ ਕਿ ਗੁਰੂ ਨਾਨਕ ਨੂੰ ਖੀਰ ਤੇ ਮਾਲ ਪੂੜੇ ਪਸੰਦ ਨਹੀਂ, ਉਨ੍ਹਾਂ ਨੂੰ ਤਾਂ ਮਿਹਨਤ ਦੀ ਕਮਾਈ ਦੀ ਕੋਧਰੇ ਦੀ ਰੋਟੀ ਚੰਗੀ ਲਗਦੀ ਹੈ। ਅੱਜ ਕਮਾਈ ਸੱਚੀ ਨਹੀਂ ਰਹੀ। ਸੱਚੀ ਕਮਾਈ ਵਿਚੋਂ ਕਿਲੋਆਂ ਦੇ ਹਿਸਾਬ ਸੋਨਾ ਨਹੀਂ ਚੜ੍ਹਾਇਆ ਜਾਂਦਾ। ਅੱਜ ਬੇਈਮਾਨੀ ਦੀ ਕਮਾਈ ਤੋਂ ਕੌਣ-ਕੌਣ ਬਚਿਆ ਹੈ ਭਲਾ?

ਖਾਲਸਾ ਜਿਸ ਨੂੰ ਗੁਰੂ ਸਾਹਿਬ ਨੇ ਖਾਲਸ ਕਿਹਾ, ਨੂੰ ਸੱਚੀ-ਸੁੱਚੀ ਕਮਾਈ ਲਈ ਕਿਹਾ ਗਿਆ ਸੀ। ਸੋਨੇ ਦੇ ਕਲਸ ਨਾਲ ਬੁਰਾਈਆਂ ਵੀ ਆ ਗਈਆਂ। ਗੁਰਦੁਆਰਿਆਂ ਵਿਚ ਚੜ੍ਹਾਵਾ ਬਹੁਤ ਚੜ੍ਹਨ ਲੱਗ ਪਿਆ। ਪ੍ਰਬੰਧਕਾਂ ਤੇ ਸੇਵਾਦਾਰਾਂ ਦੀ ਲਾਲਸਾ ਵਧਣ ਲੱਗ ਪਈ। ਪੰਜਾਬ ਤੋਂ ਲੈ ਕੇ ਅਮਰੀਕਾ, ਕੈਨੇਡਾ ਜਿਥੇ ਵੀ ਵੱਡੇ ਗੁਰਦੁਆਰੇ ਹਨ, ਉਥੇ ਨਿੱਤ ਲੜਾਈਆਂ ਹੁੰਦੀਆਂ ਹਨ। ਉਦੋਂ ਕਿਥੇ ਜਾਂਦੀ ਹੈ ਇਨ੍ਹਾਂ ਦੀ ਸੋਚ ਜਿਹੜੇ ਪੰਜਾਂ ਕੱਕਾਰਾਂ ਵਿਚ ਸਜੇ ਹੁੰਦੇ ਹਨ। ਉਨ੍ਹਾਂ ਨੂੰ ਖਿਆਲ ਹੀ ਨਹੀਂ ਆਉਂਦਾ ਕਿ ਸਿੱਖ ਹੋਣਾ ਤਾਂ ਸੱਚ, ਸੰਜਮ ਤੇ ਨਿਮਰਤਾ ਦੇ ਗੁਣਾਂ ਦੇ ਧਾਰਨੀ ਹੋਣਾ ਹੈ। ਉਸ ਵਕਤ ਸ਼ਾਇਦ ਉਨ੍ਹਾਂ ਦਾ ਇਕ ਹੀ ਵਿਚਾਰ ਹੁੰਦਾ ਹੈ ਕਿ ਇਹ ਗੁਰਦੁਆਰੇ ਦਾ ਧਨ ਖਾ ਰਹੇ ਹਨ, ਇਨ੍ਹਾਂ ਨੂੰ ਪਿਛੇ ਕਰ ਕੇ ਅਸੀਂ ਖੁਦ ਖਾਈਏ। ਇਸ ਦਾ ਨੁਕਸਾਨ ਸਾਡੀ ਨੌਜਵਾਨ ਪੀੜ੍ਹੀ ਨੂੰ ਹੁੰਦਾ ਹੈ। ਜਦ ਉਨ੍ਹਾਂ ਨਾਲ ਸਿੱਖੀ ਬਾਰੇ ਗੱਲ ਕਰੀਦੀ ਹੈ, ਉਹ ਕਹਿੰਦੇ ਹਨ, ਅਸੀਂ ਕਿਹੜਾ ਜਥੇਦਾਰ ਬਣਨਾ, ਬਾਬੇ ਨੂੰ ਮੱਥਾ ਟੇਕੀਦਾ ਹੈ; ਜਿੰਨਾ ਪਾਠ ਯਾਦ ਹੈ, ਉਹ ਵੀ ਕਰ ਲਈਦਾ ਹੈ। ਗੁਰਦੁਆਰਿਆਂ ਦੇ ਭਾਈ ਆਮ ਕਰ ਕੇ ਥੋੜ੍ਹਾ ਪੜ੍ਹੇ-ਲਿਖੇ ਹੁੰਦੇ ਹਨ। ਜੇ ਕੋਈ ਪੜ੍ਹਿਆ-ਲਿਖਿਆ ਹੈ ਵੀ, ਉਹ ਵੀ ਸਕੂਲਾਂ/ਕਾਲਜਾਂ ਦੀ ਜਮਾਤਾਂ ਹੀ ਪਾਸ ਹੈ, ਗੁਰਬਾਣੀ ਸਮਝਣ ਵਾਲਾ ਕੋਈ ਵਿਰਲਾ ਹੀ ਮਿਲਦਾ ਹੈ। ਫਿਰ ਇਨ੍ਹਾਂ ਨੂੰ ਤਨਖਾਹ ਬਹੁਤ ਥੋੜ੍ਹੀ ਮਿਲਦੀ ਹੈ। ਇਸ ਸੂਰਤ ਵਿਚ ਗੋਲਕ ਵਲ ਨਜ਼ਰ ਰੱਖਣੀ ਉਨ੍ਹਾਂ ਦੀ ਵੀ ਮਜਬੂਰੀ ਹੋ ਜਾਂਦੀ ਹੈ। ਬਹੁਤ ਕਮੀਆਂ ਹਨ ਸਾਡੇ ਅੰਦਰ। ਜਿੰਨੀਆਂ ਚਾਹੋ, ਉਜਾਗਰ ਕਰ ਲਓ, ਪਰ ਅਸੀਂ ਨਹੀਂ ਕਰਦੇ! ਗੁਰਬਾਣੀ ਕਹਿੰਦੀ ਹੈ- ਪਰਲੋ ਆ ਜਾਵੇ, ਭਾਵੇਂ ਕੁਝ ਹੋ ਜਾਵੇ, ਫਿਰ ਵੀ ਕੋਈ ਹਰਿਆ ਬੂਟਾ ਜ਼ਰੂਰ ਰਹਿ ਜਾਂਦਾ ਹੈ, ਪਰ ਸਾਡੇ ਅੱਗੇ ਤਾਂ ਅਜੇ ਲਹਿ-ਲਹਾਉਂਦੇ ਖੇਤ ਹਨ। ਨਿਰਾਸ਼ਾ ਵਾਲੀ ਗੱਲ ਨਹੀਂ, ਜੇ ਵਕਤ ਦੀ ਨਜ਼ਾਕਤ ਦੇਖ ਕੇ ਉਪਰਾਲੇ ਕਰ ਲਏ ਜਾਣ, ਤਾਂ!

ਹੁਣ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਕੋਈ ਇਸ ਤਰ੍ਹਾਂ ਦੀ ਸੰਸਥਾ ਖੋਲ੍ਹੀ ਜਾਵੇ ਜਿਥੇ ਗੁਰਦੁਆਰਿਆਂ ਦੇ ਗ੍ਰੰਥੀਆਂ ਨੂੰ ਸ਼ੁੱਧ ਪਾਠ ਕਰਨ ਅਤੇ ਬਾਣੀ ਦੇ ਅਰਥ ਕਰਨੇ ਸਿਖਾਏ ਜਾਣ। ਗ੍ਰੰਥੀ ਬਣਨ ਦੇ ਚਾਹਵਾਨ ਬੱਚਿਆਂ ਦੀ ਚੋਣ ਹਾਇਰ ਸੈਕੰਡਰੀ ਪਾਸ ਵਿਦਿਆਰਥੀਆਂ ਵਿਚੋਂ ਹੋਵੇ। ਇਹ ਕਲਾਸ ਘਟੋ-ਘੱਟ ਚਾਰ ਸਾਲ ਦੀ ਹੋਵੇ। ਚਾਰ ਸਾਲ ਤੋਂ ਪਿਛੋਂ ਉਨ੍ਹਾਂ ਨੂੰ ਵੱਖ-ਵੱਖ ਗੁਰਦੁਆਰਿਆਂ ਵਿਚ ਭੇਜਿਆ ਜਾਵੇ ਅਤੇ ਉਨ੍ਹਾਂ ਦੀ ਯੋਗਤਾ ਸਿੱਧ ਹੋਣ 'ਤੇ ਨਿਯੁਕਤੀ ਹੋਵੇ। ਤਨਖਾਹ ਬਹੁਤ ਚੰਗੀ ਹੋਵੇ, ਕਿਸੇ ਵੀ ਸੂਰਤ ਵਿਚ ਕਿਸੇ ਪੀ.ਸੀ.ਐਸ. ਅਫਸਰ ਨਾਲੋਂ ਘੱਟ ਨਾ ਹੋਵੇ। ਜਿਨ੍ਹਾਂ ਗ੍ਰੰਥੀਆਂ ਜਾਂ ਕੀਰਤਨੀਆਂ ਨੇ ਵਿਦੇਸ਼ਾਂ ਵਿਚ ਆਉਣਾ ਹੈ, ਉਨ੍ਹਾਂ ਨੂੰ ਅੰਗਰੇਜ਼ੀ ਦਾ ਪੂਰਾ ਗਿਆਨ ਹੋਵੇ ਤਾਂ ਕਿ ਉਹ ਇਥੇ ਸਾਡੀ ਨਵੀਂ ਪੀੜ੍ਹੀ ਨੂੰ ਵੀ ਗੁਰਸਿੱਖੀ ਨਾਲ ਜੋੜ ਸਕਣ ਅਤੇ ਦੂਜੇ ਧਰਮਾਂ ਦੇ ਲੋਕਾਂ ਨਾਲ ਵੀ ਵਿਚਾਰ-ਵਟਾਂਦਰਾ ਹੋ ਸਕੇ। ਹਰ ਪ੍ਰਚਾਰਕ ਨੂੰ ਦੂਜੇ ਧਰਮਾਂ ਦਾ ਗਿਆਨ ਹੋਣਾ ਵੀ ਜ਼ਰੂਰੀ ਹੈ। ਹਰ ਧਰਮ ਦੇ ਮੁਢਲੇ ਪ੍ਰਿੰਸੀਪਲ ਕੀ ਹਨ ਅਤੇ ਦੂਜੇ ਧਰਮਾਂ ਦੇ ਪੈਰੋਕਾਰਾਂ ਬਾਰੇ ਜਿੰਨਾ ਸਾਡਾ ਗਿਆਨ ਹੋਵੇਗਾ, ਸਾਡੇ ਪ੍ਰਚਾਰਕ ਉਨੇ ਹੀ ਆਤਮ-ਵਿਸ਼ਵਾਸ ਨਾਲ ਗੱਲ ਕਰ ਕੇ ਆਪਣੇ ਧਰਮ ਬਾਰੇ ਦੱਸ ਸਕਣਗੇ। ਸਾਡੇ ਜਿਨ੍ਹਾਂ ਬਜ਼ੁਰਗਾਂ ਨੇ ਆਪਣੀ ਸਾਰੀ ਉਮਰ ਬਾਣੀ ਸਮਝਣ 'ਤੇ ਲਾ ਦਿੱਤੀ, ਉਨ੍ਹਾਂ ਨੂੰ ਅੱਗੇ ਲਿਆਓ। ਉਨ੍ਹਾਂ ਦੀ ਉਮਰ ਦੇ ਅਨੁਸਾਰ ਰਹਿਣ ਦੀਆਂ ਸਹੂਲਤਾਂ ਦਿੱਤੀਆਂ ਜਾਣ। ਯੂਨੀਵਰਸਿਟੀ ਦੇ ਪ੍ਰੋਫੈਸਰ ਜਿਨ੍ਹਾਂ ਨੇ ਗੁਰਬਾਣੀ 'ਤੇ ਕੰਮ ਕੀਤਾ ਅਤੇ ਜਿਨ੍ਹਾਂ ਨੇ ਭਾਸ਼ਾ 'ਤੇ ਕੰਮ ਕੀਤਾ, ਉਹ ਪ੍ਰੋਫੈਸਰ ਵੀ ਬੁਲਾਏ ਜਾਣ।

ਜਥੇਦਾਰਾਂ ਲਈ ਵੀ ਪੁਰਾਣੇ ਸੂਝਵਾਨ ਗ੍ਰੰਥੀਆਂ ਵਿਚੋਂ ਚੋਣ ਕਰ ਕੇ ਉਨ੍ਹਾਂ ਲਈ ਵੀ ਟਰੇਨਿੰਗ ਦੀ ਲੋੜ ਹੈ। ਉਨ੍ਹਾਂ ਨੂੰ ਸਮਾਜਕ ਤੇ ਰਾਜਨੀਤਕ ਕਾਨੂੰਨ ਦੀ ਸਮਝ ਹੋਵੇ। ਆਪਣਾ ਕਿਰਦਾਰ ਉਚਾ-ਸੁੱਚਾ ਹੋਵੇ ਤਾਂ ਕਿ ਕੋਈ ਵੀ ਫੈਸਲਾ ਕਰ ਕੇ ਆਪਣੇ ਸਵੈ-ਭਰੋਸੇ ਦੀ ਤਾਕਤ ਨਾਲ ਸੁਣਨ ਲੱਗੇ ਸੱਜੇ-ਖੱਬੇ ਨਾ ਦੇਖਣਾ ਪਵੇ। ਅਕਾਲ ਤਖਤ ਦੇ ਜਥੇਦਾਰ ਦਾ ਫੈਸਲਾ ਤਾਂ ਸੁਪਰੀਮ ਕੋਰਟ ਦੇ ਫੈਸਲੇ ਨਾਲੋਂ ਵੀ ਉਪਰ ਹੈ।

ਜਿਸ ਵੇਲੇ ਸਾਡੇ ਕੋਲ ਗਿਆਨ ਦੇਣ ਵਾਲੇ, ਸਾਨੂੰ ਗਿਆਨ ਤੇ ਗੁਰੂ ਨਾਲ ਜੋੜਨ ਵਾਲੇ ਵਿਦਿਆਵਾਨ ਤੇ ਆਤਮ ਸ਼ਕਤੀ ਵਾਲੇ ਸਾਡੇ ਆਸੇ-ਪਾਸੇ ਹੋਣਗੇ, ਉਨ੍ਹਾਂ ਦੇ ਪ੍ਰਚਾਰ ਦਾ ਅਸਰ ਸਾਡੇ 'ਤੇ ਪਵੇਗਾ। ਸੋ, ਪਹਿਲਾਂ ਖੁਦ ਗੁੜ ਖਾਣਾ ਛੱਡ ਕੇ ਫਿਰ ਕਿਸੇ ਨੂੰ ਛੱਡਣ ਲਈ ਕਹਿਣਾ ਹੈ। ਇਸ ਸੱਚੇ ਰਾਹ 'ਤੇ ਹੀ ਸਾਡੀ ਉਸਤਤ ਹੋਵੇਗੀ।

# ਮੇਰਾ ਯਾਰ ਹਲਵਾਰਵੀ

*(ਪਿਛਲੇ ਸਫੇ ਦੀ ਬਾਕੀ)*

ਇਸ ਤੋਂ ਪਿੱਛੋਂ ਅਸੀਂ ਖੁੱਲ੍ਹ ਗਏ। ਸਾਡਾ ਰਿਸ਼ਤਾ ਨਿਰੋਲ ਵਿਚਾਰਧਾਰਾ ਜਾਂ ਸਾਹਿਤ ਤੱਕ ਸੀਮਤ ਨਾ ਰਿਹਾ, ਸਗੋਂ ਇਹ ਦਿਲ ਦਾ ਰਿਸ਼ਤਾ ਬਣ ਗਿਆ। ਅਸੀਂ ਆਪਣੀਆਂ ਮਾਸੂਮ ਹਸਰਤਾਂ ਤੇ ਚਾਹਤਾਂ ਵੀ ਇੱਕ ਦੂਜੇ ਨਾਲ ਸਾਂਝੀਆਂ ਕਰਨ ਲੱਗੇ। ਕਿਸੇ ਨਾਲ ਵੀ ਨਾ ਕੀਤੀਆਂ ਜਾ ਸਕਣ ਵਾਲੀਆਂ ਗੱਲਾਂ ਆਪਸ ਵਿਚ ਕਰਨ ਲੱਗੇ। ਉਹ ਬਚਪਨ ਤੋਂ ਲੈ ਕੇ ਹੁਣ ਤੱਕ ਦੀਆਂ ਅਧੂਰੀਆਂ ਪ੍ਰੀਤਾਂ ਤੇ ਚਾਹਤਾਂ ਦੇ ਵੇਰਵੇ ਘੰਟਿਆਂ ਬੱਧੀ ਮੇਰੇ ਨਾਲ ਸਾਂਝੇ ਕਰਦਾ ਰਹਿੰਦਾ।

ਸਾਢੇ ਤਿੰਨ ਦਹਾਕੇ ਦੇ ਕਰੀਬ ਸਾਡੀ ਸਾਂਝ ਬ-ਦਸਤੂਰ ਬਣੀ ਰਹੀ। ਅਸੀਂ ਇਕ ਦੂਜੇ ਨੂੰ ਪੋਟਾ-ਪੋਟਾ ਉਸਰਦਿਆਂ ਵੇਖਿਆ। ਖ਼ੁਸ਼ੀਆਂ ਮਾਣਦਿਆਂ ਤੇ ਦੁੱਖ ਸਹਿੰਦਿਆਂ ਵੀ; ਚੜ੍ਹਦੀ ਕਲਾ ਵਿਚ ਤੇ ਅੱਤ ਦੇ ਉਦਾਸ ਪਲਾਂ ਵਿਚ ਵੀ। ਇਕ ਦੂਜੇ ਦੀ ਸ਼ਖ਼ਸੀਅਤ ਅਤੇ ਸੁਭਾਅ ਦੇ ਅਨੇਕ ਰੰਗ ਵੇਖੇ। ਦੋਵੇਂ ਅੱਤ ਦੇ ਨਰਮ ਵੀ ਤੇ ਜਦੋਂ ਗੁੱਸਾ ਹੋਵੇ ਤਾਂ ਪੂਰੇ ਗਰਮ। ਦੋਵਾਂ ਵਿਚ ਲਚਕ ਵੀ ਬੜੀ ਸੀ ਤੇ ਕਲੱਕੜਪੁਣਾ ਵੀ। ਕਈ ਵਾਰ ਸਾਡੀ ਈਗੋ ਦਾ ਭੇੜ ਵੀ ਹੋ ਜਾਂਦਾ। ਅੰਦਰਲੇ ਵੱਟ-ਵਿਰੋਧ ਨੂੰ ਅਸੀਂ ਜ਼ਾਹਿਰ ਨਾ ਕਰਦੇ। ਇੱਕ ਵਾਰ ਅਸੀਂ ਕੁਝ 'ਘੁੱਟੇ-ਵੱਟੇ' ਸਾਂ। ਮੇਰੀ ਧੀ ਪੰਜਵੀਂ ਦੇ ਇਮਤਿਹਾਨ ਵਿਚੋਂ ਬਲਾਕ ਵਿਚੋਂ ਪਹਿਲੇ ਨੰਬਰ 'ਤੇ ਆਈ। ਉਦੋਂ 'ਪੰਜਾਬੀ ਟ੍ਰਿਬਿਊਨ' ਵਿਚ ਵੀ ਹੋਰ ਅਖ਼ਬਾਰਾਂ ਵਾਂਗ ਬੱਚਿਆਂ ਦੀਆਂ ਛੋਟੀਆਂ ਮੋਟੀਆਂ ਪ੍ਰਾਪਤੀਆਂ ਦਾ ਵੇਰਵਾ ਛਪ ਜਾਂਦਾ ਸੀ। ਮੇਰੀ ਪਤਨੀ ਕਹਿੰਦੀ ਕਿ ਮੈਂ ਰੂਪ ਦੀ ਫੋਟੋ ਭੇਜ ਕੇ ਹਲਵਾਰਵੀ ਨੂੰ ਅਖ਼ਬਾਰ ਵਿਚ ਛਾਪਣ ਲਈ ਆਖਾਂ। ਮੇਰਾ ਮਨ ਨਹੀਂ ਸੀ ਮੰਨਦਾ ਉਹਨੂੰ ਚਿੱਠੀ ਲਿਖਣ ਨੂੰ। ਮੈਂ ਰੂਪ ਨੂੰ ਕਿਹਾ ਕਿ ਉਹ ਲਿਫ਼ਾਫ਼ੇ ਵਿਚ ਫੋਟੋ ਤੇ ਵੇਰਵਾ ਦੇ ਕੇ ਆਪਣੇ ਵੱਲੋਂ ਹੀ ਦੋ ਸਤਰਾਂ ਲਿਖ ਦੇਵੇ। ਰੂਪ ਨੇ ਇੰਜ ਹੀ ਕੀਤਾ। ਚਿੱਠੀ ਮਿਲਦਿਆਂ ਫੋਟੋ ਤੇ ਵੇਰਵਾ ਤਾਂ ਅਖ਼ਬਾਰ ਵਿਚ ਛਪ ਹੀ ਗਿਆ, ਨਾਲ ਹੀ ਰੂਪ ਦੇ ਨਾਂ ਹਲਵਾਰਵੀ ਦੀ ਮੋੜਵੀਂ ਚਿੱਠੀ ਆਈ। ਉਸ ਨੇ ਰੂਪ ਦੀ ਸਫਲਤਾ 'ਤੇ ਉਹਨੂੰ ਵਧਾਈ ਦਿੱਤੀ ਤੇ ਨਾਲ ਇਹ ਵੀ ਲਿਖਿਆ, "ਮੈਨੂੰ ਪਤੈ, ਤੇਰਾ ਪਿਉ ਬੜਾ ਆਕੜ ਖਾਂ ਏ। ਮੈਨੂੰ ਦੋ ਅੱਖਰ ਲਿਖਦਿਆਂ ਉਹਦੇ ਹੱਥ ਘਸਦੇ ਨੇ। ਗੁੱਸਾ ਤਾਂ ਮੈਨੂੰ ਵੀ ਆਉਂਦੈ, ਪਰ ਫਿਰ ਸੋਚਦਾਂ ਸਾਡੇ ਪਿਆਰ ਦੇ ਸਾਹਮਣੇ ਇਹ 'ਆਕੜ' ਕੀ ਅਰਥ ਰੱਖਦੀ ਏ। ਇਹੋ ਸੋਚ ਕੇ ਮੈਂ ਵੀ ਆਕੜ ਛੱਡ ਦਿੰਦਾਂ।"

ਇੰਜ ਥੋੜ੍ਹੇ ਚਿਰ ਦੀ ਨਰਾਜ਼ਗੀ ਪਿੱਛੋਂ ਸਾਡਾ ਰਿਸ਼ਤਾ ਮੁੜ ਲੀਹ 'ਤੇ ਆ ਜਾਂਦਾ। ਉਂਜ ਜਿਹੜੀ ਗੱਲ ਇਕ ਵਾਰ ਉਹਨੂੰ ਠੀਕ ਨਾ ਲੱਗਦੀ, ਜਾਂ ਕਿਸੇ ਬੰਦੇ ਬਾਰੇ ਉਹ ਕੋਈ ਨਿਰਣਾ ਕਰ ਲੈਂਦਾ ਤਾਂ ਫਿਰ ਉਸ ਨੂੰ ਉਹਦੇ ਪੈਂਤੜੇ ਤੋਂ ਵਾਪਸ ਮੋੜਨਾ ਸੌਖਾ ਨਹੀਂ ਸੀ ਹੁੰਦਾ। ਇਕ ਵਾਰ ਚੰਡੀਗੜ੍ਹ ਦੇ ਸਤਾਰਾਂ ਸੈਕਟਰ ਵਿਚੋਂ ਲੰਘ ਰਹੇ ਸਾਂ। ਸਾਹਮਣਿਓਂ ਉਸ ਦਾ ਪੁਰਾਣਾ ਪਾਰਟੀ ਸਾਥੀ ਆ ਰਿਹਾ ਸੀ। ਉਸ ਨਾਲ ਕਦੀ ਉਸ ਦੀ ਬੜੀ ਨਜ਼ਦੀਕੀ ਸਾਂਝ ਰਹੀ ਸੀ, ਪਰ ਫੇਰ ਵਿਚਾਰਧਾਰਕ ਵਖਰੇਵਾਂ ਆ ਗਿਆ। ਜਦੋਂ ਉਹ ਸੱਜਣ ਕੋਲ ਆਇਆ ਤਾਂ ਹਲਵਾਰਵੀ ਨੂੰ ਪੁਰਾਣੇ ਤਿਹੁ ਮੁਤਾਬਕ ਮਿਲਣ ਲਈ ਅਹੁਲਿਆ। ਮੈਂ ਸੋਚਿਆ, ਹਲਵਾਰਵੀ ਵੀ ਉਹਨੂੰ ਅੱਗੇ ਵਧ ਕੇ ਗਲ ਨਾਲ ਲਾ ਲਵੇਗਾ, ਪਰ ਹੋਇਆ ਕੀ? ਹਲਵਾਰਵੀ ਨੇ ਸੇਧ 'ਚ ਮਿਲਣ ਲਈ ਖਲੋਤੇ ਪੁਰਾਣੇ ਮਿੱਤਰ ਤੋਂ ਸੱਜੇ ਪਾਸੇ ਹੋ ਕੇ ਹੱਥ ਖੜ੍ਹਾ ਕੀਤਾ ਤੇ ਚੁੱਪ-ਚਾਪ ਕੋਲੋਂ ਦੀ ਗੁਜ਼ਰ ਗਿਆ। ਉਹ ਬੰਦਾ ਉਥੇ ਖਲੋਤਾ ਵੇਖਦਾ ਰਹਿ ਗਿਆ। ਅੱਗੇ ਆ ਕੇ ਮੈਂ ਹਲਵਾਰਵੀ ਨੂੰ ਕਿਹਾ ਕਿ ਸ਼ਿਸ਼ਟਾਚਾਰ ਵਜੋਂ ਉਸ ਨਾਲ ਹੱਥ ਮਿਲਾ ਲੈਂਦਾ, ਤਾਂ ਕੀ ਪਹਾੜ ਡਿੱਗ ਪੈਣਾ ਲੱਗਾ ਸੀ। ਕਹਿਣ ਲੱਗਾ, "ਏਹੋ ਜਿਹੇ ਬੰਦੇ ਨਾਲ ਕੋਈ ਸ਼ਿਸ਼ਟਾਚਾਰ ਨਿਭਾਉਣ ਦੀ ਲੋੜ ਨਹੀਂ।"

ਉਹ ਅਸਲੋਂ ਹੀ ਕਲੱਕੜ ਨਹੀਂ ਸੀ। ਨਵੀਂ ਗੱਲ ਨੂੰ ਧਿਆਨ ਨਾਲ ਸੋਚਣਾ-ਸਮਝਣਾ ਤੇ ਉਸ ਵਿਚੋਂ ਠੀਕ ਲੱਗਦੇ ਨੂੰ ਸਵੀਕਾਰ ਵੀ ਕਰਨਾ। ਪੂਰਵ ਨਿਰਧਾਰਤ ਸੋਚ ਜਾਂ ਸਿਧਾਂਤ ਨਾਲ ਅੰਨ੍ਹੇ-ਵਾਹ ਅਟਕੇ-ਲਟਕੇ ਰਹਿਣ ਵਿਚ ਵੀ ਉਹਦਾ ਵਿਸ਼ਵਾਸ ਨਹੀਂ ਸੀ। ਇਹ ਹਲਵਾਰਵੀ ਹੀ ਸੀ ਜਿਸ ਨਾਲ ਮੈਂ ਨਕਸਲੀ ਲਹਿਰ ਦੌਰਾਨ ਇਸ ਲਹਿਰ ਦੀ ਸਫਲਤਾ ਦੀਆਂ ਮੱਧਮ ਸੰਭਾਵਨਾਵਾਂ ਬਾਰੇ ਆਪਣੇ ਸ਼ੰਕੇ ਝਕਦਿਆਂ-ਝਕਦਿਆਂ ਜ਼ਾਹਿਰ ਕੀਤੇ, ਤਾਂ ਉਸ ਨੇ ਬੜੇ ਸਹਿਜ ਭਾ ਮੰਨ ਲਿਆ, "ਤੇਰੀਆਂ ਗੱਲਾਂ ਠੀਕ ਨੇ। ਲੋਕ ਲਹਿਰ ਉਸਾਰੇ ਬਿਨਾਂ ਅਜਿਹੀਆਂ ਭੂਮੀਗਤ ਲਹਿਰਾਂ ਦਾ ਸਫਲ ਹੋਣਾ ਸੰਭਵ ਨਹੀਂ।"

ਰਾਜਨੀਤੀ ਦੀਆਂ ਅੰਦਰਲੀਆਂ ਪੇਚੀਦਗੀਆਂ ਜਾਂ ਗੁੰਝਲਾਂ ਤੋਂ ਅਨਜਾਣ ਮੇਰੇ ਜਿਹੇ ਬੰਦੇ ਦੀ ਗੱਲ ਨੂੰ ਸਹਿਜ-ਸੁਭਾਅ ਮੰਨ ਜਾਣ ਵਾਲੇ ਉਸ ਆਗੂ ਦੇ ਵਿਹਾਰ ਨੇ ਮੈਨੂੰ ਕੱਟੜ ਰਾਜਸੀ ਸੋਚ ਨਾਲ ਜੁੜੇ ਰਹਿਣ ਦੀ ਥਾਂ ਸੁਤੰਤਰ ਰੂਪ ਵਿਚ ਸੋਚਣ ਤੇ ਨਿਰਣੇ ਕਰਨ ਦੇ ਰਾਹ ਤੋਰ ਦਿੱਤਾ। ਮੈਂ ਸਰਗਰਮ ਸਿਆਸਤ ਤੋਂ ਵਿੱਥ 'ਤੇ ਵਿਚਰਨ ਦਾ ਮਨ ਹੀ ਨਾ ਬਣਾ ਲਿਆ, ਸਗੋਂ 'ਸਾਹਿਤ ਰਾਹੀਂ ਸਿਆਸਤ ਨੂੰ ਪ੍ਰਚਾਰਨ' ਦੇ ਕੱਟੜ ਸਿਧਾਂਤ ਤੋਂ ਪਾਸਾ ਵੱਟ ਕੇ ਮਨ ਦੀ ਗੱਲ ਕਹਿਣ ਦਾ ਹੌਸਲਾ ਵੀ ਕਰ ਲਿਆ।

ਮੇਰੀ ਕਹਾਣੀ 'ਅਸਲੀ ਤੇ ਵੱਡੀ ਹੀਰ' ਛਪੀ ਤਾਂ ਪਾਰਟੀ ਦੇ ਸਾਹਿਤਕ ਸਿਆਣਿਆਂ ਦੀ ਮੀਟਿੰਗ ਵਿਚ ਇਸ 'ਤੇ ਭਰਪੂਰ ਚਰਚਾ ਛਿੜੀ। ਬਹੁਤਿਆਂ ਨੇ ਕਿਹਾ ਕਿ ਕਹਾਣੀ ਵਿਚ ਉਭਾਰਿਆ ਤਿੱਖਾ ਵਿਅੰਗ ਬਹੁਤ ਹੀ ਕਮਾਲ ਹੈ; ਸੱਚਮੁਚ ਇਸ ਵਿਚ ਭਾਰਤੀ ਕਮਿਊਨਿਸਟ ਲਹਿਰ ਦਾ ਉਹੋ ਕਿਰਦਾਰ ਪੇਸ਼ ਹੋਇਆ ਹੈ ਜਿਹੜਾ ਇਸ ਗੱਲ ਦਾ ਸੂਚਕ ਹੈ ਕਿ ਅਸੀਂ ਕਮਿਊਨਿਸਟ ਨਾ ਤਾਂ ਆਪਣੇ ਇਤਿਹਾਸ ਅਤੇ ਵਿਰਾਸਤ ਨਾਲ ਜੀਵੰਤ ਨਾਤਾ ਜੋੜ ਸਕੇ ਹਾਂ ਤੇ ਨਾ ਹੀ ਇਨਕਲਾਬੀ ਹਰਾਵਲ ਦਸਤੇ ਨੂੰ ਆਪਣੇ ਨੇੜੇ ਕਰ ਸਕੇ ਹਾਂ; ਦੁਸ਼ਮਣ ਨਾਲ ਲੜਨ ਦੀ ਥਾਂ ਅਸੀਂ ਆਪਣਿਆਂ ਨਾਲ ਲੜਦੇ ਰਹੇ ਪਰ...। ਕਮਿਊਨਿਸਟਾਂ ਦੀ ਫੁੱਟ ਬਾਰੇ ਜਿਹੜਾ ਲਿਖਿਆ ਏ ਕਿ ਸਾਡੇ ਕਮਿਊਨਿਸਟ 'ਰੂਸ ਪੱਖੀ ਜਾਂ ਚੀਨ ਪੱਖੀ' ਬਣਨ ਜਾਂ ਦੱਸਣ 'ਤੇ ਤਾਂ ਸਾਰਾ ਜ਼ੋਰ ਲਾ ਦਿੰਦੇ ਨੇ ਪਰ 'ਲੋਕ ਪੱਖੀ' ਕਿਉਂ ਨਹੀਂ ਬਣ ਸਕੇ; ਇਹ ਗੱਲ ਹੈ ਤਾਂ ਬਿਲਕੁਲ ਠੀਕ... ਪਰ ਇਸ ਵਿਚ 'ਚੀਨ ਪੱਖੀ' ਨਹੀਂ ਸੀ ਲਿਖਣਾ ਚਾਹੀਦਾ।

ਇਸ ਸਮੇਂ ਹਲਵਾਰਵੀ ਹੀ ਸੀ ਜਿਸ ਨੇ ਕਹਾਣੀ ਦੇ ਹੱਕ ਵਿਚ ਸਭ ਤੋਂ ਪਹਿਲਾਂ ਸਟੈਂਡ ਲਿਆ ਤੇ ਆਖਿਆ, "ਕੋਈ ਵੀ ਸੱਚਾ ਸਾਹਿਤਕਾਰ ਕੇਵਲ ਪਾਰਟੀਆਂ ਦੇ ਵਕਤੀ ਸਟੈਂਡ ਨੂੰ ਮੁੱਖ ਰੱਖ ਕੇ ਨਹੀਂ ਲਿਖ ਸਕਦਾ। ਉਸ ਨੇ ਪਾਰਟੀਆਂ ਦੇ ਵਕਤੀ ਸਟੈਂਡ ਤੋਂ ਪਾਰ ਜਾ ਕੇ ਜ਼ਿੰਦਗੀ ਦੇ ਸੱਚ ਨੂੰ ਵੇਖਣਾ, ਸਮਝਣਾ ਤੇ ਪੇਸ਼ ਕਰਨਾ ਹੁੰਦਾ ਹੈ। ਇਹ ਚੰਗੀ ਗੱਲ ਹੈ ਕਿ ਵਰਿਆਮ ਕੇਵਲ ਇਕ ਪਾਰਟੀ ਦੇ ਸਟੈਂਡ ਦਾ ਬੁਲਾਰਾ ਨਹੀਂ ਬਣਿਆ। ਉਸ ਨੇ ਤਾਂ ਹਕੀਕਤ ਨੂੰ ਬਿਆਨ ਕੀਤਾ ਹੈ ਤੇ ਅਜਿਹਾ ਕਰਦਿਆਂ ਜੇ ਉਹਦਾ ਆਪਣਾ ਆਪ, ਉਹਦਾ ਸਿਧਾਂਤ ਜਾਂ ਉਹਦੀ ਪਾਰਟੀ ਦਾ ਨਿਸਚਾ ਵੀ ਮਾਰ ਹੇਠ ਆਉਂਦਾ ਹੈ ਤਾਂ ਉਹ ਆਉਣ ਦੇਣਾ ਚਾਹੀਦਾ ਹੈ। ਇੰਜ ਕਰ ਕੇ ਵਰਿਆਮ ਨੇ ਸਾਹਿਤ ਅਤੇ ਸਾਹਿਤਕਾਰ ਦੇ ਰੋਲ ਨੂੰ ਠੀਕ ਪ੍ਰਸੰਗ ਵਿਚ ਸਮਝਿਆ ਤੇ ਪੇਸ਼ ਕੀਤਾ ਹੈ। ਸਾਨੂੰ ਅਤੇ ਪਾਰਟੀਆਂ ਨਾਲ ਜੁੜੇ ਲੋਕਾਂ ਨੂੰ ਵੀ, ਲੇਖਕ ਨੂੰ ਆਪਣੇ ਵਿਚਾਰਾਂ ਦਾ ਧੁਤੂ ਨਹੀਂ ਸਮਝਣਾ ਚਾਹੀਦਾ। ਸਾਨੂੰ ਆਪ ਨੂੰ ਵੀ ਚਾਹੀਦਾ ਹੈ ਕਿ ਕੇਵਲ 'ਮਿੱਠਾ ਮਿੱਠਾ ਗੜੱਪੂ ਤੇ ਕੌੜਾ ਕੌੜਾ ਥੂਹ ਨਾ ਕਰੀਏ'।"

ਇਸ ਮੀਟਿੰਗ ਤੋਂ ਬਾਅਦ ਮੇਰਾ ਹੌਸਲਾ ਹੋਰ ਵੀ ਵਧ ਗਿਆ। ਉਸ ਪਿੱਛੋਂ ਮੈਂ ਆਪਣੇ ਨੇੜੇ ਦੀ ਜ਼ਿੰਦਗੀ ਨੂੰ ਵਧੇਰੇ ਸ਼ਿੱਦਤ ਨਾਲ ਪੇਸ਼ ਕਰਨ ਦੇ ਸਮਰੱਥ ਹੋਇਆ। ਅਗਲੇ ਦੌਰ ਦੀ ਕਹਾਣੀ ਵਿਚ ਜ਼ਿੰਦਗੀ ਤੇ ਮਸਲਿਆਂ ਨੂੰ ਵਿੱਥ ਤੋਂ ਵੇਖ ਕੇ, ਬਿਨਾਂ ਕਿਸੇ ਬਾਹਰੀ ਦਬਾਓ ਜਾਂ ਨਿਰਦੇਸ਼ ਦੇ, ਆਪਣੀ ਸਮਝ ਅਨੁਸਾਰ ਪੇਸ਼ ਕਰ ਸਕਿਆ ਤਾਂ ਮੇਰੀ ਇਸ ਪ੍ਰਾਪਤੀ ਪਿੱਛੇ ਹਲਵਾਰਵੀ ਦਾ ਬਹੁਤ ਵੱਡਾ ਹੱਥ ਸੀ।

*(ਚਲਦਾ)*

**ਉਰਦੂ ਕਹਾਣੀ**

# ਸਿਮਟੀ ਧੁੱਪ ਪਸਰੇ ਪ੍ਰਛਾਵੇਂ

*ਕਹਾਣੀ 'ਸਿਮਟੀ ਧੁੱਪ ਪਸਰੇ ਪ੍ਰਛਾਵੇਂ' ਦਾ ਪਾਠ ਜਿਉਂ-ਜਿਉਂ ਅਗਾਂਹ ਵਧਦਾ ਜਾਂਦਾ ਹੈ, ਪਾਠਕ ਧੜਕਦੀ ਜ਼ਿੰਦਗੀ ਦੀ ਤਲਾਸ਼ ਲਈ ਹੋਰ ਕਾਹਲਾ ਪਈ ਜਾਂਦਾ ਹੈ। ਕਹਾਣੀ ਵਿਚ ਦਿਲ ਨੂੰ ਤੜਫਾ ਦੇਣ ਵਾਲੀ ਘਟਨਾ ਵਾਪਰ ਚੁੱਕੀ ਹੈ। ਲੇਖਕ ਹੌਲੀ-ਹੌਲੀ ਉਸ ਘਟਨਾ ਤੋਂ ਪਰਦਾ ਉਠਾਉਂਦਾ ਹੈ ਅਤੇ ਇਸ ਘਟਨਾ ਨਾਲ ਵੱਖ-ਵੱਖ ਪ੍ਰਸੰਗ ਜੋੜਦਾ ਹੈ। ਇਹ ਪ੍ਰਸੰਗ ਬਹੁਤ ਜਾਣੇ-ਪਛਾਣੇ ਜਾਪਦੇ ਹਨ, ਇਸੇ ਕਰ ਕੇ ਪਾਠਕ ਸੁਤੇ-ਸਿੱਧ ਹੀ ਕਹਾਣੀ ਦੀ ਪਾਤਰ ਯਾਸਮੀਨ ਨਾਲ ਨਾਤਾ ਜੋੜ ਬੈਠਦਾ ਹੈ, ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਕਹਾਣੀ ਦਾ ਇਕ ਹੋਰ ਪਾਤਰ ਉਸ ਦੇ ਨੇੜੇ ਚਲਾ ਜਾਂਦਾ ਹੈ। ...ਤੇ ਆਖਰਕਾਰ ਕਹਾਣੀ ਦੀ ਸਹਿਜ ਤੋਰ ਵਾਂਗ ਦਰਦ ਵੀ ਹੌਲੀ-ਹੌਲੀ ਸਫਰ ਕਰਦਾ ਪਾਠਕ ਦੇ ਦਿਲ ਤੱਕ ਅੱਪੜ ਜਾਂਦਾ ਹੈ। ਖਬਰ ਨਹੀਂ ਕਿ ਇਹ ਦਰਦ ਯਾਸਮੀਨ ਵਰਗੀਆਂ ਕੁੜੀਆਂ ਦੇ ਹਿੱਸੇ ਹੋਰ ਕਿੰਨਾ ਚਿਰ ਆਈ ਜਾਣਾ ਹੈ। -ਸੰਪਾਦਕ*

ਹੁਣੇ-ਹੁਣੇ ਹਸਪਤਾਲ ਤੋਂ ਮੁੜਿਆਂ ਹਾਂ, ਤੇ ਵਰਾਂਡੇ ਵਿਚ ਪਈ ਕੁਰਸੀ ਉਤੇ ਭਿਆਨਕ ਤੂਫ਼ਾਨ ਨਾਲ ਜੜ੍ਹੋਂ ਉਖੜੇ ਰੁੱਖ ਵਾਂਗ ਧੜੰਮ ਕਰ ਕੇ ਡਿੱਗ ਪਿਆ ਹਾਂ।

ਅੱਖਾਂ ਦੇ ਸਾਹਮਣੇ ਮਈ ਦੀ ਦੁਪਹਿਰ ਦੀ ਧੁੱਪ ਪਸਰੀ ਹੋਈ ਹੈ। ਇਸ ਚਮਕੀਲੀ ਧੁੱਪ ਵਿਚ ਰੁੱਖਾਂ ਦੇ ਸਿਮਟੇ, ਡਰੇ, ਸਹਿਮੇ ਤੇ ਉਦਾਸ ਪ੍ਰਛਾਵੇਂ ਦੇਖ ਕੇ ਅਨੋਖੀ ਜਿਹੀ ਬੇਚੈਨੀ ਦਿਲ ਵਿਚ ਵਸਦੀ ਜਾ ਰਹੀ ਹੈ। ਉਪਰ ਛਾਏ ਹੋਏ ਸਪਾਟ, ਅਥਾਹ ਨੀਲੇ ਆਕਾਸ਼ ਅਤੇ ਘਰ ਦੇ ਸਾਹਮਣਿਓਂ ਲੰਘਣ ਵਾਲੀ ਤਪਦੀ, ਕਾਲੀ ਸੁੰਨਸਾਨ ਸੜਕ ਦਾ ਸੰਨਾਟਾ ਹੌਲੀ-ਹੌਲੀ ਦਿਮਾਗ਼ ਤੇ ਦਿਲ ਦੀਆਂ ਕੰਧਾਂ ਉਤੇ ਉਤਰਨ ਲੱਗਦਾ ਹੈ, ਪਰ ਹੁਣ ਜੋ ਭਿਆਨਕ ਸੰਨਾਟਾ ਮੇਰੇ ਦਿਮਾਗ ਤੇ ਦਿਲ ਦੀਆਂ ਕੰਧਾਂ 'ਤੇ

**ਅਸਰਾਰ ਮਜ਼ੀਬਾ (ਜਮਸ਼ੇਦਪੁਰ)**
**ਅਨੁਵਾਦ: ਸੁਰਜੀਤ ਸਿੰਘ ਪੰਛੀ**
**ਫੋਨ: 661-827-8256**

ਛਾਇਆ ਹੋਇਆ ਹੈ, ਉਸ ਦਾ ਕਾਰਨ ਨਾ ਨੀਲਾ ਆਕਾਸ਼ ਹੈ ਅਤੇ ਨਾ ਹੀ ਇਹ ਲੁੱਕ ਵਾਲੀ ਪਿਘਲੀ ਹੋਈ ਸੁੰਨਸਾਨ ਸੜਕ।

ਮੇਰੀਆਂ ਨਜ਼ਰਾਂ ਦੇ ਸਾਹਮਣੇ ਹਸਪਤਾਲ ਦਾ ਵਾਰਡ ਛਾਇਆ ਹੋਇਆ ਹੈ। ਫਿਰ ਉਹ ਚਿਹਰਾ, ਕਿੰਨਾ ਭਿਆਨਕ ਦ੍ਰਿਸ਼ ਸੀ। ਮੈਂ ਇਹ ਸਭ ਕੁਝ ਕਿਵੇਂ ਦੇਖ ਲਿਆ ਅਤੇ ਜੇ ਦੇਖ ਵੀ ਲਿਆ ਤਾਂ ਸਾਹ ਕਿਵੇਂ ਲੈਂਦਾ ਰਿਹਾ। ਮੇਰੇ ਦਿਲ ਦੀ ਧੜਕਣ ਰੁਕ ਕਿਉਂ ਨਹੀਂ ਗਈ ਅਤੇ ਨਸਾਂ ਵਿਚ ਵਗਦਾ ਖ਼ੂਨ ਜੰਮ ਕਿਉਂ ਨਹੀਂ ਗਿਆ। ਕਿੰਨਾ ਭਿਆਨਕ ਅਹਿਸਾਸ ਹੈ ਕਿ ਮੈਂ ਸਭ ਕੁਝ ਚੁੱਪ ਦੀ ਚਾਦਰ ਲਪੇਟ ਕੇ ਅਤੇ ਰੁਕੇ ਹੋਏ ਅੰਦਾਜ਼ ਨਾਲ ਚੁੱਪ-ਚਾਪ ਦੇਖਦਾ ਰਹਿ ਗਿਆ। ਹੌਲੀ ਜਿਹੀ ਚੀਕ ਵੀ ਮੇਰੇ ਬੁੱਲ੍ਹਾਂ ਤੋਂ ਨਹੀਂ ਨਿਕਲ ਸਕੀ। ਇਹ ਕਿਸ ਤਰ੍ਹਾਂ ਦਾ ਦੁੱਖ ਛਾ ਗਿਆ ਸੀ ਮੇਰੇ 'ਤੇ। ਕੀ ਹਰ ਆਦਮੀ ਆਪਣੀ ਜ਼ਿੰਦਗੀ ਨੂੰ ਮੌਤ ਦੀ ਗੋਦ ਵਿਚ ਦੇਖ ਕੇ ਅਜਿਹੇ ਹੀ ਦੁੱਖ ਨਾਲ ਸੰਘਰਸ਼ ਕਰਦਾ ਹੈ?

ਉਹ ਬੈਡ 'ਤੇ ਅਹਿਲ ਸੀ। ਚਾਦਰ ਨਾਲ ਉਸ ਦਾ ਸਰੀਰ ਢਕਿਆ ਹੋਇਆ ਸੀ। ਕੇਵਲ ਚਿਹਰਾ ਹੀ ਨੰਗਾ ਸੀ, ਪਰ ਕੀ ਇਹ ਠੀਕ ਉਸੇ ਦਾ ਚਿਹਰਾ ਸੀ। ਕਿਤੇ ਕਿਸੇ ਦਾ ਚਿਹਰਾ ਅਜਿਹਾ ਵੀ ਹੋ ਸਕਦਾ ਹੈ, ਸੜਿਆ ਅਤੇ ਉਧੜਿਆ ਡਰਾਉਣਾ ਚਿਹਰਾ, ਥਾਂ-ਥਾਂ 'ਤੇ ਮਟਮੈਲੀ ਚਰਬੀ ਦੀ ਤਹਿ ਝਾਕ ਰਹੀ ਸੀ। ਸਿਰ ਦੇ ਵਾਲ ਝੁਲਸੇ ਹੋਏ ਸਨ। ਛੋਟੇ ਵੱਡੇ ਛਾਲੇ ਬਹੁਤ ਭਿਆਨਕ ਲੱਗਦੇ ਸਨ ਅਤੇ ਉਸ ਦੀਆਂ ਅੱਖਾਂ... ਨਹੀਂ, ਉਨ੍ਹਾਂ ਅੱਖਾਂ ਨੂੰ ਕੁਝ ਨਹੀਂ ਹੋਇਆ। ਲਾਟਾਂ ਦੀ ਜੀਭ ਉਨ੍ਹਾਂ ਤੱਕ ਨਹੀਂ ਪਹੁੰਚ ਸਕੀ। ਉਹ ਸਦਾ ਵਾਂਗ ਰੌਸ਼ਨ ਸਨ। ਉਸੇ ਤਰ੍ਹਾਂ ਚੁੱਪ ਅਤੇ ਸਥਿਰ। ਇਸ ਚੁੱਪ ਅਤੇ ਸ਼ਾਂਤੀ ਵਿਚ ਆਵਾਜ਼ਾਂ ਅਤੇ ਕਿੰਨੀਆਂ ਹੀ ਗੱਲਾਂ ਨੱਚ ਰਹੀਆਂ ਸਨ। ਅੱਜ ਲੋਕਾਂ ਦੀ ਇਸ ਭੀੜ ਵਿਚ ਅੱਖਾਂ ਦੀ ਬੋਲੀ ਸਮਝਣ ਵਾਲੇ ਸ਼ਾਇਦ ਉਹ ਇਕੱਲੇ ਹੀ ਸਨ, ਜਾਂ ਸ਼ਾਇਦ ਉਹ ਅੱਖਾਂ ਕੇਵਲ ਮੈਨੂੰ ਹੀ ਸੰਬੋਧਨ ਸਨ।

ਮੈਂ ਕਈ ਵਾਰ ਉਨ੍ਹਾਂ ਅੱਖਾਂ ਵਿਚ ਝਾਕਣ ਦਾ ਯਤਨ ਕੀਤਾ ਅਤੇ ਹਰ ਵਾਰ ਉਨ੍ਹਾਂ ਵਿਚੋਂ ਨਿਕਲਦੀ ਆਵਾਜ਼ ਦੇ ਪੱਥਰਾਂ ਨੇ ਮੈਨੂੰ ਜ਼ਖ਼ਮੀ ਕਰ ਦਿੱਤਾ, "ਬੱਚੇ ਕਾਸ਼! ਤੂੰ ਮੇਰੀ ਹੋਂਦ ਤੋਂ ਇੰਨਾ ਅਨਜਾਣ ਨਾ ਹੁੰਦਾ। ਤੈਨੂੰ ਵੀ ਮੇਰੇ ਨਾਲ ਇਹੀ ਸ਼ਿਕਾਇਤ ਹੋਵੇਗੀ, ਪਰ ਮੈਂ ਤਾਂ ਇਸਤਰੀ ਸੀ। ਸ਼ਰਮ ਦਾ ਬੁਰਕਾ ਪਾਇਆ ਹੋਇਆ, ਮੈਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਿਵੇਂ ਕਰਦੀ। ਫ਼ਿਰ ਵੀ ਸਦਾ ਤੇਰੀ ਹੋਂਦ ਬਾਰੇ ਸਜੱਗ ਰਹੀ।"

ਪਲ-ਪਲ ਇਹ ਆਵਾਜ਼ਾਂ ਤੇਜ਼ ਹੋਣ ਲੱਗੀਆਂ।

ਮੈਨੂੰ ਇਉਂ ਲੱਗਦਾ, ਜਿਵੇਂ ਮੇਰਾ ਦਿਮਾਗ਼ ਧਮਾਕੇ ਨਾਲ ਫਟ ਜਾਵੇਗਾ ਅਤੇ ਮੈਂ ਅਚਾਨਕ ਕਿਣਕਾ-ਕਿਣਕਾ ਹੋ ਕੇ ਹਵਾ ਵਿਚ ਧੂੜ ਦੇ ਕਿਣਕਿਆਂ ਵਾਂਗ ਬਿਖਰ ਜਾਵਾਂਗਾ। ਸਿਰ ਝਟਕ ਕੇ ਮੈਂ ਆਪਣੇ ਆਪ ਨੂੰ ਇਨ੍ਹਾਂ ਆਵਾਜ਼ਾਂ ਦੀ ਪਕੜ ਤੋਂ ਆਜ਼ਾਦ ਕਰਨ ਦਾ ਯਤਨ ਕਰਨ ਲੱਗਿਆ।

ਇਧਰ-ਉਧਰ ਨਜ਼ਰਾਂ ਘੁੰਮਾਉਂਦਾ ਹਾਂ, ਹਵਾ ਤੇਜ਼ ਵਗਣ ਲੱਗੀ ਹੈ। ਗਰਦ-ਗੁਬਾਰ ਦੇ ਵਾ-ਵਰੋਲੇ ਉਡ ਕੇ ਨਿਰਮਲ ਆਕਾਸ਼ ਨੂੰ ਢਕਣ ਲੱਗੇ ਹਨ। ਰੁੱਖਾਂ ਦੇ ਪ੍ਰਛਾਵੇਂ ਸਿਮਟ ਕੇ ਜਿਵੇਂ ਉਨ੍ਹਾਂ ਦੇ ਪਿਛੇ ਛੁਪਣ ਲੱਗੇ ਹਨ। ਸਾਹਮਣੇ ਪਿੱਪਲ ਦੇ ਸੁੱਕੇ ਪੱਤੇ ਵੱਡੀ ਮਾਤਰਾ ਵਿਚ ਝੜਦੇ ਹਨ ਅਤੇ ਹਵਾ ਉਨ੍ਹਾਂ ਨੂੰ ਬਹੁਤ ਦੂਰ ਤੱਕ ਘੜੀਸਦੀ ਲਈ ਜਾ ਰਹੀ ਹੈ। ਸੜਕ 'ਤੇ ਪਸਰਿਆ ਸੰਨਾਟਾ ਲਗਾਤਾਰ ਬਣਿਆ ਹੋਇਆ ਹੈ।

ਦਿਮਾਗ਼ ਨੂੰ ਇਧਰ-ਉਧਰ ਦੀਆਂ ਗੱਲਾਂ ਵਿਚ ਉਲਝਾਅ ਦੇਣ ਦੀ ਸੁੱਧ ਤੇ ਅਹਿਸਾਸ ਅਚਾਨਕ ਮੈਨੂੰ ਗੁਨਾਹ ਵਿਚ ਉਲਝਾਉਂਦਾ ਲੱਗਦਾ ਹੈ। ਮੈਂ ਇਹ ਕੀ ਕਰ ਰਿਹਾ ਹਾਂ। ਮੈਂ ਯਤਨ ਕਰਨ ਲੱਗਿਆ ਹਾਂ, ਕਿ ਫਿਰ ਉਹੀ ਆਵਾਜ਼ ਉਭਰ ਕੇ ਪੱਥਰ ਵਾਂਗ ਮੇਰੇ ਦਿਮਾਗ਼ 'ਤੇ ਵਰਸਣ ਲੱਗੀ। ਮੈਨੂੰ ਮੇਰੀ ਬੁਜ਼ਦਿਲੀ ਦਾ ਇਸ ਤਰ੍ਹਾਂ ਅਹਿਸਾਸ ਕਰਵਾਇਆ ਕਿ ਮੈਂ ਆਪਣੇ ਕੱਪੜੇ ਪਾੜ ਕੇ ਪਾਗਲ ਵਾਂਗ ਭੱਜਦਾ ਕਿਤੇ ਦੂਰ ਨਿਕਲ ਜਾਵਾਂ। ਮਾਰੇ ਸ਼ਰਮਿੰਦਗੀ ਦੇ ਸਿਰ ਪਟਕ-ਪਟਕ ਕੇ ਆਪਣੀ ਜਾਨ ਦੇ ਦੇਵਾਂ, ਪਰ ਆਵਾਜ਼ ਨਹੀਂ ਆਈ। ਨਜ਼ਰਾਂ ਵਿਚ ਇਕ ਚਿਹਰਾ ਉਭਰਦਾ ਹੈ। ਉਸ ਚਿਹਰੇ ਤੋਂ ਵੱਖ ਜਿਵੇਂ ਹਸਪਤਾਲ ਦੇ ਉਜਲੇ ਵਾਤਾਵਰਨ ਵਿਚ ਦੇਖ ਕੇ ਆਇਆ ਹਾਂ।

ਇਹ ਚਿਹਰਾ ਯਾਸਮੀਨ ਦਾ ਹੈ।

ਯਾਸਮੀਨ ਇਕ ਫੁੱਲ ਸੀ ਜਿਸ ਦੀ ਖੁਸ਼ਬੋ ਅੱਜ ਤੱਕ ਮੇਰੇ ਸਾਹਾਂ ਵਿਚ ਘੁਲੀ ਹੋਈ ਹੈ। ਪੰਖੜੀਆਂ ਵਾਂਗ ਕੂਲੀ, ਨਰਮ ਅਤੇ ਨਾਜ਼ੁਕ। ਹਵਾ ਦਾ ਮਾੜਾ ਜਿਹਾ ਬੁੱਲਾ ਛੂਹ ਜਾਵੇ, ਤਾਂ ਉਹ ਕੰਬ ਕੇ ਰਹਿ ਜਾਵੇ ਅਤੇ ਧੁੱਪ ਦੀ ਤਪਸ਼ ਜਿਸ ਨੂੰ ਕੁਮਲਾ ਦੇਵੇ। ਅੱਖਾਂ ਵਿਚ ਇੱਜ਼ਤ ਵਾਲੀ ਸੰਜੀਦਗੀ ਅਤੇ ਠਹਿਰਾਅ- ਜਿਹੜਾ ਵੀ ਦੇਖੇ, ਸ਼ਰਾਰਤ ਭੁੱਲ ਜਾਵੇ। ਜਾਂ ਯਾਸਮੀਨ ਉਗੜ-ਦੁਗੜੀਆਂ ਚੱਟਾਨਾਂ ਨਾਲ ਟਕਰਾਉਂਦੀ, ਨੱਚਦੀ-ਟੱਪਦੀ, ਮਸਤ ਅਤੇ ਪਾਗਲ ਰੌਲੇ ਨਾਲ ਸਫ਼ਰ ਕਰਨ ਵਾਲੇ ਝਰਨੇ ਵਰਗੀ ਨਹੀਂ ਸੀ। ਉਹ ਤਾਂ ਸੰਤੁਸ਼ਟ ਰਵਾਨੀ ਅਤੇ ਇੱਜ਼ਤਦਾਰ ਲੜਕੀ, ਤੇ ਗੰਭੀਰ ਨਖਰੇ ਨਾਲ ਮੈਦਾਨੀ ਖੇਤਰ ਵਿਚ ਵਹਿਣ ਵਾਲੀ ਗੰਗਾ ਵਰਗੀ ਸੀ।

ਹੌਲੀ-ਹੌਲੀ ਭੂਤ (ਕਾਲ) ਮੈਨੂੰ ਆਪਣੀ ਜਕੜ ਵਿਚ ਲੈ ਰਿਹਾ ਸੀ। ਭੂਤ ਆਮ ਕਰ ਕੇ ਅੱਖਾਂ ਵਿਚ ਪਹਿਲਾਂ ਰਾਤ ਬਣ ਕੇ ਆਉਂਦਾ ਹੈ। ਹਨੇਰਾ-ਹਨੇਰਾ ਅਤੇ ਬਿਨਾਂ ਦ੍ਰਿਸ਼, ਫਿਰ ਇਸ ਵਿਚ ਕਿਤੇ-ਕਿਤੇ ਟਟਹਿਣੇ ਦੇ ਚਮਕਣ ਦਾ ਭਰਮ ਹੁੰਦਾ ਹੈ। ਫਿਰ ਹਰ ਥਾਂ ਜੁਗਨੂੰਆਂ ਦੇ ਟੋਲਿਆਂ ਦੇ ਟੋਲੇ ਧਾਵਾ ਬੋਲ ਦਿੰਦੇ ਹਨ। ਸਵੇਰ ਦੀ ਨਰਮ ਤੇ ਸੱਜਰੀ ਅਤੇ ਬੱਚਿਆਂ ਦੀ ਮੁਸਕਾਨ ਮਾਸੂਮ ਧੁੱਪ ਚਾਰੇ ਪਾਸੇ ਪਸਰ ਜਾਂਦੀ ਹੈ। ਸਭ ਕੁਝ ਸਾਫ਼-ਸਾਫ਼ ਜਿਉਂਦਾ, ਧੜਕਦਾ, ਸਾਹ ਲੈਂਦਾ ਅਤੇ ਗੱਲਾਂ ਕਰਦਾ ਹੋਇਆ ਦਿਸਦਾ ਹੈ। ਆਦਮੀ ਤੇ ਜਾਨਵਰ, ਅਜਨਬੀ ਤੇ ਖਾਮੋਸ਼, ਸੜਕਾਂ, ਗਲੀਆਂ, ਚੁਰਾਹੇ ਅਤੇ ਪਾਨ ਦੀ ਦੁਕਾਨ, ਘਰ ਅਤੇ ਗਲੀ-ਗਲੀ ਵਿਚ ਦਿਨ-ਰਾਤ ਊਧਮ ਮਚਾਉਣ ਵਾਲੇ ਬੱਚੇ ਅਤੇ ਮੋੜ ਤੇ ਮੁਹੱਲੇ ਦੀ ਸਭ ਤੋਂ ਉਚੀ ਤੇ ਸੁੰਦਰ ਹਵੇਲੀ ਨੂੰ ਇਕੋ ਵੇਲੇ ਮੈਂ ਦੇਖ ਰਿਹਾ ਹਾਂ ਅਤੇ ਅਨੁਭਵ ਕਰ ਰਿਹਾ ਹਾਂ। ਇਸ ਤੋਂ ਵੀ ਬਹੁਤ ਪਹਿਲਾਂ ਜਦੋਂ ਉਹ ਸੁੰਦਰ ਹਵੇਲੀ ਨਹੀਂ ਸੀ, ਉਥੇ ਛੋਟਾ ਜਿਹਾ ਮੈਦਾਨ ਸੀ ਜਿਸ ਵਿਚ ਇਕ ਦਿਨ ਕਾਲੀ ਬਜਰੀ ਅਤੇ ਰੇਤੇ ਦੇ ਛੋਟੇ-ਛੋਟੇ ਟਿੱਬੇ ਬਣ ਗਏ, ਤੇ ਫਿਰ ਇਕ ਪਾਸੇ ਇੱਟਾਂ ਦੀਆਂ ਲਾਈਨਾਂ ਲੱਗਣ ਲੱਗੀਆਂ ਸਨ। ਮੈਂ ਆਪਣੇ ਮਿੱਤਰਾਂ ਨਾਲ ਉਸ ਦਿਨ ਹਨੇਰਾ ਹੋਣ ਤੱਕ ਰੇਤੇ ਉਤੇ ਮਸਤੀ ਕਰਦਾ ਰਿਹਾ ਸੀ। ਦਿਨ ਭਰ ਟਰੱਕ ਰੇਤਾ, ਬਜਰੀ, ਸੀਮਿੰਟ ਦੇ ਬੋਰੇ ਅਤੇ ਇੱਟਾਂ ਲਿਆ-ਲਿਆ ਕੇ ਮੈਦਾਨ ਵਿਚ ਇਕੱਠੇ ਕਰਦੇ ਰਹੇ ਸਨ। ਉਸ ਦਿਨ ਮੇਰੀ ਬੁਨੈਣ ਫਟ ਗਈ ਸੀ, ਤੇ ਬਾਪੂ ਨੇ ਕੱਸ-ਕੱਸ ਕੇ ਥੱਪੜ ਮਾਰੇ ਸਨ ਅਤੇ ਰਾਤ ਦਾ ਖਾਣਾ ਹਰਾਮ ਕਰ ਦਿੱਤਾ ਸੀ। ਇਹ ਸਭ ਕੁਝ ਮੈਂ ਦੇਖ ਰਿਹਾ ਹਾਂ ਅਤੇ ਅਨੁਭਵ ਕਰ ਰਿਹਾ ਹਾਂ।

ਇਮਾਰਤ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ ਸੀ। ਮੋਢੇ 'ਤੇ ਬਸਤੇ ਲਟਕਾਈ ਅਤੇ ਹੱਥ ਵਿਚ ਲੰਚ ਬਾਕਸ ਲਈ ਸਕੂਲ ਨੂੰ ਜਾਂਦਿਆਂ ਲੱਗਭਗ ਰੋਜ਼ ਹੀ ਉਥੇ ਰੁਕ ਜਾਂਦਾ ਸੀ। ਮਜ਼ਦੂਰ ਆਦਮੀਆਂ, ਇਸਤਰੀਆਂ ਅਤੇ ਰਾਜ ਮਿਸਤਰੀਆਂ ਨੂੰ ਤਪਦੀ ਧੁੱਪ ਵਿਚ ਕੰਮ ਕਰਦਿਆਂ ਦੇਖਦਾ ਰਹਿੰਦਾ। ਇਕ ਦਿਨ ਉਥੇ ਮੈਂ ਕਾਲੀ ਚਮਕਦੀ ਕਾਰ ਖੜ੍ਹੀ ਦੇਖੀ। ਚੀਨੀ ਦੀ ਗੁੱਡੀ ਵਰਗੀ ਕੁੜੀ ਚਿੱਟੀ ਫ਼ਰਾਕ ਅਤੇ ਗੁਲਾਬੀ ਸਕਾਰਫ਼ ਪਾਈ ਠੋਡੀ ਨੂੰ ਖਿੜਕੀ 'ਤੇ ਟਿਕਾ ਕੇ ਕਾਰ ਵਿਚ ਬੈਠੀ ਸੀ। ਉਸ ਦੀਆਂ ਚਮਕੀਲੀਆਂ ਅੱਖਾਂ ਅਤੇ ਸੰਘਣੀਆਂ ਕਾਲੀਆਂ ਪਲਕਾਂ ਦਾ ਪ੍ਰਛਾਵਾਂ ਬੜਾ ਚੰਗਾ ਲੱਗਦਾ ਸੀ। ਕੋਲ ਖੜ੍ਹਾ ਆਦਮੀ ਮਜ਼ਦੂਰਾਂ ਨੂੰ ਹਦਾਇਤਾਂ ਦੇ ਰਿਹਾ ਸੀ। ਉਸ ਦਿਨ ਮੈਂ ਚਮਕੀਲੀਆਂ ਅੱਖਾਂ ਵਾਲੀ ਚੀਨੀ ਦੀ ਉਸ ਗੁੱਡੀ ਨੂੰ ਦੇਖਦਾ ਹੀ ਰਹਿ ਗਿਆ ਸੀ।

ਹਵੇਲੀ ਬਣ ਗਈ। ਨਾਂ ਰੱਖਿਆ 'ਨਾਸਰ ਕਦਾ' ਚਮਕਦੀਆਂ ਅੱਖਾਂ ਵਾਲੀ ਕੁੜੀ ਦਾ ਪਰਿਵਾਰ ਹਵੇਲੀ ਵਿਚ ਵਸ ਗਿਆ। ਬਾਪੂ ਤੋਂ ਮੈਨੂੰ ਪਤਾ ਲੱਗਿਆ ਕਿ ਉਹ ਲੋਕ ਸਾਡੇ ਦੂਰ ਦੇ ਰਿਸ਼ਤੇਦਾਰ ਹਨ। ਇਕ ਦਿਨ ਮੈਂ ਬਾਪੂ ਨਾਲ ਉਸ ਹਵੇਲੀ ਵਿਚ ਗਿਆ। ਉਥੇ ਮੈਨੂੰ ਚੀਨੀ ਦੀ ਗੁੱਡੀ ਵਰਗੀ ਕੁੜੀ ਦੇ ਨਾਂ ਦਾ ਪਤਾ ਲੱਗਿਆ- ਯਾਸਮੀਨ। ਉਸ ਦਾ ਭਰਾ ਸੀ ਜ਼ਮੀਲ ਜਿਸ ਨਾਲ ਪਿਛੋਂ ਮੇਰੀ ਬੇਲੋੜੀ ਗੂੜ੍ਹੀ ਮਿੱਤਰਤਾ ਹੋ ਗਈ ਸੀ। ਉਸ ਦਿਨ ਬਾਪੂ ਯਾਸਮੀਨ ਦੇ ਪਿਤਾ ਨਾਲ ਗੱਲਾਂ ਹੀ ਕਰੀ ਗਏ ਸਨ। ਮੈਂ ਛੇਤੀ ਕਰ ਕੇ ਚੀਨੀ ਦੀਆਂ ਸਾਫ ਪਲੇਟਾਂ ਵਿਚ ਸਜੀਆਂ ਹੋਈਆਂ ਮਿਠਾਈਆਂ ਅਤੇ ਬਿਸਕੁਟਾਂ 'ਤੇ ਹੱਥ ਸਾਫ਼ ਕਰੀ ਜਾ ਰਿਹਾ ਸੀ। ਜਦੋਂ ਪੂਰੀ ਤਰ੍ਹਾਂ ਜੀਅ ਭਰ ਗਿਆ, ਤਾਂ ਮੈਂ ਉਠ ਕੇ ਬਾਹਰ ਚਲਿਆ ਗਿਆ ਅਤੇ ਬਹੁਤ ਦੇਰ ਤੱਕ ਯਾਸਮੀਨ ਨਾਲ ਗੱਲਾਂ ਕਰਦਾ ਰਿਹਾ। ਉਸ ਤੋਂ ਪਿਛੋਂ ਇਕ ਦਿਨ ਯਾਸਮੀਨ, ਜ਼ਮੀਲ ਅਤੇ ਉਨ੍ਹਾਂ ਦੇ ਮਾਤਾ-ਪਿਤਾ ਸਾਡੇ ਘਰ ਆਏ। ਆਉਣਾ-ਜਾਣਾ ਇਸੇ ਤਰ੍ਹਾਂ ਚਲਦਾ ਰਿਹਾ। ਯਾਸਮੀਨ ਅਤੇ ਜ਼ਮੀਲ ਮੇਰੇ ਹੀ ਸਕੂਲ ਵਿਚ ਦਾਖ਼ਲ ਕਰਵਾ ਦਿੱਤੇ ਗਏ। ਯਾਸਮੀਨ ਮੈਥੋਂ ਦੋ ਜਮਾਤਾਂ ਪਿਛੇ ਸੀ ਤੇ ਜ਼ਮੀਲ ਮੇਰਾ ਹਮਜਮਾਤੀ ਬਣ ਗਿਆ। ਅਸੀਂ ਸਾਰੇ ਸਕੂਲ ਨੂੰ ਇਕੱਠੇ ਹੀ ਤੁਰਦੇ। ਮੈਂ ਅਤੇ ਜ਼ਮੀਲ ਸਕੂਲ ਜਾਂਦਿਆਂ ਭੱਜ-ਭੱਜ ਕੇ ਸੜਕ 'ਤੇ ਲੱਗੇ ਬਿਜਲੀ ਦੇ ਖੰਭਿਆਂ ਨੂੰ ਸ਼ਰਤ ਲਾ ਕੇ ਛੂੰਹਦੇ, ਕਿ ਦੇਖੀਏ ਉਸ ਖੰਭੇ ਨੂੰ ਪਹਿਲਾਂ ਕੌਣ ਛੂੰਹਦਾ ਹੈ। ਯਾਸਮੀਨ ਆਦਤ ਕਰ ਕੇ ਚੁੱਪ ਅਤੇ ਸੁਸਤ ਤਬੀਅਤ ਵਾਲੀ ਸੀ। ਇਸ ਲਈ ਕਦੇ ਵੀ ਇਸ ਖੇਡ ਵਿਚ ਭਾਗ ਨਹੀਂ ਸੀ ਲੈਂਦੀ ਅਤੇ ਸਾਡੇ ਦੋਵਾਂ ਤੋਂ ਬਹੁਤ ਪਿਛੇ ਰਹਿ ਜਾਂਦੀ ਸੀ। ਸਾਨੂੰ ਰੁਕ-ਰੁਕ ਕੇ ਉਸ ਦੀ ਉਡੀਕ ਕਰਨੀ ਪੈਂਦੀ। ਇਸ ਖੇਡ ਵਿਚ ਜ਼ਮੀਲ ਸਦਾ ਜਿੱਤ ਜਾਂਦਾ ਸੀ, ਪਰ ਇਕ ਦਿਨ ਅਚਾਨਕ ਮੈਂ ਬਾਜ਼ੀ ਮਾਰ ਗਿਆ। ਬੱਸ, ਇਸੇ ਦਿਨ ਸਾਡੀ ਦੋਵਾਂ ਦੀ ਲੜਾਈ ਹੋ ਗਈ ਸੀ। ਉਹਨੇ ਧੱਕਾ ਦੇ ਦਿੱਤਾ ਅਤੇ ਮੈਂ ਸੜਕ 'ਤੇ ਡਿੱਗ ਪਿਆ। ਮੇਰੇ ਉਠਣ ਤੋਂ ਪਹਿਲਾਂ ਹੀ ਉਹ ਛੇਤੀ ਕਰ ਕੇ ਭੱਜ ਗਿਆ। ਪਿਛੇ ਆਉਂਦੀ ਯਾਸਮੀਨ ਨੇ ਚੁੱਪ-ਚਾਪ ਸਹਾਰਾ ਦੇ ਕੇ ਮੈਨੂੰ ਉਠਾਇਆ ਅਤੇ ਫਿਰ ਅਸੀਂ ਚੁੱਪ-ਚਾਪ ਸਕੂਲ ਜਾ ਪਹੁੰਚੇ ਸੀ। ਉਸ ਦਿਨ ਮੈਂ ਜ਼ਮੀਲ ਨਾਲ ਗੱਲ ਨਹੀਂ ਕੀਤੀ, ਪਰ ਦੂਜੇ ਹੀ ਦਿਨ ਸਾਡਾ ਰਾਜ਼ੀਨਾਮਾ ਹੋ ਗਿਆ। ਅਸੀਂ ਦੋਵੇਂ ਹਰ ਰੋਜ਼ ਵਾਂਗ ਖੇਡਦੇ ਹੋਏ ਸਕੂਲ ਜਾਣ ਲੱਗ ਪਏ। ਜਿੱਤ ਦੀ ਤਰ੍ਹਾਂ ਯਾਸਮੀਨ ਸਾਡੇ ਪਿਛੇ ਰਹਿਣ ਲੱਗੀ। ਇਸ ਤਰ੍ਹਾਂ ਹੱਸਦੇ ਖੇਡਦੇ ਸਾਡੀ ਉਮਰ ਦਾ ਸੂਰਜ ਹਰ ਰੋਜ਼ ਚੜ੍ਹਦਾ ਰਿਹਾ। ਮੈਂ ਹੌਲੀ-ਹੌਲੀ ਉਸ ਹਵੇਲੀ ਦਾ ਇਕ ਬੰਦਾ ਬਣਦਾ ਚਲਿਆ ਗਿਆ। ਸਾਡੇ ਵਿਚਕਾਰ ਇਕ ਅਣ-ਦੇਖਿਆ ਅਤੇ ਅਣ-ਮਾਣਿਆ, ਪਰ ਬਹੁਤ ਹੀ ਤਕੜਾ ਰਿਸ਼ਤਾ ਬਣਦਾ ਗਿਆ।



ਸਾਡੀਆਂ ਉਮਰਾਂ ਦੀ ਗਿਣਤੀ ਦੱਸਣ ਵਾਲਾ ਸੂਰਜ ਪਤਾ ਨਹੀਂ ਕਿੰਨੀ ਵਾਰ ਚੜ੍ਹਿਆ ਅਤੇ ਕਿੰਨੀ ਵਾਰ ਛੁਪਿਆ। ਇਕ ਦਿਨ ਸਾਨੂੰ ਕਿਸੇ ਨੇ ਦੱਸਿਆ ਜਾਂ ਆਪਣੇ ਆਪ ਪਤਾ ਲੱਗ ਗਿਆ ਕਿ ਹੁਣ ਅਸੀਂ ਬੱਚੇ ਨਹੀਂ ਰਹੇ। ਹੁਣ ਅਸੀਂ ਜਵਾਨ ਹਾਂ, ਆਪਣੀ ਰਾਏ ਰੱਖਦੇ ਹਾਂ ਅਤੇ ਬਹੁਤ ਕੁਝ ਸੋਚ ਸਕਦੇ ਹਾਂ, ਬਹੁਤ ਕੁਝ ਕਰ ਸਕਦੇ ਹਾਂ। ਹੁਣ ਸਾਡੇ ਹੋਣ ਅਤੇ ਹੱਸਣ ਦਾ ਅਰਥ ਸੀ ਅਤੇ ਖੁਸ਼ੀ ਪ੍ਰਗਟ ਕਰਨ ਲਈ ਹੁਣ ਸਾਡੇ ਕੋਲ ਸਲੀਕਾ ਸੀ।

ਅਚਾਨਕ ਮੇਰੇ ਖੱਬੇ ਕੰਨ ਦੇ ਪਰਦੇ 'ਤੇ ਕੁਝ ਸਰ-ਸਰ ਹੁੰਦੀ ਲੱਗੀ। ਮੈਂ ਸਰ-ਸਰਾਉਂਦੀ ਸ਼ੈਅ ਨੂੰ ਤੇਜ਼ੀ ਨਾਲ ਚੁਟਕੀ ਵਿਚ ਫੜ ਲਿਆ। ਫਿਰ ਮੇਰੇ ਖਿਆਲਾਂ ਦੀ ਲੜੀ ਟੁੱਟ ਗਈ। ਸਾਹਮਣੇ ਨਜ਼ਰ ਗਈ। ਸੂਰਜ ਪੱਛਮ ਵੱਲ ਝੁਕਣ ਲੱਗਿਆ ਹੈ। ਧੁੱਪ ਹੌਲੀ-ਹੌਲੀ ਸਿਰ ਝੁਕਾਉਣ ਲੱਗੀ ਹੈ ਅਤੇ ਰੁੱਖਾਂ ਦੇ ਪ੍ਰਛਾਵੇਂ ਲੰਮੇ ਹੋਣ ਲੱਗੇ ਹਨ। ਜਦੋਂ ਸੂਰਜ ਡੁੱਬ ਗਿਆ, ਤਾਂ ਇਹੀ ਪ੍ਰਛਾਵੇਂ ਕਾਲੇ ਤੂਫ਼ਾਨ ਬਣ ਕੇ ਸਾਰੀ ਕਾਇਨਾਤ ਨੂੰ ਘੇਰ ਲੈਣਗੇ ਜਿਸ ਨੂੰ ਲੋਕ ਰਾਤ ਦਾ ਨਾਂ ਦੇਣਗੇ। ਅਚਾਨਕ ਚੁਟਕੀ ਵਿਚ ਫੜੀ ਹੋਈ ਸ਼ੈਅ ਦਾ ਖਿਆਲ ਆਉਂਦਾ ਹੈ ਅਤੇ ਮੈਂ ਹਥੇਲੀ ਖੋਲ੍ਹ ਕੇ ਚੁਟਕੀ ਖੋਲ੍ਹ ਦਿੰਦਾ ਹਾਂ। ਕੀੜੀ ਤੇਜ਼ ਚਾਲ ਨਾਲ ਰੀਂਗਦੀ ਹੋਈ ਮੇਰੇ ਗੁੱਟ ਦੇ ਸੰਘਣੇ ਬਾਲਾਂ ਵਿਚ ਉਲਝ ਜਾਂਦੀ ਹੈ। ਮੈਂ ਫਿਰ ਕੀੜੀ ਨੂੰ ਫੜ ਲੈਂਦਾ ਹਾਂ। ਚਾਹੁੰਦਾ ਹਾਂ, ਮਸਲ ਦਿਆਂ। ਫਿਰ ਪਤਾ ਨਹੀਂ ਕਿਸ ਭਾਵਨਾ ਅਧੀਨ ਉਸ ਨੂੰ ਬੇਹੱਦ ਸ਼ਰਧਾ ਤੇ ਸਤਿਕਾਰ ਨਾਲ ਫ਼ਰਸ਼ ਉਤੇ ਛੱਡ ਦਿੰਦਾ ਹਾਂ ਅਤੇ ਉਹ ਤੇਜ਼ੀ ਨਾਲ ਰੀਂਗਦੀ ਮੇਰੀਆਂ ਨਜ਼ਰਾਂ ਤੋਂ ਲੋਪ ਹੋ ਜਾਂਦੀ ਹੈ।

ਯਾਦ ਆਉਂਦਾ ਹੈ ਕਿ ਨੌਕਰੀ ਲਈ ਮੈਂ ਲਗਾਤਾਰ ਇਕ ਮਹੀਨੇ ਤੱਕ ਨੱਠ-ਭੱਜ ਕਰਦਾ ਰਿਹਾ ਤੇ ਇਸ ਵਿਚਕਾਰ 'ਨਾਸਰ ਕਦਾ' ਜਮ੍ਹਾਂ ਈ ਨ੍ਹੀਂ ਜਾ ਸਕਿਆ। ਸੁਣਨ ਵਿਚ ਆਇਆ ਸੀ ਕਿ ਜ਼ਮੀਲ ਸਾਉਦੀ ਅਰਬ ਚਲਿਆ ਗਿਆ ਹੈ। ਮੈਨੂੰ ਇਸ ਦਾ ਅਤਿਅੰਤ ਦੁੱਖ ਹੋਇਆ ਕਿ ਜਾਣ ਤੋਂ ਪਹਿਲਾਂ ਉਹ ਮੈਨੂੰ ਮਿਲ ਕੇ ਵੀ ਨਹੀਂ ਗਿਆ। ਮੇਰੀ ਨੱਠ-ਭੱਜ ਦਾ ਸਿਲਾ ਵੀ ਮੈਨੂੰ ਮਿਲ ਗਿਆ। ਮੈਂ ਬੈਂਕ ਵਿਚ ਅਕਾਊਂਟੈਂਟ ਦੇ ਕੰਮ 'ਤੇ ਲੱਗ ਗਿਆ। ਉਸ ਦਿਨ ਆਪਣੀ ਖੁਸ਼ੀ ਵਿਚ ਸਾਰਿਆਂ ਨੂੰ ਰਲਾਉਣ ਲਈ ਮੈਂ 'ਨਾਸਰ ਕਦਾ' ਗਿਆ ਸੀ। ਉਥੇ ਉਮੀਦ ਦੇ ਵਿਰੁਧ ਖਾਸੀ ਚਹਿਲ-ਪਹਿਲ ਨਜ਼ਰ ਆਈ। ਘਾਹ 'ਤੇ ਕੁਰਸੀਆਂ ਉਤੇ ਯਾਸਮੀਨ ਦੇ ਪਿਤਾ ਨਾਲ ਕੁਝ ਅਜਨਬੀ ਲੋਕ ਬੈਠੇ ਹੱਸਦੇ ਮੁਸਕਰਾਉਂਦੇ ਹੋਏ ਗੱਲਾਂ ਕਰ ਰਹੇ ਸਨ। ਕੁਝ ਅਜਨਬੀ ਬੱਚੇ ਵੀ ਚਮਕਦੇ ਦਮਕਦੇ ਕੱਪੜਿਆਂ ਵਿਚ ਦਿਖਾਈ ਦੇ ਰਹੇ ਸਨ। ਮੇਰੀ ਸਮਝ ਵਿਚ ਕੁਝ ਨਹੀਂ ਆ ਸਕਿਆ। ਯਾਸਮੀਨ ਦੇ ਪਿਤਾ ਨੇ ਮੈਨੂੰ ਦੇਖ ਕੇ ਹੱਥ ਦੇ ਇਸ਼ਾਰੇ ਨਾਲ ਬੁਲਾਇਆ। ਮੈਂ ਖਾਲੀ ਕੁਰਸੀ 'ਤੇ ਬੈਠ ਗਿਆ। ਫਿਰ ਮੈਂ ਨੌਕਰੀ ਮਿਲਣ ਬਾਰੇ ਦੱਸਿਆ, ਮਠਿਆਈ ਦਾ ਡੱਬਾ ਦਿੱਤਾ। ਗੱਲਾਂ ਦੀ ਲੜੀ ਸ਼ੁਰੂ ਹੋਈ ਤਾਂ ਮੈਨੂੰ ਪਤਾ ਲੱਗਿਆ ਕਿ ਇਹ ਲੋਕ ਯਾਸਮੀਨ ਨੂੰ ਦੇਖਣ ਆਏ ਹਨ ਅਤੇ ਗੱਲਬਾਤ ਲਗਭਗ ਮੁੱਕ ਚੁੱਕੀ ਹੈ।

ਇਸ ਸੁਣ ਕੇ ਪਤਾ ਨਹੀਂ, ਮੈਨੂੰ ਕਿਵੇਂ ਅਨੁਭਵ ਹੋਇਆ ਸੀ, ਪਰ ਜਦੋਂ ਸਾਰੇ ਲੋਕ ਚਲੇ ਗਏ ਸੀ ਅਤੇ ਮੈਂ ਇਕੱਲ ਵਿਚ ਯਾਸਮੀਨ ਨੂੰ ਮਿਲਿਆ ਸੀ, ਤਾਂ ਉਸ ਦੀਆਂ ਸਥਿਰ ਅੱਖਾਂ ਮੈਨੂੰ ਪਤਾ ਨਹੀਂ ਕੀ ਕਹਿ ਰਹੀਆਂ ਸਨ। ਗੁਜ਼ਰੇ ਹੋਏ ਇੰਨੇ ਸਾਲਾਂ ਵਿਚ ਅੱਜ ਪਹਿਲੀ ਵਾਰ ਮੈਂ ਧਿਆਨ ਨਾਲ ਯਾਸਮੀਨ ਵੱਲ ਦੇਖਿਆ ਤੇ ਪਹਿਲੀ ਵਾਰ ਮੈਨੂੰ ਲੱਗਿਆ ਕਿ ਕੋਈ ਗੱਲ ਹੈ ਸਾਡੇ ਦੋਵਾਂ ਵਿਚਕਾਰ। ਕੁਝ ਅਜਿਹਾ ਜ਼ਰੂਰ ਹੈ ਜੋ ਇੰਨੇ ਸਾਲਾਂ ਤੋਂ ਪਿਛੋਂ ਵੀ ਉਭਰ ਕੇ ਸਾਹਮਣੇ ਨਹੀਂ ਆ ਸਕਿਆ। ਕੁਝ ਅਜਿਹੇ ਸ਼ਬਦ ਜੋ ਲੰਘੇ ਦਿਨ ਤੋਂ ਲੈ ਕੇ ਅੱਜ ਤੱਕ ਪ੍ਰਗਟਾਅ ਦਾ ਰਾਹ ਢੂੰਡਦੇ ਰਹੇ ਅਤੇ ਹੁਣ ਤੱਕ ਅਣਕਹੇ ਹਨ। ਕੋਈ ਚੀਜ਼ ਸੀ ਜੋ ਲਗਾਤਾਰ ਮੇਰੇ ਅੰਦਰ ਅਤੇ ਸ਼ਾਇਦ ਉਸ ਦੇ ਅੰਦਰ ਵੀ ਸਰ-ਸਰਾਉਂਦੀ ਰਹੀ, ਉਸ ਕੀੜੀ ਵਾਂਗ ਜੋ ਹੁਣ ਮੇਰੇ ਕੰਨ ਦੀ ਜਲੋ 'ਤੇ ਸਰ-ਸਰਾ ਰਹੀ ਸੀ, ਤੇ ਅਸੀਂ ਦੋਵਾਂ ਨੇ ਇਸ ਨੂੰ ਚੁਟਕੀਆਂ ਵਿਚ ਦਬਾਇਆ ਵੀ ਅਤੇ ਉਸ ਨੂੰ ਆਪਣੀਆਂ-ਆਪਣੀਆਂ ਹਥੇਲੀਆਂ 'ਤੇ ਰੱਖ ਕੇ ਦੇਖਿਆ ਵੀ, ਪਰ ਇਕ ਭਾਵਨਾ ਜੋ ਸ਼ਰਧਾ ਅਤੇ ਸਤਿਕਾਰ ਦੀ ਹੈ, ਉਹ ਸਾਡੇ ਦੋਵਾਂ ਵਿਚਕਾਰ ਕੰਧ ਵਾਂਗ ਖੜ੍ਹੀ ਰਹੀ। ਇਸ ਤਰ੍ਹਾਂ ਅਸੀਂ ਦੋਵੇਂ ਇਕ-ਦੂਜੇ ਦੇ ਇੰਨਾ ਨੇੜੇ ਸੀ ਕਿ ਇਕ-ਦੂਜੇ ਨੂੰ ਆਸਾਨੀ ਨਾਲ ਸਹਿਜਤਾ ਅਤੇ ਆਪਣੇ-ਪਣ ਨਾਲ ਛੋਹ ਲਿਆ ਕਰਦੇ ਸੀ, ਪਰ ਇੰਨੇ ਹੀ ਦੂਰ ਵੀ ਰਹੇ ਕਿ ਜਿੰਨਾ ਪੰਧ ਇਸ ਸਦੀ ਅਤੇ ਲੰਘੀ ਸਦੀ ਦੇ ਵਿਚਕਾਰ ਹੈ। ਤੇਜ਼ੀ ਨਾਲ ਰੀਂਗਦੀ ਕੀੜੀ ਵਾਂਗ ਯਾਸਮੀਨ ਮੇਰੀਆਂ ਅੱਖਾਂ ਤੋਂ ਬਸ ਲੋਪ ਹੋਣ ਹੀ ਵਾਲੀ ਸੀ ਅਤੇ ਮੈਂ ਉਸ ਦੀਆਂ ਅੱਖਾਂ ਤੋਂ। ਇਕ ਸੰਨਾਟਾ ਜਿਹਾ ਮੇਰੇ ਅੰਦਰ ਪਸਰਦਾ ਚਲਿਆ ਗਿਆ। ਮੈਂ ਚੁੱਪ ਸੀ ਕਿ ਅਚਾਨਕ ਯਾਸਮੀਨ ਦੀ ਆਵਾਜ਼ ਉਭਰੀ ਸੀ, "ਮੈਂ... ਮੈਂ ਵਿਆਹ ਕਰਨਾ ਨਹੀਂ ਚਾਹੁੰਦੀ।"

"ਕਿਉਂ?" ਘਬਰਾਹਟ ਵਿਚ ਮੈਂ ਪੁੱਛ ਲਿਆ ਸੀ।

ਫਿਰ ਯਾਸਮੀਨ ਵੱਲ ਨਜ਼ਰਾਂ ਚੁੱਕੀਆਂ ਤਾਂ ਮੈਂ ਝਟਪਟ ਸ਼ਰਮਿੰਦਗੀ ਅਤੇ ਪਛਤਾਵੇ ਨਾਲ ਖੱਡ ਵਿਚ ਉਤਰਦਾ ਗਿਆ। ਉਸ ਦੀਆਂ ਅੱਖਾਂ ਵਿਚ ਭਰੀ ਹੋਈ ਦੁਖੀ ਮੁਸਕਾਨ ਮੈਨੂੰ ਕਹਿ ਗਈ ਸੀ, "ਹਾਂ ਸ਼ਾਇਦ ਇਹੀ ਕਿ ਕਾਸ਼ ਤੂੰ ਐਨਾ ਤਾਂ ਸਮਝਦਾ ਹੁੰਦਾ।" ਪਤਾ ਨਹੀਂ ਕੀ ਗੱਲ ਸੀ ਕਿ ਮੈਂ ਚੁੱਪ ਕਰ ਕੇ ਆਪਣੀਆਂ ਨਜ਼ਰਾਂ ਝੁਕਾ ਲਈਆਂ। ਬਹੁਤ ਦੇਰ ਤੱਕ ਅਸੀਂ ਦੋਵੇਂ ਚੁੱਪ ਰਹੇ। ਫਿਰ ਯਾਸਮੀਨ ਦੀ ਬਹੁਤ ਠਰੰਮੇ ਵਾਲੀ, ਨਪੀ-ਤੁਲੀ ਗੰਭੀਰ ਅਤੇ

*(ਬਾਕੀ ਅਗਲੇ ਸਫੇ 'ਤੇ)*

# ਔਰਤ ਤੇਰੀ ਯਹੀ ਕਹਾਨੀ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਇਸਤਰੀ ਨੂੰ ਸਮਾਜ ਵਿਚ ਦੂਜੇ ਦਰਜੇ ਦਾ ਰੁਤਬਾ ਨਸੀਬ ਰਿਹਾ ਹੈ, ਭਾਰਤ ਵਿਚ ਕਈ ਸਥਿਤੀਆਂ ਵਿਚ ਸ਼ੂਦਰ ਸਮਾਨ। ਇਸ ਦੀ ਜਾਤ ਨੂੰ ਛੁਟਿਆਉਂਦੀਆਂ ਅਨੇਕਾਂ ਕਹਾਵਤਾਂ, ਕਥਾਵਾਂ, ਉਕਤੀਆਂ ਦਾ ਕੋਈ ਅੰਤ ਨਹੀਂ। ਔਰਤ ਮਰਦ ਦੇ ਪੈਰਾਂ ਦੀ ਜੁੱਤੀ ਹੈ, ਇਸ ਦੀ ਗੁੱਤ ਪਿੱਛੇ ਮੱਤ ਹੁੰਦੀ ਹੈ ਜੋ ਕਿ ਪੀਲੂ ਅਨੁਸਾਰ "ਖੁਰੀ" ਹੁੰਦੀ ਹੈ। "ਤੀਵੀਂ ਰੱਖ ਨੀਵੀਂ" ਦਾ ਸੰਦੇਸ਼ਾ ਆਮ ਹੀ ਹੈ। ਕੰਨਿਆ ਦਾ ਜੰਮਣਾ ਨਮੋਸ਼ੀ ਦਾ ਕਾਰਨ ਹੈ, ਹੁਣ ਤਾਂ ਇਸ ਨੂੰ ਜੰਮਣ ਤੋਂ ਵੀ ਰੋਕਣ ਦੇ ਪ੍ਰਬੰਧ ਕਰ ਲਏ ਜਾਂਦੇ ਹਨ। ਇਸਤਰੀ ਨੂੰ ਚਲਿੱਤਰ ਕਰਨ ਵਾਲੀ, ਮਰਦਾਂ ਨੂੰ ਨੇਕ ਕੰਮਾਂ ਤੋਂ ਭਟਕਾਉਣ ਵਾਲੀ ਅਤੇ ਅਨੇਕਾਂ ਪੁਆੜਿਆਂ ਦੀ ਜੜ੍ਹ ਮੰਨਿਆ ਜਾਂਦਾ ਰਿਹਾ ਹੈ। ਕਿੱਸਾਕਾਰਾਂ ਨੇ ਇਸਤਰੀ ਜਾਤੀ ਨੂੰ ਰੱਜ ਕੇ ਭੰਡਿਆ ਹੈ। ਜੰਗਨਾਮਾ ਦੇ ਕਰਤਾ ਸ਼ਾਹ ਮੁਹੰਮਦ ਨੇ "ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ, ਲੰਕਾ ਵਿਚ ਤਾਂ ਰਾਵਣ ਕੁਹਾਇ ਦਿੱਤਾ, ਕੌਰਵਾਂ ਪਾਡਵਾਂ ਨਾਲ ਕੀ ਭਲਾ ਕੀਤਾ, ਠਾਰਾਂ ਕੂਹਣੀਆਂ ਕਟਕ ਮੁਕਾਇ ਦਿੱਤਾ।" ਕਹਿ ਕੇ ਗੱਲ ਸਿਰੇ ਹੀ ਲਾ ਦਿੱਤੀ ਹੈ। ਇਸਤਰੀ ਲਈ ਰੰਨ ਸ਼ਬਦ ਹੀ ਨਿਖੇਧੀਸੂਚਕ ਹੈ। ਤੁਲਸੀ ਦਾਸ ਜਿਹੇ ਕਵੀ ਅਜਿਹਾ ਲਿਖ ਗਏ ਹਨ, "ਢੋਲ, ਗੰਵਾਰ, ਸੂੱਦਰ, ਪਸੂੱ ਨਾਰੀ; ਤੀਨੋਂ ਤਾੜਨ ਕੇ ਅਧਿਕਾਰੀ।" 1988 ਵਿਚ ਇਕ ਹਿੰਦੀ ਫਿਲਮ ਬਣੀ ਸੀ, "ਔਰਤ ਤੇਰੀ ਯਹੀ ਕਹਾਨੀ" ਜਿਸ ਦੇ ਮੁਖ ਗੀਤ ਦੇ ਬੋਲ ਸਨ, "ਔਰਤ ਤੇਰੀ ਯਹੀ ਕਹਾਨੀ, ਸੇਵਾ ਤਿਆਗ ਖਿਮਾ ਕੁਰਬਾਨੀ, ਸਦੀਓਂ ਸੇ ਹੈ ਤੇਰੀ ਨਿਸ਼ਾਨੀ।" ਸਾਹਿਰ ਦਾ ਗੀਤ "ਔਰਤ ਨੇ ਜਨਮ ਦੀਆ ਮਰਦੋਂ ਕੋ, ਮਰਦੋਂ ਨੇ ਉਸੇ ਬਾਜ਼ਾਰ ਦੀਆ" ਔਰਤ ਦੀ ਵੇਦਨਾ ਨੂੰ ਬੜੇ ਮਾਰਮਿਕ ਢੰਗ ਨਾਲ ਪੇਸ਼ ਕਰਦਾ ਹੈ। ਇਸਤਰੀ ਨਾਲ ਸਬੰਧਤ ਸ਼ਬਦਾਂ ਦੀ ਇਕ ਖਾਸੀਅਤ ਹੈ ਕਿ ਮਰਦ ਜਾਤ ਅਕਸਰ ਇਸਤਰੀ ਨੂੰ ਕਾਮ ਦੀ ਵਸਤੂ ਸਮਝਦੇ ਹੋਏ ਇਨ੍ਹਾਂ ਦੇ ਉਚਾਰਨ ਵਿਚੋਂ ਇਕ ਕਾਮੁਕ ਸੁਆਦ ਵੀ ਲੈਂਦੇ ਹਨ। ਮਿਸਾਲ ਵਜੋਂ "ਉਹ ਤੀਵੀਂ ਕੱਢ ਲਿਆਇਆ।" ਇਸਤਰੀ ਨੂੰ ਐਵੇਂ ਨਹੀਂ ਅਬਲਾ ਕਿਹਾ ਗਿਆ। ਸ਼ੇਕਸਪੀਅਰ ਜਿਹੇ ਲਿਖ ਗਏ ਹਨ, "ਕਮਜ਼ੋਰੀ ਤੇਰਾ ਨਾਂ ਔਰਤ ਹੈ।" ਪੰਜਾਬੀ ਵਿਚ ਇਸਤਰੀ ਨੂੰ ਤੀਵੀਂ ਮਾਨੀ ਕਿਹਾ ਜਾਂਦਾ ਹੈ। ਅੰਮ੍ਰਿਤਾ ਪ੍ਰੀਤਮ ਨੇ ਇਸ ਨੂੰ ਜਨਮ ਜਲੀ ਕਿਹਾ।

ਕਿਸੇ ਵੀ ਧਰਮ ਨੇ ਔਰਤ ਨੂੰ ਮਰਦ ਦੇ ਬਰਾਬਰ ਦੀ ਹੈਸੀਅਤ ਤਾਂ ਕੀ ਦੇਣੀ ਸੀ, ਇਸ ਨੂੰ ਥੱਲੇ ਹੀ ਥੱਲੇ ਲਾਇਆ ਹੈ। ਭਾਰਤ ਵਿਚ ਇਸਲਾਮ ਦੇ ਪ੍ਰਵੇਸ਼ ਤੋਂ ਪਹਿਲਾਂ ਔਰਤ ਦੀ ਦੁਰਦਸ਼ਾ ਘਟ ਨਹੀਂ ਸੀ ਪਰ ਇਸਲਾਮੀ ਰਹਿਤ ਨੇ ਇਸ ਉਤੇ ਹੋਰ ਪਰਤਾਂ ਚਾੜ੍ਹ ਦਿੱਤੀਆਂ। ਕਿਹਾ ਜਾਂਦਾ ਹੈ ਕਿ ਪਰਦੇ ਦੀ ਰਸਮ ਇਸਲਾਮ ਦੀ ਆਮਦ ਨਾਲ ਹੋਈ। ਇਸਲਾਮ ਅਨੁਸਾਰ ਔਰਤ ਮਰਦ ਦੇ ਗੁਪਤ ਅੰਗ ਢਕੇ ਹੋਣੇ ਚਾਹੀਦੇ ਹਨ। ਪਰ ਔਰਤ ਦੇ ਸਬੰਧ ਵਿਚ ਇਕ ਤਰ੍ਹਾਂ ਨਾਲ ਉਸ ਦਾ ਸਾਰਾ ਸਰੀਰ ਹੀ ਗੁਪਤ ਅੰਗ ਹੈ। ਔਰਤ ਦੇ ਸਰੀਰ ਨੂੰ ਬਿਨਾ ਕੰਧਾਂ ਦੇ ਘਰ ਬਿਆਨਿਆ ਗਿਆ ਹੈ ਜੋ ਕਿਸੇ ਹਮਲੇ ਤੋਂ ਮਹਿਫੂਜ਼ ਨਹੀਂ। ਇਸੇ ਕਾਰਨ ਔਰਤਾਂ ਵਿਚ ਬੁਰਕਾ ਪਾਉਣ, ਪਰਦਾ ਜਾਂ ਹਿਜਾਬ ਕਰਨ ਅਤੇ ਇਸ ਦੀ ਸ਼ਖਸੀ ਆਜ਼ਾਦੀ ਨੂੰ ਸੁੰਗੇੜਨ ਦੀਆਂ ਰਵਾਇਤਾਂ ਹਨ। ਔਰਤ ਸ਼ਬਦ ਦੀ ਵਿਉਤਪਤੀ ਵਿਚ ਹੀ ਅਸੀਂ ਅਜਿਹੇ ਅੰਸ਼ ਦੇਖਾਂਗੇ। ਭਾਵੇਂ ਇਸਤਰੀ ਲਈ ਪੰਜਾਬੀ ਵਿਚ ਵਧੇਰੇ ਪ੍ਰਚਲਤ ਸ਼ਬਦ ਤੀਵੀਂ ਹੀ ਹੈ ਪਰ ਪ੍ਰਸੰਗ ਅਨੁਸਾਰ ਹੋਰ ਸ਼ਬਦ ਵੀ ਕਾਫੀ ਵਰਤ ਲਏ ਜਾਂਦੇ ਹਨ ਜਿਵੇਂ ਇਸਤਰੀ, ਤ੍ਰੀਮਤ, ਬੁੜੀ, ਮਹਿਲਾ, ਨਾਰੀ, ਰੰਨ, ਜ਼ਨਾਨੀ, ਔਰਤ ਆਦਿ। ਆਮ ਤੌਰ 'ਤੇ ਕਈ ਭਾਸ਼ਾਵਾਂ ਵਿਚ ਇਸਤਰੀ ਲਈ ਵਰਤੇ ਜਾਂਦੇ ਅਨੇਕਾਂ ਸ਼ਬਦ ਪਤਨੀਸੂਚਕ ਵੀ ਹੁੰਦੇ ਹਨ। ਔਰਤ ਸ਼ਬਦ ਭਾਵੇਂ ਬਹੁਤਾ ਸ਼ਹਿਰੀ ਜਾਂ ਪੜ੍ਹੇ ਲਿਖੇ ਲੋਕ ਹੀ ਵਰਤਦੇ ਹਨ ਪਰ ਪਿੰਡਾਂ ਵਿਚ ਵੀ ਕਾਫੀ ਪ੍ਰਚਲਤ ਹੋ ਗਿਆ ਹੈ।

ਔਰਤ ਸ਼ਬਦ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਫਾਰਸੀ ਵਲੋਂ ਆਇਆ। ਉਰਦੂ ਵਿਚ ਇਸਤਰੀ ਲਈ ਇਹ ਆਮ ਹੀ ਲਫਜ਼ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਭਗਤ ਕਬੀਰ ਅਤੇ ਗੁਰੂ ਅਰਜਨ ਦੇਵ ਵਲੋਂ ਵਰਤਿਆ ਮਿਲਦਾ ਹੈ। ਕਬੀਰ ਸਾਹਿਬ ਨੇ ਇਹ ਸ਼ਬਦ ਦੋ ਵਾਰੀ ਵਰਤਿਆ ਹੈ। ਉਨ੍ਹਾਂ ਦੀ ਪ੍ਰਸਿੱਧ ਤੁਕ ਹੈ, "ਸੁੰਨਤਿ ਕੀਏ ਤੁਰਕੁ ਜੇ ਹੋਇਗਾ, ਅਉਰਤ ਕਾ ਕਿਆ ਕਰੀਐ।" ਅਰਥਾਤ ਸੁੰਨਤ ਕਰਨ ਨਾਲ ਜੇ ਕੋਈ ਸੱਚਾ ਮੁਸਲਮਾਨ ਬਣ ਜਾਂਦਾ ਹੈ ਤਾਂ ਔਰਤ ਦਾ ਕੀ ਕੀਤਾ ਜਾਵੇ? ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ, "ਕਾਇਆ ਕਿਰਦਾਰ ਅਉਰਤ ਯਕੀਨਾ॥" ਮਤਲਬ ਮਨੁਖ ਨੂੰ ਆਪਣੀ ਦੇਹ ਹੀ ਵਫਾਦਾਰ ਪਤਨੀ ਰੂਪੀ ਬਣਾ ਲੈਣੀ ਚਾਹੀਦੀ ਹੈ।

ਮੇਰੇ ਪਿੰਡ ਵਿਚ ਇਕ ਅਨਪੜ੍ਹ ਔਰਤ ਦਾ ਪਤੀ ਬੜਾ ਪੜ੍ਹਿਆ ਲਿਖਿਆ ਸੀ। ਉਹ ਜਦ ਆਪਣੀ ਘਰਵਾਲੀ ਤੋਂ ਖਿਝਿਆ ਹੁੰਦਾ ਤਾਂ ਉਸ ਨੂੰ ਕੁਝ ਇਸ ਤਰ੍ਹਾਂ ਕੋਸਦਾ ਹੁੰਦਾ ਸੀ, "ਔਰਤ ਹੈ ਸਾਲੀ, ਗੱਲ ਮੰਨੇਗੀ ਹੀ ਨਹੀਂ।" ਉਧਰੋਂ ਔਰਤ ਵੀ ਅੱਗੋਂ ਭਬੂਕਾ ਹੋਈ ਫੱਟ ਉਤਰ ਦਿੰਦੀ, "ਨਾ ਮੈਂ ਨਹੀਂ ਤੇਰੀ ਔਰਤ ਊਰਤ।" ਉਸ ਨੂੰ ਸ਼ਾਇਦ ਲਗਦਾ ਸੀ ਕਿ ਔਰਤ ਸ਼ਬਦ ਵਿਚ ਕੋਈ ਘਟੀਆਪਣ ਦੀ ਪਾਹ ਚੜ੍ਹੀ ਹੋਈ ਹੈ। ਉਸ ਦਾ ਇਹ ਤੌਖਲਾ ਕਾਫੀ ਹੱਦ ਤੱਕ ਵਾਜਿਬ ਹੈ। ਔਰਤ ਸ਼ਬਦ ਦੇ ਪਿਛੋਕੜ ਵਿਚ ਬਹੁਤ ਤ੍ਰਿਸਕਾਰਮਈ ਅਤੇ ਚੋਭਵੇਂ ਭਾਵ ਬੈਠੇ ਹੋਏ ਹਨ। ਔਰਤ ਸ਼ਬਦ ਅਸਲ ਵਿਚ ਅਰਬੀ ਸ੍ਰੋਤ ਦਾ ਹੈ ਪਰ ਇਸ ਜ਼ਬਾਨ ਵਿਚ ਨਾ ਇਸ ਦਾ ਇਹ ਰੂਪ ਹੈ ਤੇ ਨਾ ਹੀ ਇਸਤਰੀ ਵਾਲੇ ਅਰਥ। ਅਰਬੀ ਵਿਚ ਇਕ ਸ਼ਬਦ ਹੈ "ਔਰਾਹ" ਜਿਸ ਤੋਂ ਫਾਰਸੀ ਵਿਚ ਆ ਕੇ ਇਸ ਸ਼ਬਦ ਨੇ "ਔਰਤ" ਦਾ ਰੂਪ ਧਾਰਨ ਕੀਤਾ ਤੇ ਇਸਤਰੀ ਦਾ ਅਰਥਾਵਾਂ ਬਣਿਆ। ਇਸਲਾਮੀ ਧਰਮ ਅਨੁਸਾਰ ਔਰਾਹ ਇਕ ਮਹੱਤਵਪੂਰਨ ਸੰਕਲਪ ਹੈ ਜਿਸ ਦੀ ਚਰਚਾ ਕਰਨੀ ਬਣਦੀ ਹੈ। ਔਰਾਹ ਸ਼ਬਦ ਦਾ ਧਾਤੂ ਹੈ 'ਅਵਰ' (ਐਨ-ਵਾ-ਰੇ) ਜਿਸ ਦਾ ਅਰਥ ਹੈ, ਕਾਣਾ ਹੋਣਾ ਜਾਂ ਕਰਨਾ,



ਨੁਕਸਾਨ ਪਹੁੰਚਾਉਣਾ ਜਿਸ ਤੋਂ ਇਸ ਵਿਚ ਨੁਕਸ, ਤਰੁਟੀ, ਅਧੂਰਾਪਣ, ਕਲੰਕ, ਦਾਗ, ਕਮਜ਼ੋਰੀ, ਨੰਗੇਜ ਆਦਿ ਦੇ ਭਾਵ ਵਿਕਸਿਤ ਹੋਏ। ਫਾਰਸੀ ਵਿਚ ਇਸ ਤੋਂ ਬਣੇ ਔਰਤ ਸ਼ਬਦ ਵਿਚ ਨੰਗੇਜ ਜਾਂ ਸ਼ਰਮ ਅਤੇ ਨੌਜਵਾਨ ਔਰਤ, ਮੁਟਿਆਰ ਦੇ ਭਾਵ ਆ ਗਏ। ਨੰਗਾਪਣ ਅਤੇ ਸ਼ਰਮ ਦੇ ਭਾਵ ਜੁੜਵੇਂ ਹਨ, ਧਿਆਨ ਦਿਓ ਜਦ ਬੱਚਾ ਪੂਰਾ ਨੰਗਾ ਹੋ ਜਾਂਦਾ ਹੈ ਤਾਂ ਅਸੀਂ ਕਹਿੰਦੇ ਹਾ "ਸ਼ੇਮ ਸ਼ੇਮ ਹੋ ਗਈ", ਅਰਥਾਤ ਅਸੀਂ ਬੱਚੇ ਨੂੰ ਇਕ ਤਰ੍ਹਾਂ ਨਾਲ ਇਹ ਸਿਖਾਉਂਦੇ ਹਾਂ ਕਿ ਅਲਫ ਨੰਗਾ ਹੋਣਾ ਸ਼ਰਮਨਾਕ ਗੱਲ ਹੈ। ਔਰਤ ਦਾ ਇਹ ਗੁਣ ਸਮਝਿਆ ਜਾਂਦਾ ਹੈ ਕਿ ਉਹ ਲੱਜਾ ਤੋਂ ਸੁਚੇਤ ਰਹੇ ਤੇ ਢਕੀ ਰਹੇ। ਸਾਡੇ ਸਮਾਜ ਵਿਚ ਆਦਰਸ਼ਕ ਇਸਤਰੀ ਲੱਜਾ ਦੀ ਮੂਰਤ ਹੈ, ਲੱਜਿਆਵਤੀ ਹੈ। ਅੰਗੇਰਜ਼ੀ ਸ਼ਬਦ pudendum ਦਾ ਅਰਥ ਜ਼ਨਾਨਾ ਗੁਪਤ ਅੰਗ, ਭਗ ਹੈ ਤੇ ਇਸ ਨਾਲ ਸਬੰਧਤ ਸ਼ਬਦ pudency ਦਾ ਅਰਥ ਲੱਜਾ, ਸ਼ਰਮ ਹੈ। ਇਹ ਸ਼ਬਦ ਲਾਤੀਨੀ ਅਸਲੇ ਦਾ ਹੈ ਜਿਸ ਵਿਚ ਇਸ ਦੇ ਮੁਢਲੇ ਅਰਥ ਹਨ "ਸ਼ਰਮ ਵਾਲੀ ਗੱਲ ਜਾਂ ਜਿਸ ਤੋਂ ਸ਼ਰਮ ਆਵੇ।" ਸੰਸਕ੍ਰਿਤ ਵਲੋਂ ਆਏ ਸ਼ਬਦ ਕਲੱਤਰ ਦਾ ਅਰਥ ਪਤਨੀ ਦੇ ਨਾਲ ਨਾਲ "ਜ਼ਨਾਨਾ ਗੁਪਤ ਅੰਗ" ਵੀ ਹੈ।

ਕੁਰਾਨ ਵਿਚ ਆਏ ਔਰਾਹ ਸ਼ਬਦ ਤੋਂ ਨੰਗੇਪਣ ਅਤੇ ਅਸੁਰੱਖਿਅਤ ਜਾਂ ਕਮਜ਼ੋਰ ਦੇ ਭਾਵ ਹਨ। ਹਦੀਸ਼ ਅਨੁਸਾਰ ਇਸ ਤੋਂ ਭਾਵ ਸਰੀਰ ਦੇ ਉਹ ਅੰਗ ਹਨ ਜੋ ਕੱਜੇ ਜਾਣੇ ਚਾਹੀਦੇ ਹਨ। ਅਸੀਂ ਇਸ ਨੂੰ ਨੰਗ ਵੀ ਕਹਿ ਸਕਦੇ ਹਾਂ। ਕੱਜਣਯੋਗ ਅੰਗ ਜਾਂ ਸਰੀਰ ਦਾ ਹਿੱਸਾ ਔਰਤ ਤੇ ਮਰਦ ਲਈ ਵਖੋ ਵੱਖ ਹਨ। ਮੁਕਾਮੀ ਰਵਾਇਤਾਂ ਕਾਰਨ ਵੀ ਫਰਕ ਹੋ ਸਕਦਾ ਹੈ। ਮੋਟੇ ਤੌਰ 'ਤੇ ਮਰਦਾਂ ਲਈ ਧੁੰਨੀ ਤੋਂ ਗੋਡਿਆਂ ਤੱਕ ਦੇ ਸਰੀਰ ਨੂੰ ਢਕਣਾ ਯੋਗ ਹੈ ਜਦ ਕਿ ਔਰਤ ਲਈ ਮੂੰਹ ਤੋਂ ਬਿਨਾ ਬਾਕੀ ਸਾਰਾ ਸਰੀਰ ਹੀ ਕੱਜਣਾ ਸ਼ੋਭਨੀਕ ਹੈ। ਨਕਾਬ ਪਹਿਨਣ ਵਾਲੀਆਂ ਮੁਸਲਮਾਨ ਔਰਤਾਂ ਦੀਆਂ ਤਾਂ ਅੱਖਾਂ ਹੀ ਦਿਸਦੀਆਂ ਹੁੰਦੀਆਂ ਹਨ। ਇਸ ਲਈ ਕਈਆਂ ਅਨੁਸਾਰ ਔਰਾਹ ਸ਼ਬਦ ਦੇ ਕਾਣਾਪਨ ਵਾਲੇ ਅਰਥ ਇਥੋਂ ਵਿਕਸਤ ਹੋਏ ਮੰਨੇ ਜਾਂਦੇ ਹਨ, ਪਰ ਸੱਚਾਈ ਇਸ ਤੋਂ ਉਲਟ ਜਾਪਦੀ ਹੈ। ਭਾਵੇਂ ਇਸਲਾਮਕ ਹਦਾਇਤਾਂ ਅਨੁਸਾਰ ਔਰਾਹ ਸ਼ਬਦ ਮਰਦਾਂ ਤੇ ਔਰਤਾਂ-ਦੋਵਾਂ ਦੇ ਨੰਗੇਪਣ ਵੱਲ ਸੰਕੇਤ ਕਰਦਾ ਹੈ ਪਰ ਇਸ ਵਿਚ ਵਧੇਰੇ ਜ਼ੋਰ ਔਰਤਾਂ 'ਤੇ ਹੀ ਹੈ। ਕੁਝ ਹਦਾਇਤਾਂ ਦਾ ਜ਼ਿਕਰ ਕਰਦੇ ਹਾਂ। ਨਮਾਜ਼ ਵਕਤ ਚਿਹਰੇ ਤੇ ਹੱਥਾਂ ਤੋਂ ਬਿਨਾਂ ਔਰਤਾਂ ਦਾ ਸਾਰਾ ਜਿਸਮ ਕੱਜਿਆ ਹੋਣਾ ਚਾਹੀਦਾ ਹੈ। ਮੱਥਾ ਅਤੇ ਠੋਡੀ ਵੀ ਢਕੀ ਹੋਣੀ ਚਾਹੀਦੀ ਹੈ। ਗੁਸਲ ਆਦਿ ਤੋਂ ਬਿਨਾਂ ਮਰਦ ਔਰਤਾਂ ਲਈ ਹਮੇਸ਼ਾ ਆਪਣਾ ਨੰਗ ਢਕ ਕੇ ਰੱਖਣ ਦੀ ਹਦਾਇਤ ਹੈ। ਔਰਤ ਨੂੰ ਉਸ ਬੱਚੇ ਅੱਗੇ ਵੀ ਔਰਾਹ ਨਿਭਾਉਣਾ ਚਾਹੀਦਾ ਹੈ ਜੋ ਖੁਦ ਔਰਾਹ ਬਾਰੇ ਸੁਚੇਤ ਹੈ। ਕੁਝ ਇਸਲਾਮੀ ਵਿਦਵਾਨਾਂ ਅਨੁਸਾਰ ਔਰਤ ਦੀ ਆਵਾਜ਼ ਵੀ ਔਰਾਹ ਦੇ ਘੇਰੇ ਵਿਚ ਆਉਂਦੀ ਹੈ। ਔਰਤ ਲਈ ਮਧੁਰ, ਮੰਦ ਅਤੇ ਮਰਦ-ਭਰਮਾਵੀਂ ਆਵਾਜ਼ ਵਿਚ ਬੋਲਣ ਤੋਂ ਮਨਾਹੀ ਹੈ।

ਚਲਦੇ-ਚਲਦੇ ਮੈਂ ਇਕ ਸੁਝਾਅ ਦੇਣਾ ਚਾਹੁੰਦਾ ਹਾਂ। ਮਾਰੂ ਸੋਲਹੇ ਵਿਚ ਗੁਰੂ ਅਰਜਨ ਦੇਵ ਔਰਤ ਦਾ ਬਹੁਵਚਨ 'ਅਉਰਾਤ' ਸ਼ਬਦ ਵਰਤਦੇ ਹਨ, "ਦਸ ਅਉਰਾਤ ਰਖਹੁ ਬਦ ਰਾਹੀ।" ਇਥੇ ਇਸ ਦਾ ਅਰਥ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਮਨੁਖ ਦੀਆਂ ਦਸ ਇੰਦਰੀਆਂ ਹੀ ਔਰਤਾਂ ਦੇ ਨਿਆਈ ਹਨ ਅਰਥਾਤ ਜਿਨ੍ਹਾਂ ਨਾਲ ਪਦਾਰਥਕ ਜਗਤ ਦੇ ਵਿਸ਼ੇ ਵਸਤੂ ਭੋਗੇ ਜਾਂਦੇ ਹਨ ਅਤੇ ਮਨੁਖ ਨੂੰ ਇਨ੍ਹਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਪਦ ਵਿਚ ਸਾਰੇ ਇਸਲਾਮੀ ਪ੍ਰਸੰਗ ਹਨ। ਸੋ ਕਿਉਂ ਨਾ ਇਸ ਦਾ ਅਰਥ ਔਰਾਹ ਜਿਹਾ ਕੀਤਾ ਜਾਵੇ ਅਰਥਾਤ ਢਕਣਯੋਗ ਅੰਗ, ਭਗ, ਕਮਜ਼ੋਰੀਆਂ, ਖਰਾਬੀਆਂ ਭਾਵੇਂ ਸੰਕੇਤ ਫਿਰ ਵੀ ਦਸ ਇੰਦਰੀਆਂ ਵੱਲ ਹੀ ਹੋਵੇ ਜੋ ਮਨੁਖ ਨੂੰ ਕਮਜ਼ੋਰੀਆਂ ਵੱਲ ਖਿਚਦੀਆਂ ਹਨ।

ਔਰਾਹ ਹਦਾਇਤਾਂ ਵਿਚ ਬਹੁਤਾ ਜ਼ੋਰ ਔਰਤ ਦੇ ਨੰਗੇਜ ਬਾਰੇ ਹੋਣ ਕਾਰਨ ਇਹ ਸ਼ਬਦ ਫਾਰਸੀ ਵਿਚ ਔਰਤ ਦੇ ਰੂਪ ਵਿਚ ਆ ਕੇ ਇਸਤਰੀ ਦਾ ਹੀ ਅਰਥਾਵਾਂ ਬਣ ਗਿਆ। ਔਰਤ ਸ਼ਬਦ ਦੇ ਭਾਵ ਇਥੇ ਹੀ ਸਪੱਸ਼ਟ ਹੁੰਦੇ ਹਨ ਅਰਥਾਤ ਉਹ ਜੋ ਆਪਣਾ ਸਾਰਾ ਸਰੀਰ ਢਕੀ ਰੱਖੇ। ਅਰਬੀ ਤੋਂ ਭੇਸ ਬਦਲ ਕੇ ਫਾਰਸੀ ਵਿਚ ਆਇਆ ਇਹ ਸ਼ਬਦ ਅੱਗੋਂ ਉਰਦੂ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਦਾਖਿਲ ਹੋਇਆ। ਇਸ ਚਰਚਾ ਤੋਂ ਇਹ ਸਿੱਟਾ ਨਹੀਂ ਕੱਢਿਆ ਜਾਣਾ ਚਾਹੀਦਾ ਕਿਉਂਕਿ ਔਰਤ ਸ਼ਬਦ ਪਿਛੇ ਨੰਗੇਜ, ਅਪੂਰਨਤਾ, ਨੁਕਸ, ਸ਼ਰਮ ਆਦਿ ਦੇ ਭਾਵ ਹਨ ਇਸ ਲਈ ਇਸ ਨੂੰ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਕੁਝ ਹਲਕਿਆਂ ਵਲੋਂ ਅਜਿਹਾ ਪ੍ਰਚਾਰ ਕੀਤਾ ਜਾਂਦਾ ਹੈ ਪਰ ਅਸੀਂ ਸਮਝਦੇ ਹਾਂ ਕਿ ਸ਼ਬਦਾਂ ਨੂੰ ਇਨ੍ਹਾਂ ਦੇ ਵਰਤਮਾਨ ਅਰਥਾਂ ਵਿਚ ਹੀ ਲਿਆ ਜਾਣਾ ਚਾਹੀਦਾ ਹੈ ਜਿਸ ਅਨੁਸਾਰ ਔਰਤ ਸ਼ਬਦ ਓਨਾ ਹੀ ਸਨਮਾਨਸੂਚਕ ਹੈ ਜਿੰਨਾ ਇਸਤਰੀ, ਨਾਰੀ ਜਾਂ ਫਾਰਸੀ ਸਰੋਤ ਵਾਲੇ ਜ਼ਨਾਨੀ, ਖਾਨਮ ਆਦਿ। ਪਤਨੀ ਲਈ ਅੰਗਰੇਜ਼ੀ ਸ਼ਬਦ wife ਦੀ ਕੁਝ ਵਿਦਵਾਨਾਂ ਅਨੁਸਾਰ ਕੀਤੀ ਜਾਂਦੀ ਨਿਰੁਕਤੀ ਅਨੁਸਾਰ ਵੀ ਇਸ ਪਿਛੇ ਕੋਈ ਸੁਖਾਵੇਂ ਭਾਵ ਨਹੀਂ। ਇਹ ਸ਼ਬਦ ਪ੍ਰਾਕ-ਜਰਮੈਨਿਕ ਮੂਲ ਦਾ ਹੈ। ਇਕ ਤਜਵੀਜ਼ ਅਨੁਸਾਰ ਇਹ ਸ਼ਬਦ ਭਾਰੋਪੀ ਮੂਲ 'weip' ਤੋਂ ਵਿਕਸਿਤ ਹੋਇਆ ਹੈ ਜਿਸ ਦਾ ਅਰਥ ਹੁੰਦਾ ਹੈ- ਵਲਣਾ, ਮੋੜਨਾ, ਲਪੇਟਣਾ। ਇਥੇ ਲੁਕਿਆ ਸੰਕੇਤ "ਲਪੇਟਿਆ, ਪਰਦਾਨਸ਼ੀਨ ਜਾਂ ਕੱਜਿਆ ਵਿਅਕਤੀ" ਵੱਲ ਹੈ। ਇਕ ਹੋਰ ਸੁਝਾਅ ਅਨੁਸਾਰ ਇਸ ਦਾ ਮੂਲ ਹੈ 'ghwibh' ਜਿਸ ਦਾ ਅਰਥ ਸ਼ਰਮ-ਸੰਗ ਵੀ ਹੈ ਤੇ ਗੁਪਤ ਅੰਗ ਵੀ। ਸ਼ਰਮ-ਭਗ-ਇਸਤਰੀ ਦਾ ਸੰਯੋਗ ਕਈ ਭਾਸ਼ਾਵਾਂ ਦੇ ਕਈ ਸ਼ਬਦਾਂ ਵਿਚ ਮਿਲਦਾ ਹੈ।

# ਸਿਮਟੀ ਧੁੱਪ ਪਸਰੇ ਪਰਛਾਵੇਂ

(ਪਿਛਲੇ ਸਫੇ ਦੀ ਬਾਕੀ)

ਫੈਸਲਾਕੁਨ ਆਵਾਜ਼ ਆਈ, "ਵਿਆਹ ਤਾਂ ਕਰਨਾ ਹੀ ਪੈਣਾ। ਕਦੇ ਨਾ ਕਦੇ। ਨਹੀਂ, ਮੈਂ ਵਿਆਹ ਕਰਾਂਗੀ।" ਤੇ ਇਸ ਤੋਂ ਪਿਛੋਂ ਉਹ ਬਹੁਤ ਥੱਕੇ ਕਦਮਾਂ ਨਾਲ ਤੁਰ ਕੇ ਕਮਰੇ 'ਚੋਂ ਨਿਕਲ ਗਈ ਸੀ।

ਯਾਸਮੀਨ ਦਾ ਵਿਆਹ ਹੋਇਆ ਅਤੇ ਉਹ ਨਜ਼ਰਾਂ ਤੋਂ ਲੋਪ ਹੋ ਗਈ। ਜ਼ਮੀਲ ਵਿਆਹ ਸਮੇਂ ਨਹੀਂ ਸੀ ਆ ਸਕਿਆ, ਪਰ ਉਸ ਨੇ ਉਥੋਂ ਸਾਰੀਆਂ ਇੰਪੋਰਟਿਡ ਵਸਤਾਂ ਭੇਜੀਆਂ ਸਨ। ਸਮਾਂ ਬਤੀਤ ਹੁੰਦਾ ਗਿਆ... ਮੈਂ ਕਦੇ-ਕਦੇ ਯਾਸਮੀਨ ਨੂੰ ਮਿਲਣ ਚਲਿਆ ਜਾਂਦਾ ਸੀ। ਯਾਸਮੀਨ ਜਿੰਨੀ ਗੰਭੀਰ ਸੀ, ਉਸ ਦਾ ਪਤੀ ਓਨਾ ਹੀ ਹਸੰਦੜਾ ਅਤੇ ਤੇਜ਼-ਤਰਾਰ ਤਬੀਅਤ ਦਾ ਮਾਲਕ ਸੀ। ਮਿਲਣ 'ਤੇ ਉਹ ਮੇਰੇ ਕੋਲ ਯਾਸਮੀਨ ਦੀਆਂ ਸ਼ਿਕਾਇਤਾ ਕਰਦਾ, "ਯਾਰ, ਤੁਹਾਡੀ ਯਾਸਮੀਨ ਵਿਚ ਤਾਂ ਤੀਵੀਆਂ ਵਾਲੀ ਗੱਲ ਹੀ ਨਹੀਂ ਹੈ। ਇਸ ਨੂੰ ਤਾਂ ਫ਼ਿਲਾਸਫ਼ਰ ਹੋਣਾ ਚਾਹੀਦਾ ਸੀ।"

ਅਰੰਭ ਵਿਚ ਤਾਂ ਉਹ ਅਜਿਹੀਆਂ ਗੱਲਾਂ ਹਾਸੇ-ਠੱਠੇ ਵਿਚ ਕਰਦਾ ਸੀ। ਪਰ ਫ਼ਿਰ ਹੌਲੀ-ਹੌਲੀ ਮੈਨੂੰ ਅਹਿਸਾਸ ਹੋਣ ਲੱਗਿਆ ਕਿ ਹੁਣ ਉਸ ਦੇ ਢੰਗ ਵਿਚ ਸ਼ਿਕਾਇਤ ਜਿਹੀ ਹੋਣ ਲੱਗ ਗਈ ਸੀ। ਯਾਸਮੀਨ ਭਾਵੇਂ ਪਹਿਲਾਂ ਤੋਂ ਹੀ ਬਹੁਤ ਘੱਟ ਗੱਲਾਂ ਕਰਨ ਵਾਲੀ, ਬਹੁਤ ਗੰਭੀਰ ਅਤੇ ਬਹੁਤ ਸਾਦਾ ਜਿਹੀ ਕੁੜੀ ਸੀ, ਪਰ ਵਿਆਹ ਤੋਂ ਪਿਛੋਂ ਤਾਂ ਸਭ ਗੱਲਾਂ ਆਪਣੀ ਸਿਖਰ 'ਤੇ ਪਹੁੰਚ ਚੁੱਕੀਆਂ ਸਨ ਅਤੇ ਇਨ੍ਹਾਂ ਵਿਚ ਇਕ ਤਰ੍ਹਾਂ ਸੋਕਾ ਆਉਂਦਾ ਜਾਂਦਾ ਸੀ।

ਇਸ ਸਮੇਂ ਦੇ ਵਿਚਕਾਰ ਮੈਂ ਕਈ ਮਹੀਨੇ ਯਾਸਮੀਨ ਦੇ ਨਹੀਂ ਜਾ ਸਕਿਆ। ਮੈਨੂੰ ਇਸ ਦੇ ਸ਼ਹਿਰ ਦੇ ਬਾਰੇ ਬੜੀਆਂ ਹੈਰਾਨ ਕਰਨ ਵਾਲੀਆਂ ਅਤੇ ਗ਼ਲਤ ਕਿਸਮ ਦੀਆਂ ਖਬਰਾਂ ਮਿਲਣ ਲੱਗੀਆਂ। ਕੋਈ ਕਹਿੰਦਾ, ਉਸ ਦਾ ਪਤੀ ਸ਼ਰਾਬ ਪੀਣ ਲੱਗ ਪਿਆ ਹੈ। ਕਿਸੇ ਤੋਂ ਪਤਾ ਲੱਗਦਾ, ਉਹ ਭੈੜੀਆਂ ਇਸਤਰੀਆਂ ਦੇ ਚੱਕਰਾਂ ਵਿਚ ਪੈ ਗਿਆ ਹੈ ਅਤੇ ਖੁੱਲ੍ਹੇ ਤੌਰ 'ਤੇ ਉਨ੍ਹਾਂ ਨਾਲ ਘੁੰਮਦਾ ਫ਼ਿਰਦਾ ਹੈ। ਮੈਨੂੰ ਅਜਿਹੀਆਂ ਗੱਲਾਂ 'ਤੇ ਭੋਰਾ ਵੀ ਵਿਸ਼ਵਾਸ ਨਹੀਂ ਸੀ ਹੋਣਾ, ਜੇ ਮੈਂ ਇਕ ਦਿਨ ਖੁਦ ਆਪਣੀਆਂ ਅੱਖਾਂ ਨਾਲ ਉਹਨੂੰ ਕਿਸੇ ਇਸਤਰੀ ਨਾਲ ਰਿਕਸ਼ੇ ਵਿਚ ਜਾਂਦਿਆਂ ਨਾ ਦੇਖ ਲਿਆ ਹੁੰਦਾ।

ਇਸ ਮਾਮਲੇ ਵਿਚ ਮੈਂ ਯਾਸਮੀਨ ਨਾਲ ਗੱਲ ਕਰਨਾ ਠੀਕ ਸਮਝਿਆ। ਇਸ ਸਮੇਂ ਉਹ 'ਨਾਸਰ ਕਦਾ' ਵਿਚ ਹੀ ਸੀ। ਉਸ ਦੀ ਸੁੰਦਰਤਾ ਪੱਤਝੜ ਦੇ ਪੱਤੇ ਵਾਂਗ ਪੀਲੀ ਹੋ ਗਈ ਸੀ। ਸਿਹਤ ਵੀ ਚੰਗੀ ਨਹੀਂ ਸੀ। ਅੱਖਾਂ ਦੁਆਲੇ ਕਾਲੇ ਘੇਰੇ ਪੈ ਗਏ ਸਨ, ਪਰ ਅੱਖਾਂ ਹੁਣ ਤੱਕ ਚਮਕੀਲੀਆਂ ਸਨ। ਇਕੱਲ ਵਿਚ ਮੈਂ ਉਹਨੂੰ ਸਮਝਾਉਣ ਦਾ ਯਤਨ ਕੀਤਾ ਕਿ ਤੂੰ ਆਪਣੇ ਵਰਤਾਰੇ ਵਿਚ ਫ਼ਰਕ ਕਿਉਂ ਨਹੀਂ ਪਾਉਂਦੀ? ਜੇ ਇਹੀ ਹਾਲ ਰਿਹਾ ਤਾਂ ਤੁਹਾਡੀ ਗ੍ਰਹਿਸਥੀ ਨਸ਼ਟ ਹੋ ਜਾਵੇਗੀ।

"ਉਹ ਆਦਮੀ ਮੈਨੂੰ ਪਤਨੀ ਨਹੀਂ, ਵੇਸਵਾ ਵਾਂਗ ਵਰਤਣਾ ਚਾਹੁੰਦਾ ਹੈ।" ਯਾਸਮੀਨ ਦੇ ਬੋਲਾਂ ਵਿਚ ਕੋਈ ਅਜਿਹੀ ਗੱਲ ਸੀ ਜਿਸ ਨੂੰ ਅਨੁਭਵ ਕਰ ਕੇ ਵੱਸੋਂ ਬਾਹਰ ਹੋਇਆ ਮੇਰਾ ਦਿਲ ਚਾਹ ਰਿਹਾ ਸੀ ਕਿ ਮੈਂ ਭੁੱਬਾਂ ਮਾਰ ਕੇ ਰੋਵਾਂ। ਇਸ ਇਕ ਵਾਕ ਨੇ ਮੇਰੇ ਸਾਹਮਣੇ ਉਸ ਦੇ ਪਤੀ ਦੇ ਵਰਤ-ਵਰਤਾਰੇ ਬਾਰੇ ਕੁਝ ਇਸ ਤਰ੍ਹਾਂ ਰੱਖ ਦਿੱਤਾ ਸੀ ਕਿ ਸਭ ਕੁਝ ਸਾਫ਼-ਸਾਫ਼ ਦੇਖ ਸਕਦਾ ਸੀ, ਸਮਝ ਸਕਦਾ ਸੀ ਅਤੇ ਅਨੁਭਵ ਕਰ ਸਕਦਾ ਸੀ। ਇਸ ਇਕ ਵਾਕ ਪਿਛੋਂ ਮੇਰੇ ਕੋਲ ਕਹਿਣ ਲਈ ਕੁਝ ਵੀ ਨਹੀਂ ਸੀ; ਅਜਿਹਾ ਕੁਝ ਜਿਸ ਨੂੰ ਕਹਿ ਕੇ ਯਾਸਮੀਨ ਦੇ ਧੁਖਦੇ ਦਿਲ 'ਤੇ ਠੰਢਕ ਦੀ ਵਾਛੜ ਕਰ ਸਕਾਂ। ਮੈਨੂੰ ਅਹਿਸਾਸ ਹੋਇਆ ਕਿ ਮੇਰੀ ਡਰਪੋਕ ਚੁੱਪ ਨੇ ਅੱਜ ਮੈਨੂੰ ਅਜਿਹਾ ਮੁਜਰਮ, ਅਜਿਹਾ ਗੁਨਾਹਗਾਰ ਬਣਾ ਦਿੱਤਾ ਹੈ ਕਿ ਹੁਣ ਆਪਣੀ ਜਾਨ ਦੇ ਕੇ ਵੀ ਮੈਂ ਘਾਟਾ ਪੂਰਾ ਨਹੀਂ ਕਰ ਸਕਦਾ।

"ਤੂੰ ਵਿਆਹ ਕਦੋਂ ਕਰ ਰਿਹਾ ਏਂ?" ਅਚਾਨਕ ਇਸ ਗੱਲ ਤੋਂ ਹਟ ਕੇ ਯਾਸਮੀਨ ਦਾ ਇਹ ਸਵਾਲ ਮੈਨੂੰ ਅਜਿਹੇ ਕਰਜ਼ੇ ਦੀ ਅਦਾਇਗੀ ਲੱਗੀ ਸੀ ਜੋ ਠੀਕ ਸਹੀ ਸਮੇਂ ਚੁਕਾਇਆ ਗਿਆ ਹੋਵੇ। ਉਤਰ ਵਿਚ ਮੇਰੀਆਂ ਅੱਖਾਂ ਭਿੱਜ ਗਈਆਂ ਸਨ ਅਤੇ ਬੁੱਲ੍ਹ ਸੀਤੇ ਗਏ ਸਨ।

ਯਾਸਮੀਨ ਨਾਲ ਮੇਰਾ ਆਖ਼ਰੀ ਮੇਲ ਹਫ਼ਤਾ ਪਹਿਲਾਂ ਹੋਇਆ ਸੀ। ਕਿਸੇ ਸੋਚ ਵਿਚ ਡੁੱਬਿਆਂ 'ਬੁੱਕ ਇਸਪੋਰੀਅਮ' ਦੀਆਂ ਪੌੜੀਆਂ ਚੜ੍ਹ ਰਿਹਾ ਸੀ, ਕਿ ਕਿਸੇ ਨਾਲ ਟਕਰਾ ਗਿਆ। ਤ੍ਰਭਕ ਕੇ ਦੇਖਿਆ, ਸਾਹਮਣੇ ਯਾਸਮੀਨ ਖੜ੍ਹੀ ਸੀ। ਉਸ ਦੇ ਹੱਥੋਂ ਪੁਸਤਕ ਛੁੱਟ ਕੇ ਡਿੱਗ ਪਈ ਸੀ ਜਿਸ ਨੂੰ ਝੁਕ ਕੇ ਮੈਂ ਚੁੱਕਿਆ, ਪਲਟ ਕੇ ਦੇਖਿਆ। ਸਿਰਲੇਖ ਸੀ- 'ਸਫ਼ਲ ਵਿਆਹੁਤਾ ਜ਼ਿੰਦਗੀ ਦੇ ਰਾਜ਼।' ਮੇਰੇ ਬੁੱਲ੍ਹਾਂ 'ਤੇ ਥੋੜ੍ਹੀ ਜਿਹੀ ਮੁਸਕਾਨ ਆਈ ਕਿ ਯਾਸਮੀਨ ਹੁਣ ਪੂਰੀ ਲਗਨ ਨਾਲ ਘਰ-ਬਾਰ ਸੰਵਾਰਨ ਵਿਚ ਲੱਗ ਗਈ ਸੀ। ਯਾਸਮੀਨ ਵੀ ਮੁਸਕਰਾ ਰਹੀ ਸੀ, ਤੇ ਸ਼ਾਇਦ ਖੁਸ਼ ਵੀ ਸੀ। ਉਸ ਦਿਨ ਕਾਫ਼ੀ ਹਾਊਸ ਵਿਚ ਬੈਠ ਕੇ ਅਸੀਂ ਬਹੁਤ ਦੇਰ ਤੱਕ ਗੱਲਾਂ ਕਰਦੇ ਰਹੇ। ਪਤਾ ਲੱਗਿਆ ਕਿ ਅਜੇ ਤੱਕ ਪਤੀ ਵਿਚ ਕੋਈ ਬਦਲਾਓ ਨਹੀਂ ਆਇਆ ਹੈ।

"ਪਰ ਮੈਂ ਹੌਲੀ-ਹੌਲੀ ਉਨ੍ਹਾਂ ਨੂੰ ਠੀਕ ਕਰ ਲਵਾਂਗੀ।" ਯਾਸਮੀਨ ਦੇ ਬੋਲਾਂ ਵਿਚ ਭਰੋਸਾ ਝਲਕ ਰਿਹਾ ਸੀ।

"ਖੁਦਾ ਨੇ ਚਾਹਿਆ ਤਾਂ ਤੈਨੂੰ ਜ਼ਰੂਰ ਸਫ਼ਲਤਾ ਮਿਲੇਗੀ।" ਮੈਂ ਸਾਫ਼ ਦਿਲ ਤੋਂ ਕਿਹਾ ਸੀ।

ਉਸ ਦਿਨ ਉਸ ਦੀਆਂ ਗੱਲਾਂ ਤੋਂ ਮੈਨੂੰ ਅੰਦਾਜ਼ਾ ਹੋਇਆ ਕਿ ਉਹ ਮਾਂ ਬਣਨ ਵਾਲੀ ਹੈ ਅਤੇ ਮੈਨੂੰ ਉਸ ਦੀ ਇਸ ਤਬਦੀਲੀ 'ਤੇ ਜੋ ਹੈਰਾਨੀ ਹੋ ਰਹੀ ਸੀ, ਉਹ ਇਕਦਮ ਮੁੱਕ ਗਈ ਕਿ ਇਸਤਰੀ ਜਦੋਂ ਮਾਂ ਦਾ ਰੂਪ ਧਾਰਦੀ ਹੈ ਤਾਂ ਉਹ ਅਜਿਹੀ ਹਸਤੀ ਬਣ ਜਾਂਦੀ ਹੈ ਜਿਸ ਦੇ ਅੰਦਰ ਪਿਆਰ ਹੁੰਦਾ ਹੈ ਅਤੇ ਖੁੱਲ੍ਹਦਿਲੀ ਅਤੇ ਉਸ ਤੋਂ ਬਿਨਾਂ ਉਸ ਦੇ ਅੰਦਰ ਕੋਈ ਵੀ ਭਾਵਨਾ ਨਹੀਂ ਹੁੰਦੀ।

ਅੱਜ ਸਵੇਰੇ-ਸਵੇਰੇ ਯਾਸਮੀਨ ਦੇ ਪਿਤਾ ਆਏ ਸੀ। ਮਦਹੋਸ਼, ਪ੍ਰੇਸ਼ਾਨ ਅਤੇ ਹੰਝੂ ਕੇਰਦੇ ਹੋਏ, "ਯਾਸਮੀਨ ਨੇ ਮਿੱਟੀ ਦਾ ਤੇਲ ਪਾ ਕੇ ਆਤਮ-ਹੱਤਿਆ ਕਰ ਲਈ।"

ਇਕ ਬੰਬ ਸੀ ਜੋ ਮੇਰੇ ਦਿਮਾਗ਼ 'ਤੇ ਡਿੱਗਿਆ ਅਤੇ ਸਾਰੇ ਸਰੀਰ ਨੂੰ ਹਿਲਾ ਕੇ ਰੱਖ ਦਿੱਤਾ।

"ਯਾਸਮੀਨ ਆਤਮ-ਹੱਤਿਆ ਨਹੀਂ ਕਰ ਸਕਦੀ।" ਮੈਂ ਪੂਰੇ ਭਰੋਸੇ ਨਾਲ ਕਿਹਾ ਸੀ। ਮੈਂ ਜਿਹੜਾ ਹਫ਼ਤਾ ਪਹਿਲਾਂ ਹੀ ਯਾਸਮੀਨ ਨੂੰ ਮਿਲਿਆ ਸੀ ਅਤੇ ਉਹਦੇ ਨਾਲ ਗੱਲਾਂ ਕੀਤੀਆਂ ਸਨ। ਉਸ ਨੇ ਭਵਿੱਖ ਦੇ ਜਿਹੜੇ ਸੁਪਨੇ ਦੇਖੇ ਸੀ, ਉਹ ਸੁਣੇ ਸਨ। ਮੈਂ ਕਿਵੇਂ ਵਿਸ਼ਵਾਸ ਕਰ ਲੈਂਦਾ ਕਿ ਯਾਸਮੀਨ ਨੇ ਆਤਮ-ਹੱਤਿਆ ਕੀਤੀ ਹੈ। ਹਰ ਰੋਜ਼ ਅਖਬਾਰਾਂ ਵਿਚ ਛਪਣ ਵਾਲੀਆਂ ਸੁਰਖੀਆਂ ਮੇਰੀਆਂ ਅੱਖਾਂ ਸਾਹਮਣੇ ਚੱਕਰ ਵਿਚ ਨੱਚਣ ਲੱਗੀਆਂ ਅਤੇ ਮੈਂ ਯਾਸਮੀਨ ਦੇ ਪਿਤਾ ਨਾਲ ਹਸਪਤਾਲ ਜਾ ਪਹੁੰਚਿਆ ਸੀ।

ਡੂੰਘਾ ਸਾਹ ਲੈ ਕੇ ਸੋਚਦਾ ਹਾਂ, "ਯਾਸਮੀਨ ਨੇ ਜਿਵੇਂ ਚੁੱਪ ਜ਼ਿੰਦਗੀ ਬਤੀਤ ਕੀਤੀ, ਉਸੇ ਤਰ੍ਹਾਂ ਚੁੱਪ ਖਬਰ ਵੀ ਬਣ ਕੇ ਰਹਿ ਗਈ, ਉਨ੍ਹਾਂ ਬੇਅੰਤ ਖਬਰਾਂ ਵਾਂਗ ਜਿਨ੍ਹਾਂ ਦੀਆਂ ਸੁਰਖੀਆਂ ਅਖਬਾਰਾਂ ਦੀ ਜ਼ੀਨਤ ਨਹੀਂ ਬਣਦੀਆਂ।"

ਇਕ ਕਰਾਹ ਦੇ ਨਾਲ ਮੈਂ ਕੁਰਸੀਆਂ ਤੋਂ ਉਠਿਆ ਹਾਂ। ਪਸਰੀ ਹੋਈ ਚੁੱਪ ਹੁਣ ਸਿਮਟ ਕੇ ਸੂਰਜ ਦੀ ਕੁੱਖ ਵਿਚ ਸਮਾ ਚੁੱਕੀ ਹੈ ਅਤੇ ਸੂਰਜ ਹੌਲੀ-ਹੌਲੀ ਛੁਪਦਾ ਜਾ ਰਿਹਾ ਹੈ। ਹਨੇਰੇ ਦੇ ਪਰਛਾਵੇਂ ਚਾਰੇ ਪਾਸੇ ਪਸਰਨ ਲੱਗੇ ਹਨ। ਸਾਹਮਣੇ ਸੜਕ ਦੇ ਦੋਵੇਂ ਪਾਸੇ ਲੱਗੇ ਲੈਂਪ ਪੋਲ ਚਮਕਣ ਲੱਗੇ ਸਨ ਅਤੇ ਜ਼ਿੰਦਗੀ ਹਾਸੇ ਬਿਖੇਰਦੀ ਹੋਈ ਜਵਾਨ ਹੋ ਰਹੀ ਸੀ, ਪਰ ਹਵਾ ਦੇ ਤੇਜ਼ ਬੁੱਲਿਆਂ ਵਿਚ ਪਿੱਪਲ ਦੇ ਸੁੱਕੇ ਪੱਤਿਆਂ ਦਾ ਝੜਨਾ ਅਜੇ ਤੱਕ ਚੱਲ ਰਿਹਾ ਹੈ।



# ਹੈਮਲਟ ਤੋਂ ਹੈਦਰ

## ਕਸ਼ਮੀਰੀਆਂ ਦੀ ਹੋਣੀ ਦੀ ਕਥਾ

*ਫਿਲਮ 'ਹੈਦਰ' ਬਾਰੇ ਸਭ ਤੋਂ ਪਹਿਲੀ ਗੱਲ- ਇਹ ਫਿਲਮ ਦੇਖਣ ਵਾਲੀ ਹੈ। ਫਿਲਮਸਾਜ਼-ਸੰਗੀਤਕਾਰ ਵਿਸ਼ਾਲ ਭਾਰਦਵਾਜ ਨੇ ਸ਼ੇਕਸਪੀਅਰ ਦੇ 'ਹੈਮਲਟ' ਨੂੰ ਜਿਸ ਢੰਗ ਨਾਲ ਕਸ਼ਮੀਰ ਵਿਚ ਲਿਆ ਕੇ ਹੈਦਰ ਵਜੋਂ ਪੇਸ਼ ਕੀਤਾ ਹੈ, ਉਹ ਕਥਾ ਬੜੀ ਦਿਲਚਸਪ ਹੈ। ਇਸ ਫਿਲਮ ਦੀ ਰੱਜ ਕੇ ਤਾਰੀਫ ਵੀ ਹੋਈ ਹੈ ਅਤੇ ਤੱਥਾਂ ਪੱਖੋਂ ਨੁਕਤਾਚੀਨੀ ਵੀ ਬਥੇਰੀ ਹੋਈ ਹੈ, ਪਰ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਕਲਾਕਾਰਾਂ ਦੀ ਵੀ ਕੋਈ ਸੀਮਾ ਹੁੰਦੀ ਹੈ। ਇਸ ਪੱਖ ਤੋਂ ਵਿਸ਼ਾਲ ਨੇ ਗੁੰਗੀ ਨਹੀਂ, ਬੋਲਦੀ ਫਿਲਮ ਬਣਾਈ ਹੈ।*

ਤਕਰੀਬਨ ਚੱਪਾ ਸਦੀ ਤੋਂ ਕਸ਼ਮੀਰ ਹਿੰਸਾ ਦੇ ਦੌਰ ਵਿਚੋਂ ਲੰਘ ਰਿਹਾ ਹੈ। ਸੁਰੱਖਿਆ ਦਸਤਿਆਂ ਨੇ ਉਥੇ ਜਿੰਨੀ ਤਬਾਹੀ ਮਚਾਈ ਹੈ, ਕਸ਼ਮੀਰੀਆਂ ਦਾ ਮਨੋਬਲ ਤੋੜਨ ਲਈ ਜਿਸ ਤਰ੍ਹਾਂ ਦੇ ਵਹਿਸ਼ੀ ਕਾਰੇ ਉਨ੍ਹਾਂ ਦੀਆਂ ਤ੍ਰੀਮਤਾਂ ਨਾਲ ਕੀਤੇ ਹਨ, ਉਨ੍ਹਾਂ ਬਾਰੇ ਪੜ੍ਹ-ਸੁਣ ਕੇ ਹਰ ਸੰਵੇਦਨਸ਼ੀਲ ਬੰਦੇ ਦੀਆਂ ਚੀਕਾਂ ਨਿਕਲ ਜਾਂਦੀਆਂ ਹਨ। ਫਿਲਮਸਾਜ਼ ਵਿਸ਼ਾਲ ਭਾਰਦਵਾਜ ਦੀ ਗਾਇਕ ਪਤਨੀ ਰੇਖਾ ਭਾਰਦਵਾਜ ਨੇ ਜਦੋਂ ਕਸ਼ਮੀਰੀ ਪੱਤਰਕਾਰ ਬਸ਼ਾਰਤ ਪੀਰ ਵੱਲੋਂ ਲਿਖੀ ਯਾਦਾਂ ਦੀ ਕਿਤਾਬ 'ਕਰਫਿਊ ਨਾਈਟ' ਪੜ੍ਹੀ ਤਾਂ ਬੁਰੀ ਤੱਕ ਹਿੱਲ ਗਈ। ਕਿਤਾਬ ਵਿਚ ਦਰਜ ਗੱਲਾਂ ਉਸ ਦੀ ਸੋਚ ਦੇ ਘੇਰੇ ਵਿਚੋਂ ਬਾਹਰ ਸਨ। ਕਸ਼ਮੀਰੀ ਕਿੰਨੀ ਔਖ ਵਿਚੋਂ ਲੰਘ ਰਹੇ ਸਨ, ਇਸ ਬਾਰੇ ਤਾਂ ਉਸ ਰੂਪ ਵਿਚ ਬਹੁਤੀ ਚਰਚਾ ਕਦੀ ਹੋਈ ਹੀ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਵਿਸ਼ਾਲ ਭਾਦਵਾਜ ਆਪਣੀ ਨਵੀਂ ਫਿਲਮ ਉਤੇ ਕੰਮ ਕਰ ਰਿਹਾ ਸੀ। ਇਹ ਫਿਲਮ ਉਹ ਸ਼ੇਕਸਪੀਅਰ ਦੇ ਨਾਟਕ 'ਹੈਮਲਟ' ਨੂੰ ਆਧਾਰ ਬਣਾ ਕੇ ਲਿਖ ਰਿਹਾ ਸੀ। ਇਸ ਤੋਂ ਪਹਿਲਾਂ ਉਹ ਸ਼ੇਕਪੀਅਰ ਦੇ ਦੋ ਨਾਟਕਾਂ 'ਓਥੈਲੋ' ਅਤੇ 'ਮੈਕਬੈਥ' ਦੇ ਆਧਾਰ ਉਤੇ 'ਓਮਕਾਰਾ' ਅਤੇ 'ਮਕਬੂਲ' ਫਿਲਮਾਂ ਬਣਾ ਚੁੱਕਾ ਸੀ। ਜਦੋਂ ਉਸ ਨੇ ਰੇਖਾ ਭਾਰਦਵਾਜ ਤੋਂ ਕਸ਼ਮੀਰੀਆਂ ਦੇ ਦਰਦ ਦੀ ਦਾਸਤਾਨ ਸੁਣੀ ਤਾਂ ਉਸ ਨੇ 'ਹੈਮਲਟ' ਦਾ ਕਥਾਨਕ ਕਸ਼ਮੀਰ ਵਿਚ ਸ਼ਿਫਟ ਕਰ ਲਿਆ ਅਤੇ ਹੁਣ 'ਹੈਦਰ' ਨਾਂ ਦੀ ਫਿਲਮ ਸਭ ਦੇ ਸਾਹਮਣੇ ਹੈ। ਫਿਲਮ ਵਿਚ ਸ਼ਾਹਿਦ ਕਪੂਰ, ਤੱਬੂ, ਸ਼ਰਧਾ ਕਪੂਰ, ਕੇ.ਕੇ. ਮੈਨਨ, ਇਰਫਾਨ ਖਾਨ ਤੇ ਹੋਰ ਕਲਾਕਾਰਾਂ ਨੇ ਆਪੋ-ਆਪਣੀ ਅਦਾਕਾਰੀ ਨਾਲ ਜਾਨ ਪਾ ਦਿੱਤੀ ਹੈ।

ਵਿਸ਼ਾਲ ਭਾਰਦਵਾਜ ਨੇ 'ਹੈਮਲਟ' ਦੇ ਬਹਾਨੇ ਉਸ ਕਸ਼ਮੀਰ ਦੇ ਘਾਣ ਦੀ ਗੱਲ ਛੇੜੀ ਹੈ ਜਿਥੇ ਪੈਰ-ਪੈਰ ਉਤੇ ਮੌਤ ਉਨ੍ਹਾਂ ਨੂੰ ਨਿਗਲ ਰਹੀ ਹੈ। ਫਿਲਮ ਵਿਚਲਾ ਇਹ ਬਿਰਤਾਂਤ ਹਿਲਾ ਦੇਣ ਵਾਲਾ ਹੈ। ਇਹ ਬਿਰਤਾਂਤ ਸਾਲ 1995 ਦੁਆਲੇ ਉਸਾਰਿਆ ਗਿਆ ਹੈ। ਸੰਸਾਰ ਪ੍ਰਸਿੱਧ ਅਦਾਕਾਰ ਐਂਥਨੀ ਕੁਇਨ ਦੀ ਫਿਲਮ 'ਦਿ ਲਾਇਨ ਆਫ ਡੈਜ਼ਰਟ' (ਉਮਰ ਮੁਖਤਾਰ) ਤੋਂ ਬਾਅਦ 'ਹੈਦਰ' ਪਹਿਲੀ ਫਿਲਮ ਹੈ ਜਿਸ ਨੂੰ ਕਸ਼ਮੀਰੀ ਆਪਣੇ ਦਿਲ ਦੇ ਨੇੜੇ ਸਮਝ ਰਹੇ ਹਨ। ਜਦੋਂ 'ਦਿ ਲਾਇਨ ਆਫ ਡੈਜ਼ਰਟ' ਸ੍ਰੀਨਗਰ ਦੇ ਰੀਗਲ ਸਿਨੇਮਾ ਵਿਚ ਲੱਗੀ ਸੀ, ਤਾਂ ਕਸ਼ਮੀਰੀ ਡਾਰਾਂ ਬਣਾ ਕੇ ਇਹ ਫਿਲਮ ਦੇਖਣ ਪੁੱਜੇ ਸਨ। ਹੁਣ 'ਹੈਦਰ' ਨੂੰ ਕਸ਼ਮੀਰੀਆਂ ਨੇ ਇਸੇ ਤਰ੍ਹਾਂ ਦਾ ਹੁੰਗਾਰਾ ਭਰਿਆ ਹੈ। ਪਹਿਲਾਂ ਤਾਂ ਕਸ਼ਮੀਰ ਬਾਰੇ ਬਣੀਆਂ ਫਿਲਮਾਂ ਵਿਚ ਫੌਜੀਆਂ ਦੇ ਸਿਹਰੇ ਹੀ ਪੜ੍ਹੇ ਹੁੰਦੇ ਸਨ, ਜਾਂ ਫਿਰ ਕਸ਼ਮੀਰੀ ਕੁੜੀਆਂ ਦੇ ਸੁਹੱਪਣ ਦੀ ਚਰਚਾ ਕੀਤੀ ਹੁੰਦੀ ਸੀ।

ਫਿਲਮ 'ਹੈਦਰ' ਨੂੰ ਸਭ ਨੇ ਭਰਵਾਂ ਹੁੰਗਾਰਾ ਭਰਿਆ ਹੈ ਅਤੇ ਬਤੌਰ ਫਿਲਮ ਸਭ ਨੇ ਵਿਸ਼ਾਲ ਭਾਰਦਵਾਜ ਵੱਲੋਂ ਕੀਤੇ ਕੰਮ ਦੀ ਪ੍ਰਸ਼ੰਸਾ ਕੀਤੀ ਹੈ। ਕਸ਼ਮੀਰ ਦਾ ਮਸਲਾ ਕਿਉਂਕਿ ਨਿਰੋਲ ਸਿਆਸੀ ਹੈ, ਇਸ ਲਈ ਕੁਝ ਲੋਕਾਂ ਨੇ ਇਸ ਫਿਲਮ ਨੂੰ ਇਸ ਨਜ਼ਰੀਏ ਤੋਂ ਦੇਖਣ ਦਾ ਯਤਨ ਵੀ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਸ਼ਮੀਰ ਦਾ ਮਸਲਾ ਕਾਨੂੰਨ ਤੇ ਵਿਵਸਥਾ ਦਾ ਮਸਲਾ ਨਹੀਂ ਹੈ, ਇਹ ਮਸਲਾ ਤਾਂ ਕਸ਼ਮੀਰ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਹੈ। ਕਸ਼ਮੀਰੀਆਂ ਉਤੇ ਜਿੰਨਾ ਤਸ਼ੱਦਦ ਫੌਜ ਨੇ ਢਾਹਿਆ ਹੈ, ਕੀ ਕਿਸੇ ਮੁਲਕ ਦੀ ਫੌਜ ਆਪਣੇ ਲੋਕਾਂ ਨਾਲ ਅਜਿਹਾ ਵਰਤਾਓ ਕਰ ਸਕਦੀ ਹੈ? ਬਹੁਤ ਸਾਰੀਆਂ ਉਘੀਆਂ ਹਸਤੀਆਂ ਨੇ ਵੀ 'ਹੈਦਰ' ਦੀ ਪ੍ਰਸ਼ੰਸਾ ਕੀਤੀ ਹੈ। 'ਸਿਟੀ ਲਾਈਟਸ' ਵਰਗੀ ਸ਼ਕਤੀਸ਼ਾਲੀ ਫਿਲਮ ਬਣਾਉਣ ਵਾਲੇ ਫਿਲਮਸਾਜ਼ ਹੰਸਲ ਮਹਿਤਾ ਮੁਤਾਬਕ ਫਿਲਮ ਅਤੇ ਇਸ ਫ਼ਿਲਮ ਦੇ ਅਦਾਕਾਰਾਂ ਨੇ ਦੰਗ ਕਰ ਕੇ ਰੱਖ ਦਿੱਤਾ ਹੈ। ਫਿਲਮਸਾਜ਼ ਮੀਰਾ ਨਾਇਰ ਨੇ ਫਿਲਮ ਵਿਚ ਤੱਬੂ ਅਤੇ ਇਮਰਾਨ ਖ਼ਾਨ ਦੇ ਰੋਲ ਦੀ ਪ੍ਰਸ਼ੰਸਾ ਕੀਤੀ ਹੈ। ਅਦਾਕਾਰਾ ਹੁਮਾ ਕੁਰੈਸ਼ੀ ਨੇ 'ਹੈਦਰ' ਨੂੰ ਚੇਤਿਆਂ ਵਿਚ ਵੱਸਣ ਵਾਲੀ ਫਿਲਮ ਦੱਸਿਆ ਹੈ। ਦੀਪਾ ਮਹਿਤਾ ਨੇ ਵੀ ਫਿਲਮ ਦੀ ਤਰੀਫ ਕੀਤੀ ਹੈ। ਹੈਦਰ ਦਾ ਰੋਲ ਨਿਭਾਉਣ ਵਾਲੇ ਸ਼ਾਹਿਦ ਕਪੂਰ ਦੇ ਪਿਤਾ ਪੰਕਜ ਕਪੂਰ ਜੋ ਖੁਦ ਮਿਸਾਲੀ ਅਦਾਕਾਰ ਹਨ, ਨੇ ਫਿਲਮ ਦੇ ਡਾਇਰੈਕਟਰ ਵਿਸ਼ਾਲ ਭਾਰਦਵਾਜ ਦਾ ਧੰਨਵਾਦ ਕੀਤਾ ਹੈ ਕਿ ਉਸ ਨੇ ਸ਼ਾਹਿਦ ਕਪੂਰ ਨੂੰ 'ਹੈਦਰ' ਦਾ ਕਿਰਦਾਰ ਨਿਭਾਉਣ ਲਈ ਚੁਣਿਆ। ਪੰਕਜ ਕਪੂਰ ਖੁਦ ਵਿਸ਼ਾਲ ਦੀ ਫਿਲਮ 'ਮਕਬੂਲ' ਵਿਚ ਅਦਾਕਾਰੀ ਦੇ ਜੌਹਰ ਦਿਖਾ ਚੁੱਕਾ ਹੈ।








ਦੂਜੇ ਬੰਨੇ ਕੁਝ ਰਿਵਿਊਕਾਰਾਂ ਨੇ ਪੱਤਰਕਾਰ ਬਸ਼ਾਰਤ ਪੀਰ ਨੂੰ ਆਈ.ਐਸ.ਆਈ. ਦਾ ਏਜੰਟ ਤੱਕ ਗਰਦਾਨ ਦਿੱਤਾ ਹੈ। ਇਨ੍ਹਾਂ ਲੋਕਾਂ ਨੇ ਉਸ ਦੀ ਕਿਤਾਬ 'ਕਰਫਿਊ ਨਾਈਟ' ਉਤੇ ਲੋਕਾਂ ਨੂੰ ਭੜਕਾਉਣ ਦੇ ਦੋਸ਼ ਵੀ ਲਾਏ ਹਨ। ਇਨ੍ਹਾਂ ਦੀ ਨਜ਼ਰ ਵਿਚ ਇਸ ਕਿਤਾਬ ਅਤੇ ਇਸ ਕਿਤਾਬ ਦੇ ਆਧਾਰ ਉਤੇ ਲਿਖੀ ਗਈ ਕਹਾਣੀ ਵਾਲੀ ਫਿਲਮ 'ਹੈਦਰ' ਦਾ ਬਾਈਕਾਟ ਹੀ ਹੋਣਾ ਚਾਹੀਦਾ ਹੈ। ਕੁਝ ਵੀ ਹੋਵੇ, ਇਕ ਗੱਲ ਸਾਫ ਹੈ ਕਿ ਵਿਸ਼ਾਲ ਨੇ 'ਹੈਦਰ' ਬਣਾ ਕੇ ਕਸ਼ਮੀਰ ਦਾ ਦਰਦ ਬਿਆਨ ਕੀਤਾ ਹੈ।


***-ਗੁਰਬਖਸ਼ ਸਿੰਘ ਸੋਢੀ***

## ਬਿਸਮਿਲ ਬਿਸਮਿਲ
### ਗੀਤ ਅੰਦਰ ਕਹਾਣੀ



ਫਿਲਮ ਦਾ ਗੀਤ 'ਬਿਸਮਿਲ ਬਿਸਮਿਲ' ਅਸਲ ਵਿਚ ਫਿਲਮ ਦੀ ਸਮੁੱਚੀ ਕਹਾਣੀ ਆਪਣੇ ਅੰਦਰ ਸਮੋਈ ਬੈਠਾ ਹੈ। ਇਸੇ ਕਰ ਕੇ ਹੀ ਇਹ ਗੀਤ ਫਿਲਮ ਦਾ ਸਿਖਰ ਹੋ ਨਿਬੜਦਾ ਹੈ। ਗੀਤ ਵਿਚ ਨਾਇਕ ਸ਼ਾਹਿਦ ਖਾਨ ਦਾ ਕਾਸਟਿਊਮ ਧਿਆਨ ਖਿੱਚਦਾ ਹੈ। ਕੋਰੀਓਗ੍ਰਾਫੀ ਦਾ ਤਾਂ ਕੋਈ ਜਵਾਬ ਹੀ ਨਹੀਂ ਹੈ। ਵਿਸ਼ਾਲ ਭਾਰਦਵਾਜ ਨੇ ਬਹੁਤ ਜਾਨ ਲਾ ਕੇ ਇਹ ਗੀਤ ਫਿਲਮਾਇਆ ਹੈ ਅਤੇ ਸ਼ਾਹਿਦ ਨੇ ਆਪਣੀ ਅਦਾਕਾਰੀ ਨਾਲ ਉਤਨੀ ਹੀ ਜਾਨ ਨਾਲ ਇਸ ਗੀਤ ਵਿਚ ਜਾਨ ਪਾਈ ਹੈ। ਇਸ ਲਈ ਇਸ ਗੀਤ ਲਈ- ਹੈਟਸ ਔਫ!

# ਲਿਆਕਤ ਤੇ ਅਦਾ ਦਾ ਸੁਮੇਲ ਸਵਰਾ



ਸਵਰਾ ਭਾਸਕਰ ਫਿਲਹਾਲ ਸਹਾਇਕ ਅਦਾਕਾਰਾ ਵਾਲੇ ਰੋਲ ਕਰ ਰਹੀ ਹੈ। ਆਪਣੇ ਕੰਮ ਬਾਰੇ ਉਹ ਬਹੁਤ ਸਪਸ਼ਟ ਹੈ। ਉਹ ਆਖਦੀ ਹੈ- "ਮੈਂ ਵੱਡਾ ਨਹੀਂ, ਬਲਕਿ ਵਧੀਆ ਸਿਨੇਮਾ ਕਰਨਾ ਚਾਹੁੰਦੀ ਹਾਂ। ਨਾਲੇ ਮੈਨੂੰ ਪਤਾ ਹੈ ਕਿ ਮੈਂ ਕੀ ਕਰਨਾ ਹੈ ਅਤੇ ਮੈਂ ਕੀ ਕਰ ਸਕਦੀ ਹਾਂ। ਉਂਜ ਜੇ ਮੈਂ ਫਿਲਮਾਂ ਵਿਚ ਕੰਮ ਨਾ ਵੀ ਕਰਾਂ ਤਾਂ ਬਹੁਤਾ ਫਰਕ ਨਹੀਂ ਪੈਂਦਾ। ਉਦੋਂ ਮੈਂ ਕੁਝ ਹੋਰ ਕਰ ਰਹੀ ਹੋਵਾਂਗੀ, ਪਰ ਕਿਤੇ ਵੀ ਜਾਵਾਂ, ਸਮਝੌਤਾ ਨਹੀਂ ਕਰਾਂਗੀ।" ਉਸ ਦੀ ਇਹ ਗੱਲ ਸੋਲਾਂ ਆਨੇ ਸੱਚ ਵੀ ਹੈ। 'ਤਨੂ ਵੈੱਡਸ ਮਨੂ' ਵਿਚ ਉਸ ਦੇ ਕੰਮ ਦੀ ਖੂਬ ਤਾਰੀਫ ਹੋਈ। ਫਿਰ ਉਸ ਨੇ 'ਰਾਂਝਨਾ' ਵਿਚ ਬਿੰਦੀਆ ਦਾ ਕਿਰਦਾਰ ਨਿਭਾਇਆ ਅਤੇ ਉਹਨੇ ਚੁਫੇਰਿਉਂ ਪਸ਼ੰਸਾ ਖੱਟੀ। ਹਾਲ ਹੀ ਵਿਚ ਉਹਨੂੰ 'ਪ੍ਰੇਮ ਰਤਨ ਧਨ ਪਾਇਓ' ਲਈ ਸਾਈਨ ਕੀਤਾ ਗਿਆ ਹੈ। 'ਰਾਂਝਨਾ' ਫਿਲਮ ਵਾਂਗ ਇਸ ਫਿਲਮ ਵਿਚ ਹੀ ਸੋਨਮ ਕਪੂਰ ਦਾ ਲੀਡ ਰੋਲ ਹੈ ਅਤੇ ਇਸ ਫਿਲਮ ਦਾ ਹੀਰੋ ਸਲਮਾਨ ਖਾਨ ਹੈ।

ਦਿੱਲੀ ਦੀ ਵੱਕਾਰੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਪੜ੍ਹੀ ਸਵਰਾ ਕਹਿੰਦੀ ਹੈ- "ਜੇ ਤੁਸੀਂ ਐਕਟਰ ਬਣਨਾ ਹੈ ਤਾਂ ਤੁਹਾਨੂੰ ਹਰ ਵਕਤ ਹੀ 'ਪਰਫੈਕਟ' ਦਿਸਣਾ ਪੈਂਦਾ ਹੈ। ਇਹ ਮੇਰੇ ਲਈ ਸੰਭਵ ਨਹੀਂ। ਮੇਰੇ ਪ੍ਰਸ਼ੰਸਕਾਂ ਨੇ ਮੈਨੂੰ ਇਸੇ ਰੂਪ ਵਿਚ ਸਵੀਕਾਰ ਕੀਤਾ ਹੈ ਅਤੇ ਮੈਂ ਖੁਸ਼ ਹਾਂ।" ਦਿੱਲੀ ਵਿਚ ਜੰਮੀ ਸਵਰਾ (ਜਨਮ 9 ਅਪਰੈਲ 1981) ਦਿੱਲੀ ਵਿਚ ਹੀ ਪਲੀ-ਪੜ੍ਹੀ। ਉਹਦਾ ਬਾਪੂ ਚਿਤਰਾਪੂ ਉਦੈ ਭਾਸਕਰ ਤੈਲਗੂ ਹੈ ਅਤੇ ਸਮੁੰਦਰੀ ਫੌਜ ਵਿਚ ਅਫਸਰ ਹੈ। ਉਹਦੀ ਮਾਂ ਈਰਾ ਬਿਹਾਰ ਤੋਂ ਹੈ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਸਿਨੇਮਾ ਸਟੱਡੀਜ਼ ਦੀ ਪ੍ਰੋਫੈਸਰ ਹੈ। ਸਵਰਾ ਨੇ ਜਵਾਹਰ ਲਾਲ ਯੂਨੀਵਰਸਿਟੀ ਤੋਂ ਸੋਸ਼ਿਆਲੋਜੀ ਦੀ ਮਾਸਟਰਜ਼ ਡਿਗਰੀ ਕੀਤੀ ਹੋਈ ਹੈ। ਫਿਲਮਾਂ ਵਿਚ ਆਉਣ ਤੋਂ ਪਹਿਲਾਂ ਉਹ ਉਘੇ ਰੰਗਕਰਮੀ ਐਨ.ਕੇ. ਸ਼ਰਮਾ ਦੇ ਥਿਏਟਰ ਗਰੁੱਪ 'ਐਕਟ ਵੰਨ' ਨਾਲ ਜੁੜੀ ਹੋਈ ਸੀ। 2008 ਵਿਚ ਉਹਨੇ ਮੁੰਬਈ ਨਗਰੀ ਵਿਚ ਪੈਰ ਧਰਿਆ ਅਤੇ 2009 ਵਿਚ ਆਈ ਫਿਲਮ 'ਮਾਧੋਲਾਲ ਕੀਪ ਵਾਕਿੰਗ' ਨਾਲ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਕੀਤੀ। 'ਤਨੂ ਵੈੱਡਸ ਮਨੂ' ਨਾਲ ਉਸ ਨੇ ਸਭ ਦਾ ਧਿਆਨ ਖਿੱਚਿਆ। ਇਸ ਫਿਲਮ ਵਿਚ ਉਸ ਨੇ ਫਿਲਮ ਦੀ ਹੀਰੋਇਨ ਕੰਗਨਾ ਰਾਣਾਵਤ ਦੀ ਸਹੇਲੀ ਦਾ ਕਿਰਦਾਰ ਨਿਭਾਇਆ ਸੀ। 2013 ਵਿਚ ਰਿਲੀਜ਼ ਹੋਈ ਫਿਲਮ 'ਲਿਸਨ... ਅਮੀਆਂ' ਵਿਚ ਉਸ ਨੇ ਲੀਡ ਰੋਲ ਕੀਤਾ। ਇਸ ਫਿਲਮ ਦੀ ਸੰਸਾਰ ਪੱਧਰ ਦੇ ਫਿਲਮ ਮੇਲਿਆਂ ਵਿਚ ਚਰਚਾ ਹੋਈ। ਫਿਲਮ ਵਿਚ ਫਾਰੂਖ ਸ਼ੇਖ ਅਤੇ ਦੀਪਤੀ ਨਵਲ ਦੀ ਜੋੜੀ ਤਕਰੀਬਨ ਤਿੰਨ ਦਹਾਕਿਆਂ ਬਾਅਦ ਇਕੱਠੀ ਹੋਈ ਸੀ। ਸਵਰਾ ਭਾਸਕਰ ਉਨ੍ਹਾਂ ਥੋੜ੍ਹੀਆਂ ਜਿਹੀਆਂ ਅਦਾਕਾਰਾਵਾਂ ਵਿਚੋਂ ਹੈ ਜੋ ਗਲੈਮਰ ਨਾਲੋਂ ਕੰਮ ਨੂੰ ਪਹਿਲ ਦਿੰਦੀਆਂ ਹਨ।


Live On
GLOBAL PUNJAB
Dish Network Channel 739.
ਤੂੰਬੀ ਦੀ ਟੁਣਕਾਰ
TUMBI DI TUNKAR
Free Entry
ਦਾਖਲਾ ਮੁਫਤ
ਉਸਤਾਦ ਲਾਲ ਚੰਦ ਯਮਲਾ ਜੱਟ
14 ਵਾਂ ਸਲਾਨਾ ਯਾਦਗਾਰੀ ਮੇਲਾ 2014.
on October 12, 2014 Sunday, Sharp 1:00 PM
ਸਥਾਨ: ਕਰਮਨ ਕਮਿਊਨਟੀ ਸੈਂਟਰ (ਨਜ਼ਦੀਕ ਕਰਮਨ ਲਾਇਬਰੇਰੀ)
ਪਤਾ: "Kerman Community Center" 15101 West Kearney Boulevard Kerman, CA. 93630.
ਜਸਦੇਵ ਯਮਲਾ
ਜੀਤਾ ਗਿੱਲ
ਧਰਮਵੀਰ ਥਾਂਦੀ
ਨਰਿੰਦਰ ਮਾਵੀ
ਅਵਤਾਰ ਗਰੇਵਾਲ
ਬਹਾਦਰ ਗਿੱਲ
ਸੁਲਤਾਨ ਅਖਤਰ
ਰਾਜ ਬਰਾੜ
ਗੋਰਾ ਚੱਕਵਾਲਾ
ਬੀਬਾ ਜੀ
ਪੱਪੀ ਭਦੌੜ
ਮਨਜੀਤ ਪੱਤੜ
ਕਲਾਕਾਰ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਅਤੇ ਸਪਾਂਸਰਸਿਪ ਕਰਨ ਵਾਲੇ ਪ੍ਰਬੰਧਕਾ ਨਾਲ ਸੰਪਰਕ ਕਰ ਸਕਦੇ ਹਨ।
Host: Kulwant Dhalian
ਗੈਰੀ ਢੇਸੀ
ਅਜਮੇਰ ਸੰਧੂ
GRAND SPONSER:
Vinay Vohra & Vikram Vohra
ਗੁਰਜੀਤ ਸਿੰਘ
GOLD SPONSER
DEEPA CHOHAN
Co-Host: Neeta Machhike
ਪ੍ਰਬੰਧਕੀ ਕਮੇਟੀ: ਰਾਜ ਬਰਾੜ ਯਮਲਾ (ਪ੍ਰਧਾਨ), ਜਗਤਾਰ ਗਿੱਲ (ਮੀਤ ਪ੍ਰਧਾਨ), ਗੈਰੀ ਢੇਸੀ (ਸਰਪ੍ਰਸਤ), ਰੰਮੀ ਧਾਲੀਵਾਲ (ਮੀਡੀਆਂ ਸਲਾਹਕਾਰ), ਅਮਰਜੀਤ ਸਿੰਘ ਦੋਧਰ (ਖਜ਼ਾਨਚੀ), ਅਵਤਾਰ ਸਿੰਘ ਢਿੱਲੋਂ (ਸਹਾਇਕ ਖਜ਼ਾਨਚੀ), ਪ੍ਰੋ. ਅਵਤਾਰ ਸਿੰਘ ਗਿੱਲ ਘੋਲੀਆਂ (ਟੈਕਨੀਕਲ ਸਲਾਹਕਾਰ), ਅਵਤਾਰ ਗਰੇਵਾਲ, ਰਣਮੇਘ ਢੇਸੀ ਅਤੇ ਮਿੰਟੂ ਉਪਲੀ (ਕੋਆਰਡੀਨੇਟਰ), ਕੁਲਵੰਤ ਉੱਭੀ ਧਾਲੀਆਂ (ਸੈਕਟਰੀ), ਗੁਰਿੰਦਰਜੀਤ ਨੀਟਾ ਮਾਛੀਕੇ
ਵਧੇਰੇ ਜਾਣਕਾਰੀ ਲਈ:
ਰਾਜ ਬਰਾੜ: (559) 824-9028, ਕੁਲਵੰਤ ਧਾਲੀਆਂ (559) 473-9264, ਨੀਟਾ ਮਾਛੀਕੇ (559) 333-5776, ਜਗਤਾਰ ਗਿੱਲ (408) 857-4455, ਅਵਤਾਰ ਗਰੇਵਾਲ (559) 352-6025, ਗੁਰਬਖਸ ਢਿੱਲੋ (408) 859-7049, ਗੈਰੀ ਢੇਸੀ (559) 567-8033, ਬੰਸੀ ਲਾਲ ਬੰਗੜ (559) 285-2012.
ਇਸ ਪ੍ਰੋਗਰਾਮ ਦੀ ਕੋਈ ਵੀ ਦਾਖਲਾ ਫੀਸ ਨਹੀਂ ਹੈ। ਪਰ ਤੁਸੀਂ ਇਸ ਨਾਨ-ਪਰਾਫਟ ਸੰਸਥਾ ਲਈ ਗਾਇਕੀ ਦੇ ਬਾਬਾ ਬੋਹੜ ਦੇ ਯਾਦਗਾਰੀ ਪ੍ਰੋਗਰਾਮ ਨੂੰ ਹੋਰ ਵੀ ਵਧੇਰੇ ਸਫਲ ਬਣਾਉਣ ਲਈ ਆਪਣੇ ਕੀਮਤੀ ਸੁਝਾਅ ਅਤੇ ਮਾਇਕ ਸਹਾਇਤਾ ਪ੍ਰਬੰਧਕਾ ਨਾਲ ਸੰਪਰਕ ਕਰਕੇ ਪਹਿਲਾ ਜਾਂ ਮੇਲੇ ਸਮੇਂ ਦੇ ਸਕਦੇ ਹੋ। ਪ੍ਰੋਗਰਾਮ ਦੀ ਸਫਲਤਾ ਲਈ ਸ਼ਕਿਊਰਟੀ ਦਾ ਸਖਤ ਪ੍ਰਬੰਧ ਹੋਵੇਗਾ।
ਜਰੂਰੀ ਨੋਟ:- ਸਮੁੱਚੇ ਪ੍ਰੋਗਰਾਮ ਦੌਰਾਨ ਸਰਾਬ ਜਾਂ ਕਿਸੇ ਹੋਰ ਨਸ਼ੇ ਆਦਿਕ ਦੀ ਸਖਤ ਮਨਾਹੀ ਹੈ। ਫਰੀ ਕਾਰ ਪਾਰਕਿੰਗ ਅਤੇ ਲੰਗਰਾ ਦਾ ਪ੍ਰਬੰਧ ਹੋਵੇਗਾ। ਇਹ 'ਗਲੋਬਲ ਪੰਜਾਬ' ਟੀ.ਵੀ. (ਡਿਸ਼ ਨੈੱਟਵਰਕ ਚੈਨਲ 739) ਉਪਰ ਲਾਈਵ ਪ੍ਰੋਗਰਾਮ ਆਪਣੇ ਠੀਕ ਮਿੱਥੇ ਸਮੇਂ ਅਨੁਸਾਰ ਸੁਰੂ ਹੋਵੇਗਾ। ਜੋ ਪਹਿਲਾ ਤੋਂ ਤਿਆਰ ਸੂਚੀ ਅਨੁਸਾਰ ਗਾਇਕਾ ਨੂੰ ਆਪਣੇ ਮਿਲੇ ਸਮੇਂ ਅਨੁਸਾਰ ਆਪਣੀ ਕਲਾ ਦਾ ਖੁੱਲਾ ਪ੍ਰਦਰਸ਼ਨ ਕਰਨ ਦੀ ਆਗਿਆ ਹੋਵੇਗੀ।
DIRECTIONS: From 99 Freeway: Exit on Fwy 180 (west toward Kerman), at 145 Fwy make Left and Right at Kearney Blvd you will find Community Hall behind the Fresno County Library.
ਸ਼ਪੈਸ਼ਲ ਸਨਮਾਨ: ਕਾਲਮ ਨਵੀਸ ਮੇਜਰ ਸਿੰਘ ਕੁਲਾਰ
Video By: Omni Video Bakersfield. Music By: Pappi Bhadur. Sound: Bittu Devgan. T.V. Live By Mr. Jagdev S. Bhandal.
ਨਿਊਜ਼ ਮੀਡੀਆਂ ਸਪਾਂਸ਼ਰ: ਕੁਲਵੰਤ ਧਾਲੀਆਂ ਅਤੇ ਨੀਟਾ ਮਾਛੀਕੇ
Dhalian and Machhike Media Group Fresno, California, USA.
ਵਿਸ਼ੇਸ਼ ਧੰਨਵਾਦ: ਸਮੂੰਹ ਪੰਜਾਬੀ ਰੇਡੀਉ ਹੋਸਟ ਅਤੇ ਅਖਬਾਰ ਰਿਪੋਟਰ
Special Thanks to 'Radio 900 AM' Fresno, CA.
Designed by: Kulwant Dhalian.

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**



5233 Edgewater Drive
Newark, CA 94560
5 Bedrooms, 2.5 Bathrooms,
2 Car Garage
Area: 2081 Sq. Ft.
Lot: 6500 Sq. Ft.
Asking: $769,000



534 Cashew Place
Brantwood CA 94513
4 Bedrooms, 2.5 Bathrooms, 2 Car Garage
Area: 2563 Sq. Ft.- Lot: 7336 Sq. Ft.
Asking: $528,000



1187 N. Park Victoria,
Miltpitas, CA 95035
4 Bedrooms, 2 Bathrooms,
2 Car Garage
Area: 1795 Sq. Ft - Lot: 8712 Sq. Ft.
Asking: $849,000




3308 Landess Ave.,
San Jose, CA 95132
3 Bedrooms,
1.5 Bathrooms,
1 Car Garage
Living Area: 1130 Sq. Ft
Asking: $439,000




34755 Sandburg Court
Union City CA 94587
5 Bedrooms,
3.5 Bathrooms,
2 Car Garage
Living Area: 2320 Sq. Ft
Asking: $779,000

### JUST SOLD

1. 37755 Sandburg Ct., Union City, CA 94587
2. 34417 Torrey Pine Lane, Union City, CA 94587
3. 2240 Partridge Way #4 Union City, CA 94588
4. 2225 Greer Ct., Union City, CA 94587
5. 4504 Mackinaw Street, Union City, CA 94587
6. 4138 Asimuth Cir., Union City, CA 94587
7. 16129 Rocky HarborRd Lathrop, CA 95330
8. 3308 Landless Ave., San Jose, CA 95132
9. 32241 Mercury Way, Union City, CA 94587
10. 1796 Dove Ct., Hayward, CA 94545
11. 1744 Ettles St., Manteca, CA 95337
12. 5440 Cumberland Park, Fremont, CA 94538
13. 37775 Golden Rod Ct., Newark, CA 94560
14. 230 Mizner Ct., Livermore, CA 94550

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



**Jaswinder Gill** M.Sc (PAU)
CA BRE# 00966763
Broker/Owner/Notary

*2004 to 2006 Award Winner
Top 1% Listing Realtor in Bay Area

**Commercial Unit**
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker
@ 510-207-9067
CA BRE Lic.#01180969
NMLS# 352095